**Golden State Realty**
JASSI GILL Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

HELPING YOU BUY AND SELL HOMES
IN MORGAN HILL, GILROY,& HOLLISTER
Jeet Singh Sangha
REALTOR & REAL ESTATE ADVISOR
CALL FOR FREE CONSULTATION:
408-840-3112
COLDWELL BANKER REALTY
CalRe:02014485
Speaks English, Hindi & Punjabi
JeetSangha.com
SERVING THE ENTIRE SOUTHBAY FROM SAN JOSE TO SALINAS

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 26; June 29, 2024
20451 N. Plum Grove Rd., Palatine, IL 60074
Ph:847-359-0746, Fax:847-705-9388

# ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਖਿਲਾਫ ਬਗਾਵਤ





**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਨਮੋਸ਼ੀ ਭਰੀ ਹਾਰ ਪਿੱਛੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚ ਵੱਡੀ ਬਗਾਵਤ ਉਠ ਖਲੋਤੀ ਹੈ। ਟਕਸਾਲੀ ਆਗੂਆਂ ਦਾ ਵੱਡਾ ਧੜਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਖਿਲਾਫ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਇਸ ਅਹੁਦੇ ਤੋਂ ਲਾਂਭੇ ਹੋਣ ਦੀ ਸਲਾਹ ਦੇ ਦਿੱਤੀ ਹੈ। ਇਸ ਧੜੇ ਨੇ ਜਲੰਧਰ ਵਿਚ ਬਕਾਇਦਾ ਮੀਟਿੰਗ ਕੀਤੀ ਅਤੇ ਸੁਖਬੀਰ ਨੂੰ ਪਾਰਟੀ ਦੇ ਭਲੇ ਲਈ ਪ੍ਰਧਾਨਗੀ ਛੱਡਣ ਲਈ ਆਖਿਆ ਹੈ। ਇਸ ਮੀਟਿੰਗ ਵਿਚ ਸੁਖਬੀਰ ਨੂੰ ਲਾਂਭੇ ਕਰਨ ਲਈ ਮਤਾ ਵੀ ਪਾਸ ਕੀਤਾ ਗਿਆ। ਭਵਿੱਖ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਬੁਲੰਦੀਆਂ ਉਤੇ ਲਿਜਾਣ ਲਈ ਪਹਿਲੀ ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਉਪਰੰਤ 'ਸ਼੍ਰੋਮਣੀ ਅਕਾਲੀ ਦਲ ਬਚਾਓ ਲਹਿਰ' ਦਾ ਆਗਾਜ਼ ਕੀਤਾ ਜਾਵੇਗਾ। ਇਹ ਮਤਾ ਵੀ ਪਾਸ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਣਾਈ ਝੂੰਦਾਂ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ।

ਇਸ ਹਿੱਲਜੁਲ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਅੰਦਰ ਭੂਚਾਲ ਆ ਗਿਆ ਹੈ। ਪੰਥਕ ਕਹਾਉਣ ਵਾਲੀ ਪਾਰਟੀ ਦੋ ਹਿੱਸਿਆਂ ਵਿਚ ਵੰਡੀ ਗਈ ਹੈ। ਇਕ ਧੜੇ ਨੇ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਹਟਾਉਣ ਦਾ ਐਲਾਨ ਕਰ ਦਿੱਤਾ ਹੈ ਅਤੇ ਸੁਖਬੀਰ ਹਮਾਇਤੀਆਂ ਨੇ ਇਸ ਨੂੰ ਭਾਜਪਾ ਅਤੇ ਪੰਥ ਵਿਰੋਧੀਆਂ ਦੀ ਚਾਲ ਨਾਲ ਜੋੜ ਦਿੱਤਾ ਹੈ। ਦਰਅਸਲ, ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਆਗੂਆਂ ਨੇ ਜਲੰਧਰ ਵਿਖੇ ਵੱਡੀ ਮੀਟਿੰਗ ਕਰ ਕੇ ਸੁਖਬੀਰ ਖਿਲਾਫ ਬਗਾਵਤ ਦਾ ਝੰਡਾ ਬੁਲੰਦ ਕਰ ਦਿੱਤਾ। ਖਾਸ ਗੱਲ ਇਹ ਹੈ ਕਿ ਜਦੋਂ ਜਲੰਧਰ ਵਿਚ ਇਹ ਮੀਟਿੰਗ ਹੋ ਰਹੀ ਸੀ ਤਾਂ ਉਸੇ ਸਮੇਂ ਚੰਡੀਗੜ੍ਹ ਵਿਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਦੀ ਅਹਿਮ ਮੀਟਿੰਗ ਚੱਲ ਰਹੀ ਸੀ।

ਬਾਗੀਆਂ ਦੀ ਮੀਟਿੰਗ ਵਿਚ ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ ਤੇ ਹੋਰ ਕਈ ਸੀਨੀਅਰ ਲੀਡਰ ਹਾਜ਼ਰ ਸਨ। ਇਨ੍ਹਾਂ ਆਗੂਆਂ ਨੇ ਫੈਸਲਾ ਕੀਤਾ ਹੈ ਕਿ 1 ਜੁਲਾਈ ਨੂੰ ਸਾਰੇ ਅਕਾਲੀ ਆਗੂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਣਗੇ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖਤੀ ਖਿਮਾ ਯਾਚਨਾ ਪੱਤਰ ਦਿੱਤਾ ਜਾਵੇਗਾ। ਉਥੋਂ ਹੀ ਸ਼੍ਰੋਮਣੀ ਅਕਾਲੀ ਦਲ ਬਚਾਓ ਲਹਿਰ ਸ਼ੁਰੂ ਕੀਤੀ ਜਾਏਗੀ। ਇਸ ਵਿਚ ਅਕਾਲੀ ਦਲ ਦੇ ਸੀਨੀਅਰ ਆਗੂ ਸ਼ਾਮਲ ਹੋਣਗੇ। ਚੰਦੂਮਾਜਰਾ ਨੇ ਇਹ ਵੀ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਪੀਲ ਕਰਦੇ ਹਨ ਕਿ ਵਰਕਰਾਂ ਦੀਆਂ ਭਾਵਨਾਵਾਂ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਏ ਸਗੋਂ ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਪਾਰਟੀ ਵੋਟਿੰਗ ਤੋਂ ਬਾਅਦ ਫੈਸਲਾ ਕਰੇਗੀ। ਦੱਸ ਦੇਈਏ ਕਿ ਕੁਝ ਦਿਨ ਪਹਿਲਾਂ ਵੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਬਦਲਣ ਦੀ ਮੰਗ ਉਠਾਈ ਗਈ ਸੀ। ਹੁਣ ਇਹ ਮਾਮਲਾ ਜ਼ੋਰ ਫੜ ਗਿਆ ਹੈ।

ਉਧਰ, ਸੁਖਬੀਰ ਸਿੰਘ ਬਾਦਲ ਨੇ ਆਖਿਆ ਹੈ ਕਿ ਅਕਾਲੀ ਦਲ ਨੂੰ ਪੰਥ ਵਿਰੋਧੀਆਂ ਦੀ ਕਠਪੁਤਲੀ ਨਹੀਂ ਬਣਨ ਦਿੱਤਾ ਜਾ ਸਕਦਾ। ਸ਼੍ਰੋਮਣੀ ਅਕਾਲੀ ਦਲ ਪੰਥ ਅਤੇ ਪੰਜਾਬ ਲਈ ਹਰ ਔਖੇ ਸਮੇਂ ਦਾ ਸਾਹਮਣਾ ਕਰਨ ਲਈ ਤਿਆਰ ਹੈ। ਪਾਰਟੀ ਪੰਥਕ ਸਿਧਾਂਤਾਂ 'ਤੇ ਡਟ ਕੇ ਖੜ੍ਹੀ ਹੈ। ਇਸ 'ਤੇ ਕੋਈ ਸਮਝੌਤਾ ਨਹੀਂ ਕਰਾਂਗੇ। ਉਧਰ, ਬਾਗੀ ਆਗੂਆਂ ਦਾ ਕਹਿਣਾ ਹੈ ਕਿ ਪਿਛਲੇ ਸਮੇਂ ਵਿਚ ਕਈ ਕੁਤਾਹੀਆਂ ਅਤੇ ਗਲਤ ਫੈਸਲਿਆਂ ਕਰ ਕੇ ਅੱਜ ਪਾਰਟੀ ਅਰਸ਼ ਤੋਂ ਫਰਸ਼ ਤੇ ਪਹੁੰਚ ਗਈ ਹੈ। ਇਸ ਲਈ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੇ ਭਲੇ ਲਈ ਅਹੁਦੇ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ।

ਯਾਦ ਰਹੇ ਕਿ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਦਾ ਸਫਾਇਆ ਹੋ ਗਿਆ ਹੈ। ਇਹ ਪਹਿਲੀ ਵਾਰ ਹੈ ਕਿ ਪਾਰਟੀ ਦੇ 11 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ। 13 ਸੀਟਾਂ ਵਿਚੋਂ ਪਾਰਟੀ ਹੱਥ ਸਿਰਫ ਇਕੋ-ਇਕ ਬਠਿੰਡਾ ਵਾਲੀ ਸੀਟ ਹੀ ਲੱਗੀ। ਚੋਣਾਂ ਵਿਚ ਹੋਏ ਇਸ ਹਸ਼ਰ ਪਿੱਛੋਂ ਪਾਰਟੀ ਵਿਚ ਬਾਗੀ ਸੁਰਾਂ ਵੀ ਤਿੱਖੀਆਂ ਹੋ ਗਈਆਂ ਹਨ। ਜਦੋਂ ਅਕਾਲੀ ਦਲ ਨੂੰ 2022 ਦੀਆਂ ਚੋਣਾਂ ਵਿਚ ਸਿਰਫ਼ ਤਿੰਨ ਸੀਟਾਂ ਹਾਸਲ ਹੋਈਆਂ ਸਨ ਤਾਂ ਉਸ ਵਕਤ ਪਾਰਟੀ ਨੇ ਸਮੀਖਿਆ ਲਈ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਵਿਚ ਕਮੇਟੀ ਦਾ ਗਠਨ ਕੀਤਾ ਸੀ ਜਿਸ ਦੀ ਰਿਪੋਰਟ ਆ ਗਈ ਸੀ ਜਿਸ ਨੂੰ ਪਾਰਟੀ

*(ਬਾਕੀ ਸਫਾ 6 'ਤੇ)*

## ਟਕਸਾਲੀ ਪਰਿਵਾਰ ਇਕ ਪਾਸੇ ਨਿੱਤਰੇ

**ਜਲੰਧਰ:** ਅਕਾਲੀ ਦਲ ਵਿਚ ਹਾਲਾਤ ਇਹ ਬਣ ਗਏ ਹਨ ਕਿ ਵੱਡੀ ਗਿਣਤੀ ਟਕਸਾਲੀ ਆਗੂ ਇਕ ਪਾਸੇ ਹੋ ਗਏ ਹਨ। ਸੁਖਬੀਰ ਸਿੰਘ ਬਾਦਲ ਦੇ ਅਸਤੀਫੇ ਦੀ ਮੰਗ ਕਰਨ ਵਾਲੇ ਆਗੂਆਂ ਦੀ ਮੀਟਿੰਗ ਵਿਚ ਵੱਡੀ ਗਿਣਤੀ ਟਕਸਾਲੀ ਪਰਿਵਾਰ ਸ਼ਾਮਲ ਹੋਏ। ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਸਿਰਜਣ ਵਾਲੇ ਵੱਖ-ਵੱਖ ਪਰਿਵਾਰਾਂ ਵਿਚੋਂ ਮਾਸਟਰ ਤਾਰਾ ਸਿੰਘ ਦੇ ਪਰਿਵਾਰ ਵੱਲੋਂ ਕਿਰਨਜੀਤ ਕੌਰ, ਸੰਤ ਕਰਤਾਰ ਸਿੰਘ ਖਾਲਸਾ ਦੇ ਪਰਿਵਾਰ ਵਿਚੋਂ ਭਾਈ ਮਨਜੀਤ ਸਿੰਘ, ਤੁੜ ਪਰਿਵਾਰ ਵੱਲੋਂ ਸੁੱਚਾ ਸਿੰਘ ਛੋਟੇਪੁਰ, ਵਡਾਲਾ ਪਰਿਵਾਰ ਦੇ ਗੁਰਪ੍ਰਤਾਪ ਸਿੰਘ ਵਡਾਲਾ, ਬਰਨਾਲਾ ਪਰਿਵਾਰ ਵੱਲੋਂ ਗਗਨਜੀਤ ਸਿੰਘ ਬਰਨਾਲਾ, ਟੌਹੜਾ ਪਰਿਵਾਰ ਵਿਚੋਂ ਹਰਿੰਦਰਪਾਲ ਸਿੰਘ ਟੌਹੜਾ, ਤਲਵੰਡੀ ਪਰਿਵਾਰ ਵੱਲੋਂ ਹਰਜੀਤ ਕੌਰ ਤਲਵੰਡੀ, ਢੀਂਡਸਾ ਪਰਿਵਾਰ ਵੱਲੋਂ ਪਰਮਿੰਦਰ ਸਿੰਘ ਢੀਂਡਸਾ ਤੋਂ ਇਲਾਵਾ ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਜਗੀਰ ਕੌਰ, ਸਿਕੰਦਰ ਸਿੰਘ ਮਲੂਕਾ ਸਾਰੇ ਕੋਰ ਕਮੇਟੀ ਮੈਂਬਰ ਵੱਡੇ ਗਿਣਤੀ ਆਗੂ ਇਕ ਪਾਸੇ ਨਜ਼ਰ ਆਏ।

ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ
START CDL
CDL COURSES
From $ 2500
Call us at: +18442272162
Address: 2605 US-130 Cinnaminson, NJ 08077
* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਦੋ ਹਫਤੇ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ

Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
Follow us on:
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# "ਹਨ੍ਹੇਰਾ ਨਾ ਸਮਝੇ ਕਿ ਚਾਨਣ ਡਰ ਗਿਆ ਹੈ"

## ਯਾਦਗਾਰੀ ਹੋ ਨਿੱਬੜਿਆ 13ਵਾਂ ਸਾਲਾਨਾ ਸੋਹਣ ਮਾਨ ਯਾਦਗਾਰੀ ਨਾਟਕ ਮੇਲਾ

ਕੈਲਗਰੀ: ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 13ਵਾਂ ਸਾਲਾਨਾ ਸੋਹਣ ਮਾਨ ਯਾਦਗਾਰੀ ਨਾਟਕ ਮੇਲਾ ਕਰਵਾਇਆ ਗਿਆ, ਜੋ ਯਾਦਗਾਰੀ ਹੋ ਨਿੱਬੜਿਆ। ਮੇਲੇ ਦੀ ਕਾਮਯਾਬੀ ਦਾ ਅੰਦਾਜ਼ਾ ਇਸ ਗੱਲੋਂ ਲਾਇਆ ਜਾ ਸਕਦਾ ਹੈ ਕਿ ਮੇਲੇ







ਦੀਆਂ ਸਾਰੀਆਂ ਟਿਕਟਾਂ ਚਾਰ ਦਿਨ ਪਹਿਲਾਂ ਹੀ ਵਿਕ ਗਈਆਂ ਸਨ। ਇਸ ਵਾਰ ਦਾ ਮੇਲਾ ਕਲਾ ਦੀਆਂ ਵਿਲੱਖਣ ਵੰਨਗੀਆਂ ਨਾਲ ਭਰਪੂਰ ਰਿਹਾ। ਮੇਲੇ ਦੀ ਸ਼ੁਰੂਆਤ ਪੰਜਾਬੀ ਮਾਂ ਬੋਲੀ ਦੇ ਅਜ਼ੀਮ ਸ਼ਾਇਰ 'ਸੁਰਜੀਤ ਪਾਤਰ' ਨੂੰ ਸ਼ਰਧਾਂਜਲੀ ਅਰਪਿਤ ਕਰ ਕੇ ਕੀਤੀ ਗਈ। ਲੋਕ ਕਲਾ ਮੰਚ (ਰਜਿ.) ਮੰਡੀ ਮੁੱਲਾਂਪੁਰ ਦੇ ਨਿਰਦੇਸ਼ਕ ਹਰਕੇਸ਼ ਚੌਧਰੀ ਨੇ ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਮੁੱਚੀ ਕਵਿਤਾ ਮਨੁੱਖੀ ਵੇਦਨਾ-ਸੰਵੇਦਨਾ ਦੀ ਕਵਿਤਾ ਹੈ। ਹਨ੍ਹੇਰਿਆਂ ਨੂੰ ਚੀਰ ਕੇ ਮਨੁੱਖੀ ਸੰਜੀਦਗੀ ਨੂੰ ਰੌਸ਼ਨ ਕਰਨ ਦੀ ਗੱਲ ਕਰਨ ਵਾਲੀ ਹੈ। ਇਸ ਉਪਰੰਤ ਪਹਿਲੀ ਕੋਰੀਓਗ੍ਰਾਫੀ "ਦੁੱਖ ਪੰਜਾਬ ਦਾ" ਪੇਸ਼ ਕੀਤੀ ਗਈ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਾਸਟਰ ਭਜਨ ਸਿੰਘ ਨੇ ਆਏ ਦਰਸ਼ਕਾਂ ਨੂੰ ਜੀ ਆਇਆਂ ਆਖਦਿਆਂ ਦੱਸਿਆ ਕਿ ਕਿਵੇਂ ਕਾਰਪੋਰੇਟ ਜਗਤ ਦੁਨੀਆਂ ਭਰ ਵਿਚ ਕਿਰਤੀਆਂ ਦਾ ਕਚੂੰਬਰ ਕੱਢ ਰਿਹਾ ਹੈ। ਇਸ ਉਪਰੰਤ ਕੈਲਗਰੀ ਦੇ ਜੰਮਪਲ ਬੱਚਿਆਂ ਨੇ ਸਕਿੱਟ "ਖੇਡ ਖੇਡ ਵਿੱਚ" ਕਮਲਪ੍ਰੀਤ ਪੰਧੇਰ ਦੀ ਨਿਰਦੇਸ਼ਨਾਂ ਹੇਠ ਪੇਸ਼ ਕੀਤੀ। ਬੱਚਿਆਂ ਦੀ ਇਹ ਪੇਸ਼ਕਾਰੀ ਵੱਡਿਆਂ ਨੂੰ ਸਮਝਾ ਗਈ ਕਿ ਦੇਖਿਓ ਕਿਤੇ ਡਾਲਰਾਂ ਦੀ ਦੌੜ ਵਿਚ ਫਸ ਕੇ ਬੱਚਿਆਂ ਰੂਪੀ ਫੁੱਲਾਂ ਨੂੰ ਮੁਰਝਾ ਨਾ ਦਿਓ।

ਇਸਦੇ ਨਾਲ ਹੀ ਗੁਰਦਿਆਲ ਸਿੰਘ ਫੁੱਲ ਜੀ ਦਾ ਨਾਟਕ "ਇਹ ਲਹੂ ਕਿਸਦਾ ਹੈ" ਪੇਸ਼ ਕੀਤਾ ਗਿਆ। ਭੰਡਾਂ ਦੀ ਜੋੜੀ ਦੇ ਰੂਪ ਵਿਚ ਉੱਘੇ ਰੇਡੀਓ ਹੋਸਟ ਰਿਸ਼ੀ ਨਾਗਰ ਅਤੇ ਕਮਲਪ੍ਰੀਤ ਪੰਧੇਰ ਦੀ ਜੁਗਲਬੰਦੀ ਨੇ ਲੋਕਾਂ ਨੂੰ ਹਸਾ ਹਸਾ ਕੇ ਲੋਟ-ਪੋਟ ਕਰ ਦਿੱਤਾ। ਅੰਤ ਵਿਚ ਇਹ ਨਾਟਕ ਕਿਰਤ ਦੀ ਸਰਦਾਰੀ ਦਾ ਸੰਦੇਸ਼ ਦੇਣ ਵਿਚ ਸਫਲ ਰਿਹਾ। ਇਹ ਵੀ ਦੱਸਣ ਵਿਚ ਕਾਮਯਾਬ ਰਿਹਾ ਕਿ ਗੁਰੂ ਨਾਨਕ ਦੇਵ ਜੀ ਭਾਈ ਲਾਲੋਆਂ ਨਾਲ ਖੜ੍ਹੇ ਹਨ। ਇਸ ਉਪਰੰਤ ਦੋ ਕਿਤਾਬਾਂ, ਜਸਵੰਤ ਸਿੰਘ ਜਗੈਤ ਦਾ ਕਾਵਿ-ਸੰਗ੍ਰਹਿ "ਕਾਲੇ ਲਿਖ ਨਾ ਲੇਖ" ਅਤੇ ਗਦਰ ਲਹਿਰ ਦੇ ਸ਼ਹੀਦ ਬਾਬਾ ਭਾਨ ਸਿੰਘ ਸੁਨੇਤ ਦੀ ਸੰਘਰਸ਼ ਭਰੀ ਜ਼ਿੰਦਗੀ 'ਤੇ ਆਧਾਰਿਤ ਬਲਬੀਰ ਸਿੰਘ ਲੌਂਗੋਵਾਲ ਦੀ ਕਿਤਾਬ "ਦਾਸਤਾਨ ਏ ਗਦਰ" ਰਿਲੀਜ਼ ਕੀਤੀਆਂ ਗਈਆਂ। ਇਨ੍ਹਾਂ ਕਿਤਾਬਾਂ ਨੂੰ ਮਾਸਟਰ ਭਜਨ ਸਿੰਘ, ਹਰਚਰਨ ਸਿੰਘ ਪ੍ਰਹਾਰ, ਰਿਸ਼ੀ ਨਾਗਰ, ਕਮਲਪ੍ਰੀਤ ਪੰਧੇਰ, ਗੁਰਸ਼ਰਨ ਢੁੱਡੀਕੇ, ਜਗਮੀਤ ਪੰਧੇਰ, ਗੁਰਨਾਮ ਮਾਨ, ਹਰਕੇਸ਼ ਚੌਧਰੀ ਨੇ ਰਿਲੀਜ਼ ਕੀਤਾ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਬਾਨੀ ਪ੍ਰਧਾਨ ਸੋਹਣ ਮਾਨ ਨੂੰ ਸੰਸਥਾ ਵਲੋਂ ਸ਼ਰਧਾਂਜਲੀ ਭੇਟ ਕੀਤੀ ਗਈ। ਮੰਚ 'ਤੇ ਸੋਹਣ ਮਾਨ ਦੀ ਫੋਟੋ 'ਤੇ ਫੁੱਲ ਅਰਪਿਤ ਕੀਤੇ ਗਏ। ਇਸ ਉਪਰੰਤ ਹਰਪ੍ਰੀਤ ਕੌਰ ਅਤੇ ਸਲੋਨੀ ਗੌਤਮ ਨੇ ਆਪਣੀ ਕਵਿਤਾ ਪੇਸ਼ ਕੀਤੀ।

ਸਮਾਗਮ ਦੀ ਅਗਲੀ ਪੇਸ਼ਕਾਰੀ ਨਾਟਕ "ਅੱਲ੍ਹੜ ਉਮਰਾਂ ਘੁੱਪ ਹਨੇਰੇ" ਦੀ ਸੀ। ਨਾਟਕ ਨੇ ਦਰਸ਼ਕਾਂ ਨੂੰ ਜਿੱਥੇ ਹਸਾਇਆ, ਉੱਥੇ ਅੱਲ੍ਹੜ ਉਮਰਾਂ ਵਿਚ ਜਵਾਨ ਪੁੱਤਾਂ ਨੂੰ ਲੱਗੇ ਨਸ਼ੇ ਦੇ ਰੋਗ ਨਾਲ ਮੌਤ ਦੇ ਮੂੰਹ ਵਿਚ ਜਾਣ ਦੀ ਦਰਦਨਾਕ ਕਹਾਣੀ ਨੂੰ ਬਿਆਨ ਕੀਤਾ ਗਿਆ। ਹਰ ਦਰਸ਼ਕ ਦੀ ਅੱਖ ਨਮ ਸੀ। ਇਸ ਸਥਿਤੀ ਵਿਚੋਂ ਨਿਕਲਣ ਲਈ ਹਰੇਕ ਨੂੰ ਯੋਗਦਾਨ



ਪਾਉਣਾ ਪੈਣਾ ਹੈ। ਧੀਆਂ 'ਤੇ ਹੋਰ ਬੋਝ ਲੱਦਣ ਨਾਲ ਸਥਿਤੀ ਨਹੀਂ ਬਦਲਣੀ। ਨਾਟਕ ਦਾ ਲੇਖਕ ਤੇ ਨਿਰਦੇਸ਼ਕ ਹਰਕੇਸ਼ ਚੌਧਰੀ ਆਪਣੀ ਗੱਲ ਕਹਿਣ ਵਿਚ ਕਾਮਯਾਬ ਰਿਹਾ। ਇਸ ਮੌਕੇ ਹਰਕੇਸ਼ ਚੌਧਰੀ ਦਾ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਉਨ੍ਹਾਂ ਦੇ ਯੋਗਦਾਨ ਲਈ ਸਾਰੇ ਕਲਾਕਾਰਾਂ ਵਲੋਂ ਸਨਮਾਨ ਕੀਤਾ ਗਿਆ। ਅੰਤ ਵਿਚ ਉੱਘੇ ਰੇਡੀਓ ਹੋਸਟ ਰਿਸ਼ੀ ਨਾਗਰ ਨੇ ਵਿਚਾਰ ਪੇਸ਼ ਕੀਤੇ।

ਮਾਸਟਰ ਭਜਨ ਨੇ ਆਏ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਦੋ ਮਤੇ ਪੇਸ਼ ਕੀਤੇ। ਪਹਿਲਾ ਮਤਾ ਪੱਛਮੀ ਸਾਮਰਾਜੀ ਦੇਸ਼ਾਂ ਦੀ ਮਿਲੀ ਭੁਗਤ ਅਤੇ ਫੌਜੀ ਵਿੱਤੀ ਮੱਦਦ ਨਾਲ ਪਿਛਲੇ ਅੱਠ ਮਹੀਨੇ ਤੋਂ ਗਾਜ਼ਾ ਪੱਟੀ ਵਿਚ 37000 ਤੋਂ ਵੱਧ ਫਲਸਤੀਨੀ ਲੋਕਾਂ ਦੀ ਕਰੂਰ ਨਸਲਕੁਸ਼ੀ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਫਲਸਤੀਨੀ ਸਰਜ਼ਮੀਨ ਤੋਂ ਨਾਜਾਇਜ਼ ਇਜ਼ਰਾਈਲ ਦਾ ਕਬਜ਼ਾ ਹਟਾਇਆ ਜਾਵੇ। ਦੂਜਾ ਮਤਾ ਸੀ ਕਿ ਆਲਮੀ ਪੱਧਰ 'ਤੇ ਮਕਬੂਲ ਲੇਖਕਾ ਅਰੁੰਧਤੀ ਰਾਏ ਵਿਰੁੱਧ ਦਿੱਲੀ ਦੇ ਲੈਫਟੀਨੈਂਟ ਗਵਰਨਰ ਵਲੋਂ ਯੂਏਪੀਏ ਤਹਿਤ ਮੁਕੱਦਮਾ ਚਲਾਏ ਜਾਣ ਦੀ ਮਨਜ਼ੂਰੀ ਦੇਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਾ ਹੈ। ਦੁਨੀਆਂ ਭਰ ਦੇ ਇਨਸਾਫ ਪਸੰਦ ਲੋਕ ਜਮਹੂਰੀ ਹੱਕਾਂ ਦੇ ਇਸ ਘਾਣ ਦਾ ਡਟ ਕੇ ਵਿਰੋਧ ਕਰਨਗੇ। 'ਅਸੀਂ ਐਲਾਨ ਕਰਦੇ ਹਾਂ, ਕਿ ਅਰੁੰਧਤੀ ਰਾਏ ਡਟੇ ਰਹੋ, ਅਸੀਂ ਤੁਹਾਡੇ ਨਾਲ ਹਾਂ। ਅਸੀਂ ਮੰਗ ਕਰਦੇ ਹਾਂ ਕ ਭਾਰਤ ਸਰਕਾਰ ਇਹ ਮੁਕੱਦਮਾਂ ਤੁਰੰਤ ਰੱਦ ਕਰੇ ਅਤੇ ਜੇਲ੍ਹਾਂ ਵਿਚ ਡੱਕੇ ਸਾਰੇ ਬੁੱਧੀਜੀਵੀਆਂ, ਹੱਕਾਂ ਦੇ ਪਹਿਰੇਦਾਰਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕਰੇ। ਨਾਅਰਿਆਂ ਦੀ ਗੂੰਜ ਵਿਚ ਦੋਵੇਂ ਮਤੇ ਪਾਸ ਕੀਤੇ ਗਏ। ਮਾਸਟਰ ਭਜਨ ਸਿੰਘ ਨੇ ਆਏ ਹੋਏ ਦਰਸ਼ਕਾਂ, ਸਹਿਯੋਗੀ ਸੰਸਥਾਵਾਂ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ।

# ਡਾ. ਸਾਹਿਬ ਸਿੰਘ ਵੱਲੋਂ ਇੱਕ ਪਾਤਰੀ ਨਾਟਕ 'ਸੰਮਾਂ ਵਾਲੀ ਡਾਂਗ' ਦੀ ਬਾ-ਕਮਾਲ ਪੇਸ਼ਕਾਰੀ

## 'ਅਸੀਸ ਮੰਚ' ਤੇ 'ਵਿਸ਼ਵ ਪੰਜਾਬੀ ਸਭਾ' ਵੱਲੋਂ ਡਾ. ਸਾਹਿਬ ਸਿੰਘ ਨੂੰ ਕੀਤਾ ਗਿਆ ਸਨਮਾਨਿਤ

**ਬਰੈਂਪਟਨ:** ਲੰਘੇ ਸ਼ਨੀਵਾਰ 'ਅਸੀਸ ਮੰਚ' ਤੇ 'ਵਿਸ਼ਵ ਪੰਜਾਬੀ ਸਭਾ' ਵੱਲੋਂ ਵਿਸ਼ਵ ਪੰਜਾਬੀ ਭਵਨ ਵਿਚ ਡਾ. ਸਾਹਿਬ ਸਿੰਘ ਦੇ ਇਕ-ਪਾਤਰੀ ਨਾਟਕ 'ਸੰਮਾਂ ਵਾਲੀ ਡਾਂਗ' ਦਾ 200'ਵਾਂ ਸ਼ੋਅ ਸਫ਼ਲਤਾ ਪੂਰਵਕ ਕਰਵਾਇਆ ਗਿਆ। ਮੱਧ-ਵਰਗੀ ਕਿਸਾਨੀ ਅਤੇ ਪੇਂਡੂ ਦਲਿਤ ਵਰਗ ਦੇ ਜੀਵਨ ਦੀਆਂ ਮੁਸ਼ਕਲਾਂ ਨੂੰ ਬਿਆਨ ਕਰਦੇ ਇਸ ਨਾਟਕ ਨੂੰ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। 200 ਦੇ ਲੱਗਭੱਗ ਸੀਟਾਂ ਵਾਲਾ ਹਾਲ ਪੂਰਾ ਭਰਿਆ ਹੋਇਆ ਸੀ।

ਨਾਟਕ ਵਿਚ ਡਾ. ਸਾਹਿਬ ਸਿੰਘ ਵੱਲੋਂ ਇਸ ਦੇ ਨਾਇਕ ਬਖਤਾਵਰ ਸਿੰਘ ਤੇ ਹੋਰ ਪਾਤਰਾਂ ਦੀਆਂ ਵੱਖ-ਵੱਖ ਨਿਭਾਈਆਂ ਗਈਆਂ ਭੂਮਿਕਾਵਾਂ ਦੇ ਭਾਵਪੂਰਤ ਅੰਦਾਜ਼ ਵੇਖਣੇ ਹੀ ਬਣਦੇ ਸਨ, ਖ਼ਾਸ ਕਰਕੇ ਉਸਦੀ ਬੇਟੀ ਦੀ ਡੋਲ਼ੀ ਤੋਰਨ ਅਤੇ ਬੇਟੇ ਪਾਲੀ ਦੀ ਮੌਤ ਨੂੰ ਦਰਸਾਉਣ ਵਾਲੇ ਦ੍ਰਿਸ਼ਾਂ ਨੇ ਤਾਂ ਸਾਰੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਨਾਟਕ ਵਿਚ ਦਰਸਾਇਆ ਗਿਆ ਕਿ ਕਿਵੇਂ ਭਾਰੀ ਮੀਂਹ ਤੇ ਝੱਖੜ ਦੌਰਾਨ ਬਿਜਲੀ ਦੀ ਨੰਗੀ ਤਾਰ ਢਿੱਲੀ ਹੋਣ ਕਰਕੇ ਅਚਾਨਕ ਸਿਰ 'ਤੇ ਟਰੰਕ ਚੁੱਕੀ ਆਉਂਦੇ ਪਾਲੀ ਉੱਪਰ ਡਿੱਗਦੀ ਹੈ ਅਤੇ ਇਸ ਹਾਦਸੇ ਵਿਚ ਉਸ ਦੀ ਮੌਤ ਹੋ ਜਾਂਦੀ ਹੈ। ਮੋਢੇ 'ਤੇ ਪਾਏ ਹੋਏ ਡੱਬੀਆਂ ਵਾਲੇ ਪਰਨੇ (ਸਾਫ਼ੇ) ਨੂੰ ਖਿਲਰੇ ਹੋਏ ਦੋਹਾਂ ਹੱਥਾਂ ਵਿਚ ਲਮਕਾਅ ਕੇ ਉਹ ਆਪਣੇ ਬੇਟੇ ਪਾਲੀ ਦੀ ਲਾਸ਼ ਦਾ ਅਤੀ ਕਰੁਣਾਮਈ ਦ੍ਰਿਸ਼ ਪੇਸ਼ ਕਰਦਾ ਹੈ। ਏਸੇ ਤਰ੍ਹਾਂ ਧੀ ਦੀ ਡੋਲ਼ੀ ਵਾਲੇ ਸੀਨ ਨੇ ਸਭ ਨੂੰ ਭਾਵੁਕ ਕਰ ਦਿੱਤਾ।

ਏਨਾ ਹੀ ਨਹੀਂ ਨਾਟਕ ਵਿਚ ਬਹੁਤ ਸਾਰੇ ਹਾਸਰਸ, ਵਿਅੰਗਾਤਮਿਕ ਅਤੇ ਰੋਮਾਂਟਿਕ ਸੀਨ ਵੀ ਸਨ। ਸਟੇਜ ਦੇ ਇੱਕ ਪਾਸੇ ਰੱਖੀ ਗਈ ਦੇਸ਼ ਦੇ ਪ੍ਰਧਾਨ ਮੰਤਰੀ ਦੀ ਉੱਚੀ ਕੁਰਸੀ ਨੂੰ



ਮੁਖ਼ਾਤਿਬ ਹੋ ਕੇ ਬਖਤਾਵਰ ਸਿੰਘ ਉੱਚੀ ਆਵਾਜ਼ ਵਿਚ ਕਹਿੰਦਾ ਹੈ, "ਪਿਛਲੇ 75-76 ਸਾਲਾਂ ਵਿੱਚ ਇਸ ਕੁਰਸੀ ਉੱਪਰ ਕਈ ਪ੍ਰਧਾਨ ਮੰਤਰੀ ਬੈਠੇ ਹਨ। ਉਨ੍ਹਾਂ ਵਿਚੋਂ ਬਹੁਤੇ ਤਾਂ ਬੋਲਦੇ ਹੀ ਨਹੀਂ ਹਨ, ਦੇਸ਼ ਦੇ ਮਸਲਿਆਂ ਨੂੰ ਉਨ੍ਹਾਂ ਹੱਲ ਕੀ ਕਰਨਾ ਸੀ। ਇੱਕ ਤਾਂ ਬਿਲਕੁਲ ਹੀ 'ਘੁੰਨਾ' ਜਿਹਾ ਬਣ ਕੇ ਬੈਠਾ ਰਿਹਾ ਤੇ ਹੁਣ ਇੱਕ ਹੈ ਕਿ ਬੋਲਣੋਂ ਹਟਦਾ ਈ ਨਹੀਂ। ਉਸ ਦੇ 'ਮਨ ਕੀ ਬਾਤ' ਹੀ ਨਹੀਂ ਮੁੱਕਦੀ। ਬੱਸ, ਗੱਲਾਂ ਨਾਲ ਹੀ ਸਾਰੀ ਜਾਂਦਾ ਹੈ।"

ਖੁੱਲ੍ਹੇ ਜਿਹੇ ਬੁਣੇ ਹੋਏ 'ਜਾਲ਼ੀਦਾਰ ਪਰਦੇ' ਜੋ ਘਰ ਦੇ ਵਿਹੜੇ ਅਤੇ ਅੰਦਰਲੇ ਕਮਰਿਆਂ ਵਿਚਕਾਰ 'ਦੀਵਾਰ' ਦਾ ਕੰਮ ਕਰਦਾ ਹੈ, ਦੇ ਪਿਛਲੇ ਪਾਸੇ ਜਾ ਕੇ ਬਖਤਾਵਰ ਸਿੰਘ ਨੀਲੇ ਅਤੇ ਲਾਲ ਕੱਪੜਿਆਂ ਦੇ ਸਿਰਿਆਂ ਨੂੰ ਆਪਣੇ ਹੱਥ ਵਿਚ ਕਲਾਮਈ ਤਰੀਕੇ ਨਾਲ ਉਲਝਾ ਕੇ ਆਪਣੇ ਵਿਵਾਹਿਤ ਜੀਵਨ ਦੇ ਰੋਮਾਂਟਿਕ ਦਿਨਾਂ ਨੂੰ ਬਾਖ਼ੂਬੀ ਦਰਸਾਉਂਦਾ ਹੈ ਅਤੇ ਇਕ ਹੋਰ ਸੀਨ ਵਿਚ ਇਕ ਫੁਲਕਾਰੀ ਨੂੰ ਦੋਹਾਂ ਹੱਥਾਂ ਵਿਚ ਫੜ ਕੇ ਆਪਣੀ ਬੇਟੀ ਦੇ ਵਿਆਹ ਦੇ ਦਿਨ ਨੂੰ ਯਾਦ ਕਰਦਾ ਹੈ। ਇਸ ਤਰ੍ਹਾਂ ਦੇ ਕਈ ਹੋਰ ਦ੍ਰਿਸ਼ਾਂ ਨੂੰ ਡਾ. ਸਾਹਿਬ ਸਿੰਘ ਨੇ ਆਪਣੇ ਮੋਢੇ 'ਤੇ ਸੁੱਟੇ ਹੋਏ 'ਸਾਫ਼ੇ' ਦੀਆਂ ਵੱਖ-ਵੱਖ ਹਰਕਤਾਂ ਦੇ ਨਾਲ ਬਹੁਤ ਹੀ ਕਲਾਮਈ ਢੰਗ ਨਾਲ ਪੇਸ਼ ਕੀਤਾ।

ਨਾਟਕ ਵਿਚ ਡਾ. ਸਾਹਿਬ ਸਿੰਘ ਨੇ 2020 ਦੌਰਾਨ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਤੋਂ ਵੀ ਵਧੇਰੇ ਚੱਲੇ 'ਕਿਸਾਨ ਅੰਦੋਲਨ' ਨੂੰ ਵੀ ਵਧੀਆ ਤਰ੍ਹਾਂ ਪੇਸ਼ ਕੀਤਾ ਹੈ। ਨਾਇਕ ਬਖਤਾਵਰ ਸਿੰਘ ਦੱਸਦਾ ਹੈ ਕਿ ਕਿਵੇਂ ਉਸ ਦਾ ਬਾਪ ਭਾਰਤੀ ਫ਼ੌਜ ਵਿਚੋਂ ਸੇਵਾ-ਮੁਕਤ ਹੋਣ ਪਿਛੋਂ ਆਪਣੀ ਥੋੜ੍ਹੀ ਜਿਹੀ ਜ਼ਮੀਨ 'ਤੇ ਖੇਤੀ ਕਰਦਿਆਂ ਉਹ ਆਪਣੇ ਸਾਥੀ ਕਿਸਾਨਾਂ ਨਾਲ ਇਸ ਕਿਸਾਨ ਅੰਦੋਲਨ ਵਿਚ ਸ਼ਾਮਲ ਹੋਇਆ ਅਤੇ ਕਿਵੇਂ ਉਹ ਅੰਦੋਲਨ ਵਿਚ ਸ਼ਹੀਦ ਹੋ ਗਿਆ। ਇਸ ਤਰ੍ਹਾਂ ਨਾਟਕਕਾਰ ਵੱਲੋਂ ਸਰਕਾਰਾਂ ਦੇ "ਜੈ ਜਵਾਨ" ਤੇ "ਜੈ ਕਿਸਾਨ" ਦੇ ਫੋਕੇ ਨਾਅਰਿਆਂ ਦੀ ਪੋਲ ਬਾਖ਼ੂਬੀ ਖੋਲ੍ਹੀ ਗਈ ਹੈ।

ਨਾਟਕ ਵਿਚ ਡਾ. ਸਾਹਿਬ ਨੇ ਇਹ ਵੀ ਦੱਸਿਆ ਹੈ ਕਿ ਪੰਜਾਬੀ ਆਪਣੇ ਕਈ ਮਸਲਿਆਂ ਦੇ ਹੱਲ ਆਪ ਹੀ ਕੱਢ ਲੈਂਦੇ ਹਨ। ਖੇਤਾਂ ਵਿਚ ਹਲ਼ ਵਾਹੁੰਦਿਆਂ ਲੱਤ ਉੱਪਰ ਵੱਜੇ ਹੋਏ ਫ਼ਾਲੇ ਦੇ ਡੂੰਘੇ ਫੱਟ 'ਤੇ ਗਿੱਲੀ ਮਿੱਟੀ ਰੱਖ ਕੇ ਵਗਦਾ ਖ਼ੂਨ ਬੰਦ ਕਰ ਲੈਂਦੇ ਹਨ। ਪੱਠੇ ਵੱਢਦਿਆਂ ਦਾਤਰੀ ਹੱਥ 'ਤੇ ਫਿਰ ਜਾਣ 'ਤੇ ਉਸ ਉੱਪਰ ਪਿਸ਼ਾਬ ਕਰਕੇ ਹੀ ਜ਼ਖ਼ਮ ਨੂੰ ਠੀਕ ਕਰ ਲੈਂਦੇ ਹਨ। ਉਹ ਖੇਤਾਂ ਵਿਚ ਅਤੇ ਘਰਾਂ ਦੇ ਵਿਹੜਿਆਂ ਵਿਚ ਆਏ ਸੱਪਾਂ ਨੂੰ ਕੁਝ ਨਹੀਂ ਕਹਿੰਦੇ ਅਤੇ ਸੋਟੀ ਨਾਲ ਮਾੜਾ ਜਿਹਾ ਛੇੜ ਕੇ ਅੱਗੇ ਜਾਣ ਦਿੰਦੇ ਹਨ ਪਰ ਉਹ ਸੱਪ ਜਦੋਂ ਉਨ੍ਹਾਂ ਦੇ ਘਰਾਂ ਦੇ ਅੰਦਰ ਆ ਵੜਦੇ ਹਨ ਤਾਂ ਕਿਵੇਂ ਉਨ੍ਹਾਂ ਦੀਆਂ ਸਿਰੀਆਂ ਨੂੰ ਆਪਣੀਆਂ ਸੰਮਾਂ ਵਾਲੀਆਂ ਡਾਂਗਾਂ ਨਾਲ ਫੇਹ ਸੁੱਟਦੇ ਹਨ।

ਸਵਾ ਘੰਟਾ ਚੱਲੇ ਇਸ ਨਾਟਕ ਵਿਚ ਕਈ ਉਤਰਾਅ-ਚੜ੍ਹਾਅ ਵੇਖਣ ਨੂੰ ਮਿਲੇ। ਦੁੱਖ, ਸੁੱਖ, ਗ਼ਮੀ, ਖ਼ੁਸ਼ੀ, ਗੁੱਸੇ ਤੇ ਨਾਰਾਜ਼ਗੀ ਦੇ ਕਈ ਦੌਰ ਆਏ ਜਿਨ੍ਹਾਂ ਨੂੰ ਡਾ. ਸਾਹਿਬ ਸਿੰਘ ਨੇ ਆਪਣੀ ਕਲਾ ਨਾਲ ਮੰਚ ਉੱਪਰ ਬਾਖ਼ੂਬੀ ਉਘੇੜਿਆ। ਇਸ ਦੌਰਾਨ ਕਈ ਦਰਸ਼ਕ (ਸਮੇਤ ਇਨ੍ਹਾਂ ਸਤਰਾਂ ਦੇ ਲੇਖਕ) ਆਪਣੀਆਂ ਅੱਖਾਂ ਪੂੰਝਦੇ ਅਤੇ ਡੁਸਕਦੇ ਹੋਏ ਵਿਖਾਈ ਦਿੱਤੇ। ਨਾਟਕ ਦੀ ਸਮਾਪਤੀ 'ਤੇ ਸਰੋਤਿਆਂ ਵੱਲੋਂ ਖੜੇ ਹੋ ਕੇ ਤਾੜੀਆਂ ਦੀ ਗੂੰਜ ਵਿਚ ਇਸ ਦੀ ਭਰਪੂਰ ਸਰਾਹਨਾ ਕੀਤੀ ਗਈ। ਕਈਆਂ ਨੇ ਬਾਅਦ ਵਿਚ ਸਟੇਜ ਉੱਪਰ ਜਾ ਕੇ ਡਾ. ਸਾਹਿਬ ਸਿੰਘ ਨਾਲ ਖਲੋ ਕੇ ਤਸਵੀਰਾਂ ਵੀ ਖਿਚਵਾਈਆਂ। ਇਹ ਇਸ ਨਾਟਕ ਦੀ ਵੱਡੀ ਪ੍ਰਾਪਤੀ ਸੀ। 'ਅਸੀਸ ਮੰਚ' ਤੇ 'ਵਿਸ਼ਵ ਪੰਜਾਬੀ ਸਭਾ' ਵੱਲੋਂ ਡਾ. ਸਾਹਿਬ ਸਿੰਘ ਨੂੰ ਸਨਮਾਨਿਤ ਕੀਤਾ ਗਗਿਆ।

# ਸ਼ਹੀਦ ਸ. ਜਸਵੰਤ ਸਿੰਘ ਖਾਲੜਾ ਪਾਰਕ ਫਰਿਜ਼ਨੋ ਵਿਖੇ ਬਜ਼ੁਰਗਾਂ ਦਾ ਕੀਤਾ ਸਨਮਾਨ

**ਫਰਿਜ਼ਨੋ**: ਵਿਦੇਸ਼ਾਂ ਦੀ ਧਰਤੀ 'ਤੇ ਪੰਜਾਬੀ ਵਿਰਸੇ ਨੂੰ ਜੀਵਤ ਰੱਖਣ ਅਤੇ ਬੱਚਿਆਂ ਨੂੰ ਉਸ ਨਾਲ ਜੋੜਨ ਲਈ ਬਜ਼ੁਰਗਾਂ ਦਾ ਵੱਡਾ ਯੋਗਦਾਨ ਹੈ। ਇਸੇ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਪੰਜਾਬੀ ਰੇਡੀਓ ਸਪਾਈਸ ਅਤੇ ਪੀ. ਆਰ.ਓ. ਸ. ਰਾਜ ਸਿੱਧੂ ਮੋਗਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਬਜ਼ੁਰਗਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸਨਮਾਨਿਤ ਸ਼ਖ਼ਸੀਅਤਾਂ ਵਿਚ ਨਾਰੰਗ ਸਿੰਘ ਕਲਸੀ, ਸਵਰਨ ਸਿੰਘ ਕੰਗ, ਅਜੀਤ ਸਿੰਘ ਮਾਹਲ, ਸੰਤੋਖ ਸਿੰਘ ਸ਼ੇਰਗਿੱਲ, ਦਲੇਰ ਸਿੰਘ ਚੌਹਾਨ ਆਦਿ ਸ਼ਾਮਲ ਸਨ।

ਇਸ ਸਮੇਂ ਪ੍ਰਮੁੱਖ ਸਹਿਯੋਗੀਆਂ ਅਤੇ ਬੁਲਾਰਿਆਂ ਵਿਚ ਹਰਦੇਵ ਸਿੰਘ ਸਿੱਧੂ, ਸਰਪੰਚ ਅਵਤਾਰ ਸਿੰਘ ਚੌਹਾਨ, ਮਾਸਟਰ ਸੁਲੱਖਣ ਸਿੰਘ ਗਿੱਲ, ਸਾਧੂ ਸਿੰਘ ਸੰਘਾ, ਬਿੱਲੂ ਢੀਂਡਸਾ, ਕਾਲਾ ਗਿੱਲ, ਚੀਮਾ ਜੀ, ਗਰੇਵਾਲ ਤਲਵੰਡੀ, ਜਗਦੀਸ਼ ਗਰੇਵਾਲ, ਜਸਵੀਰ ਲਵਲੀ, ਨਿਰਮਲ ਸਿੰਘ ਗਿੱਲ ਆਦਿ ਬਹੁਤ ਸਾਰੇ ਮੈਂਬਰ ਸ਼ਾਮਲ ਸਨ। ਇਸ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਗਮ ਸਮੇਂ ਸਮੂਹ ਹਾਜ਼ਰੀਨ ਲਈ ਚਾਹ ਅਤੇ ਹੋਰ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ। ਅੰਤ ਆਪਣੇ ਵਡੇਰਿਆਂ ਦੇ ਮਾਣ-ਸਨਮਾਨ ਨਾਲ ਇਹ ਸਮਾਗਮ ਆਪਣੀਆਂ ਅਮਿੱਟ ਯਾਦਾਂ ਛੱਡ ਗਿਆ। *– **ਕੁਲਵੰਤ ਧਾਲੀਆਂ / ਨੀਟਾ ਮਾਛੀਕੇ***



# ਇੰਦਰਮੋਹਨ ਛਾਬੜਾ ਦੀ ਫਿਲਮ 'ਪ੍ਰੀਤੀ' ਨੂੰ ਲੰਡਨ ਫਿਲਮ ਫੈਸਟੀਵਲ ਲਈ ਚੁਣਿਆ

**ਸ਼ਿਕਾਗੋ:** ਇੱਥੋਂ ਦੇ ਉੱਘੇ ਨਿਰਮਾਤਾ, ਨਿਰਦੇਸ਼ਕ ਤੇ ਲੇਖਕ ਇੰਦਰਮੋਹਨ ਸਿੰਘ ਛਾਬੜਾ, ਜੋ ਪਹਿਲਾਂ ਲਘੂ ਫਿਲਮਾਂ ਬਣਾ ਚੁੱਕੇ ਹਨ, ਹੁਣ ਆਪਣੇ ਦਰਸ਼ਕਾਂ ਲਈ ਫੀਚਰ ਫਿਲਮ 'ਪ੍ਰੀਤੀ' ਲੈ ਕੇ ਆਏ ਹਨ। 'ਪ੍ਰੀਤੀ' ਨੂੰ "ਲਿਫਟ-ਆਫ ਆਨਲਾਇਨ" ਵਲੋਂ ਲੰਡਨ ਵਿਚ ਹੋ ਰਹੇ ਫਿਲਮ ਫੈਸਟੀਵਲ ਲਈ ਚੁਣਿਆ ਗਿਆ ਹੈ, ਜੋ ਕਿ ਸ. ਛਾਬੜਾ ਦੀ ਵੱਡੀ ਪ੍ਰਾਪਤੀ ਹੈ। ਫਿਲਮ ਦੇ ਨਿਰਮਾਤਾ, ਨਿਰਦੇਸ਼ਕ ਤੇ ਲੇਖਕ ਇੰਦਰਮੋਹਨ ਸਿੰਘ ਛਾਬੜਾ ਨੇ ਦੱਸਿਆ ਕਿ 'ਪ੍ਰੀਤੀ' ਸੰਗੀਤਮਈ ਪਿਆਰ ਅਤੇ ਹਾਸੇ ਠੱਠੇ ਵਾਲੀ ਫਿਲਮ ਹੈ, ਜੋ ਲੰਡਨ ਦੇ ਵੱਖ-ਵੱਖ ਸ਼ਹਿਰਾਂ ਵਿਚ ਪਹਿਲੀ ਜੁਲਾਈ ਤੋਂ 14 ਜੁਲਾਈ ਤਕ ਵਿਖਾਈ ਜਾਵੇਗੀ।

ਸ. ਛਾਬੜਾ ਪੱਤਰਕਾਰੀ ਦੇ ਖੇਤਰ ਤੋਂ ਫਿਲਮ ਖੇਤਰ ਵਿਚ ਆਏ ਹਨ। ਉਹ ਪਹਿਲਾਂ ਦੋ ਲਘੂ ਫਿਲਮਾਂ ਬਣਾ ਚੁੱਕੇ ਹਨ ਅਤੇ "ਪ੍ਰੀਤੀ" ਉਨ੍ਹਾਂ ਦੀ ਫੀਚਰ ਫਿਲਮ ਹੈ। ਉਨ੍ਹਾਂ ਦੱਸਿਆ ਕਿ ਫਿਲਮ ਸੱਚੀ ਘਟਨਾ 'ਤੇ ਆਧਾਰਤ ਹੈ, ਜੋ ਸਾਡੇ ਸਮਾਜ ਦਾ ਇਕ ਹਿੱਸਾ ਹੈ। ਫਿਲਮ ਦੀ ਕਹਾਣੀ ਇਕ ਅਜਿਹੀ ਕੁੜੀ ਦੀ ਕਹਾਣੀ ਹੈ, ਜੋ ਆਪਣੀ ਮਾਂ ਦੇ ਲਾਲਚ ਦਾ ਸ਼ਿਕਾਰ ਹੁੰਦੀ ਹੈ। ਮਾਂ ਵਿਦੇਸ਼ ਜਾਣ ਦੇ ਲਾਲਚ ਵਸ ਆਪਣੀ ਧੀ ਪ੍ਰੀਤੀ ਨੂੰ ਵੱਡੀ ਉਮਰ ਦੇ ਵਿਦੇਸ਼ੀ ਲਾੜੇ ਨਾਲ ਵਿਆਹ ਦਿੰਦੀ ਹੈ ਅਤੇ ਪ੍ਰੀਤੀ ਦੇ ਦੁੱਖਾਂ ਦੀ ਦਾਸਤਾਨ ਸ਼ੁਰੂ ਹੁੰਦੀ ਹੈ।


Corporate NMLS# 68434
AZ License# BK-0945946



Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org



SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-436-9010

EARLY BIRD SALE!!!!

Domestic fares available


# Matrimonials

## ਲੜਕੀ ਦੀ ਲੋੜ ਹੈ

Ramgarhia Family seeks a suitable match for their USA Born and Raised 30 year 5'6" Gursikh Boy, PhD. Girl should be Gursikh and educated. Caste no bar. If you are interested please call us at 224-422-4773.
25-28

ਅਮਰੀਕਾ ਵਿਚ ਵੈੱਲ ਸੈਟਲਡ ਗੁਰਸਿੱਖ ਪਰਿਵਾਰ ਆਪਣੇ well qualified ਅੰਮ੍ਰਿਤਧਾਰੀ ਲੜਕੇ, ਉਮਰ 36 ਸਾਲ, ਕੱਦ 5'11" ਅਮਰੀਕਾ ਤੋਂ masters ਡਿਗਰੀ ਹੋਲਡਰ, Software Engineering Product Manager ਦੀ ਵਧੀਆ ਜੌਬ ਕਰਦਾ ਹੈ। Well settled, San Francisco Bay Area, USA ਵਿਚ ਆਪਣਾ ਘਰ ਹੈ ਅਤੇ innocent issueless divorcee ਹੈ, ਲੜਕੇ ਲਈ ਅਮਰੀਕਾ/ਕੈਨੇਡਾ ਤੋਂ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ਼ ਕਰਨ। ਵਧੇਰੇ ਜਾਣਕਾਰੀ ਲਈ ਕਾਲ ਕਰੋ: +1 510-281-7065/what's app on +91 9899379442 or E-mail: cjsingh55@gmail.com
25-28

Jatt Sikh family seeks a suitable match in the USA/Canada for their Amritdhari boy (work permit in Canada), 30, 5'11" tall, residing in Surrey. Please contact: 98768-65849
24-27

Saini family (Belongs to Hoshiarpur) looking for a suitable match for their 28, 5'5" son, Masters in Bio tech. Boy is Working as Research professional in Stanford University. Please call to his Uncle at: 510-557-6988
23-26

Looking for a Bride for American Citizen Ramgarhia Sikh boy divorced from short marriage, no kids, born in 1984, height 5'10". Looking for American citizen or green card holder girl. Contact us at: 510-200-1772 or E-mail: binnumunday@gmail.com
22-25

Parjapat Punjabi family looking for a H1B or Student visa holder Match for their Engineer son, working in MNC at Texas, USA. Age- 28, 5.10". Caste no Bar. Please Contact us at: singh.dapinder@gmail.com or call at 732-407-6683.
20-23

Ramgarhia family looking for a suitable match for their USA born Electtrical Engineer boy, 31, 5'11" tall. Gilr should be educated. Please call us at: 586-549-0107 or E-mail: sukhjitusa@att.net.
20-23

Jatt Sikh family seeks a suitable match for their US Citizen, very handsome, teetotaller, trimmed hair, son, 31, 5'8", Master in Education and diploma in Administration. Working as Program specialist in Maths with California govt. He is very knowledgeable, sincere and progressive. Caste no bar, no demand. Send profile with photo at whatsapp no. 661-578-2261
19-22

## ਲੜਕੇ ਦੀ ਲੋੜ ਹੈ

Jatt Sikh family seeks a suitable match for their divorced girl (no kids) 32, 5'6" tall. Working as a journalist in a prominant newspaper. Please contact: +91-70093-82989

Gursikh Rajput Kanda family seeks a suitable match in USA for their convent educated MBBS Doctor daughter, October 1989 born 5'4". Younger sister is also a Doctor. Please call us at: 98150-66773 or text message our Whatsapp no. 224-392-6613.

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2", residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com
17-20

Hindu/Sikh nai family looking for a suitable match for their beautiful daughter US Citizen, 26years, 5'6" Dentist DMD degree and now working as a Dentist. Family and sibling are US citizen. Please Contact us at 516-510-9744
17-20

Rajput family looking for a suitable match for their USA Citizen daughter 29, 5'-3" beautiful, family oriented, bachelors of Science in Biology and Psychology. MBA in Healthcare Management. Working as Senior Project Manager in Oncology Research. The boy must be from the USA (Citizen, Green card or H1b visa holder), professionally qualified, good-natured & well settled. Serious enquiries only. Please do Text Message at 630-746-9793
17-20

# ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਵਧਾਉਣ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਖਡੂਰ ਸਾਹਿਬ ਤੋਂ ਨਵੇਂ ਚੁਣੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ 9 ਹੋਰਨਾਂ ਸਾਥੀਆਂ ਦੀ ਕੌਮੀ ਸੁਰੱਖਿਆ ਕਾਨੂੰਨ (ਐਨ.ਐਸ.ਏ.) ਤਹਿਤ ਨਜ਼ਰਬੰਦੀ ਇਕ ਸਾਲ ਲਈ ਵਧਾ ਦਿੱਤੀ ਗਈ ਹੈ। ਅਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿਚ ਅੰਮ੍ਰਿਤਪਾਲ ਸਿੰਘ ਆਪਣੇ ਸਾਥੀਆਂ ਸਮੇਤ ਪਿਛਲੇ ਸਾਲ ਮਾਰਚ ਤੋਂ ਬੰਦ ਹੈ।



ਅੰਮ੍ਰਿਤਪਾਲ ਸਿੰਘ ਨੇ ਆਜ਼ਾਦ ਉਮੀਦਵਾਰ ਵਜੋਂ ਹਲਕਾ ਖਡੂਰ ਸਾਹਿਬ ਤੋਂ 1.97 ਲੱਖ ਵੋਟਾਂ ਦੇ ਵੱਡੇ ਫਰਕ ਨਾਲ ਲੋਕ ਸਭਾ ਚੋਣ ਜਿੱਤੀ ਹੈ। ਉਸ ਨੇ ਐਮ.ਪੀ. ਵਜੋਂ ਸਹੁੰ ਚੁੱਕਣ ਲਈ ਅਦਾਲਤ ਦਾ ਰੁਖ਼ ਕੀਤਾ ਹੋਇਆ ਹੈ। ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਇਹ ਗੱਲ ਸਿਖਰ 'ਤੇ ਰਹੀ ਹੈ ਕਿ ਜੇ ਅੰਮ੍ਰਿਤਪਾਲ ਸਿੰਘ ਚੋਣ ਜਿੱਤਦੇ ਹਨ ਤਾਂ ਉਹ ਜੇਲ੍ਹ 'ਚੋਂ ਰਿਹਾਅ ਹੋ ਜਾਣਗੇ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਸਲਾਹਕਾਰੀ ਬੋਰਡ ਦੀ ਸਿਫ਼ਾਰਸ਼ ਦੇ ਅਧਾਰ 'ਤੇ ਇਸ ਕੇਸ ਨੂੰ ਕੇਂਦਰ ਕੋਲ ਭੇਜਿਆ ਹੈ। ਸਲਾਹਕਾਰੀ ਬੋਰਡ ਨੇ 3 ਜੂਨ ਨੂੰ ਆਪਣੀ ਸਿਫ਼ਾਰਸ਼ ਵਿਚ ਕਿਹਾ ਹੈ ਕਿ ਮੌਜੂਦਾ ਤੱਥਾਂ ਤੇ ਹਾਲਾਤ ਮੁਤਾਬਕ ਅੰਮ੍ਰਿਤਪਾਲ ਸਿੰਘ ਨੂੰ ਕੌਮੀ ਸੁਰੱਖਿਆ ਐਕਟ ਤਹਿਤ ਨਜ਼ਰਬੰਦ ਰੱਖੇ ਜਾਣ ਵਾਸਤੇ ਪੇਸ਼ ਦਲੀਲ ਕਾਫ਼ੀ ਹੈ। ਗ੍ਰਹਿ ਵਿਭਾਗ ਪੰਜਾਬ ਨੇ 3 ਜੂਨ ਨੂੰ ਹੀ ਇਹ ਕੇਸ ਅੱਗੇ ਭੇਜ ਦਿੱਤਾ ਸੀ। ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਇਕ ਸਾਲ ਲਈ ਵਧਾਈ ਗਈ ਹੈ। ਜ਼ਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਨੇ 13 ਮਾਰਚ 2024 ਨੂੰ ਹੁਕਮ ਜਾਰੀ ਕੀਤੇ ਸਨ ਅਤੇ ਸੂਬਾ ਸਰਕਾਰ ਨੇ 24 ਮਾਰਚ 2024 ਨੂੰ ਹਰੀ ਝੰਡੀ ਦੇ ਦਿੱਤੀ ਸੀ। ਉਸ ਮਗਰੋਂ ਪੰਜਾਬ ਸਰਕਾਰ ਨੇ ਇਹ ਮਾਮਲਾ ਸਲਾਹਕਾਰੀ ਬੋਰਡ ਕੋਲ ਭੇਜਿਆ ਸੀ ਜਿਸ ਦੀ ਸਿਫ਼ਾਰਸ਼ ਦੇ ਅਧਾਰ 'ਤੇ ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਦਾ ਸਮਾਂ ਵਧਾ ਦਿੱਤਾ ਗਿਆ ਹੈ। ਵੇਰਵਿਆਂ ਅਨੁਸਾਰ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਤਿੰਨ ਸਾਥੀਆਂ ਦੀ ਨਜ਼ਰਬੰਦੀ ਦੀ ਮਿਆਦ 24 ਜੁਲਾਈ ਨੂੰ ਖ਼ਤਮ ਹੋ ਰਹੀ ਸੀ, ਜਦੋਂ ਕਿ ਉਨ੍ਹਾਂ ਦੇ ਛੇ ਹੋਰ ਸਾਥੀਆਂ ਦੀ ਨਜ਼ਰਬੰਦੀ 18 ਜੂਨ ਨੂੰ ਖ਼ਤਮ ਹੋਣੀ ਸੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ 9 ਹੋਰਨਾਂ ਸਾਥੀਆਂ ਦੀ ਕੌਮੀ ਸੁਰੱਖਿਆ ਕਾਨੂੰਨ ਤਹਿਤ ਨਜ਼ਰਬੰਦੀ ਇਕ ਸਾਲ ਲਈ ਹੋਰ ਵਧਾਉਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਭਗਵੰਤ ਮਾਨ ਸਰਕਾਰ ਦਾ ਸਿੱਖ ਕੌਮ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਤੋਂ ਸਿੱਖਾਂ ਅਤੇ ਘੱਟ ਗਿਣਤੀ ਵਿਰੋਧੀ ਕਾਲੇ ਕਨੂੰਨਾਂ ਦਾ ਵਿਰੋਧ ਕਰਦਾ ਆਇਆ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਅਜਿਹਾ ਕੇਵਲ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਐਨ.ਐਸ.ਏ. ਤਹਿਤ ਨਜ਼ਰਬੰਦੀ ਵਧਾਉਣ ਦਾ ਸਰਕਾਰ ਕੋਲ ਕੋਈ ਠੋਸ ਅਧਾਰ ਹੀ ਨਹੀਂ ਹੈ। ਧਰਮ ਪ੍ਰਚਾਰਕਾਂ ਨੂੰ ਕਾਲੇ ਕਾਨੂੰਨਾਂ ਤਹਿਤ ਅੰਦਰ ਬੰਦ ਕਰਨਾ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਅਤੇ ਸ਼੍ਰੋਮਣੀ ਕਮੇਟੀ ਹਮੇਸ਼ਾ ਕਾਲੇ ਕਨੂੰਨਾਂ ਦਾ ਵਿਰੋਧ ਕਰਦੀ ਰਹੇਗੀ। ਉਨ੍ਹਾਂ ਕਿਹਾ ਕਿ ਇਸ ਪ੍ਰਤੀ ਪੰਜਾਬੀਆਂ ਨੂੰ ਵੀ ਸੁਚੇਤ ਹੋਣ ਦੀ ਲੋੜ ਹੈ। ਅੰਮ੍ਰਿਤਸਰ ਤੋਂ ਸੱਤਾਧਾਰੀ ਪਾਰਟੀ ਦੇ ਵਿਧਾਇਕ ਵੱਲੋਂ ਪਾਰਟੀ ਦੇ ਰਾਜ ਸਭਾ ਮੈਂਬਰ ਦੇ ਚਹੇਤਿਆਂ ਦੇ ਨਸ਼ੇ ਵਿਚ ਸ਼ਾਮਲ ਹੋਣ 'ਤੇ ਸਰਕਾਰ ਦੀ ਚੁੱਪ ਨੂੰ ਉਨ੍ਹਾਂ ਸੂਬੇ ਲਈ ਘਾਤਕ ਦੱਸਿਆ ਹੈ। ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਮੁੱਖ ਮੰਤਰੀ ਦੀ ਚਿਤਾਵਨੀ ਨੂੰ ਕੇਵਲ ਭਾਅ ਵਧਾਉਣ ਅਤੇ ਲੋਕਾਂ ਨੂੰ ਗੁਮਰਾਹ ਕਰਨ ਵਾਲਾ ਬਿਆਨ ਕਰਾਰ ਦਿੱਤਾ ਹੈ।

ਸ੍ਰੀ ਧਾਮੀ ਨੇ ਭਾਜਪਾ ਦੇ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ 'ਤੇ ਦਿੱਤੇ ਬਿਆਨ ਨੂੰ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੰਦਿਆਂ ਕਿਹਾ ਕਿ ਜਿਸ ਨੇ ਕੰਮ ਕਰਨਾ ਹੁੰਦਾ, ਉਹ ਰੌਲਾ ਨਹੀਂ ਪਾਉਂਦਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਵਾਨੀ ਦਾ ਘਾਣ ਕਰਨ ਵਾਲੇ ਪਰਿਵਾਰ ਤੋਂ ਸਿੱਖਾਂ ਦੀ ਭਲਾਈ ਦੀ ਆਸ ਨਹੀਂ ਕੀਤੀ ਜਾ ਸਕਦੀ।

### ਸਿਆਸੀ ਕਿੜ ਕੱਢੀ: ਹਵਾਰਾ ਕਮੇਟੀ

**ਅੰਮ੍ਰਿਤਸਰ:** ਹਵਾਰਾ ਕਮੇਟੀ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਨੇ ਖਡੂਰ ਸਾਹਿਬ ਹਲਕੇ ਤੋਂ ਲੋਕ ਸਭਾ ਚੋਣ ਜਿੱਤਣ ਵਾਲੇ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਦਰਜ ਐਨ.ਐਸ.ਏ. ਦੀ ਮਿਆਦ ਸਿਆਸੀ ਕਿੜ ਕਾਰਨ ਵਧਾਈ ਹੈ। ਹਵਾਰਾ ਕਮੇਟੀ ਦੇ ਆਗੂ ਪ੍ਰੋ. ਬਲਜਿੰਦਰ ਸਿੰਘ, ਬਾਪੂ ਗੁਰਚਰਨ ਸਿੰਘ ਅਤੇ ਡਾ. ਸੁਖਦੇਵ ਸਿੰਘ ਬਾਬਾ ਨੇ ਕਿਹਾ ਕਿ ਭਾਰਤ ਦੀ ਸੰਵਿਧਾਨਿਕ ਪ੍ਰਕਿਰਿਆ ਰਾਹੀਂ ਅੰਮ੍ਰਿਤਪਾਲ ਸਿੰਘ ਨੇ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਜਿੱਤ ਪ੍ਰਾਪਤ ਕਰ ਕੇ ਸਹੁੰ ਚੁੱਕਣ ਦਾ ਕਾਨੂੰਨੀ ਹੱਕ ਸੰਵਿਧਾਨ ਦੀ ਧਾਰਾ 99 ਹੇਠ ਹਾਸਲ ਕੀਤਾ ਹੈ ਪਰ ਪੰਜਾਬ ਦੀ ਸਰਕਾਰ ਉਸ ਕੋਲੋਂ ਇਹ ਹੱਕ ਖੋਹਣਾ ਚਾਹੁੰਦੀ ਹੈ, ਜੋ ਕਿ ਹਲਕੇ ਦੇ ਵੋਟਰਾਂ ਨਾਲ ਧੱਕੇਸ਼ਾਹੀ ਅਤੇ ਵਿਸ਼ਵਾਸਘਾਤ ਹੈ।

## ਅਕਾਲੀ ਦਲ ਨੂੰ ਮੁੜ ਪੈਰਾਂ ਸਿਰ ਕਰਨ ਲਈ ਕੋਸ਼ਿਸ਼ਾਂ




**ਜਲੰਧਰ:** ਸ਼੍ਰੋਮਣੀ ਅਕਾਲੀ ਦੀ ਲੋਕ ਸਭਾ ਚੋਣਾਂ ਵਿਚ ਹੋਈ ਹਾਰ ਮਗਰੋਂ ਪਾਰਟੀ ਦੇ ਸੀਨੀਅਰ ਆਗੂਆਂ ਦੀ ਇੱਥੇ ਮੀਟਿੰਗ ਹੋਈ। ਮੀਟਿੰਗ ਵਿਚ ਬੀਬੀ ਜਗੀਰ ਕੌਰ, ਸੁਖਦੇਵ ਸਿੰਘ ਢੀਂਡਸਾ, ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਮਨਪ੍ਰੀਤ ਸਿੰਘ ਇਯਾਲੀ, ਗੁਰਪ੍ਰਤਾਪ ਸਿੰਘ ਵਡਾਲਾ ਸਣੇ ਹੋਰ ਸੀਨੀਅਰ ਆਗੂ ਹਾਜ਼ਰ ਸਨ।

ਲੋਕ ਸਭਾ ਚੋਣਾਂ ਹਾਰਨ ਮਗਰੋਂ ਇਨ੍ਹਾਂ ਅਹਿਮ ਆਗੂਆਂ ਦਾ ਇਕੱਠੇ ਹੋਣਾ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ। ਹਾਲਾਂਕਿ ਮੀਟਿੰਗ ਵਿਚ ਹੋਏ ਫੈਸਲਿਆ ਬਾਰੇ ਅਧਿਕਾਰਤ ਤੌਰ 'ਤੇ ਕਿਸੇ ਵੀ ਆਗੂ ਨੇ ਕੋਈ ਜਾਣਕਾਰੀ ਨਹੀਂ ਦਿੱਤੀ। ਅਕਾਲੀ ਦਲ ਦੇ ਆਗੂਆਂ ਦੀ ਇਹ ਦੂਜੀ ਮੀਟਿੰਗ ਹੈ। ਜਾਣਕਾਰੀ ਅਨੁਸਾਰ ਅਕਾਲੀ ਦਲ ਦੇ ਸੀਨੀਅਰ ਆਗੂ ਇਹ ਮਹਿਸੂਸ ਕਰ ਰਹੇ ਹਨ ਕਿ ਮੌਜੂਦਾ ਲੀਡਰਸ਼ਿਪ ਦੇ ਚੱਲਦਿਆਂ ਅਕਾਲੀ ਦਲ ਦਾ ਆਪਣੇ ਪੈਰਾਂ 'ਤੇ ਮੁੜ ਖੜ੍ਹੇ ਹੋਣਾ ਮੁਸ਼ਕਲ ਹੈ। ਅਕਾਲੀ ਆਗੂ ਇਸ ਗੱਲ 'ਤੇ ਸਹਿਮਤ ਦੱਸੇ ਗਏ ਕਿ ਸ੍ਰੀ ਅਕਾਲ ਤਖ਼ਤ 'ਤੇ ਮੁਆਫ਼ੀ ਮੰਗੇ ਬਿਨਾਂ ਗੁਜ਼ਾਰਾ ਨਹੀਂ ਹੋਣਾ ਅਤੇ ਮੁਆਫ਼ੀ ਵੀ ਪੰਥਕ ਰਹੁ ਰੀਤਾਂ ਤੇ ਵਿਧੀ ਵਿਧਾਨ ਨਾਲ ਮੰਗੀ ਜਾਵੇ। ਕਈ ਆਗੂ ਅਜੇ ਵੀ ਸੁਖਬੀਰ ਬਾਦਲ ਨੂੰ ਬਦਲਣ ਬਾਰੇ ਦੁਚਿੱਤੀ ਵਿਚ ਸਨ ਪਰ ਜਦੋਂ ਉਨ੍ਹਾਂ ਦੇ ਸਾਥੀਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਆਖ਼ਰ ਕਦੋਂ ਤੱਕ ਪਾਰਟੀ ਹਾਰ ਦਰ ਹਾਰ ਕਬੂਲਦੀ ਰਹੇਗੀ। ਜ਼ਿਕਰਯੋਗ ਹੈ ਕਿ ਪਾਰਟੀ ਦੇ ਸੀਨੀਅਰ ਆਗੂ ਚਰਨਜੀਤ ਸਿੰਘ ਬਰਾੜ ਦੀਆਂ ਸ਼ੋਸ਼ਲ ਮੀਡੀਆ 'ਤੇ ਜਿਹੜੀਆਂ ਵੀਡੀਓ'ਜ਼ ਵਾਇਰਲ ਹੋ ਰਹੀਆਂ ਹਨ, ਉਹ ਕਾਫ਼ੀ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ।

## ਰੁਮਾਲਿਆਂ ਦੇ ਮਾਮਲੇ ਵਿਚ ਸੰਗਤ ਚੌਕਸ ਹੋਵੇ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਭੇਟ ਕੀਤੇ ਜਾਂਦੇ ਗੈਰ ਮਿਆਰੀ ਰੁਮਾਲਿਆਂ ਦੇ ਮਾਮਲੇ ਵਿਚ ਫਿਲਹਾਲ ਕੋਈ ਵੱਡਾ ਫਰਕ ਨਹੀਂ ਪਿਆ ਅਤੇ ਇਸ ਬਾਰੇ ਸੰਗਤ ਨੂੰ ਵਧੇਰੇ ਚੌਕਸ ਹੋਣ ਦੀ ਲੋੜ ਹੈ। ਬੀਤੇ ਦਿਨੀਂ ਇਹ ਮਾਮਲਾ ਧਿਆਨ ਵਿਚ ਆਉਣ ਮਗਰੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੋ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵੀ ਹਨ, ਨੇ ਇਸ ਦਾ ਸਖ਼ਤ ਨੋਟਿਸ ਲਿਆ ਸੀ। ਉਨ੍ਹਾਂ ਇਸ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਢੁਕਵੀਂ ਕਾਰਵਾਈ ਲਈ ਆਖਿਆ ਹੈ।

ਇਸ ਸਬੰਧੀ ਗੈਰਰਸਮੀ ਗੱਲਬਾਤ ਦੌਰਾਨ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਰੁਮਾਲਿਆਂ ਦੇ ਮਾਮਲੇ ਵਿਚ 25 ਤੋਂ 30 ਫ਼ੀਸਦ ਹੀ ਸੁਧਾਰ ਹੋਇਆ ਹੈ। ਸ਼ਰਧਾਲੂਆਂ ਵੱਲੋਂ ਅਜੇ ਵੀ ਗੈਰਮਿਆਰੀ ਰੁਮਾਲੇ ਖਰੀਦ ਕੇ ਗੁਰੂ ਘਰ ਵਿਖੇ ਭੇਟ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੰਗਤ ਨੂੰ ਇਸ ਵਿਸ਼ੇ 'ਤੇ ਵਧੇਰੇ ਚੌਕਸ ਹੋਣ ਦੀ ਲੋੜ ਹੈ।



ਉਨ੍ਹਾਂ ਸੰਗਤ ਨੂੰ ਸੁਚੇਤ ਕਰਦਿਆਂ ਕਿਹਾ ਕਿ ਰੁਮਾਲੇ ਭੇਟ ਕੀਤੇ ਜਾਣ ਕਾਰਨ ਇਨ੍ਹਾਂ ਦੀ ਸਾਂਭ ਸੰਭਾਲ ਕਰਨਾ ਵੀ ਮੁਸ਼ਕਲ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਗਤ ਰੁਮਾਲਿਆਂ ਦੀ ਥਾਂ 'ਤੇ ਲੰਗਰ ਦੀ ਰਸਦ ਅਤੇ ਵਸਤਰ ਆਦਿ ਭੇਟ ਕਰ ਸਕਦੀ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਨਾਲ ਗੱਲਬਾਤ ਕਰਕੇ ਕੋਈ ਉਚਿਤ ਉਪਾਅ ਲੱਭਣ ਦਾ ਯਤਨ ਕੀਤਾ ਜਾਵੇਗਾ ਤਾਂ ਜੋ ਸੰਗਤ ਦੀ ਸ਼ਰਧਾ ਵੀ ਬਣੀ ਰਹੇ ਅਤੇ ਸੰਗਤ ਵੱਲੋਂ ਭੇਟ ਕੀਤੀਆਂ ਵਸਤਾਂ ਦੀ ਸਹੀ ਵਰਤੋਂ ਵੀ ਹੋ ਸਕੇ ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਜਥੇਦਾਰ ਗਿਆਨੀ ਰਘਬੀਰ ਸਿੰਘ ਕੋਲ ਇਸ ਸਬੰਧੀ ਸੰਗਤਾਂ ਵੱਲੋਂ ਕਈ ਸ਼ਿਕਾਇਤਾਂ ਪੁੱਜੀਆਂ ਸਨ, ਜਿਸ ਦਾ ਉਨ੍ਹਾਂ ਗੰਭੀਰ ਨੋਟਿਸ ਲਿਆ ਸੀ। ਉਨ੍ਹਾਂ ਦੱਸਿਆ ਕਿ ਸੰਗਤ ਵੱਲੋਂ ਸ਼ਿਕਾਇਤਾਂ ਮਿਲੀਆਂ ਸਨ ਕਿ ਸਾਰਾਗੜ੍ਹੀ ਪਾਰਕਿੰਗ ਤੋਂ ਲੈ ਕੇ ਘੰਟਾ ਘਰ ਚੌਕ ਅਤੇ ਮਾਈ ਸੇਵਾਂ ਬਾਜ਼ਾਰ ਵਾਲੇ ਪਾਸੇ ਘਟੀਆ ਅਤੇ ਬਦਬੂਦਾਰ ਰੁਮਾਲੇ ਵੇਚੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੰਗਤ ਨੂੰ ਚਾਹੀਦਾ ਹੈ ਕਿ ਰੁਮਾਲੇ ਨੂੰ ਖੋਲ੍ਹ ਕੇ ਦੇਖਣ ਅਤੇ ਚੰਗੀ ਤਰ੍ਹਾਂ ਪਰਖਣ ਮਗਰੋਂ ਹੀ ਖਰੀਦਣ। ਉਨ੍ਹਾਂ ਕਿਹਾ ਕਿ ਗੁਰੂ ਘਰ ਵਿਖੇ ਭੇਟ ਕੀਤੇ ਜਾਣ ਵਾਲੇ ਰੁਮਾਲੇ ਧਾਰਮਿਕ ਚਿੰਨ੍ਹ ਜਾਂ ਗੁਰੂ ਦੀ ਤਸਵੀਰ ਤੋਂ ਬਿਨਾਂ ਪਲਕਾਂ ਵਾਲੇ ਰੁਮਾਲੇ ਪੂਰੇ ਸੈਟ ਵਿਚ ਹੋਣੇ ਚਾਹੀਦੇ ਹਨ।

## ਸੰਸਦ ਮੈਂਬਰ ਸਾਹਨੀ ਨੇ ਕੇਂਦਰ ਤੋਂ ਪੰਜਾਬ ਲਈ ਸਹਿਯੋਗ ਮੰਗਿਆ

**ਅੰਮ੍ਰਿਤਸਰ:** ਪੰਜਾਬ ਦੇ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਕੇਂਦਰ ਨੂੰ ਪੰਜਾਬ ਵਿਚ ਬਿਹਤਰ ਬੁਨਿਆਦੀ ਢਾਂਚੇ ਲਈ ਢੁਕਵੀਂ ਵਿੱਤੀ ਮਦਦ ਦੇਣ ਅਤੇ ਵਿਸ਼ੇਸ਼ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣ ਦੀ ਅਪੀਲ ਕੀਤੀ ਹੈ। ਸਾਹਨੀ ਨੇ ਪੀ.ਐਲ.ਆਈ. ਸਕੀਮਾਂ ਵਿਚ ਹੋਰ ਉਦਯੋਗਾਂ ਨੂੰ ਸ਼ਾਮਲ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਅੱਜ ਕਿਸਾਨਾਂ ਲਈ ਘੱਟੋ-ਘੱਟ ਸਮਰਥਨ ਮੁੱਲ ਪ੍ਰਣਾਲੀ ਵਿਚ ਸੁਧਾਰ ਕਰਨ, ਫ਼ਸਲੀ ਵਿਭਿੰਨਤਾ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਧਿਆਨ ਕੇਂਦਰਿਤ ਕਰਨ ਲਈ ਇਕ ਵਿਆਪਕ ਪਹੁੰਚ ਦੀ ਲੋੜ ਹੈ ਤਾਂ ਜੋ ਕਿਸਾਨਾਂ ਦੀ ਆਮਦਨ ਵਿਚ ਵਾਧਾ ਕੀਤਾ ਜਾ ਸਕੇ ਅਤੇ ਵਾਤਾਵਰਨ ਲਈ ਪੈਦਾ ਹੋ ਰਹੀਆ ਚੁਣੌਤੀਆਂ ਘਟਾਈਆਂ ਜਾ ਸਕਣ। ਉਨ੍ਹਾਂ ਨੇ ਡਾ. ਐਮ.ਐਸ. ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਲਈ ਕਿਸਾਨਾਂ ਨਾਲ ਗੱਲਬਾਤ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ ਤੇ ਮਹਿੰਗਾਈ ਖ਼ਤਮ ਕਰਨ ਲਈ ਕੇਂਦਰ ਨੂੰ ਤੁਰੰਤ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ।

## ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਜਥਾ ਪਾਕਿਸਤਾਨ ਪੁੱਜਿਆ

**ਅਟਾਰੀ:** ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸਾਲਾਨਾ ਬਰਸੀ ਉਨ੍ਹਾਂ ਦੀ ਸਮਾਧ ਨੇੜੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ (ਪਾਕਿਸਤਾਨ) ਵਿਚ ਮਨਾਉਣ ਅਤੇ ਗੁਰਧਾਮਾਂ ਦੇ ਦਰਸ਼ਨਾਂ ਲਈ ਭਾਰਤ ਤੋਂ ਖੁਸ਼ਿਵੰਦਰ ਸਿੰਘ ਦੀ ਅਗਵਾਈ ਹੇਠ 448 ਸਿੱਖ ਸ਼ਰਧਾਲੂਆਂ ਦਾ ਜਥਾ ਅਟਾਰੀ-ਵਾਹਗਾ ਸਰਹੱਦ ਰਸਤੇ ਪਾਕਿਸਤਾਨ ਪੁੱਜਿਆ। ਅਟਾਰੀ ਤੋਂ ਪਾਕਿਸਤਾਨ ਗਏ ਸਿੱਖ ਜਥੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਖਾਲੜਾ ਮਿਸ਼ਨ ਕਮੇਟੀ, ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਫਿਰੋਜ਼ਪੁਰ, ਖਾਲਸਾ ਮਿਸ਼ਨ ਕਮੇਟੀ ਤੇ ਰਾਜਸਥਾਨ ਦੇ ਸ਼ਰਧਾਲੂ ਆਦਿ ਸ਼ਾਮਲ ਸਨ।

ਜਥੇ ਦੇ ਪਾਕਿਸਤਾਨ ਰਵਾਨਾ ਹੋਣ ਤੋਂ ਪਹਿਲਾਂ ਅਟਾਰੀ ਸਰਹੱਦ ਵਿਖੇ ਗੱਲਬਾਤ ਕਰਦਿਆਂ ਖੁਸ਼ਿਵੰਦਰ ਸਿੰਘ ਨੇ ਦੱਸਿਆ ਕਿ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਲਾਹੌਰ ਵਿਖੇ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਉਨ੍ਹਾਂ ਦੀ ਸਮਾਧ ਨੇੜੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਮਨਾਉਣ ਅਤੇ



ਗੁਰਧਾਮਾਂ ਦੇ ਦਰਸ਼ਨ ਕਰਨ ਲਈ 10 ਦਿਨਾਂ ਦੀ ਯਾਤਰਾ ਲਈ ਪਾਕਿਸਤਾਨ ਜਾ ਰਿਹਾ ਹੈ। ਪਾਕਿਸਤਾਨ ਵਿਚਲੇ ਗੁਰਧਾਮਾਂ ਦੇ ਦਰਸ਼ਨਾਂ ਸਬੰਧੀ ਪ੍ਰੋਗਰਾਮ ਬਾਰੇ ਉਨ੍ਹਾਂ ਦੱਸਿਆ ਕਿ ਭਾਰਤੀ ਸਿੱਖ ਜਥਾ ਅਟਾਰੀ-ਵਾਹਗਾ ਸਰਹੱਦ ਰਸਤੇ ਪਾਕਿਸਤਾਨ ਪੁੱਜ ਕੇ ਵਾਹਗਾ ਤੋਂ ਲਾਹੌਰ ਰਸਤੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਪਹੁੰਚੇਗਾ। ਉਥੋਂ ਦੇ ਗੁਰਦੁਆਰਿਆਂ ਅਤੇ ਗੁਰਦੁਆਰਾ ਸੱਚਾ ਸੌਦਾ (ਮੰਡੀ ਚੂਹੜਕਾਣਾ ਸ਼ੇਖੂਪੁਰਾ) ਦੇ ਦਰਸ਼ਨ ਕਰਨ ਉਪਰੰਤ ਜਥਾ ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਲਈ ਰਵਾਨਾ ਹੋਵੇਗਾ ਅਤੇ ਪੰਜਾ ਸਾਹਿਬ ਪਹੁੰਚੇਗਾ। ਉਨ੍ਹਾਂ ਦੱਸਿਆ ਕਿ 29 ਜੂਨ ਨੂੰ ਅਖੰਡ ਪਾਠ ਦੇ ਭੋਗ ਪੈਣਗੇ ਅਤੇ ਬਰਸੀ ਮਨਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਭਾਰਤੀ ਸਿੱਖ ਜਥਾ 30 ਜੂਨ ਨੂੰ ਵਤਨ ਪਰਤੇਗਾ।

ਮਹਿੰਦਰ ਸਿੰਘ ਨੇ ਦੱਸਿਆ ਕਿ ਉਹ ਪਹਿਲਾਂ ਵੀ ਪਾਕਿਸਤਾਨ ਵਿਚਲੇ ਗੁਰਧਾਮਾਂ ਦੇ ਦਰਸ਼ਨ ਕਰ ਚੁੱਕੇ ਹਨ। ਇਕ ਸ਼ਰਧਾਲੂ ਨੇ ਕਿਹਾ ਕਿ ਵੰਡ ਸਮੇਂ ਪਾਕਿਸਤਾਨ ਤੋਂ ਉੱਜੜ ਕੇ ਆਏ ਲੋਕਾਂ ਦੀ ਖ਼ੁਵਾਹਿਸ਼ ਹੁੰਦੀ ਹੈ ਕਿ ਉਹ ਆਪਣੇ ਪੁਰਖਿਆਂ ਦੀ ਜਨਮ ਭੂਮੀ ਵੇਖ ਸਕਣ ਪਰ ਅਜਿਹਾ ਮੌਕਾ ਬਹੁਤ ਘੱਟ ਲੋਕਾਂ ਨੂੰ ਨਸੀਬ ਹੁੰਦਾ ਹੈ।

# ਜ਼ਿਮਨੀ ਚੋਣ: ਆਪ ਨੇ ਲੋਕ ਸਭਾ ਚੋਣਾਂ ਵਾਲਾ ਦਾਗ ਧੋਣ ਲਈ ਲਾਇਆ ਟਿੱਲ



**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ (ਜਲੰਧਰ ਪੱਛਮੀ) ਦੀ ਜ਼ਿਮਨੀ ਚੋਣ ਲਈ ਪੂਰੀ ਤਾਕਤ ਝੋਕ ਦਿੱਤੀ ਹੈ। 'ਆਪ' ਸਰਕਾਰ ਦੇ ਵਿਧਾਇਕ ਤੇ ਮੰਤਰੀ ਵਾਰਡ ਇੰਚਾਰਜ ਵਜੋਂ ਨਿਯੁਕਤ ਕਰ ਦਿੱਤੇ ਗਏ ਹਨ। 'ਆਪ' ਦੇ ਸੰਗਠਨ ਸਕੱਤਰ ਅਤੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੇ ਚੋਣ ਸਬੰਧੀ 20 ਜੂਨ ਨੂੰ ਮੀਟਿੰਗ ਕੀਤੀ ਸੀ। ਮੀਟਿੰਗ ਮਗਰੋਂ ਹੁਣ ਪਾਰਟੀ ਦੇ ਵਿਧਾਇਕਾਂ ਤੇ ਵਜ਼ੀਰਾਂ ਨੂੰ ਚੋਣ ਦੀ ਕਮਾਨ ਸੌਂਪ ਦਿੱਤੀ ਗਈ ਹੈ। ਕਈ ਮੰਤਰੀਆਂ ਤੇ ਵਿਧਾਇਕਾਂ ਨੇ ਹਲਕੇ ਵਿਚ ਡੇਰੇ ਲਾਏ, ਜਦੋਂ ਕਿ ਕਈਆਂ ਦੇ ਛੇਤੀ ਪੁੱਜਣ ਦੀ ਆਸ ਹੈ।

ਆਮ ਆਦਮੀ ਪਾਰਟੀ ਲੋਕ ਸਭਾ ਚੋਣਾਂ ਵਿਚ ਹੋਈ ਹਾਰ ਦਾ ਦਾਗ ਧੋਣ ਲਈ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਜਿੱਤਣ ਲਈ ਪੂਰਾ ਤਾਣ ਲਾਏਗੀ। ਮੁੱਖ ਮੰਤਰੀ ਭਗਵੰਤ ਮਾਨ ਖ਼ੁਦ ਵੀ ਜਲੰਧਰ ਵਿਚ ਚੋਣ ਪ੍ਰਚਾਰ ਦੀ ਅਗਵਾਈ ਕਰਨਗੇ। ਜਲੰਧਰ ਪੱਛਮੀ ਹਲਕੇ ਵਿਚ 23 ਵਾਰਡ ਪੈਂਦੇ ਹਨ ਅਤੇ ਹਰ ਵਾਰਡ ਦੀ ਜ਼ਿੰਮੇਵਾਰੀ ਵਿਧਾਇਕ ਜਾਂ ਮੰਤਰੀ ਨੂੰ ਦਿੱਤੀ ਗਈ ਹੈ। 22 ਜੂਨ ਤੋਂ ਮੰਤਰੀਆਂ ਅਤੇ ਵਿਧਾਇਕਾਂ ਸਣੇ 23 ਉਘੇ ਆਗੂ ਚੋਣ ਪ੍ਰਚਾਰ ਲਈ ਡਟ ਜਾਣਗੇ।

ਰਾਜ ਸਭਾ ਮੈਂਬਰ ਸੰਦੀਪ ਪਾਠਕ ਵੱਲੋਂ ਬੁਲਾਈ ਮੀਟਿੰਗ ਵਿਚ 23 ਮੰਤਰੀਆਂ ਤੇ ਵਿਧਾਇਕਾਂ ਨੂੰ ਸੱਦਿਆ ਗਿਆ ਸੀ। ਹਰ ਵਾਰਡ ਵਿਚ ਇਕ ਵਿਧਾਇਕ ਜਾਂ ਮੰਤਰੀ ਤਾਇਨਾਤ ਹੋਵੇਗਾ ਜਿਸ ਅਧੀਨ ਸੂਬਾ ਪੱਧਰੀ ਬੋਰਡਾਂ ਤੇ ਕਾਰਪੋਰੇਸ਼ਨ ਦੇ ਚੇਅਰਮੈਨ ਚੋਣ ਪ੍ਰਚਾਰ ਦਾ ਕੰਮ ਕਰਨਗੇ। ਇਸ ਸਬੰਧੀ ਕੈਬਨਿਟ ਵਜ਼ੀਰ ਕੁਲਦੀਪ ਸਿੰਘ ਧਾਲੀਵਾਲ, ਬਲਜੀਤ ਕੌਰ, ਲਾਲਜੀਤ ਸਿੰਘ ਭੁੱਲਰ, ਲਾਲ ਚੰਦ ਕਟਾਰੂਚੱਕ, ਹਰਪਾਲ ਸਿੰਘ ਚੀਮਾ ਤੋਂ ਇਲਾਵਾ ਕਈ ਵਿਧਾਇਕਾਂ ਦੀ ਡਿਊਟੀ ਲਾਈ ਗਈ ਹੈ।

ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਮਲਵਿੰਦਰ ਸਿੰਘ ਕੰਗ ਹਵਾਲੇ ਵੀ ਵਾਰਡ ਕੀਤੇ ਗਏ ਹਨ। ਜਲੰਧਰ ਪੱਛਮੀ ਹਲਕੇ ਵਿਚ 181 ਬੂਥ ਪੈਂਦੇ ਹਨ ਅਤੇ ਹਰ ਬੂਥ ਦਾ ਇੰਚਾਰਜ ਸੂਬਾ ਪੱਧਰੀ ਚੇਅਰਮੈਨ ਜਾਂ ਅਹਿਮ ਅਹੁਦੇਦਾਰਾਂ ਨੂੰ ਲਾਇਆ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਇਸ ਚੋਣ ਲਈ ਰਣਨੀਤੀ ਘੜੀ ਹੈ ਅਤੇ ਉਹ ਇਸ ਚੋਣ ਨੂੰ ਜਿੱਤਣ ਲਈ ਜ਼ਿਆਦਾ ਸਮਾਂ ਜਲੰਧਰ ਪੱਛਮੀ ਹਲਕੇ ਨੂੰ ਹੀ ਦੇਣਗੇ। 'ਆਪ' ਨੇ ਇਸ ਹਲਕੇ ਤੋਂ ਮਹਿੰਦਰ ਭਗਤ ਨੂੰ ਉਮੀਦਵਾਰ ਬਣਾਇਆ ਹੈ। ਸੂਤਰ ਆਖਦੇ ਹਨ ਕਿ ਪਾਰਟੀ ਵੱਲੋਂ ਵਿਧਾਇਕਾਂ ਅਤੇ ਵਜ਼ੀਰਾਂ ਨੂੰ ਹਦਾਇਤਾਂ ਹਨ ਕਿ ਜਲੰਧਰ ਪੱਛਮੀ ਜ਼ਿਮਨੀ ਚੋਣ ਤੋਂ 'ਆਪ' ਦੀ ਜਿੱਤ ਯਕੀਨੀ ਬਣਾਈ ਜਾਵੇ।

# ਭਗਵੰਤ ਮਾਨ ਨੇ ਜਲੰਧਰ ਹਲਕੇ ਵਿਚ ਲਾਏ ਪੱਕੇ ਡੇਰੇ



**ਹੁਸ਼ਿਆਰਪੁਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਕੀਤਾ ਹੈ ਕਿ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਉਨ੍ਹਾਂ ਦੀ ਅਗਵਾਈ ਹੇਠ ਹੀ ਲੜੀ ਜਾਵੇਗੀ। ਸ੍ਰੀ ਮਾਨ ਨੇ ਕਿਹਾ ਕਿ ਉਹ ਸੂਬੇ ਦੇ ਮੁੱਖ ਮੰਤਰੀ ਹੋਣ ਦੇ ਨਾਲ ਪਾਰਟੀ ਪ੍ਰਧਾਨ ਵੀ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦੀ ਲੀਡਰਸ਼ਿਪ ਵੱਲੋਂ ਉਨ੍ਹਾਂ ਨੂੰ ਹੀ ਇਸ ਜ਼ਿਮਨੀ ਚੋਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।


ਗ਼ੌਰਤਲਬ ਹੈ ਕਿ ਬੀਤੇ ਦਿਨੀਂ ਇਹ ਚਰਚਾ ਚੱਲੀ ਸੀ ਕਿ ਆਮ ਆਦਮੀ ਪਾਰਟੀ ਵੱਲੋਂ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਦੀ ਵਾਗਡੋਰ ਰਾਜ ਸਭਾ ਮੈਂਬਰ ਸੰਦੀਪ ਪਾਠਕ ਦੇ ਹੱਥ ਵਿਚ ਦਿੱਤੀ ਜਾ ਰਹੀ ਹੈ। ਇਸੇ ਸੰਦਰਭ ਵਿਚ ਮੁੱਖ ਮੰਤਰੀ ਨੇ ਇਹ ਸਪੱਸ਼ਟ ਕੀਤਾ ਕਿ ਚੋਣ ਮੁਹਿੰਮ ਦੀ ਅਗਵਾਈ ਉਹ ਖ਼ੁਦ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਚੋਣਾਂ ਵਿਚ ਜਿੱਤ-ਹਾਰ ਤਾਂ ਚੱਲਦੀ ਰਹਿੰਦੀ ਹੈ ਪਰ ਸਵਾਲ ਨੀਅਤ ਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਾਫ਼ ਨੀਅਤ ਨਾਲ ਲੋਕਾਂ ਕੋਲ ਜਾਵੇਗੀ। ਉਨ੍ਹਾਂ ਜਲੰਧਰ ਵਾਸੀਆਂ ਨੂੰ ਅਪੀਲ ਕੀਤੀ ਕਿ ਜੇ ਉਨ੍ਹਾਂ ਨੂੰ ਪਿਛਲੇ ਢਾਈ ਸਾਲਾਂ ਦੌਰਾਨ ਸਰਕਾਰ ਵੱਲੋਂ ਕੀਤੇ ਕੰਮ ਚੰਗੇ ਲੱਗੇ ਹੋਣ ਤਾਂ ਉਹ 'ਆਪ' ਦੇ ਹੱਕ ਵਿਚ ਭੁਗਤਣ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਜਲੰਧਰ ਵਿਚ ਇਕ ਕਿਰਾਏ ਦਾ ਘਰ ਲੈ ਕੇ ਉੱਥੋਂ ਹੀ ਚੋਣ ਮੁਹਿੰਮ ਚਲਾਉਣਗੇ ਅਤੇ ਚੋਣ ਤੋਂ ਬਾਅਦ ਵੀ ਉਹ ਘੱਟੋ-ਘੱਟ ਦੋ-ਤਿੰਨ ਦਿਨ ਇਸੇ ਘਰ ਵਿਚ ਰਹਿਣਗੇ ਤਾਂ ਜੋ ਲੋਕਾਂ ਨੂੰ ਆਪਣੇ ਰੋਜ਼ਾਨਾ ਦੇ ਕੰਮ ਕਰਵਾਉਣ ਲਈ ਚੰਡੀਗੜ੍ਹ ਨਾ ਜਾਣਾ ਪਵੇ। ਉਨ੍ਹਾਂ ਕਿਹਾ ਕਿ ਦੋਆਬਾ ਵਾਸੀਆਂ ਲਈ ਮੁੱਖ ਮੰਤਰੀ ਦਾ ਇਹ ਕੈਂਪ ਦਫ਼ਤਰ ਸ਼ਿਕਾਇਤਾਂ ਦੇ ਨਿਪਟਾਰੇ ਦਾ ਕੰਮ ਕਰੇਗਾ। ਇੱਥੇ ਉਨ੍ਹਾਂ ਨਾਲ ਪ੍ਰਸ਼ਾਸਨਿਕ ਅਧਿਕਾਰੀ ਵੀ ਹਾਜ਼ਰ ਰਹਿਣਗੇ।

# ਇਮੀਗ੍ਰੇਸ਼ਨ ਪ੍ਰਕਿਰਿਆ 'ਚ ਤੇਜ਼ੀ ਲਈ ਵਿਸ਼ੇਸ਼ ਪ੍ਰੋਗਰਾਮ ਦੀ ਸ਼ੁਰੂਆਤ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਕ ਵਿਸ਼ੇਸ਼ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ, ਜਿਸ ਤਹਿਤ ਭਾਰਤੀ ਨਾਗਰਿਕਾਂ ਅਤੇ ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ (ਓ.ਸੀ.ਆਈ.) ਕਾਰਡ ਧਾਰਕਾਂ ਦੀ ਇਮੀਗ੍ਰੇਸ਼ਨ ਪ੍ਰਕਿਰਿਆ ਵਿਚ ਤੇਜ਼ੀ ਲਿਆਂਦੀ ਜਾਵੇਗੀ।

ਸ਼ਾਹ ਨੇ ਕਿਹਾ ਕਿ ਫਾਸਟ ਟਰੈਕ ਇਮੀਗ੍ਰੇਸ਼ਨ-ਟਰੱਸਟਿਡ ਟਰੈਵਲਰ ਪ੍ਰੋਗਰਾਮ (ਐਫ.ਟੀ.ਆਈ-ਟੀ.ਟੀ.ਪੀ.) ਸਰਕਾਰ ਦੀ ਇਕ ਦੂਰਦਰਸ਼ੀ ਪਹਿਲ ਹੈ ਜਿਸ ਨੂੰ ਭਾਰਤੀ ਨਾਗਰਿਕਾਂ ਅਤੇ ਓ.ਸੀ.ਆਈ. ਕਾਰਡ ਧਾਰਕਾਂ ਲਈ ਤਿਆਰ ਕੀਤਾ ਗਿਆ ਹੈ। ਗ੍ਰਹਿ ਮੰਤਰੀ ਨੇ ਕਿਹਾ ਕਿ ਇਹ ਪਹਿਲ ਹੋਰਨਾਂ ਦੇਸ਼ਾਂ ਤੋਂ ਆਉਣ ਵਾਲੇ ਭਾਰਤੀ ਨਾਗਰਿਕਾਂ ਅਤੇ ਓ.ਸੀ.ਆਈ. ਕਾਰਡਧਾਰਕ ਯਾਤਰੀਆਂ ਨੂੰ ਵਧੇਰੇ ਸਹੂਲਤਾਂ ਮੁਹੱਈਆ ਕਰਵਾਏਗੀ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਦੀ ਸ਼ੁਰੂਆਤ 2047 ਤੱਕ ਮਿੱਥੇ ਗਏ 'ਵਿਕਸਤ ਭਾਰਤ' ਦੇ ਪ੍ਰਮੁੱਖ ਏਜੰਡਿਆਂ ਵਿਚੋਂ ਇਕ ਹੈ ਅਤੇ ਹਰੇਕ ਲਈ ਯਾਤਰਾ ਸਬੰਧੀ ਸਹੂਲਤਾਂ ਵਿਚ ਵਾਧਾ ਕਰਨ ਸਬੰਧੀ ਨਰਿੰਦਰ ਮੋਦੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।



ਉਨ੍ਹਾਂ ਕਿਹਾ ਕਿ ਇਹ ਸਹੂਲਤ ਸਾਰੇ ਯਾਤਰੀਆਂ ਲਈ ਮੁਫ਼ਤ ਵਿਚ ਉਪਲਬਧ ਹੋਵੇਗੀ। ਐਫ.ਟੀ.ਆਈ-ਟੀ.ਟੀ.ਪੀ. ਦੇਸ਼ ਵਿਚ 21 ਪ੍ਰਮੁੱਖ ਹਵਾਈ ਅੱਡਿਆਂ ਉਤੇ ਲਾਂਚ ਕੀਤਾ ਜਾਵੇਗਾ। ਪਹਿਲੇ ਪੜਾਅ ਵਿਚ ਇਹ ਪ੍ਰੋਗਰਾਮ ਦਿੱਲੀ ਦੇ ਨਾਲ ਇਹ ਸੱਤ ਪ੍ਰਮੁੱਖ ਹਵਾਈ ਅੱਡਿਆਂ- ਮੁੰਬਈ, ਚੇਨੱਈ, ਕੋਲਕਾਤਾ, ਬੰਗਲੂਰੂ, ਹੈਦਰਾਬਾਦ, ਕੋਚੀ ਤੇ ਅਹਿਮਦਾਬਾਦ ਵਿਖੇ ਸ਼ੁਰੂ ਕੀਤਾ ਜਾਵੇਗਾ। ਯੋਗ ਯਾਤਰੀਆਂ ਨੂੰ ਈ-ਗੇਟ ਅਤੇ ਨਿਯਮਤ ਇਮੀਗ੍ਰੇਸ਼ਨ ਕਤਾਰ ਬਾਈਪਾਸ ਕਰਨ ਦੀ ਮਨਜ਼ੂਰੀ ਹੋਵੇਗੀ। ਇਸ ਵਾਸਤੇ ਉਨ੍ਹਾਂ ਨੂੰ ਆਨਲਾਈਨ ਬਿਨੈ ਕਰਨਾ ਹੋਵੇਗਾ ਅਤੇ ਬਿਨੈ ਫਾਰਮ ਵਿਚ ਮੰਗੀ ਲੋੜੀਂਦੀ ਸੂਚਨਾ ਦੇ ਨਾਲ ਆਪਣੇ ਬਾਇਓਮੀਟ੍ਰਿਕਸ ਭੇਜਣੇ ਹੋਣਗੇ। ਐਫ.ਟੀ.ਆਈ. ਰਜਿਸਟਰੇਸ਼ਨ ਵੱਧ ਤੋਂ ਵੱਧ ਪੰਜ ਸਾਲਾਂ ਜਾਂ ਪਾਸਪੋਰਟ ਦੀ ਵੈਧਤਾ (ਜੋ ਵੀ ਪਹਿਲਾਂ ਆਵੇ) ਤੱਕ ਵੈਧ ਹੋਵੇਗੀ।

# ਪੰਜਾਬ ਦੀਆਂ 4 ਜ਼ਿਮਨੀ ਚੋਣਾਂ 'ਚ ਉਮੀਦਵਾਰ ਖੜ੍ਹੇ ਕਰਾਂਗੇ: ਚੜੂਨੀ

**ਫ਼ਤਹਿਗੜ੍ਹ** ਸਾਹਿਬ: ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਹੈ ਕਿ ਯੂਨੀਅਨ ਦੀ ਸੰਯੁਕਤ ਸੰਘਰਸ਼ ਜਥੇਬੰਦੀ ਜਲੰਧਰ ਤੋਂ ਬਗੈਰ ਪੰਜਾਬ ਦੀਆਂ ਚਾਰ ਜ਼ਿਮਨੀ ਚੋਣਾਂ 'ਚ ਆਪਣੇ ਉਮੀਦਵਾਰ ਖੜ੍ਹੇ ਕਰੇਗੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਰਣਨੀਤੀ ਬਣਾ ਲਈ ਗਈ ਹੈ।

ਉਨ੍ਹਾਂ ਹਰਿਆਣਾ ਵਿਚ ਵੀ ਚੋਣ ਲੜਨ ਦੀ ਗੱਲ ਆਖੀ ਹੈ। ਸ੍ਰੀ ਚੜੂਨੀ ਨੇ ਕਿਹਾ ਕਿ ਮੀਟਿੰਗ ਵਿਚ ਸਾਰੇ ਆਗੂਆਂ ਦੀ ਸਹਿਮਤੀ ਨਾਲ ਇਹ ਫ਼ੈਸਲਾ ਲਿਆ ਗਿਆ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਿਸਾਨਾਂ ਲਈ ਸ਼ੁਰੂ ਕੀਤੀ ਪੀਐੱਮ ਨਿਧੀ ਯੋਜਨਾ ਨੂੰ ਕਿਸਾਨਾਂ ਦਾ ਅਪਮਾਨ ਕਰਾਰ ਦਿੱਤਾ। ਉਨ੍ਹਾਂ ਸਵਾਲ ਕੀਤਾ ਕਿ ਪ੍ਰਤੀ ਦਿਨ 17 ਰੁਪਏ ਦੇ ਕੇ ਸਰਕਾਰ ਕੀ ਸਾਬਤ ਕਰਨਾ ਚਾਹੁੰਦੀ ਹੈ? ਉਨ੍ਹਾਂ ਕੇਂਦਰ ਸਰਕਾਰ ਵੱਲੋਂ ਝੋਨੇ ਅਤੇ ਹੋਰ ਫ਼ਸਲਾਂ ਦੇ ਭਾਅ ਵਿਚ ਕੀਤੇ ਵਾਧੇ ਦੀ ਆਲੋਚਨਾ ਕਰਦਿਆਂ ਕਿਹਾ ਕਿ ਮਹਿੰਗਾਈ ਦੇ ਇਸ ਜ਼ਮਾਨੇ ਵਿਚ ਇਹ ਵਾਧਾ ਬਹੁਤ ਹੀ ਘੱਟ ਹੈ।

ਉਨ੍ਹਾਂ ਸ਼ੰਭੂ ਬਾਰਡਰ 'ਤੇ ਚੱਲ ਰਹੇ ਸੰਘਰਸ਼ ਲਈ ਵੀ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਜੇ ਦਿੱਲੀ ਦੇ ਰਾਹ ਖੋਲ੍ਹ ਦਿੱਤੇ ਜਾਂਦੇ ਤਾਂ ਅੱਜ ਇਹ ਹਾਲਾਤ ਪੈਦਾ ਨਾ ਹੁੰਦੇ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀਆਂ ਕਿਸਾਨ ਮਾਰੂ ਨਿੱਤੀਆਂ ਕਾਰਨ ਹੀ ਪੰਜਾਬ ਦੀਆਂ 4 ਜ਼ਿਮਨੀ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਗਿਆ ਹੈ। ਇਨ੍ਹਾਂ ਹਲਕਿਆਂ ਵਿਚ ਯੋਗ, ਇਮਾਨਦਾਰ ਅਤੇ ਮਿਹਨਤੀ ਵਿਅਕਤੀ ਨੂੰ ਚੋਣ ਮੈਦਾਨ ਵਿਚ ਉਤਾਰਿਆ ਜਾਵੇਗਾ।

# ਜੀ.ਐਸ.ਟੀ. ਕੌਂਸਲ ਨੇ ਟੈਕਸ ਦਰਾਂ ਵਿਚ ਕਟੌਤੀ ਕੀਤੀ

**ਨਵੀਂ ਦਿੱਲੀ:** ਜੀ.ਐਸ.ਟੀ. ਕੌਂਸਲ ਨੇ ਵਿਦਿਆਰਥੀਆਂ ਲਈ ਰਿਹਾਇਸ਼ੀ ਸੇਵਾਵਾਂ ਤੇ ਸੋਲਰ ਕੁੱਕਰ ਸਣੇ ਕਈ ਆਈਟਮਾਂ 'ਤੇ ਜੀ.ਐਸ.ਟੀ. ਘਟਾਉਣ ਅਤੇ ਜੀ.ਐਸ.ਟੀ. ਕਾਨੂੰਨ ਲਾਗੂ ਹੋਣ ਦੇ ਪਹਿਲੇ ਤਿੰਨ ਸਾਲਾਂ ਵਿਚ ਜਾਰੀ ਡਿਮਾਂਡ ਨੋਟਿਸਾਂ ਰਾਹੀਂ ਲਾਏ ਜੁਰਮਾਨੇ ਤੇ ਵਿਆਜ ਵਿਚ ਛੋਟ ਸਣੇ ਕਰਦਾਤਿਆਂ ਦੇ ਹਿੱਤ ਵਿਚ ਕਈ ਫੈਸਲੇ ਲਏ ਹਨ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਜੀ.ਐਸ.ਟੀ. ਕੌਂਸਲ ਦੀ 53ਵੀਂ ਬੈਠਕ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੌਂਸਲ ਵੱਲੋਂ ਪੂਰੇ ਦੇਸ਼ ਵਿਚ ਅਰਜ਼ੀਕਾਰਾਂ ਦੀ ਰਜਿਸਟਰੇਸ਼ਨ ਲਈ ਪੜਾਅਵਾਰ ਬਾਇਓਮੀਟਰਕ-ਅਧਾਰਿਤ ਆਧਾਰ ਤਸਦੀਕ ਕਰਵਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਨਿਵੇਸ਼ ਟੈਕਸ ਕ੍ਰੈਡਿਟ ਪ੍ਰਾਪਤ ਕਰਨ ਅਤੇ ਟੈਕਸਾਂ ਤੋਂ ਬਚਣ ਲਈ ਕੀਤੀ ਗਈ ਧੋਖਾਧੜੀ ਵਾਲੀ ਰਜਿਸਟਰੇਸ਼ਨ ਨੂੰ ਰੋਕਣ ਵਿਚ ਮਦਦ ਮਿਲੇਗੀ।

ਜੀ.ਐਸ.ਟੀ. ਕੌਂਸਲ ਨੇ ਸਰਕਾਰੀ ਮੁਕੱਦਮਿਆਂ ਨੂੰ ਘਟਾਉਣ ਦੇ ਇਰਾਦੇ ਨਾਲ ਟੈਕਸ ਵਿਭਾਗ ਵੱਲੋਂ ਵੱਖ-ਵੱਖ ਐਪੀਲੇਟ ਅਥਾਰਿਟੀਜ਼ ਕੋਲ ਅਪੀਲ ਦਾਇਰ ਕਰਨ ਲਈ ਵਿੱਤੀ ਹੱਦ ਨਿਰਧਾਰਿਤ ਕੀਤੀ ਹੈ। ਉਨ੍ਹਾਂ ਕਿਹਾ ਕਿ ਜੀ.ਐਸ.ਟੀ. ਕੌਂਸਲ ਨੇ ਅਪੀਲੀ ਟ੍ਰਿਬਿਊਨਲ ਲਈ 20 ਲੱਖ ਰੁਪਏ, ਹਾਈ ਕੋਰਟ ਲਈ 1 ਕਰੋੜ ਰੁਪਏ ਤੇ ਸੁਪਰੀਮ ਕੋਰਟ ਲਈ ਦੋ ਕਰੋੜ ਰੁਪਏ ਦੀ ਵਿੱਤੀ ਹੱਦ ਨਿਰਧਾਰਿਤ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਜੇ ਵਿੱਤੀ ਹੱਦ ਜੀ.ਐਸ.ਟੀ. ਕੌਂਸਲ ਵੱਲੋਂ ਤੈਅ ਸੀਮਾ ਤੋਂ ਘੱਟ ਹੈ, ਤਾਂ ਟੈਕਸ ਅਥਾਰਿਟੀ ਆਮ ਤੌਰ 'ਤੇ ਅਪੀਲ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਕੌਂਸਲ ਨੇ ਇਹ ਸਿਫਾਰਸ਼ ਵੀ ਕੀਤੀ ਕਿ ਐਪੀਲੇਟ ਅਥਾਰਿਟੀ ਕੋਲ ਅਪੀਲ ਦਾਇਰ ਕਰਨ ਲਈ ਪਹਿਲਾਂ ਜਮ੍ਹਾਂ ਕੀਤੀ ਵੱਧ ਤੋਂ ਵੱਧ ਰਾਸ਼ੀ ਸੀ.ਜੀ.ਐਸ.ਟੀ. ਤੇ ਐਸ.ਜੀ.ਐਸ.ਟੀ. ਲਈ 25 ਕਰੋੜ ਤੋਂ ਘਟਾ ਕੇ 20 ਕਰੋੜ ਰੁਪਏ ਕੀਤੀ ਜਾਵੇ।




ਸੀਤਾਰਮਨ ਨੇ ਕਿਹਾ, "ਜੀ.ਐਸ.ਟੀ. ਕੌਂਸਲ ਨੇ 53ਵੀਂ ਬੈਠਕ ਵਿਚ ਵਪਾਰ ਦੀ ਸਹੂਲਤ, ਪਾਲਣਾ ਦੇ ਬੋਝ ਨੂੰ ਘੱਟ ਕਰਨ ਅਤੇ ਪਾਲਣਾ ਨੂੰ ਸੌਖਾ ਬਣਾਉਣ ਦੇ ਮਾਮਲੇ ਵਿਚ ਕਰਦਾਤਿਆਂ ਨੂੰ ਰਾਹਤ ਦੇਣ ਬਾਰੇ ਕਈ ਫੈਸਲੇ ਲਏ ਹਨ।" ਮੰਤਰੀ ਨੇ ਕਿਹਾ ਕਿ ਜੀ.ਐਸ.ਟੀ. ਕੌਂਸਲ ਦੀ ਅਗਲੀ ਬੈਠਕ ਅਗਸਤ ਵਿਚ ਹੋਵੇਗੀ, ਜਿਸ ਵਿਚ ਜੀ.ਐਸ.ਟੀ. ਦਰਾਂ ਨੂੰ ਤਰਕਸੰਗਤ ਬਣਾਉਣ ਬਾਰੇ ਬਿਹਾਰ ਦੇ ਉਪ ਮੁੱਖ ਮੰਤਰੀ ਸੁਮੰਤ ਚੌਧਰੀ ਦੀ ਅਗਵਾਈ ਵਾਲਾ ਮੰਤਰੀ ਸਮੂਹ ਹੁਣ ਤੱਕ ਕਵਰ ਕੀਤੇ ਪਹਿਲੂਆਂ ਤੇ ਬਕਾਇਆ ਕੰਮਾਂ ਬਾਰੇ ਪੇਸ਼ਕਾਰੀ ਦੇਵੇਗਾ। ਜੀ.ਐਸ.ਟੀ. ਕੌਂਸਲ ਨੇ ਸਿੱਖਿਆ ਸੰਸਥਾਵਾਂ ਦੇ ਬਾਹਰ ਵਿਦਿਆਰਥੀਆਂ ਵਾਸਤੇ ਐਕੋਮੋਡੇਸ਼ਨ (ਰਿਹਾਇਸ਼) ਸੇਵਾਵਾਂ ਲਈ 20,000 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ ਤੱਕ ਛੋਟ ਦਿੱਤੀ ਹੈ। ਉਨ੍ਹਾਂ ਫੇਰੀ ਦੀ ਸ਼ੁਰੂਆਤ ਕੀਤੀ ਸੀ। ਲੋਕ ਸਭਾ ਚੋਣਾਂ ਤੋਂ ਬਾਅਦ ਭਾਰਤ ਵਿਚ ਨਵੀਂ ਸਰਕਾਰ ਬਣਨ ਮਗਰੋਂ ਕਿਸੇ ਵਿਦੇਸ਼ੀ ਆਗੂ ਦਾ ਇਹ ਪਲੇਠਾ ਸਰਕਾਰੀ ਦੌਰਾ ਹੈ। ਆਂਧਰਾ ਪ੍ਰਦੇਸ਼ ਦੇ ਵਿੱਤ ਮੰਤਰੀ ਪੀ. ਕੇਸ਼ਵ ਨੇ ਕਿਹਾ ਕਿ ਜੀ.ਐਸ.ਟੀ. ਕੌਂਸਲ ਨੇ ਫਰਟੀਲਾਈਜ਼ਰਜ਼ ਖੇਤਰ ਨੂੰ ਮੌਜੂਦਾ ਪੰਜ ਫੀਸਦ ਜੀ.ਐਸ.ਟੀ. ਤੋਂ ਛੋਟ ਦੇਣ ਦੀ ਸਿਫਾਰਸ਼ ਮੰਤਰੀ ਸਮੂਹ ਨੂੰ ਭੇਜ ਦਿੱਤੀ ਹੈ। ਜੀ.ਐਸ.ਟੀ. ਦਰਾਂ ਵਧੇਰੇ ਤਰਕਸੰਗਤ ਬਣਾਉਣ ਲਈ ਗਠਿਤ ਮੰਤਰੀ ਸਮੂਹ ਹੁਣ ਇਸ ਮੁੱਦੇ 'ਤੇ ਵਿਚਾਰ ਕਰੇਗਾ। ਕੌਂਸਲ ਨੇ ਫਰਟੀਲਾਈਜ਼ਰਜ਼ ਬਣਾਉਣ ਵਾਲੀ ਕੰਪਨੀਆਂ ਤੇ ਕਿਸਾਨਾਂ ਦੇ ਹਿੱਤ ਵਿਚ ਪੋਸ਼ਕ ਤੱਤਾਂ ਤੇ ਕੱਚੇ ਮਾਲ 'ਤੇ ਜੀ.ਐਸ.ਟੀ. ਘੱਟ ਕਰਨ ਬਾਰੇ ਚਰਚਾ ਕੀਤੀ। ਇਸ ਵੇਲੇ ਖਾਦਾਂ 'ਤੇ 5 ਫੀਸਦ ਜੀ.ਐਸ.ਟੀ. ਲੱਗਦਾ ਹੈ ਜਦੋਂਕਿ ਸਲਫਿਊਰਿਕ ਐਸਿਡ ਤੇ ਅਮੋਨੀਆ ਜਿਹੇ ਕੱਚੇ ਮਾਲ ਨੂੰ 18 ਫੀਸਦ ਦੀ ਟੈਕਸ ਸਲੈਬ ਵਿਚ ਰੱਖਿਆ ਗਿਆ ਹੈ।

## ਪੈਟਰੋਲ ਤੇ ਡੀਜ਼ਲ ਨੂੰ ਜੀ.ਐਸ.ਟੀ. ਦੇ ਘੇਰੇ 'ਚ ਲਿਆਉਣ ਦੀ ਤਿਆਰੀ

ਵਿੱਤ ਮੰਤਰੀ ਸੀਤਾਰਮਨ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਪੈਟਰੋਲ ਤੇ ਡੀਜ਼ਲ ਨੂੰ ਹਮੇਸ਼ਾ ਜੀ.ਐਸ.ਟੀ. ਦੇ ਦਾਇਰੇ ਵਿਚ ਲਿਆਉਣ ਦਾ ਇਰਾਦਾ ਰਿਹਾ ਹੈ ਤੇ ਹੁਣ ਰਾਜਾਂ ਨੇ ਇਕਜੁੱਟ ਹੋ ਕੇ ਇਸ ਦੀ ਦਰ ਤੈਅ ਕਰਨੀ ਹੈ। ਉਨ੍ਹਾਂ ਕਿਹਾ ਕਿ ਸਾਬਕਾ ਵਿੱਤ ਮੰਤਰੀ ਅਰੁਣ ਜੇਤਲੀ ਨੇ ਪੈਟਰੋਲ ਤੇ ਡੀਜ਼ਲ ਨੂੰ ਜੀ.ਐਸ.ਟੀ. ਕਾਨੂੰਨ ਵਿਚ ਸ਼ਾਮਲ ਕਰਨ ਦੀ ਵਿਵਸਥਾ ਪਹਿਲਾਂ ਹੀ ਕਰ ਦਿੱਤੀ ਸੀ। ਹੁਣ ਰਾਜਾ ਨੂੰ ਇਕੱਠਿਆਂ ਹੋ ਕੇ ਦਰ ਨਿਰਧਾਰਿਤ ਕਰਨ ਲਈ ਚਰਚਾ ਕਰਨੀ ਹੈ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜੋਧਪੁਰ ਘਟਨਾ ਦੀ ਜਾਂਚ ਸੇਵਾਮੁਕਤ ਜੱਜਾਂ ਤੋਂ ਕਰਵਾਈ ਜਾਵੇ: ਜਥੇਦਾਰ

**ਅੰਮ੍ਰਿਤਸਰ:** ਰਾਜਸਥਾਨ ਦੇ ਜੋਧਪੁਰ ਵਿਚ ਜੁਡੀਸ਼ਲ ਪ੍ਰੀਖਿਆ ਸਮੇਂ ਅੰਮ੍ਰਿਤਧਾਰੀ ਵਿਦਿਆਰਥੀਆਂ ਦੇ ਕਕਾਰ ਉਤਰਵਾਉਣ ਦੀ ਵਾਪਰੀ ਘਟਨਾ ਦਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਨੂੰ ਆਖਿਆ ਕਿ ਉਹ ਸੇਵਾਮੁਕਤ ਸਿੱਖ ਜੱਜਾਂ ਤੇ ਵਕੀਲਾਂ ਦੀ ਜਾਂਚ ਕਮੇਟੀ ਦਾ ਗਠਨ ਕਰਕੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਉਣ।

ਇਸ ਮਾਮਲੇ ਵਿਚ ਜਾਰੀ ਵੀਡੀਓ ਸੁਨੇਹੇ ਰਾਹੀਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਸਿੱਖਾਂ ਨੂੰ ਗੁਲਾਮ ਹੋਣ ਦਾ ਅਹਿਸਾਸ ਕਰਵਾਉਂਦੀਆਂ ਹਨ। ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ ਅਤੇ ਦੇਸ਼ ਦੀ ਤਰੱਕੀ ਵਿਚ ਅਹਿਮ ਯੋਗਦਾਨ ਪਾਇਆ ਹੈ। ਇਸ ਦੇ ਬਾਵਜੂਦ ਅਜਿਹੀਆਂ ਘਟਨਾਵਾਂ ਸਿੱਖਾਂ ਨੂੰ ਅਪਮਾਨਿਤ ਕਰਨ ਵਾਲੀਆਂ ਅਤੇ ਠੇਸ ਪਹੁੰਚਾਉਣ ਵਾਲੀਆਂ ਹਨ। ਉਨ੍ਹਾਂ ਕਿਹਾ ਕਿ ਰਾਜਸਥਾਨ ਵਿਖੇ ਜੁਡੀਸ਼ਲ ਪ੍ਰੀਖਿਆ ਵਿਚ



ਅੰਮ੍ਰਿਤਧਾਰੀ ਵਿਦਿਆਰਥੀਆਂ ਦੇ ਕਕਾਰ ਉਤਰਵਾਉਣੇ ਮੰਦਭਾਗੀ ਘਟਨਾ ਹੈ। ਉਨ੍ਹਾਂ ਕਿਹਾ ਕਿ ਪਤਾ ਲੱਗਿਆ ਹੈ ਕਿ ਪ੍ਰੀਖਿਆ ਦੇਣ ਆਏ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਕੱਪੜੇ ਉਤਾਰ ਕੇ ਕਿਰਪਾਨਾਂ ਉਤਾਰਨ ਲਈ ਕਿਹਾ ਗਿਆ। ਇਸ ਦਾ ਇਕ ਅੰਮ੍ਰਿਤਧਾਰੀ ਕੁੜੀ ਨੇ ਵਿਰੋਧ ਵੀ ਕੀਤਾ ਤੇ ਉਸ ਨੂੰ ਪ੍ਰੀਖਿਆ ਨਹੀਂ ਦੇਣ ਦਿੱਤੀ ਗਈ। ਕੁਝ ਵਿਦਿਆਰਥੀਆਂ ਨੇ ਆਪਣੇ ਕਕਾਰ ਉਤਾਰ ਕੇ ਨੇੜੇ ਰੱਖ ਦਿੱਤੇ ਪਰ ਉਨ੍ਹਾਂ ਨੂੰ ਕਕਾਰ ਹੇਠਾਂ ਰੱਖਣ ਲਈ ਆਖਿਆ ਗਿਆ, ਜਿਸ ਦਾ ਅੰਮ੍ਰਿਤਧਾਰੀ ਵਿਦਿਆਰਥੀਆਂ ਨੇ ਵਿਰੋਧ ਕੀਤਾ। ਜਥੇਦਾਰ ਨੇ ਆਖਿਆ ਕਿ ਇਹ ਕਕਾਰਾਂ ਦੀ ਬੇਅਦਬੀ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੇ ਪ੍ਰੀਖਿਆ ਦੀ ਤਿਆਰੀ ਲਈ ਲੰਬਾ ਸਮਾਂ ਮਿਹਨਤ ਕੀਤੀ ਸੀ ਅਤੇ ਵੱਡੀ ਰਕਮ ਵੀ ਖਰਚੀ ਸੀ, ਜੋ ਅਜਾਈਂ ਗਈ। ਉਨ੍ਹਾਂ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੂੰ ਆਖਿਆ ਕਿ ਉਹ ਸੇਵਾਮੁਕਤ ਜੱਜਾਂ ਅਤੇ ਵਕੀਲਾਂ ਦੀ ਉੱਚ ਪੱਧਰੀ ਕਮੇਟੀ ਬਣਾਉਣ ਜੋ ਇਸ ਮਾਮਲੇ ਦੀ ਆਪਣੇ ਪੱਧਰ 'ਤੇ ਜਾਂਚ ਕਰੇ ਅਤੇ ਬਾਅਦ ਵਿਚ ਸਿੱਖ ਵਿਦਿਆਰਥੀਆਂ ਨਾਲ ਅਜਿਹਾ ਸਲੂਕ ਕਰਨ ਵਾਲੇ ਕਰਮਚਾਰੀਆਂ ਦੇ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਜ਼ਿਮਨੀ ਚੋਣ ਵਿਚ 16 ਉਮੀਦਵਾਰ ਮੈਦਾਨ ਵਿਚ

**ਜਲੰਧਰ:** ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਲਈ ਪੜਤਾਲ ਦੌਰਾਨ 16 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਕੁੱਲ 23 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਸਨ। ਪੜਤਾਲ ਦੌਰਾਨ 7 ਦੇ ਨਾਮਜ਼ਦਗੀ ਪੱਤਰ ਰੱਦ ਕੀਤੇ ਗਏ ਹਨ। ਰਾਜ ਕੁਮਾਰ, ਇੰਦਰਜੀਤ ਸਿੰਘ, ਵਿਸ਼ਾਲ, ਅਜੇ ਕੁਮਾਰ ਭਗਤ, ਨੀਟੂ ਸ਼ਟਰਾਂ ਵਾਲਾ, ਅਜੇ, ਵਰੁਣ ਕਲੇਰ, ਅਮਿਤ ਕੁਮਾਰ, ਆਰਤੀ ਅਤੇ ਦੀਪਕ ਭਗਤ (ਸਾਰੇ ਆਜ਼ਾਦ) ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਦੇ ਸ਼ੀਤਲ ਅੰਗੁਰਾਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਰਬਜੀਤ ਸਿੰਘ, ਬਸਪਾ ਦੇ ਬਿੰਦਰ ਕੁਮਾਰ ਲਾਖਾ, ਆਮ ਆਦਮੀ ਪਾਰਟੀ ਦੇ ਮਹਿੰਦਰਪਾਲ, ਇੰਡੀਅਨ ਨੈਸ਼ਨਲ ਕਾਂਗਰਸ ਦੇ ਸੁਰਿੰਦਰ ਕੌਰ, ਸ਼੍ਰੋਮਣੀ ਅਕਾਲੀ ਦਲ ਦੇ ਸੁਰਜੀਤ ਕੌਰ ਦੇ ਨਾਮਜ਼ਦਗੀ ਪੱਤਰ ਦਰੁਸਤ ਪਾਏ ਗਏ ਸਨ।

# ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾ ਰਹੀਆਂ ਹਨ। ਹੁਣ ਇਹ ਜਾਇਦਾਦਾਂ ਕੇਸ ਦਰਜ ਹੋਣ ਮਗਰੋਂ ਕੁਝ ਦਿਨਾਂ ਦੇ ਵਿਚਕਾਰ ਹੀ ਜ਼ਬਤ ਕਰ ਲਈਆਂ ਜਾਣਗੀਆਂ। ਇਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸਖ਼ਤੀ ਨਾਲ ਆਦੇਸ਼ ਜਾਰੀ ਕਰ ਦਿੱਤੇ ਹਨ। ਮੁੱਖ ਸਕੱਤਰ ਨੇ ਵੀ ਸੂਬੇ ਦੇ ਸਾਰੇ ਡੀਸੀ'ਜ਼ ਨੂੰ ਪੱਤਰ ਲਿਖ ਕੇ ਨਸ਼ਾ ਤਸਕਰੀ ਦੇ ਮਾਮਲੇ ਵਿਚ ਨਾਮਜ਼ਦ ਵਿਅਕਤੀਆਂ ਦੀ ਜਾਇਦਾਦ ਦੇ ਵੇਰਵੇ ਜਲਦ ਪੁਲਿਸ ਨਾਲ ਸਾਂਝੇ ਕਰਨ ਦੇ ਹੁਕਮ ਦਿੱਤੇ ਹਨ। ਪੱਤਰ ਵਿਚ ਕਿਹਾ ਕਿ ਜੇ ਕਿਸੇ ਵੀ ਪੁਲਿਸ ਕਮਿਸ਼ਨਰ, ਐਸ.ਐਸ.ਪੀ. ਜਾਂ ਹੋਰ ਪੁਲਿਸ ਅਧਿਕਾਰੀਆਂ ਵੱਲੋਂ ਅਜਿਹੇ ਵਿਅਕਤੀਆਂ ਦੀ ਜਾਇਦਾਦ ਜ਼ਬਤ ਕਰਨ ਦੇ ਮੰਤਵ ਨਾਲ ਕੋਈ ਜਾਣਕਾਰੀ ਮੰਗੀ ਜਾਂਦੀ ਹੈ ਤਾਂ ਉਹ ਫੌਰੀ ਤੌਰ 'ਤੇ ਸਬੰਧਤ ਪੁਲਿਸ ਅਧਿਕਾਰੀ ਨੂੰ ਦਿੱਤੀ ਜਾਵੇ।

ਇਸ ਤਰ੍ਹਾਂ ਪੰਜਾਬ ਵਿਚ ਨਸ਼ੀਲੇ ਪਦਾਰਥ ਵੇਚਣ ਵਾਲਿਆਂ ਦੀ ਜਾਇਦਾਦ ਕੇਸ ਦਰਜ ਹੋਣ ਤੋਂ ਕੁਝ ਦਿਨਾਂ ਵਿਚ ਹੀ ਜ਼ਬਤ ਕੀਤੀ ਜਾ ਸਕੇਗੀ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਨੇ ਕੁਝ ਦਿਨ ਪਹਿਲਾਂ ਐਲਾਨ ਕੀਤਾ ਸੀ ਕਿ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੇ ਫੜੇ ਜਾਣ 'ਤੇ ਉਨ੍ਹਾਂ ਦੀ ਜਾਇਦਾਦ 7 ਤੋਂ 10 ਦਿਨਾਂ ਵਿਚ ਜ਼ਬਤ ਕੀਤੀ ਜਾਵੇਗੀ।

## ਆਸ਼ੀਰਵਾਦ ਸਕੀਮ ਤਹਿਤ 34 ਕਰੋੜ ਜਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਆਸ਼ੀਰਵਾਦ ਸਕੀਮ ਤਹਿਤ ਸੂਬੇ ਦੇ 6786 ਲਾਭਪਾਤਰੀਆਂ ਨੂੰ 34 ਕਰੋੜ ਰੁਪਏ ਜਾਰੀ ਕਰਨ ਲਈ ਪ੍ਰਵਾਨਗੀ ਦੇ ਦਿੱਤੀ ਹੈ।

ਇਹ ਪ੍ਰਵਾਨਗੀ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਾਲ 2023-24 ਦੌਰਾਨ ਆਸ਼ੀਰਵਾਦ ਪੋਰਟਲ 'ਤੇ ਪ੍ਰਾਪਤ ਅਨੁਸੂਚਿਤ ਜਾਤੀ ਨਾਲ ਸਬੰਧਤ 5357 ਲਾਭਪਾਤਰੀਆਂ ਨੂੰ 27 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਸੇ ਤਰ੍ਹਾਂ ਸਾਲ 2023-24 ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸਬੰਧਤ 1429 ਲਾਭਪਾਤਰੀਆਂ ਨੂੰ 7 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਹ ਰਾਸ਼ੀ ਜਲਦ ਹੀ ਲਾਭਪਾਤਰੀਆਂ ਦੇ ਖਾਤਿਆਂ ਵਿਚ ਜਮ੍ਹਾਂ ਹੋ ਜਾਵੇਗੀ।

## ਪੰਜਾਬ ਦੇ ਲੋਕ ਸਭਾ ਮੈਂਬਰਾਂ ਨੇ ਪੰਜਾਬੀ 'ਚ ਸਹੁੰ ਚੁੱਕੀ

**ਨਵੀਂ ਦਿੱਲੀ:** ਸੰਸਦ ਦੇ ਦੂਜੇ ਦਿਨ ਦੇ ਸੈਸ਼ਨ ਵਿਚ ਪੰਜਾਬ ਦੇ ਲੋਕ ਸਭਾ ਮੈਂਬਰਾਂ ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਜੀਤ ਸਿੰਘ ਔਜਲਾ, ਡਾ. ਅਮਰ ਸਿੰਘ, ਸਰਬਜੀਤ ਸਿੰਘ ਖ਼ਾਲਸਾ, ਸੁਖਜਿੰਦਰ ਸਿੰਘ ਰੰਧਾਵਾ, ਸ਼ੇਰ ਸਿੰਘ ਘੁਬਾਇਆ, ਚਰਨਜੀਤ ਸਿੰਘ ਚੰਨੀ, ਹਰਸਿਮਰਤ ਕੌਰ ਬਾਦਲ, ਡਾ. ਧਰਮਵੀਰ ਗਾਂਧੀ, ਮਾਲਵਿੰਦਰ ਸਿੰਘ ਕੰਗ, ਗੁਰਮੀਤ ਸਿੰਘ ਮੀਤ ਹੇਅਰ ਤੇ ਰਾਜ ਕੁਮਾਰ ਚੱਬੇਵਾਲ ਨੇ ਹਲਫ਼ ਲਿਆ। ਸਾਰਿਆਂ ਨੇ ਪੰਜਾਬੀ ਵਿਚ ਆਪਣੀ ਸਹੁੰ ਚੁੱਕੀ। ਪੰਜਾਬ ਤੋਂ 13 ਲੋਕ ਸਭਾ ਮੈਂਬਰ ਚੁਣੇ ਗਏ ਹਨ ਤੇ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਹਨ। ਉਹ ਡਿਬਰੂਗੜ੍ਹ ਜੇਲ੍ਹ 'ਚ ਹਨ।

## ਮੋਦੀ ਦਾ ਰੂਸ ਦੌਰਾ 8 ਜੁਲਾਈ ਨੂੰ

**ਮਾਸਕੋ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ 8 ਜੁਲਾਈ ਨੂੰ ਮਾਸਕੋ (ਰੂਸ) ਦਾ ਇਕ ਰੋਜ਼ਾ ਦੌਰਾ ਕਰਨਗੇ। ਉਮੀਦ ਕੀਤੀ ਜਾ ਰਹੀ ਹੈ ਕਿ ਇਹ ਦੌਰਾ ਭਾਰਤ ਅਤੇ ਰੂਸ ਵਰਗੇ ਇਤਿਹਾਸਕ ਭਾਈਵਾਲਾਂ ਵਿਚਾਲੇ ਸਬੰਧਾਂ ਨੂੰ ਮਜ਼ਬੂਤ ਕਰੇਗਾ ਜੋ ਤੇਜ਼ੀ ਨਾਲ ਬਦਲ ਰਹੇ ਨਵੇਂ ਆਲਮੀ ਢਾਂਚੇ ਵਿਚ ਨਵੀਆਂ ਭਾਈਵਾਲੀਆਂ ਤਲਾਸ਼ ਰਹੇ ਹਨ। ਮੋਦੀ ਦਾ ਇਹ ਦੌਰਾ ਅਹਿਮ ਹੈ ਕਿਉਂਕਿ ਇਹ ਸਿਰਫ਼ ਰੂਸ ਦਾ ਹੀ ਦੌਰਾ ਹੈ ਜਿਸ ਨੂੰ ਬਰਿਕਸ ਸੰਮੇਲਨ ਨਾਲ ਨਹੀਂ ਜੋੜਿਆ ਜਾ ਰਿਹਾ ਜਿਹੜਾ ਅਕਤੂਬਰ ਮਹੀਨੇ ਕਜ਼ਾਨ 'ਚ ਹੋਣ ਦੀ ਉਮੀਦ ਹੈ।

# ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਖਿਲਾਫ ਬਗਾਵਤ

*(ਪਹਿਲੇ ਸਫੇ ਦੀ ਬਾਕੀ)*

ਆਗੂਆਂ ਨੇ ਜਨਤਕ ਕਰਨ ਦੀ ਗੱਲ ਆਖੀ ਸੀ ਜੋ ਹੁਣ ਤੱਕ ਜਨਤਕ ਨਹੀਂ ਹੋਈ। ਇਸ ਵਿਚ ਸੁਖਬੀਰ ਸਿੰਘ ਬਾਦਲ ਨੂੰ ਕੁਰਸੀ ਤੋਂ ਲਾਂਭੇ ਕਰਨ ਵੱਲ ਇਸ਼ਾਰਾ ਕੀਤਾ ਗਿਆ ਸੀ।

ਅਸਲ ਵਿਚ ਅਕਾਲੀ ਦਲ ਦੀ ਵੋਟ ਦਰ ਵਿਚ ਅਸੈਂਬਲੀ ਚੋਣਾਂ ਤੋਂ ਮਗਰੋਂ ਹੁਣ ਹੋਰ ਗਿਰਾਵਟ ਦਰਜ ਕੀਤੀ ਗਈ ਹੈ। ਅਕਾਲੀ ਦਲ ਹੁਣ ਤਾਂ ਅੱਠ ਸੀਟਾਂ 'ਤੇ ਭਾਜਪਾ ਨਾਲੋਂ ਵੀ ਪਛੜ ਗਿਆ ਹੈ। ਬਠਿੰਡਾ ਤੋਂ ਬਿਨਾਂ ਪੰਜਾਬ ਦੇ ਕਿਸੇ ਵੀ ਹਲਕੇ ਵਿਚੋਂ ਅਕਾਲੀ ਦਲ ਨੂੰ ਦੂਜੇ ਜਾਂ ਤੀਜੇ ਨੰਬਰ 'ਤੇ ਆਉਣਾ ਵੀ ਨਸੀਬ ਨਹੀਂ ਹੋਇਆ। ਦਲ ਨੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਦੋ ਸੀਟਾਂ ਜਿੱਤੀਆਂ ਸਨ ਅਤੇ ਵੋਟ ਦਰ 27.8 ਫ਼ੀਸਦੀ ਰਹੀ ਸੀ। 2019 ਦੇ ਮੁਕਾਬਲੇ ਅਕਾਲੀ ਦਲ ਦਾ ਵੋਟ ਬੈਂਕ 14.38 ਫ਼ੀਸਦੀ ਘਟਿਆ ਹੈ। 2017 ਦੀਆਂ ਅਸੈਂਬਲੀ ਚੋਣਾਂ ਵਿਚ ਅਕਾਲੀ ਦਲ ਦੇ ਬੁਰੇ ਦਿਨਾਂ ਦੀ ਸ਼ੁਰੂਆਤ ਹੋਈ ਸੀ ਤੇ ਉਦੋਂ ਅਕਾਲੀ ਦਲ ਨੂੰ ਸਿਰਫ਼ 14 ਸੀਟਾਂ ਮਿਲੀਆਂ ਸਨ ਜੋ 2022 ਦੀਆਂ ਚੋਣਾਂ ਵਿਚ ਘੱਟ ਕੇ 3 ਰਹਿ ਗਈਆਂ।

ਵੱਡੀ ਗਿਣਤੀ ਟਕਸਾਲੀ ਆਗੂ ਮੰਨਦੇ ਹਨ ਕਿ ਸੁਖਬੀਰ ਹੱਥ ਪਾਰਟੀ ਕਮਾਨ ਆਉਣ ਪਿੱਛੋਂ ਇਹ ਪੰਥਕ ਧਿਰ ਲਗਾਤਾਰ ਆਪਣੀ ਹੋਂਦ ਗੁਆ ਰਹੀ ਹੈ। ਇਸ ਲਈ ਕਈ ਵਾਰ ਸੁਖਬੀਰ ਨੂੰ ਅਹੁਦੇ ਤੋਂ ਲਾਂਭੇ ਕਰਨ ਦੀ ਮੰਗ ਉਠੀ ਪਰ ਹਰ ਵਾਰ ਕੋਰ ਕਮੇਟੀ ਦੀ ਮੀਟਿੰਗ ਵਿਚ ਸੁਖਬੀਰ ਨੇ ਆਪਣੇ ਹੱਕ ਵਿਚ ਹੱਥ ਖੜ੍ਹੇ ਕਰਵਾ ਕੇ ਕੁਰਸੀ ਸਲਾਮਤ ਰੱਖੀ। ਟਕਸਾਲੀ ਆਗੂ ਮੰਨਦੇ ਹਨ ਕਿ ਕੋਰ ਕਮੇਟੀ ਵਿਚ ਸੁਖਬੀਰ ਨੇ ਆਪਣੇ ਹਮਾਇਤੀਆਂ ਨੂੰ ਅੱਗੇ ਕੀਤਾ ਹੋਇਆ ਹੈ, ਇਸੇ ਕਰ ਕੇ ਉਹ ਹਰ ਵਾਰ ਆਪਣੀ ਕੁਰਸੀ ਬਚਾਉਣ ਵਿਚ ਸਫਲ ਹੋ ਜਾਂਦੇ ਹਨ। ਉਂਝ, ਇਸ ਵਾਰ ਹਾਲਾਤ ਕੁਝ ਵੱਖਰੇ ਹਨ। ਵੱਡੀ ਗਿਣਤੀ ਟਕਸਾਲੀ ਪਰਿਵਾਰ ਸੁਖਬੀਰ ਸਿੰਘ ਬਾਦਲ ਦੇ ਖਿਲਾਫ ਹੋ ਗਏ ਹਨ। ਸੂਤਰ ਦੱਸਦੇ ਹਨ ਕਿ ਬਾਗੀਆਂ ਦਾ ਪੱਲੜਾ ਭਾਰੀ ਹੁੰਦਾ ਦੇਖ ਕੇ ਸੁਖਬੀਰ ਦੇ ਵਫਾਦਾਰ ਆਗੂ ਵੀ ਪਾਲਾ ਬਦਲ ਸਕਦੇ ਹਨ।

***ਅਪਰੇਸ਼ਨ ਕਮਲ ਸਫਲ ਨਹੀਂ ਹੋਵੇਗਾ: ਸਰਨਾ***

ਨਵੀਂ ਦਿੱਲੀ: ਪਾਰਟੀ ਦੀ ਦਿੱਲੀ ਇਕਾਈ ਦੇ ਮੁਖੀ ਪਰਮਜੀਤ ਸਿੰਘ ਸਰਨਾ ਆਖਿਆ ਹੈ ਭਾਜਪਾ ਵੱਲੋਂ ਸ਼ੁਰੂ ਕੀਤਾ ਅਪਰੇਸ਼ਨ ਕਮਲ ਸ਼੍ਰੋਮਣੀ ਅਕਾਲੀ ਦਲ ਵਿਚ ਫੇਲ੍ਹ ਹੋ ਜਾਵੇਗਾ। ਦੁਨੀਆ ਜਾਣਦੀ ਹੈ ਕਿ ਭਾਜਪਾ ਗੈਰ-ਭਾਜਪਾ ਪਾਰਟੀਆਂ ਅਤੇ ਰਾਜ ਸਰਕਾਰਾਂ ਨੂੰ ਤੋੜਨ ਤੇ ਆਪਣੇ ਵਿਚ ਰਲਾ ਲੈਂਦੀ ਹੈ। ਜਿਨ੍ਹਾਂ ਨੇ ਪੰਜਾਬ ਵਿਚ ਅਕਾਲੀ ਦਲ ਦੇ ਖਿਲਾਫ ਮਤਾ ਪਾਇਆ ਹੈ, ਉਨ੍ਹਾਂ ਖੁਦ ਨੂੰ ਹੀ ਬੇਨਕਾਬ ਕਰ ਲਿਆ ਹੈ ਕਿਉਂਕਿ ਸਮੁੱਚੇ ਪੰਜਾਬ ਨੇ ਭਾਜਪਾ ਦੇ ਭਗਵੇਂ ਕਿਰਦਾਰ ਨੂੰ ਪਹਿਲਾਂ ਹੀ ਠੁਕਰਾ ਦਿੱਤਾ ਹੈ।

# ਭਾਰਤੀ ਨੂੰ ਗੋਲੀ ਮਾਰਨ ਵਾਲਾ ਗ੍ਰਿਫ਼ਤਾਰ

**ਹਿਊਸਟਨ:** ਅਮਰੀਕਾ ਦੇ ਟੈਕਸਾਸ ਸੂਬੇ ਦੀ ਪੁਲਿਸ ਨੇ ਡਲਾਸ ਵਿਚ ਰਿਟੇਲ ਸਟੋਰ ਵਿਚ ਲੁੱਟ ਦੌਰਾਨ 32 ਸਾਲਾ ਭਾਰਤੀ ਨਾਗਰਿਕ ਦੀ ਹੱਤਿਆ ਦੇ ਮਾਮਲੇ ਵਿਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਦਾਸਾਰੀ ਗੋਪੀਕ੍ਰਿਸ਼ਨ ਦੀ 21 ਜੂਨ ਨੂੰ ਡਲਾਸ ਦੇ ਪਲੇਜ਼ੈਂਟ ਗਰੋਵ ਵਿਚ ਰਿਟੇਲ ਸਟੋਰ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਆਂਧਰਾ ਪ੍ਰਦੇਸ਼ ਦੇ ਬਾਪਟਲਾ ਜ਼ਿਲ੍ਹੇ ਦੇ ਪਿੰਡ ਯਾਜਲੀ ਦਾ ਰਹਿਣ ਵਾਲਾ ਗੋਪੀਕ੍ਰਿਸ਼ਨ ਅੱਠ ਮਹੀਨੇ ਪਹਿਲਾਂ ਅਮਰੀਕਾ ਆਇਆ ਸੀ। ਪੁਲਿਸ ਨੇ ਗੋਪੀਕ੍ਰਿਸ਼ਨ ਦੇ ਕਤਲ ਦੇ ਦੋਸ਼ ਵਿਚ 21 ਸਾਲਾ ਡੇਵੋਂਟਾ ਮੈਥਿਸ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ 'ਤੇ ਗੋਪੀਕ੍ਰਿਸ਼ਨ ਨੂੰ ਗੋਲੀ ਮਾਰਨ ਦਾ ਦੋਸ਼ ਹੈ। ਪੁਲਿਸ ਨੇ ਦੱਸਿਆ ਕਿ ਲੁੱਟ ਦੌਰਾਨ ਮੈਥਿਸ ਸਟੋਰ 'ਚ ਦਾਖਲ ਹੋਇਆ ਅਤੇ ਕਾਊਂਟਰ 'ਤੇ ਪਹੁੰਚ ਕੇ ਗੋਪੀਕ੍ਰਿਸ਼ਨ ਨੂੰ ਗੋਲੀ ਮਾਰ ਦਿੱਤੀ। ਉਸ ਨੇ ਭੱਜਣ ਤੋਂ ਪਹਿਲਾਂ ਸਾਮਾਨ ਲੁੱਟ ਲਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਸਰਵਣ ਸਿੰਘ ਟਿਵਾਣਾ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਜੈਦੇਵ ਸਿੰਘ ਭੱਠਲ | ਗੁਰਦੇਵ ਸਿੰਘ ਜੌਹਲ | ਅੰਮ੍ਰਿਤਪਾਲ ਸਿੰਘ ਸੰਘਾ |
| ਜਸਬੀਰ ਕੌਰ ਢਿੱਲੋਂ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਭੁਪਿੰਦਰ ਸਿੰਘ ਧਾਲੀਵਾਲ |
| ਡਾ. ਇਨਕਲਾਬੀ ਬਾਂਦੀ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਹਰਵਿੰਦਰਪਾਲ ਸਿੰਘ ਲੈਲ |
| ਦਰਸ਼ਨ ਸਿੰਘ ਗਰੇਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਜਗਜੀਤ ਸਿੰਘ ਢੀਂਡਸਾ |
| ਹਰਦਿਆਲ ਸਿੰਘ ਢਿੱਲੋਂ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਸੁਖਮੇਲ ਸਿੰਘ ਅਟਵਾਲ |
| ਡਾ. ਗੁਰਦਿਆਲ ਸਿੰਘ ਬਸਰਾਨ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ | ਹੈਪੀ ਹੀਰ |
| ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ | ਅਮੋਲਕ ਸਿੰਘ ਗਾਖਲ |
| | | | ਜਸਵਿੰਦਰ ਸਿੰਘ (ਜੱਸੀ) ਗਿੱਲ |

# ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਦੀ ਐਲਾਨੀ ਐਮ.ਐਸ.ਪੀ. ਨਕਾਰੀ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨੇ ਕੇਂਦਰ ਸਰਕਾਰ ਵੱਲੋਂ 14 ਫ਼ਸਲਾਂ 'ਤੇ ਐਲਾਨੀ ਐਮ.ਐਸ.ਪੀ. ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇਨ੍ਹਾਂ ਫ਼ਸਲਾਂ ਦੀ ਐਮ.ਐਸ.ਪੀ. ਵਿਚ 5 ਤੋਂ 12 ਫ਼ੀਸਦੀ ਤੱਕ ਦਾ ਵਾਧਾ ਕੀਤਾ ਗਿਆ ਹੈ, ਜਦੋਂਕਿ ਦੇਸ਼ ਵਿਚ ਪੇਂਡੂ ਖੇਤਰ ਵਿਚ ਮਹਿੰਗਾਈ ਦਰ 5.25 ਫ਼ੀਸਦ ਵਧ ਗਈ ਹੈ।

ਇਸ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਐਮ.ਐਸ.ਪੀ. ਵਿਚ ਕੀਤੇ ਵਾਧੇ ਨਾਲੋਂ ਤਾਂ ਖਰਚੇ ਹੀ ਵਧ ਗਏ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜਗਜੀਤ ਸਿੰਘ ਡੱਲੇਵਾਲ, ਸਰਵਣ ਸਿੰਘ ਪੰਧੇਰ, ਲਖਵਿੰਦਰ ਸਿੰਘ ਔਲਖ, ਅਮਰਜੀਤ ਮੋੜੀ, ਸੁਖਜੀਤ ਸਿੰਘ, ਤੇਜਵੀਰ ਸਿੰਘ, ਗੁਰਿੰਦਰ ਸਿੰਘ ਭੰਗੂ, ਗੁਰਅਮਨਜੀਤ ਸਿੰਘ ਮਾਂਗਟ, ਬਲਵੰਤ ਸਿੰਘ ਅਤੇ ਹਰਮਨਦੀਪ ਸਿੰਘ ਨੇ ਚੰਡੀਗੜ੍ਹ ਵਿਖੇ ਕਿਸਾਨ ਭਵਨ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਝੋਨੇ ਵਿੱਚ 117 ਰੁਪਏ, ਬਾਜਰੇ ਵਿਚ 125 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਜਦੋਂ ਫਸਲਾਂ ਦੀ ਐਮ.ਐਸ.ਪੀ. ਉਤੇ ਖਰੀਦ ਹੀ ਨਹੀਂ ਹੋਣੀ ਤਾਂ ਇਸ ਐਲਾਨ ਦਾ ਕੋਈ ਮਤਲਬ ਨਹੀਂ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਪਹਿਲਾਂ ਫ਼ਸਲਾਂ ਦੀ ਐਮ.ਐਸ.ਪੀ. ਉਤੇ ਖਰੀਦ ਦੀ ਕਾਨੂੰਨੀ ਗਾਰੰਟੀ ਦਾ ਕਾਨੂੰਨ ਲਿਆਵੇ, ਉਸ ਤੋਂ ਬਾਅਦ ਹੀ ਇਸ ਐਲਾਨ ਦਾ ਕੋਈ ਲਾਭ ਕਿਸਾਨਾਂ ਨੂੰ ਹੋਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦੇਸ਼ ਭਰ ਵਿਚ ਕਿਸਾਨਾਂ ਦੀਆਂ ਮੰਗਾਂ ਦੀ ਕੀਤੀ ਜਾ ਰਹੀ ਅਣਦੇਖੀ ਨੂੰ ਦੇਖਦਿਆਂ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ 8 ਜੁਲਾਈ ਨੂੰ ਦੇਸ਼ ਵਿਚ ਭਾਜਪਾ ਦੇ ਸੰਸਦ ਮੈਂਬਰਾਂ ਨੂੰ ਛੱਡ ਕੇ ਬਾਕੀ ਸਾਰੇ ਸੰਸਦ ਮੈਂਬਰਾਂ ਨੂੰ ਮੰਗ ਪੱਤਰ ਸੌਂਪੇ ਜਾਣਗੇ।

ਕਿਸਾਨ ਆਗੂਆਂ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਕਿਸਾਨੀ ਮੰਗਾਂ 'ਤੇ ਸੰਘਰਸ਼ ਕਰਨ ਵਾਲੇ ਨੌਜਵਾਨ ਆਗੂ ਨਵਦੀਪ ਸਿੰਘ ਜਲਬੇੜਾ 'ਤੇ ਲਗਾਤਾਰ ਤਸ਼ੱਦਦ ਕੀਤਾ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ 17 ਜੁਲਾਈ ਨੂੰ ਸਮੂਹ ਕਿਸਾਨ ਜਥੇਬੰਦੀਆਂ ਵੱਲੋਂ ਇਸ ਸਬੰਧੀ ਅੰਬਾਲਾ ਵਿਚ ਐਸ.ਪੀ. ਦਫ਼ਤਰ ਅੱਗੇ ਪ੍ਰਦਰਸ਼ਨ ਕੀਤਾ ਜਾਵੇਗਾ।

ਕਿਰਤੀ ਕਿਸਾਨ ਯੂਨੀਅਨ ਨੇ ਕੇਂਦਰ ਸਰਕਾਰ ਵੱਲੋਂ ਝੋਨੇ ਸਣੇ 14 ਫਸਲਾਂ ਦੇ ਭਾਅ ਵਿਚ ਕੀਤਾ ਨਿਗੂਣੇ ਵਾਧੇ ਨੂੰ ਰੱਦ ਕਰ ਦਿੱਤਾ ਹੈ। ਇਸ ਦੇ ਨਾਲ ਹੀ ਸਾਰੀਆਂ ਫਸਲਾਂ ਦੇ ਸਵਾਮੀਨਾਥਨ ਫਾਰਮੂਲੇ ਮੁਤਾਬਕ ਭਾਅ ਤੈਅ ਕਰਕੇ ਸਰਕਾਰੀ ਖਰੀਦ ਦੀ ਗਾਰੰਟੀ ਕਰਨ ਦੀ ਮੰਗ ਕੀਤੀ ਹੈ।



## ਬਾਜਵਾ ਵੱਲੋਂ ਮਹਿਜ਼ 117 ਰੁਪਏ ਵਾਧੇ ਦੀ ਨੁਕਤਾਚੀਨੀ

**ਚੰਡੀਗੜ੍ਹ:** ਐਨ.ਡੀ.ਏ. ਸਰਕਾਰ ਵੱਲੋਂ ਝੋਨੇ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ 117 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤੇ ਜਾਣ ਮਗਰੋਂ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਰੂਪ ਦੇਣ ਵਿਚ ਅਸਫ਼ਲ ਰਹਿਣ ਲਈ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ। ਬਾਜਵਾ ਨੇ ਕਿਹਾ ਕਿ ਇਹ ਵਾਧਾ ਸਿਰਫ਼ ਧੋਖਾ ਹੈ। ਇਹ ਬਹੁਤ ਘੱਟ ਅਤੇ ਬਹੁਤ ਦੇਰੀ ਨਾਲ ਲਿਆ ਫ਼ੈਸਲਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਅਜਿਹੀਆਂ ਚਾਲਾਂ ਨਾਲ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਹਾਲਾਂਕਿ, ਉਨ੍ਹਾਂ ਦੀ ਲੰਬੇ ਸਮੇਂ ਤੋਂ ਲਟਕ ਰਹੀ ਮੰਗ ਡਾ. ਐਮ.ਐਸ. ਸਵਾਮੀਨਾਥਨ ਦੇ ਫਾਰਮੂਲੇ ਅਨੁਸਾਰ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਹੈ।

## ਗਾਰੰਟੀ ਕਾਨੂੰਨ ਤੋਂ ਬਗੈਰ ਐਮ.ਐਸ.ਪੀ. ਸਿਰਫ਼ ਉਗਰਾਹਾਂ

ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੀ ਸੂਬਾ ਪੱਧਰੀ ਮੀਟਿੰਗ ਵਿਚ ਵੱਖ-ਵੱਖ ਖੇਤੀ ਅਤੇ ਕਿਸਾਨੀ ਨਾਲ ਸਬੰਧਤ ਮਸਲਿਆਂ 'ਤੇ ਚਰਚਾ ਕੀਤੀ ਗਈ। ਇਸ ਮੌਕੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕਿਸਾਨ ਸੰਘਰਸ਼ ਦੇ ਦਬਾਅ ਕਾਰਨ ਕੇਂਦਰ ਸਰਕਾਰ ਨੇ 14 ਫਸਲਾਂ 'ਤੇ ਐਮ.ਐਸ.ਪੀ. ਵਧਾਇਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਮੰਗ ਫ਼ਸਲਾਂ 'ਤੇ ਸਿਰਫ਼ ਐਮ.ਐਸ.ਪੀ. ਨਹੀਂ, ਬਲਕਿ ਐਮ.ਐਸ.ਪੀ ਗਾਰੰਟੀ ਕਾਨੂੰਨ ਦੀ ਮੰਗ ਹੈ। ਉਨ੍ਹਾਂ ਕਿਹਾ ਕਿ ਜਿੰਨਾ ਸਮਾਂ ਸਰਕਾਰੀ ਖ਼ਰੀਦ ਐਮ.ਐਸ.ਪੀ. 'ਤੇ ਲਾਗੂ ਨਹੀਂ ਹੁੰਦੀ, ਉਨਾ ਸਮਾਂ ਇਕੱਲੀ ਐਮ.ਐਸ.ਪੀ. ਦਾ ਕੋਈ ਫ਼ਾਇਦਾ ਨਹੀਂ ਹੈ।

## ਸਵਾਮੀਨਾਥਨ ਰਿਪੋਰਟ ਦਾ ਧਿਆਨ ਨਹੀਂ ਰੱਖਿਆ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਝੋਨੇ ਦੀ ਐਮ.ਐਸ.ਪੀ. ਵਿਚ 117 ਰੁਪਏ ਦਾ ਨਿਗੂਣਾ ਵਾਧਾ ਕਰਨ ਸਮੇਂ ਸਵਾਮੀਨਾਥਨ ਕਮਿਸ਼ਨ ਦੀ ਸਿਫਾਰਸ਼ ਦਾ ਖਿਆਲ ਨਹੀਂ ਰੱਖਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਮੂੰਗੀ ਤੇ ਮੱਕੀ ਦੀ ਐਮ.ਐਸ.ਪੀ. ਵਿਚ ਕੋਈ ਵਾਧਾ ਨਹੀਂ ਕੀਤਾ। ਇਨ੍ਹਾਂ ਫਸਲਾਂ ਦੀ ਐਮ.ਐਸ.ਪੀ. 'ਤੇ ਖਰੀਦ ਵਾਸਤੇ ਕੋਈ ਯੰਤਰ ਵਿਧੀ ਤੈਅ ਨਹੀਂ ਹੈ। ਕੇਂਦਰ ਸਰਕਾਰ ਨੇ ਪੰਜਾਬ ਤੇ ਦੇਸ਼ ਦੇ ਕਿਸਾਨਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਸਹਾਰੇ ਛੱਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਐਮ.ਐਸ.ਪੀ. ਤੈਅ ਕਰਨ ਸਮੇਂ ਜ਼ਮੀਨ ਦੀ ਕੀਮਤ, ਇਸ ਦੇ ਠੇਕੇ ਦੀ ਲਾਗਤ ਸਣੇ ਵਿਆਪਕ ਕੀਮਤ (ਸੀ-2) ਜਨਤਕ ਤੌਰ 'ਤੇ ਗਿਣੇ ਜਾਣੇ ਚਾਹੀਦੇ ਹਨ। ਇਸ ਲਈ ਇਕ ਕਮੇਟੀ ਦਾ ਗਠਨ ਕਰਨਾ ਚਾਹੀਦਾ ਹੈ।

# ਟਰੈਵਲ ਏਜੰਟ ਦੀ ਠੱਗੀ ਦੇ ਸ਼ਿਕਾਰ ਨੌਜਵਾਨ ਦੀ ਮਾਂ ਵੱਲੋਂ ਖੁਦਕੁਸ਼ੀ

**ਭਾਈ ਰੂਪਾ:** ਟਰੈਵਲ ਏਜੰਟ ਵੱਲੋਂ ਪਿੰਡ ਸੇਲਬਰਾਹ ਦੇ ਨੌਜਵਾਨ ਨੂੰ ਵਿਦੇਸ਼ ਭੇਜਣ ਦੇ ਨਾਂ 'ਤੇ ਮਾਰੀ 12 ਲੱਖ ਰੁਪਏ ਦੀ ਠੱਗੀ ਦੇ ਸਦਮੇ 'ਚ ਲੜਕੇ ਦੀ ਮਾਂ ਨੇ ਖ਼ੁਦਕੁਸ਼ੀ ਕਰ ਲਈ।

ਬਲਵਿੰਦਰ ਸਿੰਘ ਨੇ ਥਾਣਾ ਫੂਲ ਦੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਟਰੈਵਲ ਏਜੰਟ ਸੁਮਨ ਗੋਇਲ ਨੇ ਉਸ ਦੇ ਲੜਕੇ ਨੂੰ ਵਿਦੇਸ਼ ਭੇਜਣ ਲਈ 12 ਲੱਖ 12 ਹਜ਼ਾਰ ਰੁਪਏ ਲਏ ਸਨ ਪਰ ਨਾ ਤਾਂ ਉਸ ਦੇ ਲੜਕੇ ਨੂੰ ਵਿਦੇਸ਼ ਭੇਜਿਆ ਤੇ ਨਾ ਹੀ ਪੈਸੇ ਵਾਪਸ ਕੀਤੇ। ਜਦੋਂ ਉਸ ਦੀ ਪਤਨੀ ਪਰਮਿੰਦਰ ਕੌਰ (50) ਨੇ ਉਕਤ ਏਜੰਟ ਨੂੰ ਪੈਸੇ ਵਾਪਸ ਕਰਨ ਲਈ ਕਿਹਾ ਤਾਂ ਉਸ ਨੇ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ, ਜਿਸ ਕਾਰਨ ਉਸ ਦੀ ਪਤਨੀ ਨੇ ਸਦਮੇ ਵਿਚ ਆ ਕੇ ਕੋਈ ਜ਼ਹਿਰੀਲੀ ਦਵਾਈ ਨਿਗਲ ਕੇ ਖ਼ੁਦਕੁਸ਼ੀ ਕਰ ਲਈ ਹੈ। ਪੁਲਿਸ ਨੇ ਮੁਲਜ਼ਮ ਏਜੰਟ ਖਿਲਾਫ਼ ਕੇਸ ਦਰਜ ਕਰ ਲਿਆ ਹੈ।

# ਪੰਜਾਬੀ ਨੌਜਵਾਨ ਦੀ ਆਰਮੀਨੀਆ ਵਿਚ ਮੌਤ

**ਮੁਕੇਰੀਆਂ:** ਆਰਮੀਨੀਆ ਵਿਚ ਤੇਜ਼ ਰਫਤਾਰ ਕਾਰ ਦੇ ਦੁਕਾਨ ਅੰਦਰ ਦਾਖਲ ਹੋ ਜਾਣ ਕਾਰਨ ਨੇੜਲੇ ਪਿੰਡ ਨੁਸ਼ਹਿਰਾ ਪੱਤਣ ਦੇ ਨੌਜਵਾਨ ਸੁਨੀਲ ਕੁਮਾਰ (43) ਦੀ ਮੌਤ ਹੋ ਗਈ। ਇਹ ਹਾਦਸਾ ਬੀਤੀ 17 ਜੂਨ ਨੂੰ ਰਾਤ ਕਰੀਬ 9 ਵਜੇ ਵਾਪਰਿਆ ਸੀ ਜਿਸ ਦਾ ਪਰਿਵਾਰ ਨੂੰ ਪਿਛਲੇ ਦਿਨੀਂ ਪਤਾ ਲੱਗਿਆ। ਮ੍ਰਿਤਕ ਨੌਜਵਾਨ ਦੇ ਪਿਤਾ ਮੋਹਨ ਲਾਲ ਅਤੇ ਭਰਾ ਸਮੀਰ ਕੁਮਾਰ ਨੇ ਦੱਸਿਆ ਕਿ ਸੁਨੀਲ ਕੁਮਾਰ 6-7 ਮਹੀਨੇ ਪਹਿਲਾਂ ਹੀ ਆਰਮੀਨੀਆ ਗਿਆ ਸੀ। ਉਹ ਉਥੇ ਫਲਾਂ ਦੀ ਦੁਕਾਨ 'ਤੇ ਕੰਮ ਕਰਦਾ ਸੀ। ਜਦੋਂ ਉਹ ਦੁਕਾਨ 'ਤੇ ਕੰਮ ਕਰ ਰਿਹਾ ਸੀ ਤਾਂ ਕਾਰ ਦੁਕਾਨ ਅੰਦਰ ਆ ਵੜੀ। ਇਸ ਕਾਰਨ ਉਸ ਦੀ ਮੌਤ ਹੋ ਗਈ।

# ਜ਼ਮੀਨੀ ਪਾਣੀ ਬਚਾਉਣ ਲਈ ਨਵਾਂ ਫਾਰਮੂਲਾ ਪੇਸ਼

**ਚੰਡੀਗੜ੍ਹ:** ਪੰਜਾਬ ਵਾਟਰ ਰੈਗੂਲੇਸ਼ਨ ਐਂਡ ਡਿਵੈਲਪਮੈਂਟ ਅਥਾਰਿਟੀ ਨੇ ਜ਼ਮੀਨੀ ਪਾਣੀ ਦੀ ਬੱਚਤ ਦੀ ਲਈ ਨਵਾਂ ਫਾਰਮੂਲਾ ਪੰਜਾਬ ਸਰਕਾਰ ਨੂੰ ਸੁਝਾਇਆ ਹੈ। ਅਥਾਰਿਟੀ ਨੇ ਝੋਨੇ ਦੇ ਸੀਜ਼ਨ ਦੌਰਾਨ ਬਿਜਲੀ ਸਪਲਾਈ ਸੰਜਮ ਨਾਲ ਦੇਣ ਦਾ ਮਸ਼ਵਰਾ ਦਿੱਤਾ ਹੈ।

ਉਨ੍ਹਾਂ ਖੇਤੀ ਤੇ ਬਿਜਲੀ ਵਿਭਾਗ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਜ਼ਮੀਨੀ ਪਾਣੀ ਨੂੰ ਬਚਾਉਣ ਹਿਤ ਨਵੇਂ ਫਾਰਮੂਲੇ ਨੂੰ ਵਿਚਾਰਿਆ ਜਾਵੇ। ਵਾਟਰ ਰੈਗੂਲੇਸ਼ਨ ਅਥਾਰਿਟੀ ਨੇ ਪੱਤਰ 'ਚ ਕਿਹਾ ਹੈ ਕਿ ਜਦੋਂ ਝੋਨੇ ਦੀ ਲੁਆਈ ਦਾ ਕੰਮ ਖ਼ਤਮ ਹੋ ਜਾਂਦਾ ਹੈ ਤਾਂ ਉਸ ਮਗਰੋਂ ਹਰ ਫੀਡਰ 'ਤੇ ਮਿਸਾਲ ਦੇ ਤੌਰ 'ਤੇ ਹਰ ਤਿੰਨ ਦਿਨਾਂ 'ਚ 12 ਤੋਂ 20 ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇ। ਅਥਾਰਿਟੀ ਨੇ ਸਿਰਫ਼ ਇਹ ਮਸ਼ਵਰਾ ਦਿੱਤਾ ਹੈ। ਅਥਾਰਿਟੀ ਨੇ ਕਿਹਾ ਹੈ ਕਿ ਫੀਡਰ ਪੱਧਰ 'ਤੇ ਬਿਜਲੀ ਸਪਲਾਈ ਚੰਗੀ ਤਰ੍ਹਾਂ ਮੈਨੇਜ ਕਰਨ ਵਾਸਤੇ ਅਤੇ ਕਿਸਾਨਾਂ ਨੂੰ ਢੁੱਕਵੀਂ ਬਿਜਲੀ ਸਪਲਾਈ ਦੇਣ ਵਾਸਤੇ ਸਥਾਨਕ ਲੋੜਾਂ ਨੂੰ ਧਿਆਨ ਵਿਚ ਰੱਖਿਆ ਜਾਵੇ। ਖੇਤੀ ਮਹਿਕਮੇ ਨੂੰ ਕਿਹਾ ਹੈ ਕਿ ਹਰ ਬਲਾਕ ਪੱਧਰ ਜਾਂ ਫੀਡਰ 'ਚ ਇਕ ਮੌਸਮੀ ਗੇਜ ਲਾਈ ਜਾਵੇ ਤਾਂ ਜੋ ਬਾਰਸ਼ ਦੀ ਮਾਤਰਾ ਮਾਪੀ ਜਾ ਸਕੇ ਅਤੇ ਇਸ ਦੇ ਅਨੁਸਾਰ ਹੀ ਬਿਜਲੀ ਸਪਲਾਈ ਦਿੱਤੇ ਜਾਣ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ। ਝੋਨੇ ਦੀ ਲੁਆਈ ਸ਼ੁਰੂ ਹੋਣ ਤੋਂ ਪਹਿਲਾਂ ਸਿਰਫ਼ ਦੋ-ਤਿੰਨ ਘੰਟੇ ਬਿਜਲੀ ਦੇਣ ਦੀ ਸਲਾਹ ਦਿੱਤੀ ਗਈ ਹੈ।



ਇਸ ਦੇ ਮਾਅਨੇ ਕੱਢੇ ਜਾਣ ਤਾਂ ਸਪਸ਼ਟ ਹੁੰਦਾ ਹੈ ਕਿ ਜੇ ਬਾਰਸ਼ ਵਗ਼ੈਰਾ ਪੈਂਦੀ ਹੈ ਤਾਂ ਪ੍ਰਤੀ ਦਿਨ ਚਾਰ ਘੰਟੇ ਅਤੇ ਬਾਰਸ਼ ਨਾ ਹੋਣ ਦੀ ਸੂਰਤ ਵਿਚ ਕਿਸਾਨਾਂ ਨੂੰ ਪ੍ਰਤੀ ਦਿਨ ਔਸਤਨ ਸੱਤ ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇ। ਅਥਾਰਿਟੀ ਨੇ ਪੰਜਾਬ ਸਰਕਾਰ ਤੋਂ 30 ਜੂਨ ਤੱਕ ਇਸ ਦੀ ਰਿਪੋਰਟ ਮੰਗੀ ਹੈ। ਅਥਾਰਿਟੀ ਦਾ ਇਹ ਮਸ਼ਵਰਾ ਕਿਸਾਨਾਂ ਖ਼ਿਲਾਫ਼ ਭੁਗਤਦਾ ਜਾਪਦਾ ਹੈ। ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਰੋਜ਼ਾਨਾ ਅੱਠ ਘੰਟੇ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ ਅਤੇ ਇਸ ਵਿਚ ਕੋਈ ਕਟੌਤੀ ਕਰਨ ਦੀ ਸੰਭਾਵਨਾ ਵੀ ਨਹੀਂ ਜਾਪਦੀ ਹੈ। ਅਥਾਰਿਟੀ ਦਾ ਮਸ਼ਵਰਾ ਖੇਤੀ ਤੇ ਬਿਜਲੀ ਵਿਭਾਗ ਵੱਲੋਂ ਸਵੀਕਾਰ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਜਾਪਦੀ ਹੈ ਪਰ ਅਥਾਰਿਟੀ ਜ਼ਮੀਨੀ ਪਾਣੀ ਬਚਾਉਣ ਲਈ ਅਜਿਹੀ ਸਲਾਹ ਦੇਣ ਦੀ ਪਾਬੰਦ ਜਾਪਦੀ ਹੈ।

# ਪੰਜਾਬ 'ਚ ਬਿਜਲੀ ਦੀ ਮੰਗ 16 ਹਜ਼ਾਰ ਮੈਗਾਵਾਟ ਟੱਪੀ

**ਚੰਡੀਗੜ੍ਹ:** ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਕਿ ਸੂਬੇ ਵਿਚ ਬਿਜਲੀ ਦੀ ਮੰਗ 16 ਹਜ਼ਾਰ ਮੈਗਾਵਾਟ ਟੱਪ ਗਈ ਹੈ ਪਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐੱਲ.) ਨੇ ਇਸ ਸਾਲ 19 ਜੂਨ ਨੂੰ ਆਪਣੀ ਹੁਣ ਤੱਕ ਦੀ ਸਭ ਤੋਂ ਵੱਧ 16,078 ਮੈਗਾਵਾਟ ਦੀ ਮੰਗ ਅਨੁਸਾਰ ਲੋਕਾਂ ਨੂੰ ਪੂਰੀ ਸਪਲਾਈ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਬਿਜਲੀ ਦੀ ਮੰਗ 15,325 ਮੈਗਾਵਾਟ ਤੱਕ ਸੀ। ਸੂਚਨਾ ਅਤੇ ਲੋਕ ਸੰਪਰਕ ਵਿਭਾਗ ਪੰਜਾਬ ਵੱਲੋਂ ਦੱਸਿਆ ਗਿਆ ਹੈ ਕਿ ਸੂਬੇ ਭਰ ਵਿਚ ਝੋਨੇ ਦੀ ਲੁਆਈ ਲਈ ਖੇਤੀਬਾੜੀ ਫੀਡਰਾਂ ਨੂੰ ਰੋਜ਼ਾਨਾ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ। ਬਿਜਲੀ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਪ੍ਰਬੰਧ ਕਰ ਲਏ ਹਨ।



ਹਰਭਜਨ ਸਿੰਘ ਈ.ਟੀ.ਓ. ਨੇ ਸੂਬੇ ਵਿਚ ਮੌਜੂਦਾ ਸਮੇਂ ਚੱਲ ਰਹੇ ਝੋਨੇ ਦੇ ਸੀਜ਼ਨ ਵਿਚ ਕਿਸਾਨਾਂ ਨੂੰ ਅੱਠ ਘੰਟੇ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਪ੍ਰਬੰਧਾਂ ਦਾ ਜਾਇਜ਼ਾ ਲਿਆ। ਕੈਬਨਿਟ ਮੰਤਰੀ ਨੇ ਇਥੇ ਵਧੀਕ ਮੁੱਖ ਸਕੱਤਰ ਬਿਜਲੀ ਤਜਵੀਰ ਸਿੰਘ, ਪਾਵਰਕੌਮ ਦੇ ਸੀ.ਐਮ.ਡੀ. ਇੰਜੀਨੀਅਰ ਬਲਦੇਵ ਸਿੰਘ ਸਰਾਂ, ਡਾਇਰੈਕਟਰ (ਡਿਸਟਰੀਬਿਊਸ਼ਨ) ਇੰਜੀਨੀਅਰ ਡੀ.ਪੀ.ਐਸ. ਗਰੇਵਾਲ ਅਤੇ ਡਾਇਰੈਕਟਰ (ਜਨਰੇਸ਼ਨ) ਇੰਜੀਨੀਅਰ ਪਰਮਜੀਤ ਸਿੰਘ ਨਾਲ ਮੀਟਿੰਗ ਕੀਤੀ।

ਇਸ ਮੌਕੇ ਹਰਭਜਨ ਸਿੰਘ ਨੇ ਕਿਹਾ ਕਿ ਪਾਵਰਕੌਮ ਨੇ ਇਸ ਸਾਲ 19 ਜੂਨ ਨੂੰ 16,078 ਮੈਗਾਵਾਟ ਦੀ ਆਪਣੀ ਹੁਣ ਤੱਕ ਦੀ ਸਭ ਤੋਂ ਉੱਚੀ ਮੰਗ ਨੂੰ ਸਫਲਤਾਪੂਰਵਕ ਪੂਰਾ ਕੀਤਾ ਹੈ। ਇਸ ਦੇ ਨਾਲ ਹੀ ਸੂਬੇ ਭਰ ਵਿਚ ਝੋਨੇ ਦੀ ਫ਼ਸਲ ਦੀ ਬਿਜਾਈ ਲਈ ਖੇਤੀਬਾੜੀ ਫੀਡਰਾਂ ਨੂੰ ਰੋਜ਼ਾਨਾ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਦੇ ਨਾਲ-ਨਾਲ ਕਿਸੇ ਵੀ ਖਪਤਕਾਰ ਵਰਗ 'ਤੇ ਕੋਈ ਕੱਟ ਨਹੀਂ ਲਗਾਏ ਗਏ। ਉਨ੍ਹਾਂ ਕਿਹਾ ਕਿ ਸੂਬੇ ਵਿਚ 11 ਕੇਵੀ ਦੇ 13,340 ਫੀਡਰ ਹਨ, ਜਿਨ੍ਹਾਂ 'ਚੋਂ 6,954 ਫੀਡਰ ਕਰੀਬ 14 ਲੱਖ ਖੇਤੀ ਟਿਊਬਵੈੱਲ ਕੁਨੈਕਸ਼ਨਾਂ ਨੂੰ ਸਪਲਾਈ ਪ੍ਰਦਾਨ ਕਰਦੇ ਹਨ। ਬਿਜਲੀ ਮੰਤਰੀ ਨੇ ਪਾਵਰਕੌਮ ਦੇ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਗਰਮੀਆਂ ਦੇ ਮੌਸਮ ਦੌਰਾਨ ਬਿਜਲੀ ਦੇ ਕੱਟ ਨਾ ਲੱਗਣ ਨੂੰ ਯਕੀਨੀ ਬਣਾਇਆ ਜਾਵੇ। ਪਾਵਰਕੌਮ ਦੇ ਅਧਿਕਾਰੀਆਂ ਨੇ ਬਿਜਲੀ ਮੰਤਰੀ ਨੂੰ ਜਾਣੂ ਕਰਵਾਇਆ ਕਿ ਗਰਮੀ ਵਿਚ ਵਧ ਰਹੀ ਬਿਜਲੀ ਦੀ ਮੰਗ ਪੂਰੀ ਕਰਨ ਲਈ ਕਈ ਢੰਗ ਤਰੀਕੇ ਅਪਣਾਏ ਗਏ ਹਨ।

## ਪੰਜਾਬੀ ਅਦਾਕਾਰ ਰਣਦੀਪ ਭੰਗੂ ਦਾ ਦੇਹਾਂਤ

**ਚਮਕੌਰ ਸਾਹਿਬ:** ਪੰਜਾਬੀ ਫਿਲਮਾਂ ਵਿਚ ਵੱਖ-ਵੱਖ ਕਿਰਦਾਰਾਂ ਰਾਹੀਂ ਆਪਣੀ ਪਛਾਣ ਬਣਾਉਣ ਵਾਲੇ ਅਦਾਕਾਰ ਰਣਦੀਪ ਸਿੰਘ ਭੰਗੂ (32) ਦੀ ਕਥਿਤ ਤੌਰ 'ਤੇ ਜ਼ਹਿਰੀਲਾ ਪਦਾਰਥ ਨਿਗਲਣ ਕਾਰਨ ਮੌਤ ਹੋ ਗਈ। ਪੁਲਿਸ ਦੀ ਮੁਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਭੰਗੂ ਪਿਛਲੇ ਕੁਝ ਸਮੇਂ ਤੋਂ ਫਿਲਮਾਂ ਵਿਚ ਕੰਮ ਨਾ ਮਿਲਣ ਕਾਰਨ ਸ਼ਰਾਬ ਦਾ ਆਦੀ ਹੋ ਗਿਆ ਸੀ। ਸੂਤਰਾਂ ਅਨੁਸਾਰ ਉਹ ਫ਼ਿਲਮਕਾਰਾਂ ਵੱਲੋਂ ਕੀਤੇ ਕੰਮ ਦੇ ਪੈਸੇ ਨਾ ਮਿਲਣ ਕਾਰਨ ਨਿਰਾਸ਼ ਸੀ। ਭੰਗੂ ਨੇ ਸ਼ਰਾਬ ਦੇ ਨਸ਼ੇ ਵਿਚ ਖੇਤਾਂ 'ਚ ਮੋਟਰ 'ਤੇ ਰੱਖੀ ਕੀਟਨਾਸ਼ਕ ਦਵਾਈ ਸ਼ਰਾਬ ਦੀ ਬੋਤਲ ਸਮਝ ਕੇ ਪੀ ਲਈ, ਜਿਸ ਕਾਰਨ ਉਸ ਦੀ ਹਾਲਤ ਵਿਗੜ ਗਈ ਤੇ ਪੀ.ਜੀ.ਆਈ. ਲਿਜਾਂਦੇ ਸਮੇਂ ਉਸ ਨੇ ਦਮ ਤੋੜ ਦਿੱਤਾ। ਉਸ ਦਾ ਅੰਤਿਮ ਸੰਸਕਾਰ ਨਜ਼ਦੀਕੀ ਪਿੰਡ ਚੂਹੜਮਾਜਰਾ ਵਿਚ ਕੀਤਾ ਗਿਆ, ਜਿੱਥੇ ਫਿਲਮ ਇੰਡਸਟਰੀ ਦੀਆਂ ਕਈ ਹਸਤੀਆਂ ਪਹੁੰਚੀਆਂ ਸਨ।

# ਕੁਵੈਤ: ਅਸੁਰੱਖਿਅਤ ਇਮਾਰਤਾਂ ਖਾਲੀ ਕਰਵਾਉਣ ਕਾਰਨ ਹਜ਼ਾਰਾਂ ਭਾਰਤੀ ਬੇਘਰ

**ਚੰਡੀਗੜ੍ਹ:** ਕੁਵੈਤ ਵਿਚ ਖੰਡਰ ਬਣੀਆਂ ਤੇ ਪਰਵਾਸੀਆਂ ਨਾਲ ਤੂੰਨੀਆਂ ਇਮਾਰਤਾਂ ਨੂੰ ਖ਼ਾਲੀ ਕਰਵਾਉਣ ਲਈ ਚਲਾਈ ਮੁਹਿੰਮ ਕਾਰਨ ਪੱਛਮੀ ਏਸ਼ਿਆਈ ਦੇਸ਼ ਵਿਚ ਹਜ਼ਾਰਾਂ ਭਾਰਤੀ ਕਾਮੇ ਬੇਘਰ ਹੋ ਗਏ ਹਨ। ਇਹ ਕਾਰਵਾਈ 12 ਜੂਨ ਨੂੰ ਮੰਗਾਫ ਇਮਾਰਤ ਵਿਚ ਅੱਗ ਲੱਗਣ ਦੀ ਘਟਨਾ ਮਗਰੋਂ ਕੀਤੀ ਗਈ ਹੈ ਜਿਸ ਵਿਚ 49 ਭਾਰਤੀ ਮਜ਼ਦੂਰਾਂ ਦੀ ਮੌਤ ਹੋਈ ਸੀ।

ਕੁਵੈਤ ਅਧਿਕਾਰੀ ਹੁਣ ਸਾਰੀਆਂ ਅਸੁਰੱਖਿਅਤ ਇਮਾਰਤਾਂ ਨੂੰ ਖ਼ਾਲੀ ਕਰਵਾ ਰਹੇ ਹਨ ਅਤੇ ਵੱਧ ਲੋਕਾਂ ਨੂੰ ਰੱਖਣ ਵਾਲੇ ਮਾਲਕਾਂ ਨੂੰ ਜੁਰਮਾਨੇ ਲਗਾ ਰਹੇ ਹਨ। ਇਨ੍ਹਾਂ ਅਸੁਰੱਖਿਅਤ ਇਮਾਰਤਾਂ ਵਿਚ ਹਜ਼ਾਰਾਂ ਭਾਰਤੀ ਰਹਿ ਰਹੇ ਹਨ। ਕੁਵੈਤ ਸਥਿਤ ਭਾਰਤੀ ਸਫ਼ਾਰਤਖ਼ਾਨੇ ਨੇ ਸਥਾਨਕ ਅਧਿਕਾਰੀਆਂ ਦੀ ਮਦਦ ਨਾਲ ਇਨ੍ਹਾਂ ਮਜ਼ਦੂਰਾਂ ਲਈ ਆਰਜ਼ੀ ਕੈਂਪ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਵਿਚੋਂ ਕਈਆਂ ਨੇ ਮਦਦ ਲਈ ਭਾਰਤ ਵਿਚ ਆਪੋ-ਆਪਣੀਆਂ ਸੂਬਾਈ ਸਰਕਾਰਾਂ ਤੱਕ ਵੀ ਰਾਬਤਾ ਬਣਾਇਆ ਹੈ। ਵਿਦੇਸ਼ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਕੁਵੈਤੀ ਅਧਿਕਾਰੀ ਰਿਹਾਇਸ਼ਾਂ ਨੂੰ ਸੁਰੱਖਿਅਤ ਰੱਖਣ ਲਈ ਕਾਨੂੰਨੀ ਕਾਰਵਾਈ ਕਰ ਰਹੇ ਹਨ। ਅਸੀਂ ਉਨ੍ਹਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ ਅਤੇ ਪ੍ਰਭਾਵਿਤ ਭਾਰਤੀਆਂ ਲਈ ਸ਼ੈਲਟਰ ਬਣਾ ਰਹੇ ਹਾਂ। ਇਸ ਦੌਰਾਨ, ਸਾਨੂੰ ਅਜਿਹੇ ਕਈ ਮਾਮਲੇ ਮਿਲੇ ਹਨ, ਜਿਨ੍ਹਾਂ ਵਿਚ ਮਜ਼ਦੂਰਾਂ ਕੋਲ ਦੇਸ਼ ਵਿਚ ਰਹਿਣ ਲਈ ਲੋੜੀਂਦੇ ਦਸਤਾਵੇਜ਼ ਨਹੀਂ ਹਨ। ਜਿੱਥੇ ਵੀ ਸੰਭਵ ਹੋਵੇ ਅਸੀਂ ਉਨ੍ਹਾਂ ਦੇ ਮੁੜ-ਵਸੇਬੇ 'ਤੇ ਕੰਮ ਕਰ ਰਹੇ ਹਾਂ, ਪਰ ਜਿਨ੍ਹਾਂ ਕੋਲ ਲੋੜੀਂਦੇ ਦਸਤਾਵੇਜ਼ ਨਹੀਂ ਹੋਣਗੇ, ਉਨ੍ਹਾਂ ਨੂੰ ਵਾਪਸ ਭੇਜਿਆ ਜਾਵੇਗਾ।"



ਪੰਜਾਬ ਤੇ ਹਰਿਆਣਾ ਤੋਂ ਲਗਪਗ 50,000 ਤੋਂ ਵੱਧ ਕਾਮੇ ਮੰਗਾਫ ਇਲਾਕੇ ਵਿਚ ਰਹਿ ਰਹੇ ਹਨ। ਉਨ੍ਹਾਂ ਨੇ ਮਦਦ ਲਈ ਆਪੋ-ਆਪਣੇ ਅਧਿਕਾਰੀਆਂ ਤੱਕ ਪਹੁੰਚ ਨਹੀਂ ਕੀਤੀ। ਕੁਵੈਤ ਰਹਿ ਰਹੇ ਬਠਿੰਡਾ ਦੇ ਇਕ ਵਸਨੀਕ ਨੇ ਕਿਹਾ, "ਮੈਂ ਅਤੇ ਪੰਜਾਬ ਤੋਂ ਲਗਪਗ 100 ਲੋਕ ਬੜੀ ਮੁਸ਼ਕਲ ਨਾਲ ਇੱਥੇ ਆਏ ਹਾਂ ਅਤੇ ਫੜੇ ਜਾਣ ਤੇ ਡਿਪੋਰਟ ਕੀਤੇ ਜਾਣ ਦਾ ਜੋਖਮ ਨਹੀਂ ਲੈ ਸਕਦੇ। ਭਾਰਤੀ ਏਜੰਟਾਂ ਨੇ ਸਾਨੂੰ ਕੋਈ ਵੀ ਵੀਡੀਓ ਸੋਸ਼ਲ ਮੀਡੀਆ 'ਤੇ ਪਾਉਣ ਜਾਂ ਕਿਸੇ ਨਾਲ ਗੱਲ ਕਰਨ ਤੋਂ ਮਨ੍ਹਾਂ ਕੀਤਾ ਹੈ। ਅਸੀਂ ਘਰ ਪੈਸੇ ਭੇਜਦੇ ਹਾਂ, ਪਰ ਹੁਣ ਸਾਨੂੰ ਸਾਡੀ 'ਅਸੁਰੱਖਿਅਤ' ਇਮਾਰਤ 'ਚੋਂ ਕੱਢ ਦਿੱਤਾ ਗਿਆ ਹੈ। ਅਸੀਂ ਇਕ ਸਟੋਰ ਮਾਲਕ ਦੇ ਵਰਾਂਡੇ ਵਿਚ ਰਾਤ ਨੂੰ ਸੌਣ ਲਈ ਉਸ ਨੂੰ ਪੈਸੇ ਦੇ ਰਹੇ ਹਾਂ" ਹਰਿਆਣਾ ਦੇ ਫਤਿਹਾਬਾਦ ਦੇ ਲੱਕੜ ਦਾ ਕੰਮ ਕਰਨ ਵਾਲੇ ਸੁਰਜੀਤ ਨੇ ਕਿਹਾ, "ਇਹ ਭਾਰਤ ਵਿਚ ਝੁੱਗੀਆਂ-ਝੌਂਪੜੀਆਂ ਵਿਚ ਰਹਿਣ ਵਾਂਗ ਹੈ। ਅਸੀਂ ਅੱਠ ਜਣੇ ਖਰਚ ਘੱਟ ਕਰਨ ਅਤੇ ਘਰ ਪੈਸੇ ਭੇਜਣ ਲਈ ਇਕ ਕਮਰੇ ਵਿਚ ਰਹਿੰਦੇ ਸੀ। ਅਸੀਂ ਪੜ੍ਹੇ-ਲਿਖੇ ਨਹੀਂ ਹਾਂ, ਪਰ ਕਿਸੇ ਤਰ੍ਹਾਂ ਏਜੰਟਾਂ ਰਾਹੀਂ ਇੱਥੇ ਪਹੁੰਚੇ ਹਾਂ। ਮੇਰੇ ਘਰ ਦੇ ਮਾਲਕ 'ਤੇ ਹੱਦੋਂ ਵੱਧ ਲੋਕ ਰੱਖਣ ਕਾਰਨ ਜੁਰਮਾਨਾ ਲਾਇਆ ਗਿਆ ਹੈ। ਹੁਣ ਅਸੀਂ ਸੜਕਾਂ 'ਤੇ ਹਾਂ ਅਤੇ ਰਹਿਣ ਲਈ ਥਾਂ ਦੀ ਭਾਲ ਕਰ ਰਹੇ ਹਾਂ।"

## ਨੇਪਾਲ ਵੱਲੋਂ ਭਾਰਤ ਸਣੇ ਅੱਠ ਦੇਸ਼ਾਂ ਲਈ ਨਵੇਂ ਰਾਜਦੂਤ ਨਾਮਜ਼ਦ

**ਕਾਠਮੰਡੂ:** ਨੇਪਾਲ ਨੇ ਪੁਰਾਣੇ ਰਾਜਦੂਤਾਂ ਨੂੰ ਵਾਪਸ ਸੱਦਣ ਤੋਂ ਤਕਰੀਬਨ ਦੋ ਹਫ਼ਤੇ ਬਾਅਦ ਭਾਰਤ ਸਣੇ ਅੱਠ ਦੇਸ਼ਾਂ ਲਈ ਆਪਣੇ ਰਾਜਦੂਤ ਨਾਮਜ਼ਦ ਕਰ ਦਿੱਤੇ ਹਨ। ਮੰਤਰੀ ਮੰਡਲ ਦੇ ਸੂਤਰਾਂ ਮੁਤਾਬਕ ਸਾਬਕਾ ਮੁੱਖ ਸਕੱਤਰ ਅਤੇ ਬਰਤਾਨੀਆ 'ਚ ਨੇਪਾਲ ਦੇ ਰਾਜਦੂਤ ਲੋਕਦਰਸ਼ਨ ਰੇਗਮੀ ਨੂੰ ਭਾਰਤ ਵਿਚ ਨੇਪਾਲ ਦਾ ਨਵਾਂ ਰਾਜਦੂਤ ਨਾਮਜ਼ਦ ਕੀਤਾ ਗਿਆ ਹੈ। ਰੇਗਮੀ ਪਹਿਲਾਂ ਗ੍ਰਹਿ ਸਕੱਤਰ, ਵਿੱਤ ਸਕੱਤਰ ਅਤੇ ਜ਼ਮੀਨ ਸੁਧਾਰ ਤੇ ਪ੍ਰਬੰਧਨ ਮੰਤਰਾਲੇ ਦੇ ਸਕੱਤਰ ਦੇ ਅਹੁਦੇ 'ਤੇ ਵੀ ਰਹਿ ਚੁੱਕੇ ਹਨ। ਇਹ ਫੈਸਲਾ ਨੇਪਾਲ ਦੇ ਮੰਤਰੀ ਮੰਡਲ ਵੱਲੋਂ ਲਿਆ ਗਿਆ। ਇਸ ਤੋਂ ਪਹਿਲਾਂ 6 ਜੂਨ ਨੂੰ ਨੇਪਾਲ ਸਰਕਾਰ ਨੇ 11 ਦੇਸ਼ਾਂ ਤੋਂ ਆਪਣੇ ਰਾਜਦੂਤ ਵਾਪਸ ਸੱਦ ਲਏ ਸਨ, ਜਿਨ੍ਹਾਂ ਵਿਚ ਭਾਰਤ ਤੇ ਅਮਰੀਕਾ ਵੀ ਸ਼ਾਮਲ ਸੀ। ਸਰਕਾਰ ਵੱਲੋਂ ਸਾਬਕਾ ਵਣਜ ਤੇ ਉਦਯੋਗ ਸਕੱਤਰ ਚੰਦਰ ਘਿਮਿਰੇ ਨੂੰ ਅਮਰੀਕਾ ਵਿਚ ਨੇਪਾਲ ਦਾ ਨਵਾਂ ਰਾਜਦੂਤ ਨਾਮਜ਼ਦ ਕੀਤਾ ਗਿਆ ਹੈ।

## ਭਾਰਤ ਤੇ ਬੰਗਲਾਦੇਸ਼ ਵੱਲੋਂ ਸਮੁੰਦਰੀ ਖੇਤਰ 'ਚ ਸਹਿਯੋਗ ਸਣੇ ਕਈ ਸਮਝੌਤੇ

**ਨਵੀਂ ਦਿੱਲੀ:** ਭਾਰਤ ਤੇ ਬੰਗਲਾਦੇਸ਼ ਨੇ ਨਵੇਂ ਖੇਤਰਾਂ ਵਿਚ ਸਹਿਯੋਗ ਵਧਾਉਣ ਲਈ ਭਵਿੱਖ ਦੀ ਯੋਜਨਾ 'ਤੇ ਸਹਿਮਤੀ ਜਤਾਈ ਤੇ ਸਮੁੰਦਰੀ ਅਰਥਚਾਰੇ (ਬਲੂ ਇਕਾਨਮੀ) ਨੂੰ ਹੁਲਾਰਾ ਦੇਣ ਸਣੇ ਕਈ ਸਮਝੌਤੇ ਸਹੀਬੰਦ ਕੀਤੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਬੰਗਲਾਦੇਸ਼ੀ ਹਮਰੁਤਬਾ ਸ਼ੇਖ ਹਸੀਨਾ ਦਰਮਿਆਨ ਵਿਆਪਕ ਗੱਲਬਾਤ ਦੌਰਾਨ ਸਮਝੌਤਿਆਂ ਨੂੰ ਅੰਤਿਮ ਰੂਪ ਦਿੱਤਾ ਗਿਆ।

ਦੋਵਾਂ ਧਿਰਾਂ ਵੱਲੋਂ ਸਹੀਬੰਦ ਕੀਤੇ ਪ੍ਰਮੁੱਖ ਸਮਝੌਤਿਆਂ ਵਿਚ ਡਿਜੀਟਲ ਖੇਤਰ ਵਿਚ ਸਬੰਧ ਮਜ਼ਬੂਤ ਕਰਨ ਤੇ 'ਗ੍ਰੀਨ ਭਾਈਵਾਲੀ' ਉੱਤੇ ਵੀ ਇਕ ਕਰਾਰ ਸ਼ਾਮਲ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇਕ ਬਿਆਨ ਵਿਚ ਕਿਹਾ, "ਅੱਜ ਅਸੀਂ ਨਵੇਂ ਖੇਤਰਾਂ ਵਿਚ ਸਹਿਯੋਗ ਵਾਸਤੇ ਭਵਿੱਖ ਦਾ ਇਕ ਦ੍ਰਿਸ਼ਟੀਕੋਣ ਤਿਆਰ ਕੀਤਾ ਹੈ। ਗ੍ਰੀਨ ਭਾਈਵਾਲੀ, ਡਿਜੀਟਲ ਪਾਰਟਨਰਸ਼ਿਪ, ਸਮੁੰਦਰੀ ਅਰਥਚਾਰੇ ਤੇ ਪੁਲਾੜ ਜਿਹੇ ਖੇਤਰਾਂ ਵਿਚ ਸਹਿਯੋਗ 'ਤੇ ਬਣੀ ਸਹਿਮਤੀ ਨਾਲ ਦੋਵਾਂ ਦੇਸ਼ਾਂ ਦੇ ਨੌਜਵਾਨਾਂ ਨੂੰ ਲਾਭ ਮਿਲੇਗਾ।" ਉਧਰ ਹਸੀਨਾ ਨੇ ਆਪਣੀ ਟਿੱਪਣੀ ਵਿਚ ਭਾਰਤ ਨੂੰ ਬੰਗਲਾਦੇਸ਼ ਦਾ ਪ੍ਰਮੁੱਖ ਗੁਆਂਢੀ ਤੇ ਭਰੋਸੇਯੋਗ ਦੋਸਤ ਦੱਸਿਆ। ਉਨ੍ਹਾਂ ਕਿਹਾ, "ਭਾਰਤ ਸਾਡਾ ਪ੍ਰਮੁੱਖ ਗੁਆਂਢੀ, ਭਰੋਸੇਯੋਗ ਦੋਸਤ ਤੇ ਖੇਤਰੀ ਭਾਈਵਾਲ ਹੈ। ਬੰਗਲਾਦੇਸ਼, ਭਾਰਤ ਨਾਲ ਆਪਣੇ ਰਿਸ਼ਤਿਆਂ ਨੂੰ ਬਹੁਤ ਅਹਿਮੀਅਤ ਦਿੰਦਾ ਹੈ।" ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਨੇ ਕਿਹਾ, "ਮੈਂ 1971 ਵਿਚ ਬੰਗਲਾਦੇਸ਼ ਦੀ ਆਜ਼ਾਦੀ ਵਿਚ ਭਾਰਤ ਸਰਕਾਰ ਤੇ ਭਾਰਤ ਦੇ ਲੋਕਾਂ ਦੇ ਯੋਗਦਾਨ ਨੂੰ ਧੰਨਵਾਦ ਸਹਿਤ ਯਾਦ ਕਰਦੀ ਹਾਂ।" ਹਸੀਨਾ ਨੇ 1971 ਦੀ ਜੰਗ ਵਿਚ ਜਾਨਾਂ ਵਾਰਨ ਵਾਲੇ 'ਭਾਰਤ ਦੇ ਵੀਰ ਸ਼ਹੀਦਾਂ' ਨੂੰ ਸ਼ਰਧਾਂਜਲੀ ਵੀ ਦਿੱਤੀ। ਉਨ੍ਹਾਂ ਕਿਹਾ, "ਅੱਜ ਦੀਆਂ ਬੈਠਕਾਂ ਬਹੁਤ ਕਾਰਗਰ ਰਹੀਆਂ, ਜਿਸ ਵਿਚ ਅਸੀਂ ਸੁਰੱਖਿਆ, ਵਪਾਰ, ਕੁਨੈਕਟੀਵਿਟੀ, ਸਾਂਝੇ ਦਰਿਆਵਾਂ ਦੇ ਪਾਣੀ ਦੀ ਵੰਡ, ਬਿਜਲੀ ਤੇ ਊਰਜਾ ਅਤੇ ਖੇਤਰੀ ਤੇ ਬਹੁਪੱਖੀ ਸਹਿਯੋਗ ਦੇ ਖੇਤਰਾਂ ਬਾਰੇ ਚਰਚਾ ਕੀਤੀ ਗਈ।" ਹਸੀਨਾ ਨੇ ਕਿਹਾ, "ਅਸੀਂ ਆਪਣੇ ਲੋਕਾਂ ਤੇ ਦੇਸ਼ ਦੀ ਬਿਹਤਰੀ ਲਈ ਇਕ ਦੂਜੇ ਨਾਲ ਸਹਿਯੋਗ ਨੂੰ ਲੈ ਕੇ ਸਹਿਮਤੀ ਦਿੱਤੀ ਹੈ।" ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਹਸੀਨਾ ਨੇ ਭਾਰਤ ਦੀ ਆਪਣੀ ਦੋ ਰੋਜ਼ਾ ਫੇਰੀ ਦੀ ਸ਼ੁਰੂਆਤ ਕੀਤੀ। ਲੋਕ ਸਭਾ ਚੋਣਾਂ ਤੋਂ ਬਾਅਦ ਭਾਰਤ ਵਿਚ ਨਵੀਂ ਸਰਕਾਰ ਬਣਨ ਮਗਰੋਂ ਕਿਸੇ ਵਿਦੇਸ਼ੀ ਆਗੂ ਦਾ ਇਹ ਪਲੇਠਾ ਸਰਕਾਰੀ ਦੌਰਾ ਹੈ।



ਦੋਵਾਂ ਦੇਸ਼ਾਂ ਨੇ ਰਾਜਸ਼ਾਹੀ ਤੇ ਕੋਲਕਾਤਾ ਦਰਮਿਆਨ ਨਵੀਂ ਰੇਲ ਸੇਵਾ, ਚਿੱਟਗਾਂਗ ਤੇ ਕੋਲਕਾਤਾ ਵਿਚਾਲੇ ਬੱਸ ਸੇਵਾ ਅਤੇ ਗੇਡੇ-ਦਰਸਾਨਾ ਅਤੇ ਹਲਦੀਬਾੜੀ-ਚਿਲਾਹਟੀ ਤੋਂ ਡਾਲਗਾਓਂ ਤੱਕ ਮਾਲ ਗੱਡੀ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਦੋਵਾਂ ਆਗੂਆਂ ਨੇ ਤੀਸਤਾ ਨਦੀ ਦੀ ਸੰਭਾਲ ਤੇ ਪ੍ਰਬੰਧ ਲਈ ਵੱਡੇ ਪ੍ਰੋਜੈਕਟ ਵਾਸਤੇ ਭਾਰਤ ਵੱਲੋਂ ਇਕ ਤਕਨੀਕੀ ਟੀਮ ਨੂੰ ਛੇਤੀ ਬੰਗਲਾਦੇਸ਼ ਭੇਜਣ ਤੇ ਇਕ ਵਿਆਪਕ ਵਪਾਰ ਸਮਝੌਤੇ ਦੀ ਦਿਸ਼ਾ 'ਚ ਅੱਗੇ ਵਧਣ ਦਾ ਫੈਸਲਾ ਵੀ ਕੀਤਾ ਹੈ।

## ਰੂਸ: ਪੁਲਿਸ ਮੁਲਾਜ਼ਮਾਂ ਤੇ ਨਾਗਰਿਕਾਂ ਦੀ ਹੱਤਿਆ

**ਮਾਸਕੋ:** ਰੂਸ ਦੇ ਦੱਖਣੀ ਦਾਗ਼ਿਸਤਾਨ ਖੇਤਰ ਵਿਚ ਹਥਿਆਰਬੰਦ ਅਤਿਵਾਦੀਆਂ ਨੇ 15 ਤੋਂ ਵੱਧ ਪੁਲਿਸ ਮੁਲਾਜ਼ਮਾਂ, ਪਾਦਰੀ ਤੇ ਕਈ ਨਾਗਰਿਕਾਂ ਦੀ ਹੱਤਿਆ ਕਰ ਦਿੱਤੀ। ਦਾਗ਼ਿਸਤਾਨ ਦੇ ਗਵਰਨਰ ਸਰਗੇਈ ਮੇਲੀਕੋਵ ਨੇ ਵੀਡੀਓ ਬਿਆਨ ਵਿਚ ਕਿਹਾ ਕਿ ਬੰਦੂਕਧਾਰੀਆਂ ਨੇ ਦੋ ਆਰਥੋਡਾਕਸ ਗਿਰਜਾਘਰਾਂ, ਯਹੂਦੀ ਪੂਜਾ ਸਥਾਨ ਤੇ ਪੁਲਿਸ ਚੌਕੀ ਉਤੇ ਗੋਲੀਬਾਰੀ ਕੀਤੀ। ਰੂਸ ਦੀ ਕੌਮੀ ਅਤਿਵਾਦ ਵਿਰੋਧੀ ਕਮੇਟੀ ਨੇ ਕਿਹਾ ਕਿ ਇਹ ਹਮਲੇ ਹਥਿਆਰਬੰਦ ਕੱਟੜਵਾਦ ਦੇ ਇਤਿਹਾਸ ਵਾਲੇ ਮੁਸਲਿਮ ਬਹੁਗਿਣਤੀ ਖੇਤਰ ਵਿਚ ਹੋਏ ਹਨ।

## ਕੈਨੇਡਾ ਦੀ 'ਨੋ ਫਲਾਈ' ਲਿਸਟ ਨੂੰ ਚੁਣੌਤੀ ਦਿੰਦੀ ਦੋ ਸਿੱਖਾਂ ਦੀ ਪਟੀਸ਼ਨ ਖਾਰਜ

**ਓਟਵਾ:** ਕੈਨੇਡੀਅਨ ਕੋਰਟ ਨੇ ਦੋ ਸਿੱਖ ਵੱਖਵਾਦੀਆਂ ਭਗਤ ਸਿੰਘ ਬਰਾੜ ਤੇ ਪਰਵਕਾਰ ਸਿੰਘ ਦੁਲਾਈ ਵੱਲੋਂ ਮੁਲਕ ਦੀ ਨੋ-ਫਲਾਈ ਲਿਸਟ ਵਿਚ ਨਾਮ ਸ਼ਾਮਲ ਕੀਤੇ ਜਾਣ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਅਪੀਲ ਖਾਰਜ ਕਰ ਦਿੱਤੀ ਹੈ। ਕੋਰਟ ਨੇ ਕਿਹਾ ਕਿ ਇਹ ਸ਼ੱਕ ਕਰਨ ਲਈ 'ਵਾਜਬ ਆਧਾਰ' ਹਨ ਕਿ ਉਹ ਦਹਿਸ਼ਤੀ ਘਟਨਾ ਨੂੰ ਅੰਜਾਮ ਦੇਣ ਲਈ ਆਵਾਜਾਈ ਸੁਰੱਖਿਆ ਜਾਂ ਹਵਾਈ ਯਾਤਰਾ ਲਈ ਖ਼ਤਰਾ ਹੋ ਸਕਦੇ ਹਨ। ਸਿੱਖ ਵੱਖਵਾਦੀਆਂ ਨੇ ਕੈਨੇਡਾ ਦੇ ਸੁਰੱਖਿਅਤ ਹਵਾਈ ਯਾਤਰਾ ਐਕਟ ਤਹਿਤ ਉਨ੍ਹਾਂ ਦੇ ਨਾਮ 'ਨੋ ਫਲਾਈ ਲਿਸਟ' ਵਿਚ ਪਾਉਣ ਦੇ ਫੈਸਲੇ ਨੂੰ ਸੰਵਿਧਾਨਕ ਚੁਣੌਤੀ ਦਿੱਤੀ ਸੀ, ਪਰ ਉਹ ਕੇਸ ਹਾਰ ਗਏ।

ਇਸ ਮਗਰੋਂ ਉਨ੍ਹਾਂ ਨੇ ਅਪੀਲੀ ਕੋਰਟ ਦਾ ਰੁਖ ਕੀਤਾ ਸੀ। ਕੈਨੇਡੀਅਨ ਪ੍ਰੈੱਸ ਨਿਊਜ਼ ਏਜੰਸੀ ਨੇ ਵੈਨਕੂਵਰ ਤੋਂ ਆਪਣੀ ਇਕ ਰਿਪੋਰਟ ਵਿਚ ਕਿਹਾ ਕਿ ਇਨ੍ਹਾਂ ਦੋਵਾਂ ਨੂੰ 2018 ਵਿਚ ਵੈਨਕੂਵਰ ਵਿਚ ਜਹਾਜ਼ 'ਤੇ ਚੜ੍ਹਨ ਤੋਂ ਰੋਕਿਆ ਗਿਆ ਸੀ।

# ਕੈਨੇਡੀਅਨ ਸੰਸਦ ਵੱਲੋਂ ਨਿੱਝਰ ਨੂੰ ਸ਼ਰਧਾਂਜਲੀ ਦੇਣ ਦੀ ਭਾਰਤ ਨੇ ਕੀਤੀ ਆਲੋਚਨਾ

**ਨਵੀਂ ਦਿੱਲੀ:** ਭਾਰਤ ਨੇ ਕੈਨੇਡੀਅਨ ਸੰਸਦ ਵੱਲੋਂ ਖਾਲਿਸਤਾਨੀ ਕੱਟੜਪੰਥੀ ਹਰਦੀਪ ਸਿੰਘ ਨਿੱਝਰ ਦੀ ਯਾਦ ਵਿਚ ਇਕ ਮਿੰਟ ਦਾ ਮੌਨ ਰੱਖਣ ਦੀ ਆਲੋਚਨਾ ਕੀਤੀ। ਨਿੱਝਰ ਨੂੰ ਪਿਛਲੇ ਸਾਲ ਜੂਨ ਵਿਚ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, 'ਅਸੀਂ ਅਤਿਵਾਦ ਨੂੰ ਸਿਆਸੀ ਥਾਂ ਦੇਣ ਅਤੇ ਹਿੰਸਾ ਦੀ ਵਕਾਲਤ ਕਰਨ ਵਾਲੇ ਕਿਸੇ ਵੀ ਕਦਮ ਦਾ ਵਿਰੋਧ ਕਰਦੇ ਹਾਂ।' ਪਿਛਲੇ ਸਾਲ ਸਤੰਬਰ ਵਿਚ ਨਿੱਝਰ ਦੀ ਹੱਤਿਆ ਵਿਚ ਭਾਰਤੀ ਏਜੰਟਾਂ ਦੀ ਸੰਭਾਵੀ ਸ਼ਮੂਲੀਅਤ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਦੇ ਦੋਸ਼ਾਂ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧ ਤਣਾਅਪੂਰਨ ਹੋ ਗਏ ਸਨ। ਭਾਰਤ ਨੇ ਟਰੂਡੋ ਦੇ ਦੋਸ਼ਾਂ ਨੂੰ ਬੇਤੁਕਾ ਦੱਸਦਿਆਂ ਰੱਦ ਕੀਤਾ।




ਉਧਰ, ਕੈਨੇਡਾ ਦੀ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਜਿੱਥੇ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਬਾਰੇ ਪੁੱਛੇ ਗਏ ਸਵਾਲ ਦਾ ਸਿੱਧਾ ਜਵਾਬ ਦੇਣ ਤੋਂ ਟਾਲਾ ਵੱਟਿਆ, ਉੱਥੇ ਹੀ ਨਿੱਝਰ ਦੀ ਹੱਤਿਆ ਮਗਰੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਅਖ਼ਤਿਆਰ ਕੀਤੇ ਗਏ ਰੁਖ਼ ਦੀ ਸ਼ਲਾਘਾ ਕੀਤੀ। ਜ਼ਿਕਰਯੋਗ ਹੈ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇਕ ਵੀਡੀਓ ਵਿਚ ਇਕ ਪੱਤਰਕਾਰ ਫਰੀਲੈਂਡ ਕੋਲੋਂ ਸਵਾਲ ਕਰ ਰਿਹਾ ਹੈ ਕਿ ਪਿਛਲੀ ਸਰਕਾਰ ਵੱਲੋਂ ਨਿੱਝਰ ਖ਼ਿਲਾਫ਼ ਕਾਰਵਾਈ ਕੀਤੇ ਜਾਣ ਦੇ ਬਾਵਜੂਦ ਹੁਣ ਉਸ ਨੂੰ ਸਨਮਾਨਿਤ ਕਿਉਂ ਕੀਤਾ ਜਾ ਰਿਹਾ ਹੈ। ਪੱਤਰਕਾਰ ਵੱਲੋਂ ਅਚਾਨਕ ਆਏ ਇਸ ਬਦਲਾਅ ਬਾਰੇ ਸਵਾਲ ਕੀਤਾ ਗਿਆ ਸੀ।

ਫਰੀਲੈਂਡ ਨੇ ਸਵਾਲ ਦਾ ਜਵਾਬ ਦਿੰਦਿਆਂ ਹਾਲ ਹੀ ਵਿਚ ਮਨਾਈ ਗਈ ਨਿੱਝਰ ਦੀ ਬਰਸੀ ਦਾ ਜ਼ਿਕਰ ਕਰਦਿਆਂ ਕੈਨੇਡਾ ਦੀ ਧਰਤੀ 'ਤੇ ਇਕ ਕੈਨੇਡਿਆਈ ਨਾਗਰਿਕ ਦੀ ਹੋਈ ਹੱਤਿਆ ਦੀ ਆਲੋਚਨਾ ਕੀਤੀ। ਉਨ੍ਹਾਂ ਨਿੱਝਰ ਦੀ ਹੱਤਿਆ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਰੁਖ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਜ਼ਰੂਰੀ ਸੀ ਪਰ ਚੁਣੌਤੀਪੂਰਨ ਵੀ ਸੀ।

ਫਰੀਲੈਂਡ ਨੇ ਕਿਹਾ, "ਮੈਂ ਇਹ ਕਹਿ ਕੇ ਸ਼ੁਰੂ ਨਹੀਂ ਕਰਨਾ ਚਾਹੁੰਦੀ ਕਿ ਨਿੱਝਰ ਦੀ ਬਰਸੀ ਹੋਣ ਕਾਰਨ ਇਹ ਇਕ ਉਦਾਸ ਹਫ਼ਤਾ ਸੀ ਪਰ ਇਸ ਦੌਰਾਨ ਮੌਨ ਰੱਖਣਾ ਜ਼ਰੂਰੀ ਸੀ ਤਾਂ ਜੋ ਕੈਨੇਡਾ ਦੀ ਮਿੱਟੀ 'ਤੇ ਇਕ ਕੈਨੇਡਿਆਈ ਨਾਗਰਿਕ ਦੀ ਹੋਈ ਹੱਤਿਆ ਖ਼ਿਲਾਫ਼ ਰੋਸ ਜ਼ਾਹਿਰ ਕੀਤਾ ਜਾ ਸਕੇ ਅਤੇ ਇਹ ਕਿਸੇ ਵੀ ਤਰ੍ਹਾਂ ਬਰਦਾਸ਼ਤਯੋਗ ਨਹੀਂ ਹੈ। ਦੂਜਾ, ਮੈਂ ਇਹ ਕਹਿਣਾ ਚਾਹਾਂਗੀ ਕਿ ਮੈਨੂੰ ਪ੍ਰਧਾਨ ਮੰਤਰੀ 'ਤੇ ਕਾਫੀ ਮਾਣ ਹੈ ਕਿ ਉਨ੍ਹਾਂ ਨਿੱਝਰ ਦੀ ਹੱਤਿਆ ਤੋਂ ਬਾਅਦ ਇਕ ਸਖ਼ਤ ਸਟੈਂਡ ਲਿਆ।" ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਇਹ ਸਹੀ ਸੀ ਪਰ ਐਨਾ ਆਸਾਨ ਨਹੀਂ ਸੀ। ਹਾਲਾਂਕਿ, ਇਸ ਦੌਰਾਨ ਉਨ੍ਹਾਂ ਇਸ ਸਬੰਧੀ ਸਵਾਲ ਦਾ ਸਿੱਧਾ ਜਵਾਬ ਦੇਣ ਤੋਂ ਟਾਲਾ ਵੱਟਿਆ ਕਿ ਨਿੱਝਰ ਦਾ ਨਾਮ ਨੋ-ਫਲਾਈ ਸੂਚੀ ਵਿਚ ਹੋਣ ਅਤੇ ਮੌਤ ਤੋਂ ਪਹਿਲਾਂ ਉਸ ਦੇ ਬੈਂਕ ਖਾਤੇ ਫਰੀਜ਼ ਹੋਣ ਦੇ ਬਾਵਜੂਦ ਉਸ ਨੂੰ ਮਰਨ ਉਪਰੰਤ ਸ਼ਰਧਾਂਜਲੀ ਭੇਟ ਕਿਉਂ ਕੀਤੀ ਗਈ। ਉਨ੍ਹਾਂ ਨਤੀਜਿਆਂ ਦੀ ਪ੍ਰਵਾਹ ਕੀਤੇ ਬਿਨਾ ਸਾਰਿਆਂ ਨੂੰ ਖ਼ਤਰਿਆਂ ਤੋਂ ਬਰਾਬਰ ਸੁਰੱਖਿਆ ਪ੍ਰਦਾਨ ਕਰਨ ਸਬੰਧੀ ਟਰੂਡੋ ਦੀ ਵਚਨਬੱਧਤਾ ਨੂੰ ਮੁੜ ਦੁਹਰਾਇਆ।

### ਅਤਿਵਾਦ ਦੀ ਵਡਿਆਈ ਨਿੰਦਣਯੋਗ: ਭਾਰਤ

**ਓਟਵਾ:** ਭਾਰਤ ਨੇ ਕੈਨੇਡਾ ਵਿਚ ਅਤਿਵਾਦ ਦੀ ਵਡਿਆਈ ਕਰਨ ਵਾਲੀਆਂ ਕਾਰਵਾਈਆਂ ਨੂੰ ਨਿੰਦਣਯੋਗ ਕਰਾਰ ਦਿੰਦਿਆਂ ਕਿਹਾ ਹੈ ਕਿ ਇਹ 'ਮੰਦਭਾਗਾ' ਹੈ ਕਿ ਇੱਥੇ ਕਈ ਮੌਕਿਆਂ 'ਤੇ ਅਜਿਹੀਆਂ ਕਾਰਵਾਈਆਂ ਦੀ 'ਨਿੱਤ' ਇਜਾਜ਼ਤ ਦਿੱਤੀ ਜਾਂਦੀ ਹੈ ਅਤੇ ਸਾਰੇ ਸ਼ਾਂਤੀਪਸੰਦ ਦੇਸ਼ਾਂ ਅਤੇ ਲੋਕਾਂ ਨੂੰ ਇਸ ਦੀ ਨਿੰਦਾ ਕਰਨੀ ਚਾਹੀਦੀ ਹੈ। ਭਾਰਤੀ ਹਾਈ ਕਮਿਸ਼ਨ ਨੇ 1985 ਦੇ ਜੂਨੀਅਰ ਬੰਬ ਧਮਾਕੇ ਦੀ 39ਵੀਂ ਵਰ੍ਹੇਗੰਢ 'ਤੇ ਬਿਆਨ ਵਿਚ ਕਿਹਾ ਕਿ ਅਤਿਵਾਦ ਦੀ ਕੋਈ ਸਰਹੱਦ, ਕੌਮੀਅਤ ਜਾਂ ਨਸਲ ਨਹੀਂ ਹੁੰਦੀ। ਇਸ ਘਟਨਾ 'ਚ 329 ਵਿਅਕਤੀਆਂ ਦੀ ਮੌਤ ਹੋ ਗਈ ਸੀ, ਜਿਨ੍ਹਾਂ 'ਚੋਂ ਜ਼ਿਆਦਾਤਰ ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕ ਸਨ। ਮਾਂਟਰੀਅਲ-ਨਵੀਂ ਦਿੱਲੀ ਏਅਰ ਇੰਡੀਆ ਦੀ 'ਕਨਿਸ਼ਕ' ਫਲਾਈਟ ਨੰਬਰ 182 ਵਿੱਚ 23 ਜੂਨ 1985 ਨੂੰ ਲੰਡਨ ਦੇ ਹੀਥਰੋ ਹਵਾਈ ਅੱਡੇ 'ਤੇ ਉਤਰਨ ਤੋਂ 45 ਮਿੰਟ ਪਹਿਲਾਂ ਧਮਾਕਾ ਹੋ ਗਿਆ ਸੀ, ਜਿਸ ਵਿਚ 86 ਬੱਚਿਆਂ ਸਮੇਤ ਸਵਾਰ ਸਾਰੇ 329 ਲੋਕ ਮਾਰੇ ਗਏ ਸਨ।

# ਇਮੀਗ੍ਰੇਸ਼ਨ ਘੁਟਾਲਾ: ਵਿਦੇਸ਼ 'ਚ ਫਸੇ ਪੁੱਤਾਂ ਦੀ ਵਾਪਸੀ ਦਾ ਇੰਤਜ਼ਾਰ

**ਅੰਮ੍ਰਿਤਸਰ:** ਕੌਮਾਂਤਰੀ ਸਰਹੱਦ ਨੇੜਲੇ ਪਿੰਡ ਗੱਗੋਮਾਹਲ ਦੇ ਗੁਰਮੇਜ ਸਿੰਘ (22) ਅਤੇ ਮੋਦੇ ਵਾਸੀ ਉਸ ਦੇ ਚਚੇਰੇ ਭਰਾ ਅਜੈਪਾਲ ਸਿੰਘ (22) ਦੇ ਪਰਿਵਾਰਕ ਮੈਂਬਰ ਬਹੁਤ ਦੁਖੀ ਹਨ। ਇਮੀਗ੍ਰੇਸ਼ਨ ਏਜੰਟਾਂ ਦੀ ਧੋਖਾਧੜੀ ਕਾਰਨ ਦੋਵੇਂ ਨੌਜਵਾਨ ਲਗਪਗ ਇਕ ਸਾਲ ਤੋਂ ਇੰਡੋਨੇਸ਼ੀਆ ਦੀ ਜੇਲ੍ਹ ਵਿਚ ਬੰਦ ਹਨ। ਉਨ੍ਹਾਂ ਦੋਸ਼ ਲਾਇਆ ਕਿ ਝੂਠੇ ਕਤਲ ਕੇਸ ਵਿਚ ਫਸਾਏ ਹੋਣ ਦਾ ਪਤਾ ਹੋਣ ਦੇ ਬਾਵਜੂਦ ਸਰਕਾਰ ਵੱਲੋਂ ਉਨ੍ਹਾਂ ਦੀ ਵਾਪਸੀ ਲਈ ਕੁਝ ਨਹੀਂ ਕੀਤਾ ਗਿਆ।

ਗੁਰਮੇਜ ਸਿੰਘ ਦੇ ਪਿਤਾ ਸਾਹਿਬ ਸਿੰਘ ਨੇ ਦੱਸਿਆ ਕਿ ਦੋਵਾਂ ਨੂੰ ਇੰਡੋਨੇਸ਼ੀਆ ਵਿਚ ਸਾਢੇ ਸੱਤ ਸਾਲ ਦੀ ਸਜ਼ਾ ਸੁਣਾਈ ਗਈ ਹੈ। ਉਹ ਪਿਛਲੇ ਸਾਲ ਮਈ ਮਹੀਨੇ ਦਿੱਲੀ ਤੋਂ ਇੰਡੋਨੇਸ਼ੀਆ ਗਏ ਸਨ ਕਿਉਂਕਿ ਏਜੰਟਾਂ ਨੇ ਉਨ੍ਹਾਂ ਨੂੰ ਮੈਕਸੀਕੋ ਰਸਤੇ ਅਮਰੀਕਾ ਭੇਜਣ ਦਾ ਵਾਅਦਾ ਕੀਤਾ ਸੀ। ਸਾਹਿਬ ਸਿੰਘ ਮੁਤਾਬਕ ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਤੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਉਨ੍ਹਾਂ ਦੇ ਘਰ ਆਏ ਸਨ ਜਿਨ੍ਹਾਂ ਨੇ ਦੋਵਾਂ ਦੀ ਸੁਰੱਖਿਅਤ ਵਾਪਸੀ ਲਈ ਕਦਮ ਚੁੱਕਣ ਦਾ ਭਰੋਸਾ ਦਿੱਤਾ ਸੀ ਪਰ ਹਾਲੇ ਤੱਕ ਕੁਝ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਬਿਹਤਰ ਜ਼ਿੰਦਗੀ ਦੀ ਉਮੀਦ ਲਈ ਉਨ੍ਹਾਂ ਨੇ ਆਪਣੀ ਜ਼ਮੀਨ ਜਾਇਦਾਦ ਗਹਿਣੇ ਰੱਖ ਦਿੱਤੀ ਹੈ। ਅਜੈਪਾਲ ਦੇ ਪਿਤਾ ਸੁਖਚੈਨ ਸਿੰਘ ਨੇ ਵੀ ਆਪਣੇ ਪੁੱਤਰ ਨੂੰ ਵਿਦੇਸ਼ ਭੇਜਣ ਲਈ ਆਪਣੀ ਜ਼ਮੀਨ ਗਿਰਵੀ ਰੱਖੀ ਹੋਈ ਸੀ। ਇਸ ਸਬੰਧੀ ਐਫ.ਆਈ.ਆਰ. ਦਰਜ ਹੋਣ ਦੇ ਇਕ ਸਾਲ ਬਾਅਦ ਵੀ ਇਸ ਮਾਮਲੇ ਪੁਲਿਸ ਦੇ ਹੱਥ ਹਾਲੇ ਖਾਲੀ ਹਨ। ਗੁਰਮੇਜ ਅਤੇ ਅਜੈਪਾਲ ਨੇ ਫੇਸਬੁੱਕ ਰਾਹੀਂ ਦਿੱਲੀ ਦੇ ਚਰਨਜੀਤ ਸਿੰਘ ਸੋਢੀ ਦੇ ਸੰਪਰਕ 'ਚ ਆਏ ਸਨ। ਏਜੰਟ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਸੀ ਕਿ ਉਸ ਦੇ ਅਮਰੀਕਾ 'ਚ ਸਬੰਧ ਹਨ ਤੇ ਉਹ ਉਨ੍ਹਾਂ ਨੂੰ 35-35 ਲੱਖ




ਰੁਪਏ 'ਚ ਅਮਰੀਕਾ ਭੇਜ ਸਕਦਾ ਹੈ। ਗੁਰਮੇਜ ਤੇ ਅਜੈਪਾਲ ਨੇ 5 ਮਈ ਨੂੰ ਆਪਣਾ ਸਫਰ ਸ਼ੁਰੂ ਕੀਤਾ ਤੇ ਦਿੱਲੀ ਤੋਂ 5000 ਡਾਲਰ ਲੈ ਕੇ ਚਾਰ ਦਿਨ ਬਾਅਦ ਉਨ੍ਹਾਂ ਨੂੰ ਇੰਡੋਨੇਸ਼ੀਆ ਭੇਜ ਦਿੱਤਾ ਗਿਆ। ਇੰਡੋਨੇਸ਼ੀਆ ਪਹੁੰਚਣ ਮਗਰੋਂ ਸਥਾਨਕ ਟਰੈਵਲ ਏਜੰਟ ਉਨ੍ਹਾਂ ਨੂੰ ਇਕ ਕਮਰੇ 'ਚ ਲੈ ਗਏ ਤੇ ਉਨ੍ਹਾਂ ਤੋਂ ਪਾਸਪੋਰਟ ਸਣੇ ਸਾਰੇ ਦਸਤਾਵੇਜ਼ ਲੈ ਲਏ। ਸਾਹਿਬ ਸਿੰਘ ਨੇ ਦੱਸਿਆ ਕਿ ਏਜੰਟਾਂ ਨੇ ਬੰਦੂਕ ਦੀ ਨੋਕ 'ਤੇ ਉਨ੍ਹਾਂ ਨੂੰ ਆਪੋ-ਆਪਣੇ ਪਰਿਵਾਰਾਂ ਕੋਲ ਫੋਨ 'ਤੇ ਇਹ ਝੂਠ ਬੋਲਣ ਲਈ ਵੀ ਮਜਬੂਰ ਕੀਤਾ ਕਿ ਉਹ ਸੁਰੱਖਿਅਤ ਹਨ ਤੇ ਜਲਦੀ ਹੀ ਅਮਰੀਕਾ ਲਈ ਰਵਾਨਾ ਹੋਣਗੇ। ਉਨ੍ਹਾਂ ਨੂੰ ਬਾਕੀ ਰਕਮ ਵੀ ਧੋਖੇਬਾਜ਼ਾਂ ਦੇ ਖਾਤੇ 'ਚ ਟਰਾਂਸਫਰ ਕਰਨ ਲਈ ਆਖਿਆ ਗਿਆ। ਸਾਹਿਬ ਸਿੰਘ ਨੇ ਦੱਸਿਆ, "13 ਮਈ ਨੂੰ ਏਜੰਟਾਂ ਵਿਚਾਲੇ ਪੈਸਿਆਂ ਨੂੰ ਲੈ ਕੇ ਝਗੜਾ ਹੋਇਆ ਸੀ ਤੇ ਉਦੋਂ ਹੀ ਗੁਰਮੇਜ ਤੇ ਅਜੈਪਾਲ ਉੱਥੋਂ ਭੱਜ ਕੇ ਏਅਰਪੋਰਟ 'ਤੇ ਪਹੁੰਚ ਗਏ। ਦੋਵਾਂ ਨੇ ਸਾਨੂੰ ਫੋਨ ਕਰਕੇ ਵਾਪਸੀ ਦੀਆਂ ਟਿਕਟਾਂ ਦਾ ਇੰਤਜ਼ਾਮ ਕਰਨ ਲਈ ਕਿਹਾ ਤਾਂ ਅਸੀਂ ਟਿਕਟਾਂ ਦਾ ਪ੍ਰਬੰਧ ਕੀਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਬੋਰਡਿੰਗ ਪਾਸ ਮਿਲ ਗਏ ਸਨ ਪਰ ਜਹਾਜ਼ 'ਚ ਬੈਠਣ ਤੋਂ ਪਹਿਲਾਂ ਕਿ ਇੰਡੋਨੇਸ਼ੀਆਈ ਅਧਿਕਾਰੀਆਂ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ, ਜਿਸ ਬਾਰੇ ਸਾਨੂੰ ਬਾਅਦ 'ਚ ਪਤਾ ਲੱਗਿਆ।" ਇੰਡੋਨੇਸ਼ੀਆ ਵਿਚ ਇਨ੍ਹਾਂ ਨੌਜਵਾਨਾਂ ਦੀ ਗ੍ਰਿਫਤਾਰੀ ਮਗਰੋਂ ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਟਰੈਵਲ ਏਜੰਟਾਂ ਦਿੱਲੀ ਦੇ ਚਰਨਜੀਤ ਸਿੰਘ ਸੋਢੀ ਤੇ ਇੰਡੋਨੇਸ਼ੀਆ ਤੋਂ ਇਹ ਰੈਕੇਟ ਚਲਾ ਹੁਸ਼ਿਆਰਪੁਰ ਦੇ ਸੰਨੀ ਕੁਮਾਰ ਵਿਰੁੱਧ ਦੋ ਕੇਸ ਦਰਜ ਕੀਤੇ ਸਨ। ਹਾਲਾਂਕਿ ਇਸ ਮਾਮਲੇ 'ਚ ਹਾਲੇ ਤੱਕ ਕੋਈ ਵੀ ਗ੍ਰਿਫਤਾਰੀ ਨਹੀਂ ਹੋਈ ਹੈ।

# ਦਰਬਾਰ ਸਾਹਿਬ ਪਰਿਕਰਮਾ 'ਚ ਯੋਗ ਕਰਨ ਵਾਲੀ ਕੁੜੀ ਖਿਲਾਫ ਕੇਸ ਦਰਜ

**ਅੰਮ੍ਰਿਤਸਰ:** ਇੱਥੇ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਯੋਗ ਆਸਣ ਕਰਨ ਵਾਲੀ ਕੁੜੀ ਖ਼ਿਲਾਫ਼ ਥਾਣਾ ਈ ਡਿਵੀਜ਼ਨ ਵਿਖੇ ਪੁਲਿਸ ਨੇ ਆਈ.ਪੀ.ਸੀ. ਦੀ ਧਾਰਾ 295-ਏ ਹੇਠ ਕੇਸ ਦਰਜ ਕੀਤਾ ਹੈ। ਦੂਜੇ ਪਾਸੇ ਅਰਚਨਾ ਮਕਵਾਨਾ ਨਾਂ ਦੀ ਇਸ ਕੁੜੀ ਨੇ ਪੁਲਿਸ ਕੇਸ ਦਰਜ ਕੀਤੇ ਜਾਣ ਤੋਂ ਬਾਅਦ ਦੂਜੀ ਵਾਰ ਸਿੱਖ ਕੌਮ ਕੋਲੋਂ ਇਸ ਸਬੰਧੀ ਮੁਆਫ਼ੀ ਮੰਗੀ ਹੈ। ਇਸ ਦੌਰਾਨ ਗੁਜਰਾਤ ਦੀ ਵਡੋਦਰਾ ਪੁਲਿਸ ਵੱਲੋਂ ਉਸ ਨੂੰ ਸੁਰੱਖਿਆ ਛਤਰੀ ਮੁਹੱਈਆ ਕਰਵਾਈ ਗਈ ਹੈ।

ਜ਼ਿਕਰਯੋਗ ਹੈ ਕਿ ਕੌਮਾਂਤਰੀ ਯੋਗ ਦਿਵਸ ਵਾਲੇ ਦਿਨ ਇਸ ਕੁੜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਆਸਣ ਕੀਤਾ ਸੀ। ਮਗਰੋਂ ਉਸ ਨੇ ਇਹ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੀਆਂ ਸਨ। ਇਸ ਦਾ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ ਕੀਤਾ ਗਿਆ ਅਤੇ ਉਸ ਖ਼ਿਲਾਫ਼ ਪੁਲਿਸ ਕੋਲ ਸ਼ਿਕਾਇਤ ਕੀਤੀ ਗਈ ਸੀ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਆਪਣੇ ਤਿੰਨ ਕਰਮਚਾਰੀਆਂ ਦੇ ਖ਼ਿਲਾਫ਼ ਵੀ ਡਿਊਟੀ ਦੌਰਾਨ ਕੁਤਾਹੀ ਵਰਤਣ ਦੇ ਦੋਸ਼ ਹੇਠ ਕਾਰਵਾਈ ਕੀਤੀ ਹੈ। ਇਸ ਤਹਿਤ ਦੋ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਇਕ ਕਰਮਚਾਰੀ ਨੂੰ ਜੁਰਮਾਨਾ ਕਰਕੇ




ਉਸ ਦਾ ਤਬਾਦਲਾ ਕਰ ਦਿੱਤਾ ਗਿਆ।

ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਵੱਲੋਂ ਕੀਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਥਾਣਾ ਈ ਡਿਵੀਜ਼ਨ ਦੀ ਪੁਲਿਸ ਨੇ ਕੁੜੀ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਕੁੜੀ ਦੀ ਪਛਾਣ ਅਰਚਨਾ ਮਕਵਾਨਾ ਵਾਸੀ ਵਡੋਦਰਾ ਗੁਜਰਾਤ ਵਜੋਂ ਦੱਸੀ ਗਈ ਹੈ। ਪੁਲਿਸ ਨੇ ਦੱਸਿਆ ਕਿ ਇਸ ਸਬੰਧੀ ਦਰਬਾਰ ਸਾਹਿਬ ਦੇ ਮੈਨੇਜਰ ਨੇ ਸ਼ਿਕਾਇਤ ਕੀਤੀ ਹੈ ਕਿ ਇਸ ਲੜਕੀ ਨੇ ਪਰਿਕਰਮਾ ਵਿਚ ਸ਼ਹੀਦ ਬਾਬਾ ਦੀਪ ਸਿੰਘ ਦੇ ਸਥਾਨ ਨੇੜੇ ਇਤਰਾਜ਼ਯੋਗ ਫੋਟੋ ਖਿਚਵਾਈ ਅਤੇ ਜਾਣਬੁਝ ਕੇ ਵਾਇਰਲ ਕੀਤੀ ਜਿਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਯੋਗ ਆਸਣ ਨੂੰ ਸਿੱਖ ਧਰਮ ਵਿਚ ਕੋਈ ਮਾਨਤਾ ਨਹੀਂ ਹੈ ਤਾਂ ਅਜਿਹੀ ਕੋਈ ਕਿਰਿਆ ਇੱਥੇ ਆ ਕੇ ਕਰਨੀ ਘੋਰ ਮਨਮਤ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਹੈ ਕਿ ਭਵਿੱਖ ਵਿਚ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਅਜਿਹੇ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਜੋ ਸਮਾਜ ਦਾ ਮਾਹੌਲ ਖਰਾਬ ਕਰਦੇ ਹਨ। ਦੂਜੇ ਪਾਸੇ, ਅਰਚਨਾ ਮਕਵਾਨਾ ਨੇ ਸੋਸ਼ਲ ਮੀਡੀਆ 'ਤੇ ਸਿੱਖ ਭਾਈਚਾਰੇ ਅੱਗੇ ਹੱਥ ਜੋੜ ਕੇ ਮੁਆਫ਼ੀ ਮੰਗੀ ਹੈ ਅਤੇ ਕਿਹਾ ਕਿ ਉਸ ਕੋਲੋਂ ਇਹ ਅਣਜਾਣੇ ਵਿਚ ਹੋਇਆ ਹੈ। ਉਹ ਪਹਿਲਾਂ 20 ਜੂਨ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕ ਕੇ ਗਈ ਸੀ ਅਤੇ ਸੇਵਾ ਵੀ ਕੀਤੀ ਸੀ। ਉਸ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਅਜਿਹਾ ਕਰਨ ਦੀ ਮਨਾਹੀ ਹੈ। ਉਸ ਨੇ ਕਿਹਾ ਕਿ ਉਸ ਨੂੰ ਜਾਨੋਂ ਮਾਰਨ ਸਣੇ ਹੋਰ ਕਈ ਤਰ੍ਹਾਂ ਦੀਆਂ ਧਮਕੀਆਂ ਮਿਲ ਰਹੀਆਂ ਹਨ। ਇਸ ਦੌਰਾਨ ਗੁਜਰਾਤ ਦੀ ਵਡੋਦਰਾ ਪੁਲਿਸ ਵੱਲੋਂ ਉਸ ਨੂੰ ਸੁਰੱਖਿਆ ਛਤਰੀ ਮੁਹੱਈਆ ਕੀਤੀ ਗਈ।

# ਅੰਮ੍ਰਿਤਸਰ ਤੋਂ ਛੱਤੀਸਗੜ੍ਹ ਲਈ ਹਫ਼ਤੇ 'ਚ ਦੋ ਵਾਰ ਚੱਲੇਗੀ ਵਿਸ਼ੇਸ਼ ਰੇਲ ਗੱਡੀ

**ਜਲੰਧਰ:** ਭਾਰਤੀ ਰੇਲਵੇ ਨੇ ਅੰਮ੍ਰਿਤਸਰ ਤੋਂ ਬਿਲਾਸਪੁਰ ਵਾਇਆ ਦਿੱਲੀ ਤੇ ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਲਈ ਹਫ਼ਤੇ ਵਿਚ ਦੋ ਵਾਰ ਵਿਸ਼ੇਸ਼ ਰੇਲ ਗੱਡੀ ਚਲਾਉਣ ਦਾ ਫ਼ੈਸਲਾ ਕੀਤਾ ਹੈ। ਇਹ ਗੱਡੀ ਦੋਵਾਂ ਸ਼ਹਿਰਾਂ ਵਿਚਕਾਰ 5 ਗੇੜੇ ਦੇਵੇਗੀ। ਰੇਲ ਗੱਡੀ ਨਾਲ 9 ਹਜ਼ਾਰ ਲੋਕਾਂ ਨੂੰ ਫਾਇਦਾ ਹੋਣ ਦਾ ਅੰਦਾਜ਼ਾ ਹੈ। ਇਸ ਵਿਚ ਰਿਜ਼ਰਵੇਸ਼ਨ ਦੇ ਨਾਲ-ਨਾਲ ਜਨਰਲ ਕੋਚ ਦੀ ਸਹੂਲਤ ਵੀ ਦਿੱਤੀ ਜਾ ਰਹੀ ਹੈ। ਰਾਏਪੁਰ, ਦੁਰਗ, ਰਾਜਨੰਦਗਾਓਂ ਅਤੇ ਡੋਂਗਰਗੜ੍ਹ ਤੋਂ ਇਲਾਵਾ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਦੇ ਇਲਾਕਿਆਂ ਦੇ ਰੇਲਵੇ ਯਾਤਰੀਆਂ ਨੂੰ ਇਸ ਵਿਸ਼ੇਸ਼ ਰੇਲ ਗੱਡੀ ਦਾ ਲਾਭ ਮਿਲੇਗਾ। ਇਹ ਰੇਲ ਗੱਡੀ ਅੰਮ੍ਰਿਤਸਰ ਤੋਂ ਵੀਰਵਾਰ ਅਤੇ ਸੋਮਵਾਰ ਰਾਤ 8.10 ਵਜੇ ਰਵਾਨਾ ਹੋਵੇਗੀ ਤੇ ਸਵੇਰੇ 9.25 ਵਜੇ ਰਾਏਪੁਰ ਤੇ ਅਗਲੇ ਦਿਨ ਸਵੇਰੇ 11.45 ਵਜੇ ਬਿਲਾਸਪੁਰ ਪਹੁੰਚੇਗੀ।



# 'ਆਪ' ਵਿਧਾਇਕਾਂ ਨੂੰ ਖਰੀਦਿਆ ਨਹੀਂ ਜਾ ਸਕਦਾ: ਚੀਮਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਕਾਂਗਰਸ ਆਗੂ ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਉਸ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ 'ਆਪ' ਪੰਜਾਬ ਦੇ 45 ਵਿਧਾਇਕ ਭਾਜਪਾ ਦੇ ਸੰਪਰਕ ਵਿਚ ਹਨ।

'ਆਪ' ਦੇ ਸੀਨੀਅਰ ਆਗੂ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 'ਆਪ' ਦੇ ਵਿਧਾਇਕ, ਅਰਵਿੰਦ ਕੇਜਰੀਵਾਲ ਦੇ ਸੱਚੇ ਸਿਪਾਹੀ ਹਨ। ਉਨ੍ਹਾਂ ਨੂੰ ਨਾ ਤਾਂ ਭਾਜਪਾ ਦਾ ਕੋਈ ਡਰ ਹੈ ਅਤੇ ਨਾ ਹੀ ਭਾਜਪਾ ਦਾ ਅਪਰੇਸ਼ਨ ਲੋਟਸ ਉਨ੍ਹਾਂ ਨੂੰ ਤੋੜ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਵਿਧਾਇਕ ਪੰਜਾਬ ਦੇ ਲੋਕਾਂ ਅਤੇ ਉਨ੍ਹਾਂ ਦੀ ਪਾਰਟੀ ਪ੍ਰਤੀ ਵਫ਼ਾਦਾਰ ਹਨ। ਉਨ੍ਹਾਂ ਨੂੰ ਕੋਈ ਵੀ ਖਰੀਦ ਜਾਂ ਤੋੜ ਨਹੀਂ ਸਕਦਾ। ਸ੍ਰੀ ਚੀਮਾ ਨੇ ਪ੍ਰਤਾਪ ਬਾਜਵਾ ਨੂੰ ਭਾਜਪਾ ਦਾ ਏਜੰਟ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਬਿਆਨ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਬਾਜਵਾ ਕਾਂਗਰਸ ਵਿਚ ਰਹਿੰਦਿਆਂ ਭਾਜਪਾ ਲਈ ਕੰਮ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਬਾਜਵਾ ਖ਼ੁਦ ਆਪਣੇ ਘਰ ਦੀਆਂ 12 ਪੌੜੀਆਂ ਚੜ੍ਹ ਕੇ ਕਿਸੇ ਵੀ ਸਮੇਂ ਭਾਜਪਾ 'ਚ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਦੇ ਘਰ 'ਤੇ ਭਾਜਪਾ ਦਾ ਝੰਡਾ ਪਹਿਲਾਂ ਹੀ ਮੌਜੂਦ ਹੈ। ਸ੍ਰੀ ਚੀਮਾ ਨੇ ਕਿਹਾ ਕਿ ਬਾਜਵਾ ਦੇ ਬਿਆਨ ਤੋਂ ਲੱਗਦਾ ਹੈ ਕਿ ਉਨ੍ਹਾਂ ਦਾ ਸਰੀਰ ਕਾਂਗਰਸ 'ਚ ਹੈ, ਪਰ ਦਿਲ ਭਾਜਪਾ ਲਈ ਧੜਕਦਾ ਹੈ।




# ਸ਼ੰਭੂ ਬਾਰਡਰ 'ਤੇ ਕਿਸਾਨ ਧਰਨੇ 'ਚ ਤਣਾਅ ਵਾਲਾ ਮਾਹੌਲ ਬਣਿਆ

**ਪਟਿਆਲਾ:** ਨੈਸ਼ਨਲ ਹਾਈਵੇਅ ਨੰਬਰ 1 ਸ਼ੰਭੂ ਬਾਰਡਰ 'ਤੇ ਕਿਸਾਨ ਜਥੇਬੰਦੀ ਵੱਲੋਂ ਲਗਾਏ ਧਰਨੇ ਵਿਚ ਮਾਹੌਲ ਉਸ ਵੇਲੇ ਤਣਾਅਪੂਰਨ ਬਣ ਗਿਆ ਜਦੋਂ ਸ਼ੰਭੂ ਬਾਰਡਰ ਦੇ ਨੇੜੇ ਲਗਦੇ 20-25 ਪਿੰਡਾਂ ਦੇ ਲੋਕਾਂ ਅਤੇ ਵਪਾਰੀਆਂ ਵੱਲੋਂ ਇਕੱਠੇ ਹੋ ਕੇ ਧਰਨੇ ਵਾਲੀ ਸਟੇਜ 'ਤੇ ਪਹੁੰਚ ਕੇ ਸ਼ੰਭੂ ਬਾਰਡਰ ਨੂੰ ਖੋਲ੍ਹਣ ਦੀ ਮੰਗ ਕੀਤੀ ਗਈ।

ਇਸ ਮੌਕੇ ਸਟੇਜ 'ਤੇ ਬੈਠੇ ਕਿਸਾਨ ਜਥੇਬੰਦੀਆਂ ਅਤੇ ਪਿੰਡਾਂ ਦੇ ਲੋਕਾਂ ਵਿਚ ਜ਼ਬਰਦਸਤ ਬਹਿਸ ਹੋਈ। ਧਰਨੇ ਦੇ ਆਗੂਆਂ ਨੇ ਲੋਕਾਂ ਨੂੰ ਸਰਕਾਰ ਅਤੇ ਭਾਜਪਾ ਦੇ ਹਮਾਇਤੀਆਂ ਤੱਕ ਆਖ ਦਿੱਤਾ, ਜਿਸ ਤੋਂ ਮਾਹੌਲ ਗਰਮਾ ਗਿਆ। ਪਿੰਡ ਵਾਸੀਆਂ ਨੇ ਕੁਝ ਸਮੇਂ ਲਈ ਤੇਪਲਾ ਰੋਡ 'ਤੇ ਜਾਮ ਲਗਾ ਕੇ ਰੋਸ ਪ੍ਰਦਰਸ਼ਨ ਵੀ ਕੀਤਾ। ਇਸ ਮੌਕੇ ਕਰਨੈਲ ਸਿੰਘ ਸਾਬਕਾ ਸਰਪੰਚ ਘੱਗਰ ਸਰਾਏ, ਕੁਲਬੀਰ ਸਿੰਘ ਰਾਜਗੜ੍ਹ ਅਤੇ ਹੋਰਨਾਂ ਨੇ ਦੱਸਿਆ ਕਿ ਉਹ ਵੀ ਕਿਸਾਨ ਹਨ। ਉਨ੍ਹਾਂ ਨੇ ਕਿਸਾਨ ਆਗੂਆਂ ਨੂੰ ਦੁਪਹਿਰੀਆ ਵਾਹਨਾਂ ਲਈ ਰਸਤਾ ਖੋਲ੍ਹਣ ਲਈ ਮੰਗ ਪੱਤਰ ਦਿੱਤਾ ਸੀ। ਇਸ ਦਾ ਅੱਜ ਤੱਕ ਕੋਈ ਜਵਾਬ ਨਹੀਂ ਆਇਆ। ਸ਼ੰਭੂ ਬਾਰਡਰ ਖੁਲ੍ਹਵਾਉਣ ਦੀ ਮੰਗ ਨੂੰ ਲੈ ਕੇ ਪਿੰਡਾਂ ਦੇ ਲੋਕ ਅਤੇ ਵਪਾਰੀ ਇਕੱਠੇ ਹੋਏ ਸਨ। ਕਿਸਾਨਾਂ ਨੇ ਉਨ੍ਹਾਂ 'ਤੇ ਭਾਜਪਾ ਨਾਲ ਰਲੇ ਹੋਏ ਹੋਣ ਦਾ ਦੋਸ਼ ਲਗਾ ਦਿੱਤਾ ਜੋ ਸਰਾਸਰ ਗਲਤ ਹੈ। ਕਰਨੈਲ ਸਿੰਘ ਨੇ ਦੱਸਿਆ ਕਿ ਅੰਬਾਲਾ ਜਾਣ ਲਈ 15 ਮਿੰਟ ਦਾ ਰਸਤਾ ਹੈ ਜੋ ਕਿ ਹੁਣ ਡੇਢ ਘੰਟੇ ਤੋਂ ਵੀ ਵੱਧ ਸਮੇਂ ਦਾ ਹੋ ਗਿਆ ਹੈ। ਇਸ ਕਾਰਨ ਮਰੀਜ਼ਾਂ ਅਤੇ ਹੋਰ ਲੋੜਵੰਦਾਂ ਨੂੰ ਅੰਬਾਲਾ ਜਾਣ ਲਈ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿੰਡਾਂ ਦੇ ਲੋਕਾਂ ਨੇ ਚਿਤਾਵਨੀ ਦਿੱਤੀ ਕਿ ਜੇ ਜਲਦੀ ਸ਼ੰਭੂ ਬਾਰਡਰ ਨਹੀਂ ਖੋਲ੍ਹਿਆ ਤਾਂ ਉਹ ਆਉਣ ਵਾਲੇ ਦਿਨਾਂ ਵਿਚ ਸ਼ੰਭੂ ਬਾਰਡਰ ਦੇ ਆਲੇ ਦੁਆਲੇ ਦੇ ਸਾਰੇ ਰਸਤੇ ਜਾਮ ਕਰ ਦੇਣਗੇ। ਉੱਧਰ, ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਸ਼ੰਭੂ ਬਾਰਡਰ 'ਤੇ ਕਿਸਾਨੀ ਮੰਗਾਂ ਨੂੰ ਲੈ ਕੇ ਸ਼ਾਂਤਮਈ 131 ਦਿਨਾਂ ਤੋਂ ਚੱਲ ਰਹੇ ਕਿਸਾਨ ਅੰਦੋਲਨ-2 ਦੀ ਸਟੇਜ 'ਤੇ ਭਾਜਪਾ ਤੇ ਲੋਕਲ ਆਮ ਆਦਮੀ ਪਾਰਟੀ ਦੇ ਵਿਧਾਇਕ ਦੇ ਕਰੀਬੀ ਬੰਦਿਆਂ ਨੇ ਇਕੱਠੇ ਹੋ ਕੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਕਿਸਾਨ ਆਗੂਆਂ ਵੱਲੋਂ ਉਨ੍ਹਾਂ ਨੂੰ ਬੈਠ ਕੇ ਗੱਲ ਕਰਨ ਲਈ ਆਖਿਆ ਗਿਆ ਜਿਸ 'ਤੇ ਸਬੰਧਤ ਵਿਅਕਤੀ ਹੱਥੋਪਾਈ 'ਤੇ ਉਤਰ ਆਏ। ਹਮਲਾ ਕਰਨ ਵਾਲੇ ਰੋਡ ਬੰਦ ਹੋਣ ਦਾ ਦੋਸ਼ ਕਿਸਾਨਾਂ ਸਿਰ ਲਾ ਰਹੇ ਸਨ ਜਦੋਂਕਿ ਕਿਸਾਨ ਆਗੂਆਂ ਨੇ ਸਾਫ਼ ਕੀਤਾ ਕਿ ਰੋਡ ਸਰਕਾਰ ਨੇ 8 ਫਰਵਰੀ ਤੋਂ ਜਾਮ ਕੀਤਾ ਹੋਇਆ ਹੈ। ਕਿਸਾਨ ਤਾਂ ਬਾਰਡਰ 'ਤੇ 13 ਫਰਵਰੀ ਨੂੰ ਪਹੁੰਚੇ। ਆਗੂਆਂ ਨੇ ਦੱਸਿਆ ਕਿ ਹਮਲਾਵਰਾਂ ਵਿਚ ਆਗੂ ਬਣ ਕੇ ਆਏ ਵਿਅਕਤੀ ਮਾਈਨਿੰਗ ਦਾ ਧੰਦਾ ਕਰਦੇ ਹਨ ਤੇ ਘੱਗਰ ਵਿਚੋਂ ਰੇਤਾ ਕੱਢ ਕੇ ਕਾਲਾਬਾਜ਼ਾਰੀ ਕਰਦੇ ਹਨ। ਮੋਰਚਾ ਲੱਗਿਆ ਹੋਣ ਕਾਰਨ ਕਾਲਾਬਾਜ਼ਾਰੀ ਦਾ ਧੰਦਾ ਬਿਲਕੁਲ ਬੰਦ ਹੈ। ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇ ਭਵਿੱਖ ਵਿਚ ਇਸ ਤਰ੍ਹਾਂ ਦੀ ਕੋਈ ਘਟਨਾ ਵਾਪਰਦੀ ਹੈ ਤਾਂ ਉਸ ਦੇ ਸਿੱਟੇ ਚੰਗੇ ਨਹੀਂ ਹੋਣਗੇ। ਇਸ ਵੇਲੇ ਇਕ ਵੀਡੀਓ ਦਿਖਾ ਕੇ ਸੰਯੁਕਤ ਕਿਸਾਨ ਮੋਰਚੇ ਗੈਰ ਰਾਜਨੀਤਿਕ ਦੇ ਮੁੱਖ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਭਾਜਪਾ ਤੇ 'ਆਪ' ਸਰਕਾਰਾਂ ਹੁਣ ਹੁੱਲੜਬਾਜ਼ਾਂ ਨੂੰ ਭੇਜ ਕੇ ਸਾਡੇ ਸੰਘਰਸ਼ ਨੂੰ ਤਾਰਪੀਡੋ ਕਰਨਾ ਚਾਹੁੰਦੀਆਂ ਹਨ।



# ਬਿਜਲੀ ਸਬਸਿਡੀ ਨੇ ਸਰਕਾਰੀ ਖਜ਼ਾਨੇ ਦਾ ਧੂੰਆਂ ਕੱਢਿਆ

**ਚੰਡੀਗੜ੍ਹ:** ਬਿਜਲੀ ਸਬਸਿਡੀ ਨੇ ਸਰਕਾਰੀ ਖਜ਼ਾਨੇ ਦਾ ਧੂੰਆਂ ਕੱਢ ਦਿੱਤਾ। ਇਸ ਵੇਲੇ ਸਰਕਾਰੀ ਖ਼ਜ਼ਾਨੇ 'ਤੇ ਬਿਜਲੀ ਸਬਸਿਡੀ ਦਾ ਸਭ ਤੋਂ ਵੱਡਾ ਭਾਰ ਹੈ। ਪੰਜਾਬ ਸਰਕਾਰ 1997-98 ਤੋਂ ਹੁਣ ਤੱਕ 1.25 ਲੱਖ ਕਰੋੜ ਤੋਂ ਜ਼ਿਆਦਾ ਬਿਜਲੀ ਸਬਸਿਡੀ ਦੇ ਚੁੱਕੀ ਹੈ। ਜਦੋਂ ਖੇਤੀ ਸੈਕਟਰ ਨੂੰ ਮੁਫ਼ਤ ਬਿਜਲੀ 1997 ਵਿਚ ਸ਼ੁਰੂ ਹੋਈ ਸੀ ਤਾਂ ਪਹਿਲੇ ਵਿੱਤੀ ਵਰ੍ਹੇ ਵਿਚ ਬਿਜਲੀ ਸਬਸਿਡੀ ਦਾ ਬਿੱਲ 604 ਕਰੋੜ ਰੁਪਏ ਬਣਿਆ ਸੀ ਜੋ ਕਿ ਮੌਜੂਦਾ ਵਿੱਤੀ ਵਰ੍ਹੇ ਵਿਚ 21,909 ਕਰੋੜ ਦਾ ਬਣਨ ਦਾ ਅਨੁਮਾਨ ਹੈ। ਇਸ ਸਮੇਂ ਦੌਰਾਨ ਬਿਜਲੀ ਸਬਸਿਡੀ ਦਾ ਬਿੱਲ 36 ਗੁਣਾ ਵਧ ਗਿਆ ਹੈ।



ਪੰਜਾਬ ਵਿਚ ਇਸ ਵੇਲੇ 13.91 ਲੱਖ ਮੋਟਰ ਕੁਨੈਕਸ਼ਨ ਹਨ। ਮੌਜੂਦਾ ਵਿੱਤੀ ਵਰ੍ਹੇ 2024-25 ਵਿਚ ਖੇਤੀ ਸੈਕਟਰ ਦੀ ਬਿਜਲੀ ਸਬਸਿਡੀ ਦਾ ਬਿੱਲ ਸਾਲਾਨਾ 10,175 ਕਰੋੜ ਬਣੇਗਾ। ਇਸ ਲਿਹਾਜ਼ ਨਾਲ ਪ੍ਰਤੀ ਕੁਨੈਕਸ਼ਨ ਔਸਤਨ 73,148 ਰੁਪਏ ਸਾਲਾਨਾ ਬਿਜਲੀ ਸਬਸਿਡੀ ਸਰਕਾਰ ਦੇ ਰਹੀ ਹੈ। ਵੇਰਵਿਆਂ ਅਨੁਸਾਰ ਖੇਤੀ ਸੈਕਟਰ 'ਚ 1.83 ਲੱਖ ਕਿਸਾਨਾਂ ਕੋਲ ਇਕ ਤੋਂ ਜ਼ਿਆਦਾ ਖੇਤੀ ਮੋਟਰਾਂ ਦੇ ਕੁਨੈਕਸ਼ਨ ਹਨ। ਮਾਹਿਰਾਂ ਅਨੁਸਾਰ ਦੋ ਜਾਂ ਦੋ ਤੋਂ ਜ਼ਿਆਦਾ ਮੋਟਰਾਂ ਵਾਲੇ ਕਿਸਾਨ ਸਾਲਾਨਾ ਕੁੱਲ ਬਿਜਲੀ ਸਬਸਿਡੀ ਦਾ ਕਰੀਬ 28 ਫ਼ੀਸਦੀ ਹਿੱਸਾ ਲੈ ਜਾਂਦੇ ਹਨ। ਤੱਥ ਗਵਾਹ ਹਨ ਕਿ ਚਾਰ ਜਾਂ ਚਾਰ ਤੋਂ ਜ਼ਿਆਦਾ ਮੋਟਰਾਂ ਵਾਲੇ 10,128 ਕਿਸਾਨ ਹਨ ਜਿਨ੍ਹਾਂ ਨੂੰ ਸਾਲਾਨਾ 200 ਕਰੋੜ ਤੋਂ ਜ਼ਿਆਦਾ ਬਿਜਲੀ ਸਬਸਿਡੀ ਮਿਲ ਰਹੀ ਹੈ।

ਇਨ੍ਹਾਂ ਕਿਸਾਨਾਂ ਵੱਲੋਂ ਜ਼ਮੀਨੀ ਪਾਣੀ ਕੱਢਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਇਸ ਹਰ ਕਿਸਾਨ ਕੋਲ 25 ਏਕੜ ਤੋਂ ਜ਼ਿਆਦਾ ਜ਼ਮੀਨ ਦੀ ਮਾਲਕੀ ਹੋਵੇਗੀ। ਫ਼ਸਲੀ ਖ਼ਰੀਦ ਦੇ ਵੇਰਵਿਆਂ ਅਨੁਸਾਰ ਪੰਜਾਬ ਵਿਚ 25 ਏਕੜ ਤੋਂ ਵੱਧ ਮਾਲਕੀ ਵਾਲੇ 30,959 ਕਿਸਾਨ ਆਪਣੀ ਫ਼ਸਲ ਦੀ ਵੇਚ ਵੱਟਤ ਕਰਦੇ ਹਨ। ਪੰਜਾਬ ਵਿਚ 10 ਏਕੜ ਤੋਂ 25 ਏਕੜ ਦੀ ਮਾਲਕੀ ਵਾਲੇ ਕਿਸਾਨਾਂ ਦਾ ਅੰਕੜਾ 1.84 ਲੱਖ ਬਣਦਾ ਹੈ ਜਿਨ੍ਹਾਂ ਵੱਲੋਂ ਸਰਕਾਰੀ ਭਾਅ 'ਤੇ ਫ਼ਸਲ ਵੇਚੀ ਜਾਂਦੀ ਹੈ।

ਸੂਬੇ ਦੇ ਇਹ ਸਾਰੇ ਧਨਾਢ ਕਿਸਾਨ ਹਨ ਜਿਨ੍ਹਾਂ ਵੱਲੋਂ ਝੋਨੇ ਦੀ ਕਾਸ਼ਤ ਕੀਤੀ ਜਾਂਦੀ ਹੈ। ਹਾਲਾਂਕਿ ਝੋਨੇ ਦੀ ਕਾਸ਼ਤ ਕਰਨ ਵਾਲੇ ਕਿਸਾਨ ਜ਼ਮੀਨੀ ਪਾਣੀ ਦੇ ਨਿਕਾਸ ਲਈ ਬਰਾਬਰ ਦੇ ਜ਼ਿੰਮੇਵਾਰ ਹਨ, ਪਰ ਵੱਡੇ ਕਿਸਾਨਾਂ ਕੋਲ ਕਈ ਕਈ ਮੋਟਰਾਂ ਹੋਣ ਕਰਕੇ ਉਨ੍ਹਾਂ ਦੀ ਪਾਣੀ ਨਿਕਾਸੀ ਮਾਮਲੇ 'ਚ ਵੱਧ ਭੂਮਿਕਾ ਜਾਪਦੀ ਹੈ। ਸੂਬੇ ਵਿਚ 1.42 ਲੱਖ ਕਿਸਾਨ ਉਹ ਹਨ ਜਿਨ੍ਹਾਂ ਕੋਲ ਦੋ ਦੋ ਖੇਤੀ ਮੋਟਰਾਂ ਹਨ ਅਤੇ ਇਨ੍ਹਾਂ ਕਿਸਾਨਾਂ ਨੂੰ 1500 ਕਰੋੜ ਤੋਂ ਜ਼ਿਆਦਾ ਬਿਜਲੀ ਸਬਸਿਡੀ ਮਿਲ ਰਹੀ ਹੈ। ਇਸੇ ਤਰ੍ਹਾਂ ਹੀ 29,322 ਕਿਸਾਨਾਂ ਕੋਲ ਤਿੰਨ-ਤਿੰਨ ਮੋਟਰ ਕੁਨੈਕਸ਼ਨ ਹਨ। ਬਿਜਲੀ ਸਬਸਿਡੀ ਦਾ ਵੱਡਾ ਹਿੱਸਾ ਵੱਡੀ ਕਿਸਾਨੀ ਦੀ ਝੋਲੀ ਪੈ ਜਾਂਦਾ ਹੈ। ਕਈ ਕਿਸਾਨ ਧਿਰਾਂ ਵਿਰੋਧ ਕਰਦੀਆਂ ਹਨ ਕਿ ਵੱਡੇ ਕਿਸਾਨਾਂ ਦੀ ਬਿਜਲੀ ਸਬਸਿਡੀ ਬੰਦ ਹੋਣੀ ਚਾਹੀਦੀ ਹੈ। ਵੱਡੇ ਕਿਸਾਨੀ 'ਚ ਵੱਡੇ ਸਿਆਸਤਦਾਨਾਂ ਦਾ ਨਾਮ ਬੋਲਦਾ ਹੈ। ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਸਭ ਤੋਂ ਵੱਧ 1504 ਵੱਡੇ ਕਿਸਾਨ ਹਨ ਜਿਨ੍ਹਾਂ ਕੋਲ ਚਾਰ ਚਾਰ ਮੋਟਰ ਕੁਨੈਕਸ਼ਨ ਹਨ। ਕਾਂਗਰਸ ਸਰਕਾਰ ਸਮੇਂ ਜੋ ਖੇਤੀ ਨੀਤੀ ਡਰਾਫ਼ਟ ਕੀਤੀ ਗਈ ਸੀ, ਉਸ ਵਿਚ 10 ਏਕੜ ਤੋਂ ਵੱਧ ਜ਼ਮੀਨਾਂ ਦੀ ਮਾਲਕੀ ਵਾਲੇ ਕਿਸਾਨਾਂ ਨੂੰ ਬਿਜਲੀ ਸਬਸਿਡੀ ਬੰਦ ਕਰਨ ਦੀ ਸਿਫ਼ਾਰਸ਼ ਕੀਤੀ ਗਈ ਸੀ। ਕਿਸੇ ਵੀ ਸੱਤਾਧਾਰੀ ਧਿਰ ਕੋਲ ਏਨੀ ਇੱਛਾ ਸ਼ਕਤੀ ਨਹੀਂ ਰਹੀ ਕਿ ਵੱਡੇ ਕਿਸਾਨਾਂ ਦੀ ਬਿਜਲੀ ਸਬਸਿਡੀ ਨੂੰ ਬੰਦ ਕਰ ਦਿੱਤਾ ਜਾਵੇ। ਹੁਣ ਖੇਤੀ ਅਤੇ ਘਰੇਲੂ ਬਿਜਲੀ ਮੁਫ਼ਤ ਹੈ। ਮਾਹਿਰ ਆਖਦੇ ਹਨ ਕਿ ਖੇਤੀ ਸੈਕਟਰ ਨੂੰ ਮੁਫ਼ਤ ਬਿਜਲੀ ਨੇ ਜਿੱਥੇ ਜ਼ਮੀਨੀ ਪਾਣੀ ਦੀ ਦੁਰਵਰਤੋਂ ਵਧਾਈ ਹੈ, ਉੱਥੇ ਬਿਜਲੀ ਦੀ ਖਪਤ ਵੀ ਵਧੀ ਹੈ।

ਦੂਜੇ ਬੰਨੇ ਨਜ਼ਰ ਮਾਰੀਏ ਤਾਂ ਉਹ ਛੋਟੇ ਕਿਸਾਨ ਹਨ ਜਿਨ੍ਹਾਂ ਕੋਲ ਪਾਣੀ ਦਾ ਕੋਈ ਸਾਧਨ ਹੀ ਨਹੀਂ ਹੈ। ਇਨ੍ਹਾਂ ਕਿਸਾਨਾਂ ਦੀ ਗਿਣਤੀ 1.50 ਲੱਖ ਤੋਂ ਜ਼ਿਆਦਾ ਹੈ ਅਤੇ ਇਹ ਕਿਸਾਨ ਡੀਜ਼ਲ ਫ਼ੂਕ ਕੇ ਫ਼ਸਲ ਪਾਲਦੇ ਹਨ। ਇਹ ਕਿਸਾਨ ਆਪਣਾ ਕਸੂਰ ਪੁੱਛਦੇ ਹਨ ਕਿ ਮੋਟਰਾਂ ਵਾਲਿਆਂ ਨੂੰ ਤਾਂ ਸਰਕਾਰ ਸਬਸਿਡੀ ਦੇ ਰਹੀ ਹੈ ਜਦੋਂ ਕਿ ਉਨ੍ਹਾਂ ਨੂੰ ਕੋਈ ਸਬਸਿਡੀ ਤਾਂ ਕੀ ਮਿਲਣੀ ਸੀ, ਬਲਕਿ ਪੱਲਿਓਂ ਡੀਜ਼ਲ ਖਰਚਾ ਕਰਕੇ ਫ਼ਸਲ ਪਾਲਣ ਲਈ ਮਜਬੂਰ ਹੋਣਾ ਪੈਂਦਾ ਹੈ। ਦੇਸ਼ ਵਿਚ ਅਜਿਹੇ ਪੰਜ ਹੋਰ ਸੂਬੇ ਹਨ ਜਿੱਥੇ ਖੇਤੀ ਸੈਕਟਰ ਨੂੰ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ ਪਰ ਇਨ੍ਹਾਂ ਸੂਬਿਆਂ ਵਿਚ ਕੋਈ ਨਾ ਕੋਈ ਸ਼ਰਤ ਲਗਾਈ ਹੈ ਅਤੇ ਸਾਰੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਨਹੀਂ ਹੈ।

# ਭਗਵੰਤ ਮਾਨ ਵੱਲੋਂ ਮੰਤਰੀਆਂ ਅਤੇ ਵਿਧਾਇਕਾਂ ਨਾਲ ਵਿਚਾਰ-ਵਟਾਂਦਰਾ

**ਜਲੰਧਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੀ ਕਮਾਨ ਸੰਭਾਲਦਿਆਂ ਪਾਰਟੀ ਦੇ ਮੰਤਰੀਆਂ, ਵਿਧਾਇਕਾਂ ਅਤੇ ਸੀਨੀਅਰ ਅਹੁਦੇਦਾਰਾਂ ਸਣੇ ਜ਼ਮੀਨੀ ਪੱਧਰ 'ਤੇ ਸਰਗਰਮ ਵਰਕਰਾਂ ਨਾਲ ਮੈਰਾਥਨ ਮੀਟਿੰਗਾਂ ਕੀਤੀਆਂ।



ਮੁੱਖ ਮੰਤਰੀ ਪੰਜਾਬ ਨੇ 2022 ਤੋਂ ਬਾਅਦ ਇਕ ਵਾਰ ਫਿਰ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਸੀਟ ਜਿੱਤਣ ਲਈ ਪਾਰਟੀ ਦੇ ਆਗੂਆਂ ਨਾਲ ਜਿੱਤ ਦਾ ਮੰਤਰ ਸਾਂਝਾ ਕੀਤਾ। ਉਨ੍ਹਾਂ ਨੇ ਮੰਤਰੀਆਂ, ਵਿਧਾਇਕਾਂ ਤੇ ਸੀਨੀਅਰ ਆਗੂਆਂ ਨਾਲ ਵੱਖਰੀ ਮੀਟਿੰਗ ਮਗਰੋਂ ਪਾਰਟੀ ਦੇ ਵਲੰਟਰੀਅਰਾਂ ਨਾਲ ਵੱਖਰੀ ਮੀਟਿੰਗ ਕੀਤੀ, ਜਿਹੜੀ ਦੋ ਘੰਟੇ ਤੱਕ ਚੱਲੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਸਾਲ ਦੇ ਆਖਰ ਤੱਕ ਪੰਜਾਬ ਵਿਧਾਨ ਸਭਾ ਵਿਚ 'ਆਪ' ਦੇ ਵਿਧਾਇਕਾਂ ਦੀ ਗਿਣਤੀ 95 ਹੋ ਜਾਵੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਿਹੜੇ ਕਿ 'ਆਪ' ਦੇ ਸੂਬਾਈ ਪ੍ਰਧਾਨ ਵੀ ਹਨ, ਨੇ ਆਗੂਆਂ ਨੂੰ ਜ਼ਿਮਨੀ ਚੋਣ ਲਈ ਘਰ-ਘਰ ਪ੍ਰਚਾਰ ਕਰਨ ਦੀ ਹਦਾਇਤ ਕੀਤੀ।

ਉਨ੍ਹਾਂ ਕਿਹਾ ਕਿ ਲੋਕਾਂ ਨੂੰ 'ਆਪ' ਸਰਕਾਰ ਦੀਆਂ ਦੋ ਸਾਲਾਂ ਦੀਆਂ ਪ੍ਰਾਪਤੀਆਂ ਤੋਂ ਬਾਰੀਕੀ ਨਾਲ ਜਾਣੂ ਕਰਵਾਇਆ ਜਾਵੇ। ਭਗਵੰਤ ਮਾਨ ਮੁਤਾਬਕ ਜਲੰਧਰ ਪੱਛਮੀ ਦੇ ਲੋਕ ਪਾਰਟੀ ਦੇ ਨਾਲ ਹਨ ਪਰ ਇਸ ਹਲਕੇ ਦੇ ਲੋਕਾਂ ਨੂੰ ਉਸ ਵਿਅਕਤੀ ਨੇ ਧੋਖਾ ਦਿੱਤਾ ਹੈ ਜਿਸ ਨੂੰ ਉਨ੍ਹਾਂ ਨੇ ਦੋ ਸਾਲ ਪਹਿਲਾਂ ਪਾਰਟੀ ਦੇ ਨਾਂਅ 'ਤੇ ਫਤਵਾ ਦਿੱਤਾ ਸੀ।

ਉਨ੍ਹਾਂ ਸ਼ੀਤਲ ਅੰਗੁਰਾਲ ਦਾ ਨਾਂ ਲਏ ਬਿਨਾਂ ਕਿਹਾ ਕਿ ਉਹ ਉਸ ਪਾਰਟੀ ਵਿਚ ਸ਼ਾਮਲ ਹੋ ਗਏ ਹਨ ਜਿਹੜੀ ਪੰਜਾਬ ਤੇ ਕਿਸਾਨ ਵਿਰੋਧੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮਹਿੰਦਰ ਭਗਤ ਅਤੇ ਉਨ੍ਹਾਂ ਦੇ ਪਰਿਵਾਰ ਦਾ ਜਲੰਧਰ 'ਚ ਬਹੁਤ ਹੀ ਸਾਫ਼ ਸੁਥਰਾ ਅਕਸ ਹੈ, ਜਿਨ੍ਹਾਂ ਦਾ ਪਰਿਵਾਰ ਪਿਛਲੇ ਕਈ ਸਾਲਾਂ ਤੋਂ ਜਲੰਧਰ ਦੇ ਲੋਕਾਂ ਲਈ ਕੰਮ ਕਰ ਰਿਹਾ ਹੈ ਅਤੇ ਮਹਿੰਦਰ ਭਗਤ ਦੇ ਜਿੱਤਣ ਨਾਲ ਲੋਕਾਂ ਦੇ ਕੰਮ ਸੌਖੇ ਤਰੀਕੇ ਨਾਲ ਹੋਇਆ ਕਰਨਗੇ। ਭਗਵੰਤ ਮਾਨ ਨੇ ਦਾਅਵਾ ਕੀਤਾ, "ਪੰਜਾਬ ਵਿਚ ਸਰਕਾਰ ਦੇ ਕਾਰਜਕਾਲ ਵਿਚ ਹੋਣ ਵਾਲੇ ਕੰਮਾਂ ਕਰਕੇ ਵਿਰੋਧੀ ਤਾਂ ਮੁੜ ਸੱਤਾ ਵਿਚ ਆਉਣ ਦਾ ਸੁਪਨਾ ਦੇਖਣਾ ਛੱਡ ਦੇਣ। ਮੈਂ ਖ਼ੁਦ ਇਸ ਹਲਕੇ ਦੀ ਨਿਗਰਾਨੀ ਕਰਿਆ ਕਰਾਂਗਾ।" ਜ਼ਿਕਰਯੋਗ ਹੈ ਕਿ ਇਹ ਸੀਟ ਆਮ ਆਦਮੀ ਪਾਰਟੀ ਦੇ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਦੇ ਪਾਰਟੀ ਛੱਡਣ ਕਾਰਨ ਖਾਲੀ ਹੋਈ ਹੈ। ਸ਼ੀਤਲ ਅੰਗੁਰਾਲ ਭਾਜਪਾ 'ਚ ਸ਼ਾਮਲ ਹੋ ਗਏ ਸਨ। ਇਸ ਸੀਟ 'ਤੇ ਜ਼ਿਮਨੀ ਚੋਣ ਲਈ 10 ਜੁਲਾਈ ਨੂੰ ਵੋਟਾਂ ਪੈਣਗੀਆਂ।

## ਮਾਨ ਕਿਰਾਏ ਦਾ ਮਕਾਨ ਲੱਭਣ ਦੀ ਥਾਂ ਕੁਰਸੀ ਬਚਾਉਣ: ਚੰਨੀ

**ਜਲੰਧਰ:** ਨਵੇਂ ਬਣੇ ਸੰਸਦ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਥੇ 'ਆਪ' ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਕੁਰਸੀ ਡਾਵਾਂਡੋਲ ਹੈ ਤੇ ਉਹ ਕਿਸੇ ਸਮੇਂ ਵੀ ਜਾ ਸਕਦੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਸਲਾਹ ਦਿੰਦਿਆਂ ਕਿਹਾ ਕਿ ਉਹ ਜਲੰਧਰ ਵਿਚ ਕਿਰਾਏ ਦਾ ਮਕਾਨ ਲੱਭਣ ਦੀ ਥਾਂ ਚੰਡੀਗੜ੍ਹ ਬੈਠ ਕੇ ਆਪਣੀ ਸਰਕਾਰ ਬਚਾਉਣ ਵੱਲ ਧਿਆਨ ਦੇਣ। ਉਨ੍ਹਾਂ ਦਾਅਵਾ ਕੀਤਾ ਕਿ ਜਲੰਧਰ ਪੱਛਮੀ ਦੀ ਸੀਟ ਕਾਂਗਰਸ ਵੱਡੇ ਫਰਕ ਨਾਲ ਜਿੱਤੇਗੀ।

# ਆਨੰਦਪੁਰ ਸਾਹਿਬ ਨੂੰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾਵਾਂਗੇ: ਅਨਮੋਲ ਗਗਨ ਮਾਨ

**ਸ੍ਰੀ ਆਨੰਦਪੁਰ ਸਾਹਿਬ:** ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਪਰਿਵਾਰ ਸਣੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ। ਇੱਥੇ ਉਨ੍ਹਾਂ ਨੇ ਕੀਰਤਨ ਸਰਵਣ ਕੀਤਾ ਅਤੇ ਆਪਣੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਲਈ ਅਰਦਾਸ ਕੀਤੀ।

ਇਸ ਮੌਕੇ ਉਨ੍ਹਾਂ ਦੇ ਪਤੀ ਸ਼ਾਹਬਾਜ ਸਿੰਘ ਅਤੇ ਮਾਤਾ ਵੀ ਹਾਜ਼ਰ ਸਨ। ਮੱਥਾ ਟੇਕਣ ਉਪਰੰਤ ਉਨ੍ਹਾਂ ਵੱਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਲੰਗਰ ਹਾਲ ਵਿਚ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਵੀ ਛਕਿਆ ਗਿਆ। ਮੱਥਾ ਟੇਕਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਾਰੇ ਤਖ਼ਤ ਸਾਹਿਬਾਨਾਂ ਦਾ ਸਤਿਕਾਰ ਕਰਦਿਆਂ ਉਥੇ ਟੂਰਿਜ਼ਮ ਨੂੰ ਹੁਲਾਰਾ ਦੇਣ ਦੇ ਲਈ ਵਚਨਬੱਧ ਹੈ ਅਤੇ ਇਸ 'ਤੇ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰੂ ਨਗਰੀ ਸ੍ਰੀ ਆਨੰਦਪੁਰ ਸਾਹਿਬ ਨੂੰ ਵੀ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾਉਣ ਲਈ ਉਪਰਾਲੇ ਜਾਰੀ ਹਨ। ਇਸ ਲਈ ਜਿੱਥੇ ਇੱਥੇ ਪੰਜ ਪਿਆਰਾ



ਪਾਰਕ ਦੀ ਵੱਡੀ ਦੇਣ ਦਿੱਤੀ ਹੈ, ਉਥੇ ਹੋਰ ਵੀ ਉਪਰਾਲੇ ਜਾਰੀ ਹਨ। ਉਨ੍ਹਾਂ ਦੱਸਿਆ ਕਿ ਸ੍ਰੀ ਆਨੰਦਪੁਰ ਸਾਹਿਬ ਦੀ ਧਾਰਮਿਕ ਤੇ ਇਤਿਹਾਸਿਕ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਦੇ ਵਿਭਾਗ ਵੱਲੋਂ 25 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ ਗਈ ਹੈ ਜੋ ਕਿ ਜਲਦੀ ਹੀ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਇਕ ਵਿਸਥਾਰਪੂਰਵਕ ਯੋਜਨਾ ਬਣਾ ਕੇ ਖਰਚ ਕੀਤੀ ਜਾਵੇਗੀ। ਉਨ੍ਹਾਂ ਆਮ ਸ਼ਹਿਰੀਆਂ ਦੀ ਮੰਗ 'ਤੇ ਸਥਾਨਕ ਪੁੱਡਾ ਪਾਰਕ ਵਿਚ ਹਫਤੇ ਦੇ ਅੰਦਰ-ਅੰਦਰ ਲੋਕਾਂ ਦੀ ਸਹੂਲਤ ਲਈ ਮੇਜ਼ ਲਗਾਉਣ ਦੇ ਹੁਕਮ ਸੈਰ ਸਪਾਟਾ ਵਿਭਾਗ ਦੇ ਹਾਜ਼ਰ ਅਧਿਕਾਰੀਆਂ ਨੂੰ ਦਿੱਤੇ।

# ਕੰਗਨਾ ਥੱਪੜ ਕਾਂਡ ਮਗਰੋਂ ਹਿਮਾਚਲੀਆਂ ਤੇ ਪੰਜਾਬੀਆਂ ਵਿਚਕਾਰ ਪਾੜਾ ਵਧਿਆ

**ਫਿਲੌਰ:** ਹਿਮਾਚਲ ਪ੍ਰਦੇਸ਼ ਵਿਚ ਘੁੰਮਣ ਲਈ ਗਏ ਪੰਜਾਬੀਆਂ ਉਤੇ ਹਮਲੇ ਦੇ ਨਿੱਤ ਨਵੇਂ ਮਾਮਲੇ ਸਾਹਮਣੇ ਆ ਰਹੇ ਹਨ। ਹੁਣ ਇੱਥੋਂ ਮਨੀਕਰਨ ਸਾਹਿਬ ਗਏ ਸਥਾਨਕ ਕੌਂਸਲਰ ਦੇ ਪਤੀ ਲਖਵਿੰਦਰ ਲੱਖੂ ਤੇ ਉਸ ਦੇ ਚਾਰ ਰਿਸ਼ਤੇਦਾਰ ਇਸ ਹਮਲੇ ਦਾ ਸ਼ਿਕਾਰ ਹੋਏ ਹਨ। ਸ੍ਰੀ ਲੱਖੂ ਨੇ ਦੱਸਿਆ ਕਿ ਉਹ ਮਨੀਕਰਨ ਸਾਹਿਬ ਨੇੜੇ ਗੱਡੀ ਖ਼ਰਾਬ ਹੋਣ ਕਰਕੇ ਸੜਕ ਕਿਨਾਰੇ ਰੁਕੇ ਹੋਏ ਸਨ। ਇਸ ਦੌਰਾਨ ਸਵੇਰੇ ਤਿੰਨ ਵਜੇ 12 ਵਿਅਕਤੀ ਅਤੇ ਤਿੰਨ ਔਰਤਾਂ ਵੱਲੋਂ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਗਿਆ।



ਹਮਲਾਵਰਾਂ ਨੇ ਗੱਡੀ ਦੇ ਸ਼ੀਸ਼ੇ ਤੋੜ ਦਿੱਤੇ ਤੇ ਬਾਹਰ ਨਿਕਲਦੇ ਸਾਰ ਹੀ ਦਾਤਰ ਅਤੇ ਡਾਂਗਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਦੀ ਬਾਂਹ ਦੋ ਥਾਵਾਂ ਤੋਂ ਟੁੱਟ ਗਈ ਅਤੇ ਉਸ ਦੇ ਦੋ ਸਾਥੀ ਵੀ ਜ਼ਖ਼ਮੀ ਹੋ ਗਏ। ਉਨ੍ਹਾਂ ਖੱਡ ਵਿਚ ਛਾਲਾਂ ਮਾਰ ਕੇ ਜਾਨ ਬਚਾਈ ਤੇ ਕਿਸੇ ਢਾਬੇ ਵਾਲੇ ਦੀ ਮਦਦ ਨਾਲ ਪੁਲਿਸ ਨੂੰ ਸੂਚਿਤ ਕੀਤਾ। ਲੱਖੂ ਨੇ ਦੱਸਿਆ ਕਿ ਮਦਦ ਲਈ ਆਏ ਪੁਲਿਸ ਕਰਮਚਾਰੀਆਂ ਨੇ ਵੀ ਉਨ੍ਹਾਂ ਨੂੰ ਡਰਾ ਕੇ ਕੋਈ ਵੀ ਕਾਰਵਾਈ ਨਾ ਕਰਨ ਲਈ ਕਿਹਾ। ਉਨ੍ਹਾਂ ਲਿਖਤੀ ਦਸਤਖ਼ਤ ਕਰਵਾ ਕੇ ਕੇਸ ਰਫਾ-ਦਫਾ ਕਰਨ ਲਈ ਆਖਿਆ ਅਤੇ ਪੈਸੇ ਵੀ ਵਸੂਲ ਲਏ। ਲੱਖੂ ਨੇ ਪੰਜਾਬ ਸਰਕਾਰ ਤੋਂ ਬਣਦੀ ਕਾਰਵਾਈ ਕਰਨ ਅਤੇ ਸੈਰ ਲਈ ਨਿਕਲੇ ਪੰਜਾਬੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।

ਦੱਸਣਯੋਗ ਹੈ ਕਿ ਲੋਕ ਸਭਾ ਹਲਕਾ ਮੰਡੀ ਤੋਂ ਨਵੀਂ ਚੁਣੀ ਗਈ ਸੰਸਦ ਮੈਂਬਰ ਕੰਗਨਾ ਰਣੌਤ ਨਾਲ ਚੰਡੀਗੜ੍ਹ ਹਵਾਈ ਅੱਡੇ 'ਤੇ ਵਾਪਰੀ ਘਟਨਾ ਮਗਰੋਂ ਪੰਜਾਬ ਤੇ ਹਿਮਾਚਲ ਪ੍ਰਦੇਸ਼ ਦੇ ਕੁਝ ਲੋਕਾਂ ਦੇ ਮਨਾਂ ਵਿਚ ਖਟਾਸ ਪੈਦਾ ਹੋ ਗਈ। ਇਸੇ ਕਰਕੇ ਹਿਮਾਚਲ ਪ੍ਰਦੇਸ਼ 'ਚ ਰੋਪੜ ਦੇ ਟੈਕਸੀ ਚਾਲਕ ਨਾਲ ਕੁੱਟਮਾਰ ਤੇ ਬਦਸਲੂਕੀ ਦੀ ਘਟਨਾ ਵਾਪਰੀ ਹੈ।

ਉਧਰ, ਹਿਮਾਚਲ ਪ੍ਰਦੇਸ਼ ਤੇ ਪੰਜਾਬ ਦੀਆਂ ਟੈਕਸੀ ਯੂਨੀਅਨਾਂ ਇਕ-ਦੂਜੇ ਦੀ ਮਦਦ ਲਈ ਡਟ ਗਈਆਂ ਹਨ, ਜਿਨ੍ਹਾਂ ਨੇ ਪੰਜਾਬ ਦੇ ਕਿਸੇ ਵੀ ਟੈਕਸੀ ਚਾਲਕ ਨੂੰ ਹਿਮਾਚਲ ਪ੍ਰਦੇਸ਼ ਅਤੇ ਹਿਮਾਚਲ ਪ੍ਰਦੇਸ਼ ਦੇ ਟੈਕਸੀ ਚਾਲਕ ਨੂੰ ਪੰਜਾਬ ਵਿਚ ਸਮੱਸਿਆ ਆਉਣ 'ਤੇ ਮਦਦ ਦਾ ਐਲਾਨ ਕੀਤਾ ਹੈ।

ਇਹ ਐਲਾਨ ਹਿਮ-ਆਂਚਲ ਟੈਕਸੀ ਅਪਰੇਟਰਜ਼ ਯੂਨੀਅਨ, ਮਨਾਲੀ ਦੇ ਪ੍ਰਧਾਨ ਪੂਰਨ ਚੰਦ ਅਤੇ ਆਜ਼ਾਦ ਟੈਕਸੀ ਯੂਨੀਅਨ ਪੰਜਾਬ ਦੇ ਪ੍ਰਧਾਨ ਸ਼ਰਨਜੀਤ ਕਲਸੀ ਨੇ ਸਾਂਝੇ ਤੌਰ 'ਤੇ ਪੱਤਰ ਜਾਰੀ ਕਰਕੇ ਕੀਤਾ ਹੈ।

ਅਜਿਹੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਹੀ ਉਕਤ ਯੂਨੀਅਨਾਂ ਨੇ ਆਪਸੀ ਸਹਿਯੋਗ ਦਾ ਐਲਾਨ ਕੀਤਾ ਹੈ। ਆਜ਼ਾਦ ਟੈਕਸੀ ਯੂਨੀਅਨ ਪੰਜਾਬ ਦੇ ਪ੍ਰਧਾਨ ਸ਼ਰਨਜੀਤ ਕਲਸੀ ਨੇ ਕਿਹਾ ਕਿ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਪੰਜਾਬ ਤੇ ਹਿਮਾਚਲ ਪ੍ਰਦੇਸ਼ ਵਿਚ ਅਫਵਾਹਾਂ ਫੈਲਾਂ ਕੇ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਨ੍ਹਾਂ ਕਰਕੇ ਅਜਿਹੀ ਘਟਨਾਵਾਂ ਵਾਪਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਦਾ ਜ਼ਿਆਦਾਤਰ ਸੈਰ ਸਪਾਟਾ ਪੰਜਾਬ ਦੇ ਸਿਰ 'ਤੇ ਚੱਲਦਾ ਹੈ। ਇਸੇ ਕਰਕੇ ਉਥੋਂ ਦੇ ਲੋਕ ਕਦੇ ਵੀ ਪੰਜਾਬੀਆਂ ਨਾਲ ਸਬੰਧ ਵਿਗਾੜਨਾ ਨਹੀਂ ਚਾਹੁੰਣਗੇ ਪਰ ਕੁਝ ਬਿਨਾਂ ਪਰਮਿਟ ਤੋਂ ਗੱਡੀਆਂ ਚਲਾਉਣ ਵਾਲੇ ਲੋਕ ਦੋਵਾਂ ਸੂਬਿਆਂ ਦੇ ਲੋਕਾਂ ਵਿਚਾਲੇ ਟਕਰਾਅ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕਲਸੀ ਨੇ ਆਖਿਆ ਕਿ ਹਿਮਾਚਲ ਪ੍ਰਦੇਸ਼ ਦੇ ਕਿਸੇ ਵੀ ਟੈਕਸੀ ਚਾਲਕ ਨੂੰ ਜੇ ਪੰਜਾਬ ਵਿਚ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਉਸ ਦੀ ਬਣਦੀ ਮਦਦ ਕਰਨਗੇ। ਦੂਜੇ ਪਾਸੇ ਹਿਮ-ਆਂਚਲ ਟੈਕਸੀ ਅਪਰੇਟਰਜ਼ ਯੂਨੀਅਨ, ਮਨਾਲੀ ਦੇ ਪ੍ਰਧਾਨ ਪੂਰਨ ਚੰਦ ਨੇ ਪਿਛਲੇ ਦਿਨੀਂ ਹਿਮਾਚਲ ਪ੍ਰਦੇਸ਼ ਵਿਚ ਰੋਪੜ ਦੇ ਟੈਕਸੀ ਚਾਲਕ ਨਾਲ ਹੋਈ ਮਾਰਕੁੱਟ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਕਿਸੇ ਵੀ ਟੈਕਸੀ ਚਾਲਕ ਨਾਲ ਅਜਿਹੀ ਘਟਨਾ ਵਾਪਰਨੀ ਗਲਤ ਹੈ।

# ਜ਼ਿਮਨੀ ਚੋਣ: 'ਆਪ' ਦੀ ਬੇੜੀ 'ਚ ਵੱਟੇ ਪਾਉਣ ਲਈ ਮੁਲਾਜ਼ਮ ਪੱਬਾਂ ਭਾਰ

**ਸੰਗਰੂਰ:** ਜਲੰਧਰ ਜ਼ਿਮਨੀ ਚੋਣ ਨੂੰ ਲੈ ਕੇ ਜਿੱਥੇ ਸਿਆਸੀ ਪਾਰਟੀਆਂ ਜ਼ੋਰਾਂ-ਸ਼ੋਰਾਂ ਨਾਲ ਚੋਣ ਪ੍ਰਚਾਰ 'ਚ ਜੁਟ ਗਈਆਂ ਹਨ, ਉਥੇ ਹੀ ਆਮ ਆਦਮੀ ਪਾਰਟੀ ਦੀ ਬੇੜੀ 'ਚ ਵੱਟੇ ਪਾਉਣ ਲਈ ਪੰਜਾਬ ਭਰ ਦੇ ਮੁਲਾਜ਼ਮ ਵੀ ਪੱਬਾਂ-ਭਾਰ ਹੋ ਗਏ ਹਨ। ਪੰਜਾਬ ਪੇਅ ਸਕੇਲ ਬਹਾਲ ਕਰਨ ਦਾ ਵਾਅਦਾ ਪੂਰਾ ਨਾ ਹੋਣ ਤੋਂ ਖ਼ਫ਼ਾ ਪੰਜਾਬ ਪੇਅ ਸਕੇਲ ਬਹਾਲੀ ਸਾਂਝਾ ਫਰੰਟ ਵੱਲੋਂ 7 ਜੁਲਾਈ ਨੂੰ ਜਲੰਧਰ 'ਚ ਰੋਸ ਰੈਲੀ ਕਰਨ ਦਾ ਐਲਾਨ ਕੀਤਾ ਗਿਆ ਹੈ, ਜਿਸ ਵਿਚ ਪੰਜਾਬ ਭਰ ਤੋਂ ਮੁਲਾਜ਼ਮ ਭਰਵੀਂ ਸ਼ਮੂਲੀਅਤ ਕਰਨਗੇ।

ਫਰੰਟ ਦੇ ਸੂਬਾ ਕਨਵੀਨਰ ਸਲਿੰਦਰ ਕੰਬੋਜ ਨੇ ਜਾਰੀ ਬਿਆਨ 'ਚ ਕਿਹਾ ਕਿ ਪਿਛਲੇ ਸਮੇਂ ਤੋਂ 17 ਜੁਲਾਈ 2020 ਦਾ ਨੋਟੀਫਿਕੇਸ਼ਨ ਰੱਦ ਕਰ ਕੇ ਸਮੂਹ ਮੁਲਾਜ਼ਮਾਂ ਵੱਲੋਂ ਪੰਜਾਬ ਦਾ ਪੇਅ ਸਕੇਲ ਬਹਾਲ ਕਰਵਾਉਣ ਸਬੰਧੀ ਸੰਘਰਸ਼ ਕੀਤਾ ਜਾ ਰਿਹਾ ਹੈ। ਲੋਕ ਸਭਾ ਚੋਣਾਂ ਦੌਰਾਨ ਵੀ ਫਰੰਟ ਵੱਲੋਂ 'ਪੰਜਾਬ ਪੇਅ ਸਕੇਲ ਨਹੀਂ ਤਾਂ ਵੋਟ ਨਹੀਂ' ਮੁਹਿੰਮ ਚਲਾਈ ਗਈ ਸੀ, ਜਿਸ ਨੂੰ ਭਰਪੂਰ ਹੁੰਗਾਰਾ ਮਿਲਿਆ ਤੇ ਇਸ ਦਾ ਖਮਿਆਜ਼ਾ ਸੱਤਾਧਾਰੀ ਪਾਰਟੀ ਨੂੰ ਭੁਗਤਣਾ ਪਿਆ।



ਉਨ੍ਹਾਂ ਦੱਸਿਆ ਕਿ ਪੰਜਾਬ ਪੇਅ ਸਕੇਲ ਬਹਾਲੀ ਸਾਂਝਾ ਫਰੰਟ ਦੀ ਸੂਬਾ ਕਮੇਟੀ ਵੱਲੋਂ ਫ਼ੈਸਲਾ ਕੀਤਾ ਗਿਆ ਕਿ ਜਲੰਧਰ ਜ਼ਿਮਨੀ ਚੋਣ ਦੇ ਮੱਦੇਨਜ਼ਰ ਫਰੰਟ ਵੱਲੋਂ 7 ਜੁਲਾਈ ਨੂੰ ਜਲੰਧਰ ਪੱਛਮੀ ਵਿੱਚ ਰੋਸ ਰੈਲੀ ਕੀਤੀ ਜਾਵੇਗੀ। ਆਗੂਆਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਉਨ੍ਹਾਂ ਨਾਲ ਪੰਜਾਬ ਪੇਅ ਸਕੇਲ ਬਹਾਲ ਕਰਨ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਇਹ ਵਾਅਦਾ ਵਫ਼ਾ ਨਹੀਂ ਹੋਇਆ, ਜਿਸ ਦਾ ਨਤੀਜਾ ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ ਵਿਚ 3 ਸੀਟਾਂ 'ਤੇ ਸਿਮਟ ਕੇ ਭੁਗਤਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਜਲਦੀ ਹੀ ਪੰਜਾਬ ਪੇਅ ਸਕੇਲ ਬਹਾਲ ਨਾ ਕੀਤਾ ਗਿਆ ਤਾਂ ਉਹ ਜ਼ਿਮਨੀ ਚੋਣਾਂ ਵਿਚ ਵੀ ਸੱਤਾਧਾਰੀ ਪਾਰਟੀ ਦਾ ਵਿਰੋਧ ਜਾਰੀ ਰੱਖਣਗੇ।

ਸੀ.ਪੀ.ਐਫ. ਕਰਮਚਾਰੀ ਯੂਨੀਅਨ ਪੰਜਾਬ ਨੇ ਸੂਬਾ ਪੱਧਰੀ ਮੀਟਿੰਗ ਦੌਰਾਨ ਇਹ ਐਲਾਨ ਕੀਤਾ ਹੈ ਕਿ ਜਲੰਧਰ ਪੱਛਮੀ ਜ਼ਿਮਨੀ ਚੋਣ ਦੌਰਾਨ ਯੂਨੀਅਨ ਵੱਲੋਂ ਝੰਡਾ ਮਾਰਚ ਕੀਤਾ ਜਾਵੇਗਾ। ਯੂਨੀਅਨ ਦੇ ਸੂਬਾ ਪ੍ਰਧਾਨ ਅਤੇ ਕੌਮੀ ਸੀਨੀਅਰ ਮੀਤ ਪ੍ਰਧਾਨ ਸੁਖਜੀਤ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਲਗਾਤਾਰ ਮੀਟਿੰਗ ਨਾ ਕਰਨ ਕਾਰਨ ਮੁਲਾਜ਼ਮਾਂ ਵਿਚ ਸਰਕਾਰ ਪ੍ਰਤੀ ਭਾਰੀ ਰੋਸ ਹੈ। ਇਸੇ ਕਾਰਨ ਯੂਨੀਅਨ ਨੇ ਲੋਕ ਸਭਾ ਚੋਣਾਂ ਵਿਚ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦਾ ਵਿਰੋਧ ਕਰਨ ਦਾ ਫ਼ੈਸਲਾ ਕੀਤਾ ਸੀ ਪਰ ਸਰਕਾਰ ਲੋਕ ਸਭਾ ਚੋਣਾਂ ਦੇ ਨਤੀਜਿਆਂ ਦੇ ਬਾਵਜੂਦ ਪੁਰਾਣੀ ਪੈਨਸ਼ਨ ਬਹਾਲੀ ਦੇ ਮੁੱਦੇ 'ਤੇ ਕੋਈ ਗੰਭੀਰਤਾ ਨਹੀਂ ਦਿਖਾ ਰਹੀ।

## 'ਆਪ' ਉਮੀਦਵਾਰ ਦੇ ਘਿਰਾਓ ਦਾ ਐਲਾਨ

**ਜਲੰਧਰ:** ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਨੇ ਇਥੇ ਹੋਈ ਸੂਬਾ ਪੱਧਰੀ ਮੀਟਿੰਗ ਵਿਚ ਆਪਣੀਆਂ ਮੰਗਾਂ ਲਈ ਜਲੰਧਰ ਪੱਛਮੀ ਜ਼ਿਮਨੀ ਚੋਣ ਦੌਰਾਨ ਸੂਬਾ ਸਰਕਾਰ ਵਿਰੁੱਧ 5 ਜੁਲਾਈ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ। ਸੂਬਾ ਪ੍ਰਧਾਨ ਅਮਰੀਕ ਸਿੰਘ ਸੰਧੂ ਤੇ ਸੂਬਾ ਜਨਰਲ ਸਕੱਤਰ ਪਿੱਪਲ ਸਿੰਘ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਜਾਇਜ਼ ਮੰਗਾਂ ਲਈ ਅਤੇ ਸਰਕਾਰ ਦੀ ਬੇਰੁਖ਼ੀ ਖ਼ਿਲਾਫ਼ 5 ਜੁਲਾਈ ਨੂੰ ਜਲੰਧਰ ਵਿਚ ਰੋਸ ਰੈਲੀ ਕਰ ਕੇ ਬਾਜ਼ਾਰਾਂ ਵਿਚ ਮਾਰਚ ਕਰਨ ਉਪਰੰਤ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਦਫਤਰ/ਘਰ ਦਾ ਘਿਰਾਓ ਕੀਤਾ ਜਾਵੇਗਾ।

# ਨਸ਼ਿਆਂ ਵਿਰੁੱਧ ਮੁਹਿੰਮ: ਪੰਜਾਬ ਪੁਲਿਸ ਨੇ ਹਰ ਜ਼ਿਲ੍ਹੇ ਵਿਚ ਮਾਰੇ ਛਾਪੇ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਹਰੇਕ ਜ਼ਿਲ੍ਹੇ ਵਿਚ ਨਸ਼ਿਆਂ ਦੇ 10-10 ਹੌਟ-ਸਪੌਟਾਂ (ਵੱਡੇ ਟਿਕਾਣਿਆਂ) 'ਤੇ ਛਾਪੇ ਮਾਰੇ। ਇਹ ਛਾਪੇ ਡੀ.ਜੀ.ਪੀ. ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਵੇਰੇ 11 ਤੋਂ ਦੁਪਹਿਰ 3 ਵਜੇ ਤੱਕ ਮਾਰੇ ਗਏ। ਇਸ ਬਾਰੇ ਸਪੈਸ਼ਲ ਡੀ.ਜੀ.ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਕਿਹਾ ਕਿ ਸੂਬੇ ਵਿਚ 2500 ਤੋਂ ਵੱਧ ਪੁਲਿਸ ਕਰਮੀਆਂ ਦੀਆਂ 250 ਤੋਂ ਵੱਧ ਪੁਲਿਸ ਟੀਮਾਂ ਨੇ 280 ਡਰੱਗ ਹੌਟ-ਸਪੌਟਸ ਦੀ ਘੇਰਾਬੰਦੀ ਕਰਕੇ ਤਲਾਸ਼ੀ ਲਈ।

ਪੁਲਿਸ ਨੇ 31 ਕੇਸ ਦਰਜ ਕਰਕੇ 43 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਉਹ ਨਿੱਜੀ ਤੌਰ ਉਤੇ ਇਸ ਅਪ੍ਰੇਸ਼ਨ ਦੀ ਨਿਗਰਾਨੀ ਕਰ ਰਹੇ ਹਨ। ਪੁਲਿਸ ਨੇ ਹਰੇਕ ਜ਼ਿਲ੍ਹੇ ਵਿਚ ਅਜਿਹੇ 10 ਟਿਕਾਣਿਆਂ ਉਤੇ ਚੈਕਿੰਗ ਕੀਤੀ ਹੈ, ਜੋ ਕਿ ਨਸ਼ਾ ਤਸਕਰੀ ਦਾ ਮੁੱਖ ਟਿਕਾਣਾ ਬਣ ਚੁੱਕੇ ਹਨ।

ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਸੂਬੇ ਵਿਚੋਂ ਨਸ਼ਿਆਂ ਦੇ ਜੜ੍ਹ ਤੋਂ ਖ਼ਾਤਮੇ ਲਈ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਉਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿਚ ਮੁੱਖ ਸਕੱਤਰ ਨੇ ਸਾਰੇ ਪ੍ਰਮੁੱਖ ਵਿਭਾਗਾਂ ਦਰਮਿਆਨ ਤਾਲਮੇਲ ਅਤੇ ਸਹਿਯੋਗ ਦੇ ਸਿਧਾਂਤਾਂ 'ਤੇ ਅਧਾਰਤ ਬਹੁ-ਨੁਕਾਤੀ ਰਣਨੀਤੀ ਬਣਾਉਣ 'ਤੇ ਜ਼ੋਰ ਦਿੱਤਾ। ਸ੍ਰੀ ਵਰਮਾ ਨੇ ਸੂਬੇ ਵਿਚ ਨਸ਼ਿਆਂ ਤੋਂ ਪ੍ਰਭਾਵਿਤ ਥਾਵਾਂ ਦੀ ਪਛਾਣ ਕਰਨ ਦੇ ਨਾਲ-ਨਾਲ ਪਾਬੰਦੀਸ਼ੁਦਾ ਦਵਾਈਆਂ ਵੇਚਣ ਵਾਲੇ ਕੈਮਿਸਟਾਂ ਵਿਰੁੱਧ ਸਖ਼ਤ ਕਾਰਵਾਈ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸੂਬੇ ਵਿਚ ਨਸ਼ਾ ਤਸਕਰਾਂ ਨੂੰ ਸਖ਼ਤ ਸਜ਼ਾਵਾਂ ਯਕੀਨੀ ਬਣਾਉਣ ਬਾਰੇ ਵਿਚਾਰ ਕਰ ਰਹੀ ਹੈ।



ਸ੍ਰੀ ਵਰਮਾ ਨੇ ਮਾਲ ਵਿਭਾਗ ਅਤੇ ਪੁਲਿਸ ਨੂੰ ਇਕ ਦੂਜੇ ਨਾਲ ਮਿਲ ਕੇ ਕੰਮ ਕਰਨ ਲਈ ਕਿਹਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਡਰੱਗ ਮਨੀ ਰਾਹੀਂ ਹਾਸਲ ਕੀਤੀ ਗਈ ਹਰ ਜਾਇਦਾਦ ਨੂੰ ਜ਼ਬਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਐਨ.ਸੀ.ਓ.ਆਰ.ਡੀ. ਦੀਆਂ ਮੀਟਿੰਗਾਂ ਸੂਬਾ ਅਤੇ ਜ਼ਿਲ੍ਹਾ ਪੱਧਰ 'ਤੇ ਨਿਰੰਤਰ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਸੂਬੇ ਵਿਚ ਖੇਡ ਗਤੀਵਿਧੀਆਂ ਵਿਚ ਵਾਧਾ ਕਰਕੇ ਨੌਜਵਾਨਾਂ ਦੀ ਊਰਜਾ ਨੂੰ ਹਾਂਦਰੂ ਦਿਸ਼ਾ ਦੇਣ 'ਤੇ ਵੀ ਜ਼ੋਰ ਦਿੱਤਾ। ਮੁੱਖ ਸਕੱਤਰ ਨੇ ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਵਿਭਾਗਾਂ ਨੂੰ ਕਿਹਾ ਕਿ ਉਹ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਾਉਣ ਤੇ ਉਨ੍ਹਾਂ ਨੂੰ ਸਿਹਤਮੰਦ ਜੀਵਨ ਜਿਉਣ ਲਈ ਪ੍ਰੇਰਿਆ ਜਾਵੇ। ਉਨ੍ਹਾਂ ਆਂਗਣਵਾੜੀ ਵਰਕਰਾਂ ਤੇ ਸਟਾਫ਼ ਨੂੰ ਐਂਟੀ ਡਰੱਗ ਮਾਸ ਕੰਟੈਕਟ ਪ੍ਰੋਗਰਾਮ ਦਾ ਹਿੱਸਾ ਬਣਾਉਣ ਦੇ ਨਿਰਦੇਸ਼ ਦਿੱਤੇ।

# 'ਆਪ' ਦਾ ਮੈਨੀਫੈਸਟੋ ਨਵੀਂ ਬੋਤਲ 'ਚ ਪੁਰਾਣੀ ਸ਼ਰਾਬ ਵਰਗਾ: ਬਾਜਵਾ

**ਚੰਡੀਗੜ੍ਹ:** ਕਾਂਗਰਸ ਪਾਰਟੀ ਨੇ ਜਲੰਧਰ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ 10 ਨੁਕਾਤੀ ਮੈਨੀਫੈਸਟੋ 'ਤੇ ਸਵਾਲ ਚੁੱਕੇ ਹਨ। ਇਸ ਮੈਨੀਫੈਸਟੋ ਨੂੰ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਨਵੀਂ ਬੋਤਲ 'ਚ ਪੁਰਾਣੀ ਸ਼ਰਾਬ ਵਰਗਾ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ 'ਆਪ' ਦਾ ਇਹ ਮੈਨੀਫੈਸਟੋ ਸਾਬਤ ਕਰਦਾ ਹੈ ਕਿ 'ਆਪ' ਨੇ ਆਪਣੇ ਵਾਅਦੇ ਪੂਰੇ ਕਰਨ 'ਚ ਆਪਣੀਆਂ ਨਾਕਾਮੀਆਂ ਮੰਨ ਲਈਆਂ ਹਨ। ਉਨ੍ਹਾਂ ਕਿਹਾ ਕਿ 'ਆਪ' ਨੇ 2022 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਵੀ ਇਹੀ ਗਾਰੰਟੀ ਦਿੱਤੀ ਸੀ। ਪਹਿਲਾਂ 'ਆਪ' ਨੇ ਤਿੰਨ ਮਹੀਨਿਆਂ ਦੇ ਅੰਦਰ ਪੰਜਾਬ ਨੂੰ ਨਸ਼ਾਮੁਕਤ ਸੂਬਾ ਬਣਾਉਣ ਤੇ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ।



ਸ੍ਰੀ ਬਾਜਵਾ ਨੇ ਕਿਹਾ ਕਿ ਪਿਛਲੇ ਢਾਈ ਸਾਲਾਂ ਤੋਂ ਵਿਧਾਨ ਸਭਾ 'ਚ ਭਾਰੀ ਬਹੁਮਤ ਨਾਲ ਰਾਜ ਕਰ ਰਹੀ 'ਆਪ' ਆਪਣੇ ਵਾਅਦੇ ਪੂਰੇ ਨਹੀਂ ਕਰ ਸਕੀ। ਜਦੋਂ ਤੋਂ 'ਆਪ' ਨੇ ਪੰਜਾਬ ਵਿਚ ਸੱਤਾ ਸੰਭਾਲੀ ਹੈ, ਉਦੋਂ ਤੋਂ ਨਸ਼ਿਆਂ ਦੀ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਆਮ ਗੱਲ ਬਣ ਗਈ ਹੈ। ਦੂਜੇ ਪਾਸੇ ਔਰਤਾਂ ਆਪਣੇ ਮਹੀਨਾਵਾਰ ਲਾਭ ਦਾ ਬੇਸਬਰੀ ਨਾਲ ਉਡੀਕ ਕਰ ਰਹੀਆਂ ਹਨ।

# ਪੰਜਾਬ ਪੁਲਿਸ ਮੁਲਾਜ਼ਮਾਂ ਦੇ ਤਬਾਦਲਿਆਂ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਪੁਲਿਸ ਦੇ ਹਜ਼ਾਰਾਂ ਮੁਲਾਜ਼ਮਾਂ ਦੇ ਤਬਾਦਲੇ ਜਾਇਜ਼ ਠਹਿਰਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਤੋਂ ਜਵਾਬ ਮੰਗਿਆ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਪਿਛਲੇ ਦਿਨੀਂ ਐਲਾਨ ਕੀਤਾ ਕਿ ਸੂਬੇ ਵਿਚ ਕਾਂਸਟੇਬਲ ਰੈਂਕ ਦੇ ਕਰੀਬ 10 ਹਜ਼ਾਰ ਪੁਲਿਸ ਮੁਲਾਜ਼ਮਾਂ ਦੇ ਤਬਾਦਲੇ ਕੀਤੇ ਗਏ ਹਨ। ਇਹ ਤਬਾਦਲੇ ਉਦੋਂ ਕੀਤੇ ਗਏ, ਜਦੋਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਨਸ਼ਾ ਤਸਕਰਾਂ ਦਾ ਪੁਲਿਸ ਨਾਲ ਗੱਠਜੋੜ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿੱਧੇ ਤੌਰ 'ਤੇ ਪੁਲਿਸ ਮੁਲਾਜ਼ਮਾਂ ਦੇ ਨਸ਼ਾ ਤਸਕਰਾਂ ਨਾਲ ਸਬੰਧ ਹੋਣ ਦਾ ਦੋਸ਼ ਲਗਾ ਰਹੇ ਹਨ, ਜਦੋਂਕਿ ਡੀ.ਜੀ.ਪੀ. ਮੁਲਾਜ਼ਮਾਂ ਦਾ ਬਚਾਅ ਕਰ ਰਹੇ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਪੰਜਾਬ ਵਿਚ ਵਧ ਰਹੇ ਨਸ਼ਿਆਂ ਨੂੰ ਰੋਕਣ ਵਿਚ ਅਸਫਲ ਰਹੀ ਹੈ।



ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਚੁਣੇ ਗਏ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਹਾਲ ਹੀ ਵਿਚ ਸੂਬੇ ਭਰ ਵਿਚ 10,000 ਪੁਲਿਸ ਮੁਲਾਜ਼ਮਾਂ ਦੀਆਂ ਬਦਲੀਆਂ ਇਸ ਕਾਰਨ ਕੀਤੀਆਂ ਕਿਉਂਕਿ ਉਨ੍ਹਾਂ ਨੇ ਕਾਂਗਰਸ ਨੂੰ ਵੋਟ ਪਾਈ ਸੀ। ਉਨ੍ਹਾਂ ਇਕ ਇੰਟਰਵਿਊ ਦੌਰਾਨ ਕਿਹਾ ਕਿ ਮੁੱਖ ਮੰਤਰੀ ਨੇ ਲੋਕ ਸਭਾ ਚੋਣਾਂ ਵਿਚ ਪਾਰਟੀ ਦੇ ਮਾੜੇ ਪ੍ਰਦਰਸ਼ਨ ਦੇ ਮੱਦੇਨਜ਼ਰ ਆਪਣੀ ਨਿਰਾਸ਼ਾ ਨੂੰ ਜ਼ਾਹਿਰ ਕਰਨ ਲਈ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਹੈ। ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਨੇ ਸੂਬੇ ਵਿਚ 13 ਵਿਚੋਂ ਸਿਰਫ ਤਿੰਨ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਹੋਣ ਦੇ ਨਾਤੇ, ਉਨ੍ਹਾਂ ਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਉਸ ਦੀ ਪੁਲਿਸ ਨਸ਼ਿਆਂ ਵਿਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਢਾਈ ਸਾਲਾਂ ਵਿਚ ਤੁਸੀਂ ਨਸ਼ੇ ਦੇ ਕਾਰੋਬਾਰ ਵਿਚ ਸ਼ਾਮਲ ਲੋਕਾਂ ਦਾ ਪਤਾ ਨਹੀਂ ਲਗਾ ਸਕੇ। ਕਿਸੇ ਸਮੇਂ ਆਪਣੇ ਗੁੱਸੇ ਲਈ ਜਾਣੇ ਜਾਂਦੇ ਵੜਿੰਗ ਨੇ ਕਿਹਾ ਕਿ ਸਿਆਸੀ ਜੀਵਨ ਵਿਚ ਗੁੱਸੇ ਦੀ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ, "ਮੇਰੇ ਖ਼ਿਲਾਫ਼ ਕੁਝ ਥਾਵਾਂ 'ਤੇ ਹਾਲ ਹੀ ਵਿਚ ਹੋਈ ਆਲੋਚਨਾ ਦੇ ਬਾਵਜੂਦ ਮੈਂ ਹਰ ਆਗੂ ਨੂੰ ਮਿਲਣ ਜਾਵਾਂਗਾ ਅਤੇ ਉਨ੍ਹਾਂ ਨਾਲ ਗੱਲ ਕਰਾਂਗਾ।" ਲੋਕ ਸਭਾ ਚੋਣਾਂ ਵਿਚ ਭਾਜਪਾ ਦੇ ਰਵਨੀਤ ਸਿੰਘ ਬਿੱਟੂ ਨੂੰ ਹਰਾਉਣ ਵਾਲੇ ਵੜਿੰਗ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਸੂਬੇ ਦੇ ਮੁੱਖ ਮੰਤਰੀ ਬਣਨ ਦੀ ਦੌੜ ਵਿਚ ਨਹੀਂ ਹਨ ਕਿਉਂਕਿ ਪਾਰਟੀ ਵਿਚ ਅਜਿਹੇ 6-7 ਹੋਰ ਸਮਰੱਥ ਆਗੂ ਹਨ। ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਪਾਰਟੀ ਦੇ ਨਿਯਮਾਂ ਅਤੇ ਪਾਰਟੀ ਦੇ ਫੈਸਲਿਆਂ ਦਾ ਪਾਲਣ ਕਰਨਾ ਚਾਹੀਦਾ ਹੈ। ਵੜਿੰਗ ਨੇ ਉਨ੍ਹਾਂ ਵਿਰੋਧੀਆਂ 'ਤੇ ਨਿਸ਼ਾਨਾ ਸੇਧਿਆ ਜੋ ਉਨ੍ਹਾਂ ਨੂੰ ਪੰਜਾਬ ਵਿਚ ਕਾਂਗਰਸ ਦੀ ਜ਼ਿੰਮੇਵਾਰੀ ਕਿਸੇ ਹੋਰ ਨੂੰ ਸੰਭਾਲਣ ਦੀ ਇਜਾਜ਼ਤ ਦੇਣ ਲਈ ਕਹਿ ਰਹੇ ਹਨ। ਉਨ੍ਹਾਂ ਆਖਿਆ ਕਿ ਇਸ ਦਾ ਫੈਸਲਾ ਪਾਰਟੀ ਨੇ ਕਰਨਾ ਹੈ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਅਤੇ ਰਾਹੁਲ ਗਾਂਧੀ ਦਾ ਵਫ਼ਾਦਾਰ ਹੈ।

## ਪ੍ਰਸ਼ਾਸਕੀ ਕਾਰਨਾਂ ਕਰ ਕੇ ਕੀਤੇ ਤਬਾਦਲੇ: ਡੀ.ਜੀ.ਪੀ.

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਸ਼ਾ ਤਸਕਰਾਂ ਨਾਲ ਕਥਿਤ ਮਿਲੀਭੁਗਤ ਦੇ ਮੱਦੇਨਜ਼ਰ ਹੇਠਲੇ ਰੈਂਕ ਦੇ ਕਰੀਬ ਦਸ ਹਜ਼ਾਰ ਪੁਲਿਸ ਅਧਿਕਾਰੀਆਂ ਦੇ ਤਬਾਦਲਿਆਂ ਦੇ ਕੀਤੇ ਐਲਾਨ ਤੋਂ ਇਕ ਦਿਨ ਮਗਰੋਂ ਪੰਜਾਬ ਪੁਲਿਸ ਦੇ ਮੁਖੀ ਗੌਰਵ ਯਾਦਵ ਨੇ ਆਪਣੇ ਅਮਲੇ ਦਾ ਜ਼ੋਰਦਾਰ ਬਚਾਅ ਕਰਦਿਆਂ ਕਿਹਾ ਕਿ ਇਹ ਫੇਰਬਦਲ ਪ੍ਰਸ਼ਾਸਕੀ ਕਾਰਨਾਂ ਕਰਕੇ ਕੀਤੇ ਗਏ ਸਨ। ਡੀ.ਜੀ.ਪੀ. ਨੇ ਜ਼ੋਰ ਦੇ ਕੇ ਕਿਹਾ, "ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਬਦਲੇ ਗਏ ਪੁਲਿਸ ਮੁਲਾਜ਼ਮਾਂ ਵਿਚੋਂ ਕੋਈ ਵੀ ਨਸ਼ਾ ਤਸਕਰੀ ਨਾਲ ਜੁੜੇ ਕੇਸਾਂ ਵਿਚ ਸ਼ਾਮਲ ਨਹੀਂ ਹੈ। ਇਹ ਤਬਾਦਲੇ ਸਰਕਾਰ ਦੀ 2020 ਵਿਚ ਬਣਾਈ ਨੀਤੀ ਦਾ ਹਿੱਸਾ ਸਨ।

## ਰਾਜਾ ਵੜਿੰਗ ਨੂੰ ਤਬਾਦਲਿਆਂ 'ਤੇ ਇਤਰਾਜ਼ ਕਿਉਂ: ਕੰਗ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪੰਜਾਬ ਪੁਲਿਸ ਵਿਭਾਗ ਵਿਚ ਤਬਾਦਲਿਆਂ ਨੂੰ ਲੈ ਕੇ ਉਠਾਏ ਇਤਰਾਜ਼ਾਂ 'ਤੇ ਸਵਾਲ ਚੁੱਕੇ ਹਨ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਪੁਲਿਸ ਵਿਚ ਤਬਾਦਲੇ ਰੁਟੀਨ ਪ੍ਰਕਿਰਿਆ ਤਹਿਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਰਾਜਾ ਵੜਿੰਗ ਦੀ ਬੇਚੈਨੀ ਦੱਸਦੀ ਹੈ ਕਿ ਇਨ੍ਹਾਂ ਤਬਾਦਲਿਆਂ ਕਾਰਨ ਉਨ੍ਹਾਂ ਦੇ ਨਿੱਜੀ ਹਿੱਤ ਦਾਅ 'ਤੇ ਲੱਗੇ ਹਨ। ਉਨ੍ਹਾਂ ਕਿਹਾ ਕਿ ਕੁਝ ਪੁਲਿਸ ਮੁਲਾਜ਼ਮ ਡਰੱਗ ਮਾਫੀਆ ਦਾ ਹਿੱਸਾ ਹਨ, ਜਿਸ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਤਬਾਦਲੇ ਕਰਨ ਦਾ ਫ਼ੈਸਲਾ ਕੀਤਾ ਹੈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 29 ਜੂਨ, 2024

# ਸੁਖਬੀਰ ਦਾ ਸੰਕਟ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਖਿਲਾਫ ਲਾਵਾ ਆਖਿਰਕਾਰ ਫੁੱਟ ਪਿਆ ਹੈ। ਉਸ ਦੀ ਕਾਰਜ ਸ਼ੈਲੀ ਅਤੇ ਕਾਰਗੁਜ਼ਾਰੀ ਖਿਲਾਫ ਰੋਹ ਅਤੇ ਰੋਸ ਪਹਿਲਾਂ ਕਈ ਵਾਰ ਸਾਹਮਣੇ ਆਇਆ ਪਰ ਉਦੋਂ ਪ੍ਰਕਾਸ਼ ਸਿੰਘ ਬਾਦਲ ਹਰ ਮਸਲੇ ਨੂੰ ਆਪਣੇ ਹਿਸਾਬ ਨਾਲ ਨਜਿੱਠ ਲੈਂਦੇ ਸਨ। ਪਿਛਲੇ ਲੰਮੇ ਸਮੇਂ ਤੋਂ ਅਕਾਲੀ ਦਲ ਦੀ ਬਹੁਤ ਮਾੜੀ ਕਾਰਗੁਜ਼ਾਰੀ ਕਾਰਨ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਖਿਲਾਫ ਸਵਾਲ ਖੜ੍ਹੇ ਹੁੰਦੇ ਰਹੇ ਹਨ। ਕੁਝ ਸੀਨੀਅਰ ਲੀਡਰਾਂ ਨੇ ਬਗਾਵਤ ਵੀ ਕੀਤੀ ਪਰ ਪਾਰਟੀ ਅੰਦਰ ਬਾਦਲ ਪਰਿਵਾਰ ਦਾ ਮੁਕੰਮਲ ਕੰਟਰੋਲ ਹੋਣ ਕਾਰਨ ਹਰ ਵਾਰ ਮਸਲਾ ਪਿੱਛੇ ਪੈਂਦਾ ਰਿਹਾ। ਅਕਾਲੀ ਦਲ ਪਿਛਲੀਆਂ ਪੰਜ ਚੋਣਾਂ ਵਿਚ ਬੁਰੀ ਤਰ੍ਹਾਂ ਪਛੜਦਾ ਰਿਹਾ ਹੈ। ਇਨ੍ਹਾਂ ਵਿਚ 2014, 2019 ਤੇ 2024 ਵਾਲੀਆਂ ਲੋਕ ਸਭਾ ਚੋਣਾਂ ਅਤੇ 2017 ਤੇ 2022 ਵਾਲੀਆਂ ਵਿਧਾਨ ਸਭਾ ਚੋਣਾਂ ਸ਼ਾਮਿਲ ਹਨ। ਇਨ੍ਹਾਂ ਚੋਣਾਂ ਵਿਚ ਹਾਰ ਤੋਂ ਬਾਅਦ ਹਰ ਵਾਰ ਸੁਖਬੀਰ ਖਿਲਾਫ ਰੋਸ ਭੜਕਿਆ ਪਰ ਹਰ ਵਾਰ ਉਸ ਦੀ ਕੁਰਸੀ ਬਚਦੀ ਰਹੀ ਪਰ ਐਤਕੀਂ ਲੋਕ ਸਭਾ ਚੋਣਾਂ ਵਿਚ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖਾਲਸਾ ਵਰਗੇ ਉਮੀਦਵਾਰਾਂ ਦੀ ਚੜ੍ਹਤ ਨੇ ਬਲਦੀ 'ਤੇ ਤੇਲ ਪਾ ਦਿੱਤਾ ਹੈ। ਸਿਆਸੀ ਮਾਹਿਰ ਵੀ ਸਾਫ ਆਖ ਰਹੇ ਹਨ ਕਿ ਹੁਣ ਅਕਾਲੀ ਦਲ ਦੀ ਥਾਂ ਲੈਣ ਲਈ ਵੱਖ-ਵੱਖ ਧਿਰਾਂ ਪਰ ਤੋਲ ਰਹੀਆਂ ਹਨ। ਅੱਜ ਤੱਕ ਸੁਖਬੀਰ ਦੇ ਹੱਕ ਵਿਚ ਇਹ ਗੱਲ ਜਾਂਦੀ ਰਹੀ ਕਿ ਪਾਰਟੀ ਦਾ ਜਥੇਬੰਦਕ ਤਾਣਾ-ਬਾਣਾ ਕੁੱਲ ਮਿਲਾ ਕੇ ਉਸ ਦੇ ਨਾਲ ਹੀ ਰਿਹਾ ਪਰ ਐਤਕੀਂ ਬਗਾਵਤ ਕਰਨ ਵਾਲੇ ਲੀਡਰਾਂ ਦਾ ਪਲੜਾ ਇਸ ਕਰ ਕੇ ਭਾਰੀ ਜਾਪਦਾ ਹੈ ਕਿਉਂਕਿ ਇਸ ਵਾਰ ਸੀਨੀਅਰ ਲੀਡਰ ਖੁੱਲ੍ਹ ਕੇ ਸਾਹਮਣੇ ਆਏ ਹਨ। ਉਂਞ ਵੀ 2022 ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਪਾਰਟੀ ਦੀ ਕਾਰਗੁਜ਼ਾਰੀ ਦੀ ਪੁਣ-ਛਾਣ ਲਈ ਅਕਾਲੀ ਲੀਡਰ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਵਿਚ ਜਿਹੜੀ ਕਮੇਟੀ ਬਣਾਈ ਗਈ ਸੀ, ਉਸ ਦੀ ਰਿਪੋਰਟ ਬਾਰੇ ਕਿਹਾ ਜਾ ਰਿਹਾ ਹੈ ਕਿ ਇਸ ਵਿਚ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਤੋਂ ਲਾਂਭੇ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ। ਪਾਰਟੀ ਨੇ ਇਹ ਰਿਪੋਰਟ ਅਜੇ ਤੱਕ ਨਸ਼ਰ ਨਹੀਂ ਕੀਤੀ।

ਅਸਲ ਵਿਚ ਜਦੋਂ ਤੋਂ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲਾਂ ਅਕਾਲੀ ਦਲ ਅਤੇ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਕਬਜ਼ਾ ਕੀਤਾ, ਦਲ ਤੇ ਕਮੇਟੀ ਦਾ ਨਿਘਾਰ ਸ਼ੁਰੂ ਹੋ ਗਿਆ। ਇਹ ਉਹ ਸਮਾਂ ਸੀ ਜਦੋਂ ਸੀਨੀਅਰ ਬਾਦਲ ਨੇ ਪੰਥ ਜਾਂ ਪੰਜਾਬ ਦੀ ਥਾਂ ਪਰਿਵਾਰਕ ਹਿਤਾਂ ਨੂੰ ਤਰਜੀਹ ਦਿੱਤੀ। ਸਿਆਸਤ ਦੇ ਖੇਤਰ ਵਿਚ ਆਪਣੇ ਨਾਕਾਬਿਲ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਟੀਸੀ ਉਤੇ ਪਹੁੰਚਾਉਣ ਲਈ ਉਨ੍ਹਾਂ ਆਪਣੇ ਬਰਾਬਰ ਦੇ ਅਕਾਲੀ ਆਗੂਆਂ ਦੇ ਪੁੱਤਰਾਂ ਨੂੰ ਵੀ ਸਿਆਸੀ ਪਿੜ ਵਿਚ ਲੈ ਆਂਦਾ। ਅੱਜ ਜਿਹੜਾ ਸੁਖਦੇਵ ਸਿੰਘ ਢੀਂਡਸਾ ਸੁਖਬੀਰ ਦੀ ਲੀਡਰਸ਼ਿਪ ਤੋਂ ਔਖਾ ਹੈ, ਉਹ ਬਾਦਲ ਦਾ ਖਾਸਮ-ਖਾਸ ਹੁੰਦਾ ਸੀ ਅਤੇ ਪਾਰਟੀ ਖਿਲਾਫ ਜਦੋਂ ਵੀ ਕੋਈ ਲੀਡਰ ਬਗਾਵਤ ਕਰਦਾ ਸੀ ਤਾਂ ਉਸ ਨੂੰ ਮਨਾਉਣ ਵਾਲਿਆਂ ਵਿਚ ਉਹੀ ਮੋਹਰੀ ਹੁੰਦਾ ਸੀ। ਅਕਾਲੀ ਦਲ ਅੰਦਰ ਇਕ ਸਮਾਂ ਉਹ ਵੀ ਆਇਆ ਜਦੋਂ ਪਾਰਟੀ ਦੇ ਕਈ ਨੀਤੀ-ਫੈਸਲਿਆਂ ਉਤੇ ਸੀਨੀਅਰ ਬਾਦਲ ਦੀ ਪਤਨੀ ਸੁਰਿੰਦਰ ਕੌਰ ਬਾਦਲ ਦਾ ਪ੍ਰਛਾਵਾਂ ਪੈਣ ਲੱਗ ਪਿਆ ਸੀ। ਇਨ੍ਹਾਂ ਦਿਨਾਂ ਦੌਰਾਨ ਬਾਦਲ ਪਰਿਵਾਰ ਨੇ ਮਨ-ਆਈਆਂ ਕੀਤੀਆਂ ਪਰ ਇਨ੍ਹਾਂ ਮਨਮਾਨੀਆਂ ਖਿਲਾਫ ਬਹੁਤੇ ਲੀਡਰ ਖਾਮੋਸ਼ ਰਹੇ। ਸੀਨੀਅਰ ਬਾਦਲ ਨੇ ਪਹਿਲਾਂ ਸੁਖਬੀਰ ਸਿੰਘ ਬਾਦਲ ਨੂੰ ਉਪ ਮੁੱਖ ਮੰਤਰੀ ਅਤੇ ਫਿਰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਪਰ ਉਦੋਂ ਵੀ ਬਹੁਤੇ ਲੀਡਰਾਂ ਨੂੰ ਕੋਈ ਬਹੁਤਾ ਫਰਕ ਨਹੀਂ ਪਿਆ।

ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਪਛਾੜ 2015 ਤੋਂ ਬਾਅਦ ਪਈ ਜਦੋਂ ਬੇਅਦਬੀ ਦੀਆਂ ਘਟਨਾਵਾਂ ਅਤੇ ਇਨ੍ਹਾਂ ਘਟਨਾਵਾਂ ਨਾਲ ਸਬੰਧਿਤ ਘਟਨਾ-ਕ੍ਰਮ ਸਾਹਮਣੇ ਆਏ। ਉਸ ਵਕਤ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਸੀ ਅਤੇ ਪੁਲਿਸ ਪ੍ਰਸ਼ਾਸਨ ਉਸ ਦੇ ਅਧੀਨ ਸੀ। ਇਸ ਸਮੇਂ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਸਿਆਸਤ ਵਿਚ ਜੋ ਕਾਰਜ ਨਿਭਾਇਆ, ਉਹ ਅੱਜ ਤੱਕ ਪਾਰਟੀ ਦਾ ਪਿੱਛਾ ਕਰ ਰਿਹਾ ਹੈ। ਸੁਖਬੀਰ ਦੀ ਕਾਰਗੁਜ਼ਾਰੀ ਨੇ ਪਾਰਟੀ ਨੂੰ ਅਰਸ਼ ਤੋਂ ਫਰਸ਼ 'ਤੇ ਲੈ ਆਂਦਾ ਪਰ ਉਹ ਅਜੇ ਵੀ ਪਾਰਟੀ ਪ੍ਰਧਾਨ ਬਣੇ ਰਹਿਣ ਲਈ ਅੜਿਆ ਹੋਇਆ ਹੈ। ਹੁਣ ਵੀ ਉਸ ਨੇ ਸਾਥੀ ਲੀਡਰਾਂ ਰਾਹੀਂ ਇਹ ਜਚਾਉਣ ਦਾ ਯਤਨ ਕੀਤਾ ਹੈ ਕਿ ਪਾਰਟੀ ਦੀ ਲੀਡਰਸ਼ਿਪ ਤਾਂ ਉਸ ਦੇ ਨਾਲ ਹੀ ਹੈ। ਦੂਜੇ ਬੰਨੇ ਬਗਾਵਤ ਕਰਨ ਵਾਲੇ ਅਕਾਲੀ ਆਗੂਆਂ ਨੇ ਐਲਾਨ ਕੀਤਾ ਹੈ ਕਿ ਉਹ ਪਹਿਲੀ ਜੁਲਾਈ ਨੂੰ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ 'ਸ਼੍ਰੋਮਣੀ ਅਕਾਲੀ ਦਲ ਬਚਾਓ ਲਹਿਰ' ਚਲਾਉਣਗੇ; ਨਾਲ ਹੀ ਪਿਛਲੇ ਸਮੇਂ ਦੌਰਾਨ ਹੋਈਆਂ ਗ਼ਲਤੀਆਂ ਲਈ ਅਕਾਲ ਤਖ਼ਤ ਵਿਖੇ ਖਿਮਾ ਯਾਚਨਾ ਪੱਤਰ ਦਿੱਤਾ ਜਾਵੇਗਾ। ਕਿਹਾ ਗਿਆ ਹੈ ਕਿ ਵਾਰ-ਵਾਰ ਚੋਣਾਂ ਹਾਰਨ ਕਾਰਨ ਪਾਰਟੀ ਕਾਡਰ ਨੂੰ ਨਿਰਾਸ਼ਾ ਵਿਚੋਂ ਕੱਢਣ ਲਈ ਪਾਰਟੀ ਦੀ ਕਮਾਨ ਅਜਿਹੀ ਸ਼ਖਸੀਅਤ ਦੇ ਹੱਥ ਫੜਾਉਣ ਦਾ ਫ਼ੈਸਲਾ ਕੀਤਾ ਗਿਆ ਜਿਸ ਦੀ ਪੰਥ ਤੇ ਪੰਜਾਬ ਦੇ ਮੁੱਦਿਆਂ 'ਤੇ ਪਕੜ ਹੋਵੇ। ਇਹ ਊਠ ਹੁਣ ਕਿਸ ਕਰਵਟ ਬੈਠਦਾ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਕ ਗੱਲ ਸਪਸ਼ਟ ਹੋ ਗਈ ਹੈ ਕਿ ਅਕਾਲੀ ਦਲ ਅੰਦਰ ਬਾਦਲ ਪਰਿਵਾਰਦੀ ਸਰਦਾਰੀ ਹੁਣ ਟੁੱਟ ਰਹੀ ਹੈ। ਅੱਜ ਨਹੀਂ ਤਾਂ ਕੱਲ੍ਹ, ਪਾਰਟੀ ਇਸ ਪਰਿਵਾਰ ਦੀ ਚੁੰਗਲ ਵਿਚੋਂ ਆਜ਼ਾਦ ਹੋ ਕੇ ਨਵੇਂ ਸਿਰਿਓਂ ਆਪਣੇ ਪੈਰ ਲਾਉਣ ਦੇ ਰਾਹ ਪਵੇਗੀ। ਇਹ ਅਸਲ ਵਿਚ ਅਕਾਲੀ ਅਤੇ ਪੰਥਕ ਸਿਆਸਤ ਵਿਚ ਤਿੱਖੇ ਮੋੜ ਦਾ ਸਮਾਂ ਵੀ ਹੈ। ਸੰਭਵ ਹੈ ਕਿ ਇਸ ਨਾਲ ਪੰਜਾਬ ਦੀ ਸਿਆਸਤ ਵਿਚ ਵੀ ਕੁਝ ਤਬਦੀਲੀ ਦੀ ਸੰਭਾਵਨਾ ਬਣ ਜਾਵੇ ਪਰ ਅਸਲ ਤਬਦੀਲੀ ਉਦੋਂ ਹੀ ਸੰਭਵ ਹੋਵੇਗੀ ਜਦੋਂ ਮੁੱਖ ਧਾਰਾ ਨਾਲੋਂ ਵੱਖਰੀ ਅਤੇ ਬਦਲਵੀਂ ਸਿਆਸਤ ਪੰਜਾਬ ਦੇ ਸਿਆਸੀ ਪਿੜ ਦਾ ਸ਼ਿੰਗਾਰ ਬਣੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਭਰਦਾਨ ਤੋਂ ਅਸਤੀਫਾ!

ਕਰਿਆ 'ਬੱਜਰ ਗੁਨਾਹ' ਹੈ ਸਾਰਿਆਂ ਨੇ ਪੰਥਕ ਫਲਸਫੇ ਵਿਰਸੇ ਨੂੰ ਢਾਹੁਣ ਦਾ ਜੀ।
'ਚਮਚੇ ਕੜਛੀਆਂ' ਬਣ ਬਣ ਕੇ ਰਹੇ ਬੈਠੇ ਸਮਾਂ ਜਦੋਂ ਸੀ 'ਖਰੀਆਂ' ਸੁਣਾਉਣ ਦਾ ਜੀ।
ਬਹੁਤ ਲੇਟ 'ਸੰਘਰਸ਼' ਹਨ ਕਰਨ ਲੱਗੇ ਬਾਦਲ ਨਾਂ ਤੋਂ ਮੁਕਤੀਆਂ ਪਾਉਣ ਦਾ ਜੀ।
ਕਰਕੇ ਮੰਗ 'ਅਸਤੀਫੇ' ਦੀ ਚਾਹੁਣ ਭਾਈ ਕਰੀਏ 'ਕੰਮ' ਹੁਣ ਪੰਥ ਨੂੰ ਭਾਉਣ ਦਾ ਜੀ।
ਦੋਹਾਂ ਧੜਿਆਂ ਦਾ ਮਿਸ਼ਨ ਹੈ ਇੱਕ ਲਗਦਾ 'ਕਾਰਤੂਸ ਚੱਲ ਚੁੱਕੇ' ਚਲਾਉਣ ਦਾ ਜੀ।
ਜਦ ਚਿੜੀਆਂ ਨੇ ਚੁਗ ਲਿਆ ਖੇਤ ਸਾਰਾ ਚੇਤਾ ਆਇਆ ਪ੍ਰਧਾਨ ਨੂੰ ਲਾਹੁਣ ਦਾ ਜੀ।

# ਪ੍ਰੀਖਿਆ ਧਾਂਦਲੀ ਨਾਲ ਸਰਕਾਰ ਦੀ ਭਰੋਸੇਯੋਗਤਾ ਦਾਅ 'ਤੇ

**ਇੱਕ ਤੋਂ ਬਾਅਦ ਇੱਕ ਪ੍ਰੀਖਿਆ ਵਿਚ ਗੜਬੜ ਨਾਲ ਨੈਸ਼ਨਲ ਟੈਸਟਿੰਗ ਏਜੰਸੀ (ਐੱਨ.ਟੀ.ਏ.) ਸਵਾਲਾਂ ਦੇ ਘੇਰੇ ਵਿਚ ਹੈ। ਯੂ.ਜੀ.ਸੀ.-ਨੈੱਟ ਦਾ ਪੇਪਰ ਕਿਸੇ ਸਮੇਂ ਪਾਰਦਰਸ਼ੀ ਮੰਨਿਆ ਜਾਂਦਾ ਸੀ ਤੇ ਇਹ ਪੂਰੀ ਤਰ੍ਹਾਂ ਆਬਜੈਕਟਿਵ ਟਾਈਪ ਵੀ ਨਹੀਂ ਹੁੰਦਾ ਸੀ ਪਰ ਕਰੀਬ ਦਹਾਕਾ ਪਹਿਲਾਂ ਇਹ ਪੇਪਰ ਆਬਜੈਕਟਿਵ ਕੀਤਾ ਗਿਆ। 2018 ਤੋਂ ਕੰਪਿਊਟਰ ਆਧਾਰਿਤ ਫਾਰਮੈਟ 'ਤੇ ਲਿਆ ਜਾ ਰਿਹਾ ਸੀ। ਇਸ ਸਾਲ ਇਸ ਨੇ ਮੁੜ ਪੈੱਨ ਅਤੇ ਪੇਪਰ ਵਾਲੀ ਪ੍ਰੀਖਿਆ ਮੁੜ ਸ਼ੁਰੂ ਕੀਤੀ ਸੀ ਤੇ ਇਸ ਵਿਚ ਹੋਈ ਹੇਰਾਫੇਰੀ ਕਾਰਨ ਇਹ ਰੱਦ ਹੋਈ। ਅਸਲ ਵਿਚ 'ਨੀਟ' ਵਿਚ ਹੋਇਆ ਘੁਟਾਲਾ ਉਸ ਸਵਾਲ ਦੀ ਪ੍ਰਤੱਖ ਉਦਾਹਰਨ ਹੈ ਕਿ ਮੁਲਕ ਦੇ ਸਿਹਤ ਢਾਂਚੇ ਵਿਚ ਕਿਸ ਕਦਰ ਨਿਘਾਰ ਪੈਦਾ ਹੋਇਆ ਹੈ।**

ਭਾਰਤ ਵਿਚ ਡਾਕਟਰ ਅਤੇ ਪ੍ਰੋਫੈਸਰ ਦੇ ਅਹੁਦੇ ਨੂੰ ਬਹੁਤ ਸਤਿਕਾਰ ਨਾਲ ਦੇਖਿਆ ਜਾਂਦਾ ਹੈ; ਇਹ ਦੋਵੇਂ ਸਮਾਜ ਦੇ ਵਿਕਾਸ ਵਿਚ ਅਹਿਮ ਭੂਮਿਕਾ ਅਦਾ ਕਰਦੇ ਹਨ ਪਰ ਪਿਛਲੇ ਦਿਨੀਂ ਇਹਨਾਂ ਦੋਵਾਂ ਅਹੁਦਿਆਂ ਨਾਲ ਸਿੱਧੇ ਤੌਰ 'ਤੇ ਸਬੰਧਿਤ ਪ੍ਰੀਖਿਆਵਾਂ 'ਨੀਟ' ਅਤੇ 'ਨੈੱਟ' ਵਿਚ ਸਾਹਮਣੇ ਆਈ ਧਾਂਦਲੀ ਨੇ ਜਿੱਥੇ ਸਰਕਾਰ ਦੀ ਭਰੋਸੇਯੋਗਤਾ ਉਪਰ ਸਵਾਲ ਖੜ੍ਹੇ ਕੀਤੇ ਹਨ, ਉੱਥੇ ਪ੍ਰੀਖਿਆਵਾਂ ਦਾ ਸਾਹਮਣਾ ਕਰ ਰਹੇ



ਵਿਦਿਆਰਥੀਆਂ ਨੂੰ ਗੰਭੀਰ ਮਾਨਸਿਕ ਸੱਟ ਮਾਰੀ ਹੈ। ਬਹੁਤ ਸਾਰੇ ਵਿਦਿਆਰਥੀ ਮਿਹਨਤ ਨਾਲ ਦਾਖਲਾ ਪ੍ਰੀਖਿਆਵਾਂ ਦੀ ਤਿਆਰੀ ਕਰਦੇ ਹਨ। ਪ੍ਰੀਖਿਆ ਵਿਚ ਹੋਣ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਵਾਲੇ ਭ੍ਰਿਸ਼ਟਾਚਾਰ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਮਾਨਸਿਕ ਤੌਰ 'ਤੇ ਅਜਿਹੀ ਪ੍ਰੇਸ਼ਾਨੀ ਵੱਲ ਧੱਕਦੇ ਹਨ ਕਿ ਕਈ ਵਾਰ ਉਹਨਾਂ ਦਾ ਮੁੜ ਖੜ੍ਹੇ ਹੋਣਾ ਔਖਾ ਹੋ ਜਾਂਦਾ ਹੈ। 18 ਜੂਨ ਨੂੰ ਦੇਸ਼ ਭਰ ਦੇ 1205 ਪ੍ਰੀਖਿਆ ਕੇਂਦਰਾਂ ਵਿਚ ਹੋਈ ਯੂ.ਜੀ.ਸੀ.-ਨੈੱਟ (ਪ੍ਰੀਖਿਆ) ਵਿਚ ਲੱਗਭੱਗ 11 ਲੱਖ ਪ੍ਰੀਖਿਆਰਥੀਆਂ ਨੇ ਭਾਗ ਲਿਆ ਸੀ ਤੇ 19 ਜੂਨ ਨੂੰ ਇਹ ਪ੍ਰੀਖਿਆ ਰੱਦ ਕਰਨ ਦਾ ਐਲਾਨ ਕਰ ਦਿੱਤਾ ਗਿਆ। ਯੂ.ਜੀ.ਸੀ.-ਨੈੱਟ ਉਚੇਰੀ ਸਿੱਖਿਆ ਦੀ ਸਭ ਤੋਂ ਅਹਿਮ ਪ੍ਰੀਖਿਆ ਮੰਨੀ ਜਾਂਦੀ ਹੈ। ਇਹ ਕਾਲਜਾਂ ਅਤੇ ਯੂਨੀਵਰਸਿਟੀ ਅਧਿਆਪਕਾਂ ਦੀ ਯੋਗਤਾ ਪ੍ਰੀਖਿਆ ਹੈ; ਭਾਵ, ਇਸ ਪ੍ਰੀਖਿਆ ਨੂੰ ਪਾਸ ਕਰਨ ਵਾਲਾ ਪ੍ਰੀਖਿਆਰਥੀ ਕਾਲਜਾਂ, ਯੂਨੀਵਰਸਿਟੀ 'ਚ ਸਹਾਇਕ ਪ੍ਰੋਫੈਸਰ ਲੱਗ ਸਕਦਾ ਹੈ। ਦੂਜਾ ਇਸ ਪ੍ਰੀਖਿਆ ਰਾਹੀਂ ਯੂ.ਜੀ.ਸੀ. ਵੱਲੋਂ ਜੂਨੀਅਰ ਰਿਸਰਚ ਸਕਾਲਰਸ਼ਿਪ (ਜੇ.ਆਰ.ਐਫ.) ਵਜੋਂ ਪੀਐੱਚ.ਡੀ. ਲਈ ਵਜ਼ੀਫਾ ਦਿੱਤਾ ਜਾਂਦਾ ਹੈ। ਤੀਸਰਾ ਇਸ ਪ੍ਰੀਖਿਆ ਨੂੰ ਦੇਸ਼ ਦੀਆਂ ਕਈ ਯੂਨੀਵਰਸਿਟੀਆਂ ਵਿਚ ਪੀਐੱਚ.ਡੀ. ਦਾਖਲੇ ਦੀ ਯੋਗਤਾ ਪ੍ਰੀਖਿਆ ਵਜੋਂ ਵੀ ਵਰਤਿਆ ਜਾਂਦਾ ਹੈ। ਹੁਣ ਇਸ ਤਰ੍ਹਾਂ ਦੇ ਉੱਚ ਅਦਾਰਿਆਂ ਵਿਚ ਅਹੁਦਿਆਂ ਲਈ ਹੋਣ ਵਾਲੀ ਪ੍ਰੀਖਿਆ ਵਿਚ ਧਾਂਦਲੀ ਦਾ ਮਤਲਬ ਹੈ ਕਿ ਦੇਸ਼ ਦੇ ਯੋਗ ਵਿਦਿਆਰਥੀਆਂ ਦੀ ਜਗ੍ਹਾ ਅਯੋਗ ਵਿਦਿਆਰਥੀਆਂ ਨੂੰ ਅਹਿਮ ਜਗ੍ਹਾ ਫਿੱਟ ਕਰਨਾ ਅਤੇ ਉਹਨਾਂ ਹੱਥ ਸਭ ਕੁੱਝ ਸੌਂਪ ਦੇਣਾ ਹੈ।

5 ਮਈ ਨੂੰ ਦੇਸ਼ ਦੇ 4750 ਪ੍ਰੀਖਿਆ ਕੇਂਦਰਾਂ ਵਿਚ ਹੋਈ ਨੀਟ-ਯੂ.ਜੀ. ਪ੍ਰੀਖਿਆ ਵਿਚ ਲੱਗਭੱਗ 24 ਲੱਖ ਪ੍ਰੀਖਿਆਰਥੀ ਬੈਠੇ ਸਨ। ਅੰਡਰਗ੍ਰੈਜੂਏਟ ਮੈਡੀਕਲ ਕੋਰਸਾਂ ਲਈ ਇਹ ਕੌਮੀ ਯੋਗਤਾ ਕਮ ਦਾਖ਼ਲਾ ਪ੍ਰੀਖਿਆ (ਨੀਟ-ਯੂ.ਜੀ.) ਮੈਡੀਕਲ ਕਾਲਜਾਂ ਵਿਚ ਦਾਖਲਿਆਂ ਲਈ ਲਿਆ ਜਾਣਾ ਵਾਲਾ ਅਹਿਮ ਪੇਪਰ ਹੈ। ਇਸ ਪੇਪਰ ਨੂੰ ਵਿਚ ਧਾਂਦਲੀ ਦਾ ਮਤਲਬ ਹੈ, ਅਯੋਗ ਵਿਦਿਆਰਥੀਆਂ ਲਈ ਡਾਕਟਰ ਬਣਾਉਣ ਦਾ ਰਾਹ ਖੋਲ੍ਹਣਾ ਹੈ। ਇਸ ਪ੍ਰੀਖਿਆ ਵਿਚ ਹੋਈ ਨੰਗੀ ਚਿੱਟੀ ਧਾਂਦਲੀ ਸਾਹਮਣੇ ਆਉਣ ਤੋਂ ਬਾਅਦ ਵੀ ਅਜੇ ਤੱਕ ਇਹ ਪ੍ਰੀਖਿਆ ਰੱਦ ਨਹੀਂ ਕੀਤੀ ਗਈ ਬਲਕਿ ਸੁਪਰੀਮ ਕੋਰਟ ਦੇ ਹੁਕਮਾਂ ਮਗਰੋਂ ਸਿਰਫ ਗਰੇਸ ਅੰਕ ਹਾਸਲ ਕਰਨ ਵਾਲੇ 1563 ਉਮੀਦਵਾਰਾਂ ਦੀ ਮੁੜ ਪ੍ਰੀਖਿਆ ਲੈ ਲਈ ਗਈ ਹੈ ਜਿਸ ਪ੍ਰੀਖਿਆ ਵਿਚ 813 ਵਿਦਿਆਰਥੀਆਂ ਨੇ ਮੁੜ ਤੋਂ ਪ੍ਰੀਖਿਆ ਦੇ ਦਿੱਤੀ ਹੈ। ਪ੍ਰੀਖਿਆ 'ਚ ਗੜਬੜੀਆਂ ਖਿਲਾਫ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਵੱਲੋਂ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੂੰ ਮਾਮਲੇ ਦੀ ਜਾਂਚ ਸੀ.ਬੀ.ਆਈ. ਹਵਾਲੇ ਕਰਨੀ ਪਈ ਹੈ। ਕੁਝ ਵਿਦਿਆਰਥੀਆਂ ਵੱਲੋਂ ਸੁਪਰੀਮ ਕੋਰਟ ਵਿਚ ਤੱਥ ਪੇਸ਼ ਕਰਨ ਤੋਂ ਬਾਅਦ ਵੀ ਕੇਂਦਰ ਸਰਕਾਰ ਦੀ ਸਿਰਦਰਦੀ ਬਣੀ ਕਿ ਉਹ ਮਾਮਲਾ ਸੀ.ਬੀ.ਆਈ. ਹਵਾਲੇ ਕਰੇ।

ਵੈਸੇ ਤਾਂ ਸਾਡੇ ਦੇਸ਼ ਵਿਚ ਕਿਸੇ ਪ੍ਰੀਖਿਆ ਦੌਰਾਨ ਘਪਲੇ ਦਾ ਇਹ ਪਹਿਲਾ ਮਾਮਲਾ ਨਹੀਂ ਹੈ




ਬਲਕਿ ਇਸ ਤੋਂ ਪਹਿਲਾਂ ਵੀ ਅਨੇਕਾਂ ਵਾਰ ਪ੍ਰੀਖਿਆਵਾਂ ਵਿਚ ਧਾਂਦਲੀਆਂ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ ਪਰ ਇਸ ਵਾਰ 'ਨੀਟ' ਵਿਚ ਕੀਤੀ ਨੰਗੀ ਚਿੱਟੀ ਧਾਂਦਲੀ ਉਦੋਂ ਸਾਹਮਣੇ ਆਈ ਜਦ 67 ਵਿਦਿਆਰਥੀਆਂ ਨੂੰ 720 'ਚੋਂ 720 ਅੰਕ ਮਿਲੇ, ਇਤਿਹਾਸ 'ਚ ਇਹ ਪਹਿਲੀ ਵਾਰ ਹੋਇਆ ਸੀ ਕਿ ਮੈਡੀਕਲ ਕਾਲਜਾਂ ਵਿਚ ਦਾਖਲੇ ਦੀ ਪ੍ਰੀਖਿਆ ਵਿਚੋਂ ਇਸ ਤਰ੍ਹਾਂ ਨੰਬਰ ਆਏ ਹੋਣ। ਕੁਝ ਪੀੜਤ ਵਿਦਿਆਰਥੀ ਜਦ ਮਾਮਲੇ ਦੀ ਤਹਿ ਤੱਕ ਗਏ ਤਾਂ ਪਤਾ ਲੱਗਾ ਕਿ ਇਨ੍ਹਾਂ 10 ਵਿਚੋਂ 6 ਵਿਦਿਆਰਥੀ ਹਰਿਆਣਾ ਦੇ ਇੱਕੋ ਸੈਂਟਰ ਤੋਂ ਹਨ।

ਦੇਸ਼ ਦੀ ਮੁੱਖ ਧਾਰਾ ਦੇ ਰਾਜਨੀਤਕ ਲੀਡਰਾਂ ਉੱਪਰ ਬਹੁਤ ਵਾਰ ਇਹ ਸਵਾਲ ਉੱਠਦਾ ਹੈ ਕਿ ਉਹ ਆਪਣਾ ਇਲਾਜ ਕਰਵਾਉਣ ਦੇਸ਼ ਵਿਚਲੇ ਹਸਪਤਾਲਾਂ ਦੀ ਬਜਾਇ ਵਿਦੇਸ਼ ਵਿਚ ਕਿਉਂ ਚਲੇ ਜਾਂਦੇ ਹਨ? ਅਸਲ ਵਿਚ 'ਨੀਟ' ਵਿਚ ਹੋਇਆ ਘੁਟਾਲਾ ਉਸ ਸਵਾਲ ਦੀ ਪ੍ਰਤੱਖ ਉਦਹਾਰਨ ਹੈ ਕਿ ਸਾਡੇ ਦੇਸ਼ ਦੇ ਸਿਹਤ ਢਾਂਚੇ ਵਿਚ ਕਿਸ ਕਦਰ ਨਿਘਾਰ ਪੈਦਾ ਹੋਇਆ ਹੈ।

ਇੱਕ ਤੋਂ ਬਾਅਦ ਇੱਕ ਲਗਾਤਾਰ ਦੋ ਪ੍ਰੀਖਿਆਵਾਂ ਵਿਚ ਇਹੋ ਜਿਹੀ ਗੜਬੜ ਕਰ ਕੇ ਨੈਸ਼ਨਲ ਟੈਸਟਿੰਗ ਏਜੰਸੀ (ਐੱਨ.ਟੀ.ਏ.) ਸਵਾਲਾਂ ਦੇ ਘੇਰੇ ਵਿਚ ਆ ਗਈ ਹੈ। ਯੂ.ਜੀ.ਸੀ.-ਨੈੱਟ ਦਾ ਪੇਪਰ ਕਿਸੇ ਸਮੇਂ ਪਾਰਦਰਸ਼ੀ ਮੰਨਿਆ ਜਾਂਦਾ ਸੀ ਤੇ ਇਹ ਪੂਰੀ ਤਰ੍ਹਾਂ ਆਬਜੈਕਟਿਵ ਟਾਈਪ ਵੀ ਨਹੀਂ ਹੁੰਦਾ ਸੀ ਪਰ ਕਰੀਬ ਦਹਾਕਾ ਪਹਿਲਾਂ ਇਹ ਪੇਪਰ ਆਬਜੈਕਟਿਵ ਕੀਤਾ ਗਿਆ। 2018 ਤੋਂ ਕੰਪਿਊਟਰ ਆਧਾਰਿਤ ਫਾਰਮੈਟ 'ਤੇ ਲਿਆ ਜਾ ਰਿਹਾ ਸੀ। ਇਸ ਸਾਲ ਇਸ ਨੇ ਮੁੜ ਪੈੱਨ ਅਤੇ ਪੇਪਰ ਵਾਲੀ ਪ੍ਰੀਖਿਆ ਮੁੜ ਸ਼ੁਰੂ ਕੀਤੀ ਸੀ ਤੇ ਇਸ ਵਿਚ ਹੋਈ ਹੇਰਾਫੇਰੀ ਕਾਰਨ ਇਹ ਰੱਦ ਹੋਈ।

ਉਂਞ ਤਾਂ ਭਾਰਤ ਦੀ ਸਮੁੱਚੀ ਸਿੱਖਿਆ ਪ੍ਰਣਾਲੀ ਹੀ ਅੰਗਰੇਜ਼ ਹਕੂਮਤ ਦੇ ਲਾਰਡ ਮੈਕਾਲੇ ਵਰਗੇ ਅਫਸਰਾਂ ਦੀ ਦੇਣ ਹੈ, ਇਸ ਸਿੱਖਿਆ ਪ੍ਰਣਾਲੀ ਦੀ ਬੁਨਿਆਦ ਹੀ 'ਕਲਰਕ' ਪੈਦਾ ਕਰਨ ਤੱਕ ਸੀਮਤ ਰੱਖਣ ਵਾਲੀ ਹੈ ਤੇ ਇਸ ਦੀ ਦਾਖਲਾ ਪ੍ਰੀਖਿਆਵਾਂ ਜਾਂ ਯੋਗਤਾ ਪ੍ਰੀਖਿਆਵਾਂ ਕਿਸੇ ਵਿਦਿਆਰਥੀ ਦੀ ਲਿਆਕਤ ਦਾ ਸਹੀ ਮੁਲਾਂਕਣ ਕਰਨ ਤੋਂ ਕੋਹਾਂ ਦੂਰ ਹਨ। ਜ਼ਿਆਦਾਤਰ ਪੇਪਰ ਆਬਜੈਕਟਿਵ ਟਾਈਪ ਲਏ ਜਾਂਦੇ ਹਨ ਜੋ ਵਿਦਿਆਰਥੀਆਂ ਨੂੰ ਡੂੰਘਾਈ ਨਾਲ ਪੜ੍ਹਨ ਦੀ ਥਾਂ ਰੱਟੇ ਲਾਉਣ ਦੇ ਰਾਹ ਤੋਰਦੇ ਹਨ ਤੇ ਇਸ ਤਰ੍ਹਾਂ ਦੇ ਪੇਪਰਾਂ ਵਿਚ ਨਕਲ ਮਾਰਨ ਜਾਂ ਪੇਪਰ ਤੋਂ ਇਕ ਦਿਨ ਪਹਿਲਾਂ ਪ੍ਰਸ਼ਨ ਪੱਤਰ ਖਰੀਦਣ ਦਾ ਰਾਹ ਖੁੱਲ੍ਹਦਾ ਹੈ। ਦੇਸ਼ ਅੰਦਰ ਪ੍ਰੀਖਿਆ ਪ੍ਰਣਾਲੀਆਂ ਦੀ ਕਾਇਆਕਲਪ ਅਤੇ ਇਸ ਦੇ ਤੌਰ ਤਰੀਕਿਆਂ ਬਾਬਤ ਵੱਡੇ ਪੱਧਰ 'ਤੇ ਤਬਦੀਲੀ ਦੀ ਲੋੜ ਹੈ ਫਿਰ ਵੀ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜੋ ਪੇਪਰ ਲਿਆ ਜਾਂਦਾ ਹੈ, ਉਸ ਵਿਚ ਹਰ ਪੱਖੋਂ ਇਮਾਨਦਾਰੀ ਹੋਣਾ ਜ਼ਰੂਰੀ ਹੋਵੇ।

ਪ੍ਰੀਖਿਆ ਵਿਚ ਹੋਣ ਵਾਲੀਆਂ ਧਾਂਦਲੀਆਂ ਦੀ ਜੜ੍ਹ ਪ੍ਰੀਖਿਆ ਦੀ ਬੁਨਿਆਦ ਵਿਚ ਹੀ ਪਈ ਹੈ। ਆਬਜੈਕਟਿਵ ਟਾਈਪ ਪੇਪਰ ਹੋਣ ਕਾਰਨ ਵਿਦਿਆਰਥੀ ਨੇ ਪ੍ਰਸ਼ਨ ਹੇਠ ਦਿੱਤੀਆਂ ਕੁਝ ਆਪਸ਼ਨਾਂ ਵਿਚੋਂ ਸਹੀ ਆਪਸ਼ਨ ਉੱਪਰ ਟਿੱਕ ਲਾਉਣਾ ਹੁੰਦਾ ਹੈ। ਪੇਪਰ ਲੀਕ ਕਰਨ ਵਾਲਾ ਮਾਫੀਆ ਪ੍ਰੀਖਿਆ ਤੋਂ ਇਕ-ਦੋ ਦਿਨ ਪਹਿਲਾਂ ਪੇਪਰ ਹਾਸਲ ਕਰ ਲੈਂਦਾ ਹੈ ਤੇ ਵਿਦਿਆਰਥੀਆਂ ਤੋਂ ਲੱਖਾਂ ਰੁਪਏ ਲੈ ਕੇ ਉਸ ਨੂੰ ਇਕ ਦਿਨ ਪਹਿਲਾਂ 'ਵਿਸ਼ੇਸ਼ ਜਗ੍ਹਾ' ਬੁਲਾ ਕੇ ਉੱਤਰਾਂ ਰੱਟੇ ਲਵਾ ਦਿੰਦੇ ਹਨ।

ਪ੍ਰਧਾਨ ਨਰਿੰਦਰ ਮੋਦੀ ਆਪਣੇ ਪਸੰਦੀਦਾ ਪ੍ਰੋਗਰਾਮ 'ਮਨ ਕੀ ਬਾਤ' ਵਿਚ ਪ੍ਰੀਖਿਆ ਬਾਰੇ ਚਰਚਾ ਕਰਦੇ ਰਹੇ ਹਨ। ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਨੂੰ ਧੱਕੇ ਨਾਲ ਬਿਠਾ ਕੇ ਮੋਦੀ ਇਮਾਨਦਾਰੀ ਨਾਲ ਪੇਪਰਾਂ ਦੀ ਤਿਆਰੀ ਕਰਨ ਦਾ ਸੁਝਾਅ ਦਿੰਦੇ ਰਹੇ ਹਨ ਪਰ ਹੁਣ ਉਹੀ ਵਿਦਿਆਰਥੀ ਕਿਤੇ ਨਾ ਕਿਤੇ ਸਵਾਲ ਜ਼ਰੂਰ ਕਰ ਰਹੇ ਹੋਣਗੇ ਕਿ ਉਨ੍ਹਾਂ ਦੀ ਇਮਾਨਦਾਰੀ ਦਾ ਸਰਕਾਰ ਨੇ ਕੀ ਮੁੱਲ ਪਾਇਆ ਹੈ? ਭਾਜਪਾ ਦੇ ਚੋਣ ਮੈਨੀਫੈਸਟੋ ਵਿਚ ਵੀ 'ਮੋਦੀ ਦੀਆਂ ਗਾਰੰਟੀਆਂ' ਵਿਚੋਂ ਇੱਕ ਗਾਰੰਟੀ ਇਹ ਸੀ ਕਿ 'ਸਰਕਾਰੀ ਭਰਤੀ ਪ੍ਰੀਖਿਆਵਾਂ ਵਿਚ ਬੇਨਿਯਮੀਆਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਇਆ ਹੈ। ਹੁਣ ਅਸੀਂ ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਾਂਗੇ ਅਤੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦੇਵਾਂਗੇ, ਪਰ ਅਜੇ ਵੋਟਾਂ ਦੌਰਾਨ ਲਗਾਏ ਇਸ ਗਾਰੰਟੀ ਵਾਲੇ ਪੋਸਟਰਾਂ ਤੋਂ ਸਿਆਹੀ ਵੀ ਸੁੱਕੀ ਸੀ ਕਿ ਇਹਨਾਂ ਦੋ ਅਹਿਮ ਪ੍ਰੀਖਿਆਵਾਂ ਦੇ ਘੁਟਾਲਿਆਂ ਨੇ ਸਰਕਾਰ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।

ਪਿਛਲੇ ਪੰਜ ਸਾਲਾਂ ਦਰਮਿਆਨ 15 ਰਾਜਾਂ ਵਿਚ 41 ਭਰਤੀ ਪ੍ਰੀਖਿਆਵਾਂ ਪੇਪਰ ਲੀਕ ਹੋਣ ਕਾਰਨ ਰੱਦ ਕਰ ਦਿੱਤੀਆਂ ਗਈਆਂ ਹਨ। ਇਹਨਾਂ ਪ੍ਰੀਖਿਆਵਾਂ ਵਿਚ 1.4 ਕਰੋੜ ਦੇ ਕਰੀਬ ਉਮੀਦਵਾਰ ਬੈਠੇ ਸਨ। ਪੰਜਾਬ ਵਿਚ ਵੀ ਅਨੇਕਾਂ ਵਾਰ ਪੇਪਰਾਂ ਵਿਚ ਘੁਟਾਲੇ ਸਾਹਮਣੇ ਆਏ ਹਨ। ਪੰਜਾਬ ਵਿਚ ਟੀ.ਈ.ਟੀ. ਪੇਪਰਾਂ ਵਿਚ ਪਿਛਲੇ ਸਮੇਂ ਹੋਏ ਘੁਟਾਲੇ ਕਿਸੇ ਤੋਂ ਲੁਕੇ ਨਹੀਂ ਹਨ। ਗੁਜਰਾਤ ਸਰਕਾਰ ਨੇ ਫਰਵਰੀ 2023 ਵਿਚ ਸਰਕਾਰੀ ਭਰਤੀ ਪ੍ਰੀਖਿਆਵਾਂ ਦੇ ਲੀਕ ਹੁੰਦੇ ਪੇਪਰ ਰੋਕਣ ਲਈ ਇੱਕ ਬਿੱਲ ਪਾਸ ਕੀਤਾ ਸੀ। ਇਹ ਬਿਲ ਪੇਸ਼ ਕਰਦੇ ਹੋਏ ਸੂਬੇ ਦੇ ਗ੍ਰਹਿ ਰਾਜ ਮੰਤਰੀ ਨੇ ਮੰਨਿਆ ਸੀ ਕਿ ਗੁਜਰਾਤ 'ਚ ਪਿਛਲੇ 11 ਸਾਲਾਂ 'ਚ ਪੇਪਰ ਲੀਕ ਹੋਣ ਦੇ 11 ਮਾਮਲੇ ਸਾਹਮਣੇ ਆਏ ਹਨ। ਉੱਤਰ ਪ੍ਰਦੇਸ਼ ਵਿਚ ਪੁਲਿਸ ਕਾਂਸਟੇਬਲ ਭਰਤੀ ਪ੍ਰੀਖਿਆ ਫਰਵਰੀ ਵਿਚ ਉਸ ਵੇਲੇ ਰੱਦ ਕਰਨੀ ਪਈ ਸੀ ਜਦ ਪ੍ਰੀਖਿਆ ਹੋਣ ਤੋਂ ਕੁਝ ਦਿਨਾਂ ਬਾਅਦ ਪੇਪਰ ਲੀਕ ਹੋਣ ਦੀ ਪੁਸ਼ਟੀ ਹੋਈ ਸੀ।

ਪੰਜਾਬ ਸਮੇਤ ਦੇਸ਼ ਦੇ ਕਈ ਸੂਬੇ ਕੈਨੇਡਾ ਵਰਗੇ ਵਿਕਸਤ ਮੁਲਕਾਂ ਵੱਲ ਹੋ ਰਹੇ ਬੇਲੋੜੇ ਪਰਵਾਸ ਸਾਹਮਣਾ ਕਰ ਰਹੇ ਹਨ। ਇਸ ਤਰ੍ਹਾਂ ਜਿੱਥੇ 'ਬਰੇਨ-ਡਰੇਨ' ਹੋ ਰਿਹਾ ਹੈ ਉੱਥੇ ਹੀ ਫੀਸਾਂ, ਫੰਡਾਂ ਦੇ ਰੂਪ ਵਿਚ ਸਾਡੇ ਦੇਸ਼ ਦੀ ਪੂੰਜੀ ਦਾ ਗਿਣਨਯੋਗ ਹਿੱਸਾ ਵਿਦੇਸ਼ ਜਾ ਰਿਹਾ ਹੈ। 'ਨੈਟ', 'ਨੀਟ' ਵਰਗੀਆਂ ਪ੍ਰੀਖਿਆਵਾਂ ਵਿਚ ਹੋਣ ਵਾਲੇ ਘੁਟਾਲੇ ਯੋਗ ਵਿਦਿਆਰਥੀਆਂ ਦੇ ਵਿਦੇਸ਼ ਜਾਣ ਦੇ ਰੁਝਾਨ ਨੂੰ ਹੋਰ ਤੇਜ਼ ਕਰਦੇ ਹਨ।

# ਅਲੱਗ-ਥਲੱਗ ਪੈ ਰਿਹਾ ਇਜ਼ਰਾਇਲ-ਅਮਰੀਕਾ ਗੱਠਜੋੜ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਅਮਰੀਕਾ ਅਤੇ ਉਸ ਦੇ ਜੋਟੀਦਾਰ ਸਾਮਰਾਜੀ ਰਾਜਾਂ ਦੀ ਮਿਲੀਭੁਗਤ ਅਤੇ ਨਾਲ ਹੀ ਜੰਗੀ ਪੱਧਰ 'ਤੇ ਫ਼ੌਜੀ ਤੇ ਵਿਤੀ ਮਦਦ ਦੇ ਜ਼ੋਰ ਫ਼ਲਸਤੀਨੀਆਂ ਦੀ ਬੇਰੋਕ-ਟੋਕ ਨਸਲਕੁਸ਼ੀ ਨਾਲ ਉਨ੍ਹਾਂ ਭਰਮਗ੍ਰਸਤ ਹਿੱਸਿਆਂ ਦੀਆਂ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਹਨ ਜਿਨ੍ਹਾਂ ਦੀ ਸੋਚ ਅਨੁਸਾਰ ਇਹ ਲੋਕਤੰਤਰੀ ਰਾਜ ਹਨ। ਇਹ ਹਕੀਕਤ ਸਮਝਣੀ ਜ਼ਰੂਰੀ ਹੈ ਕਿ ਗਾਜ਼ਾ ਪੱਟੀ ਵਿਚ ਜੋ ਹੋ ਰਿਹਾ ਹੈ, ਉਹ 'ਦਹਿਸ਼ਤਗਰਦ' ਹਮਾਸ ਅਤੇ 'ਪੀੜਤ' ਇਜ਼ਰਾਇਲੀ ਸਟੇਟ ਦਰਮਿਆਨ ਯੁੱਧ ਨਹੀਂ ਸਗੋਂ ਅਮਰੀਕੀ-ਇਜ਼ਰਾਇਲੀ ਨਾਪਾਕ ਗੱਠਜੋੜ ਵਿਰੁੱਧ ਫ਼ਲਸਤੀਨੀ ਲੋਕਾਂ ਦਾ ਮੁਕਤੀ ਯੁੱਧ ਹੈ। ਫ਼ਲਸਤੀਨੀ ਆਪਣੀ ਸਰਜ਼ਮੀਨ ਦੀ ਰਾਖੀ ਲਈ ਅਤੇ ਇਜ਼ਰਾਇਲ ਦਾ ਧਾੜਵੀ ਕਬਜ਼ਾ ਖ਼ਤਮ ਕਰਾਉਣ ਲਈ ਹੱਕੀ ਲੜਾਈ ਲੜ ਰਹੇ ਹਨ ਅਤੇ ਅਮਰੀਕਾ-ਇਜ਼ਰਾਇਲ ਗੱਠਜੋੜ ਫ਼ਲਸਤੀਨ ਦਾ ਨਾਮੋ-ਨਿਸ਼ਾਨ ਮਿਟਾ ਕੇ ਇਸ ਨੂੰ ਪੂਰੀ ਤਰ੍ਹਾਂ ਇਜ਼ਰਾਇਲ 'ਚ ਮਿਲਾ ਦੇਣਾ ਚਾਹੁੰਦਾ ਹੈ। ਨਿੱਕੇ ਜਹੇ ਭੂਗੋਲਿਕ ਖੇਤਰ ਵਿਚ ਫ਼ਲਸਤੀਨੀ ਸਾਢੇ ਅੱਠ ਮਹੀਨਿਆਂ ਤੋਂ ਜਿਸ ਹੌਸਲੇ ਨਾਲ ਦੁਨੀਆ ਦੀਆਂ ਸਭ ਤੋਂ ਖ਼ੂੰਖ਼ਾਰ ਫ਼ੌਜੀ ਤਾਕਤਾਂ ਦੇ ਕਰੂਰ ਹਮਲਿਆਂ ਦਾ ਸਾਹਮਣਾ ਕਰ ਰਹੇ ਹਨ, ਉਹ ਬੇਮਿਸਾਲ ਹੈ।

ਹੁਣ ਤੱਕ 37551 ਫ਼ਲਸਤੀਨੀ ਮਾਰੇ ਜਾ ਚੁੱਕੇ ਅਤੇ 86000 ਤੋਂ ਵੱਧ ਜ਼ਖ਼ਮੀ ਹਨ। 22 ਜੂਨ ਨੂੰ ਕੇਂਦਰੀ ਗਾਜ਼ਾ ਦੇ ਅਲ ਸ਼ਤੀ ਕੈਂਪ ਨਾਂ ਦੇ ਰਿਹਾਇਸ਼ੀ ਇਲਾਕੇ ਉੱਪਰ ਬੰਬਾਰੀ 'ਚ 24 ਲੋਕ ਮਾਰੇ ਗਏ। ਪਿਛਲੇ ਦਿਨੀਂ ਇਜ਼ਰਾਇਲੀ ਫ਼ੌਜ ਨੇ ਗਾਜ਼ਾ ਪੱਟੀ ਦੇ ਧੁਰ ਦੱਖਣੀ ਸ਼ਹਿਰ ਰਫ਼ਾ ਵਿਚ ਰੈੱਡਕਰਾਸ ਸੈਂਟਰ ਦੇ ਨਾਲ ਬਣਾਏ ਸ਼ਰਨਾਰਥੀ ਕੈਂਪ ਉੱਪਰ ਟੈਂਕਾਂ, ਡਰੋਨਾਂ, ਲੜਾਕੂ ਜਹਾਜ਼ਾਂ ਅਤੇ ਸਮੁੰਦਰੀ ਬੋਟਾਂ ਨਾਲ ਹਮਲਾ ਕਰ ਕੇ 25 ਫ਼ਲਸਤੀਨੀਆਂ ਨੂੰ ਕਤਲ ਕੀਤਾ। ਇਸ ਤੋਂ ਪਹਿਲਾਂ ਕੇਂਦਰੀ ਗਾਜ਼ਾ ਦੇ ਨੁਸਰਤ ਸ਼ਰਨਾਰਥੀ ਕੈਂਪ ਉੱਪਰ ਹਮਲੇ 'ਚ 64 ਬੱਚਿਆਂ, 57 ਔਰਤਾਂ ਅਤੇ 37 ਬਜ਼ੁਰਗਾਂ ਸਮੇਤ 274 ਲੋਕ ਮਾਰੇ ਗਏ ਸਨ।

ਇਜ਼ਰਾਇਲੀ ਸਟੇਟ ਵੱਲੋਂ ਥੋਪੀ ਭੁੱਖਮਰੀ ਤੇ ਗ੍ਰਿਫ਼ਤਾਰ ਫ਼ਲਸਤੀਨੀਆਂ ਨੂੰ ਦਿੱਤੇ ਜਾਂਦੇ ਤਸੀਹਿਆਂ ਨਾਲ ਅਤੇ ਬੇਇਲਾਜ ਮਰਨ ਵਾਲਿਆਂ ਦੀ ਗਿਣਤੀ ਇਸ ਤੋਂ ਵੱਖਰੀ ਹੈ। ਗਾਜ਼ਾ ਦੀ ਸਿਹਤ ਵਿਵਸਥਾ ਪੂਰੀ ਤਰ੍ਹਾਂ ਨਹਿਸ-ਨਹਿਸ ਹੋ ਜਾਣ ਕਰਕੇ ਜ਼ਖ਼ਮੀ ਲੋਕ ਇਲਾਜ ਖੁਣੋਂ ਮਰ ਰਹੇ ਹਨ। ਸੰਸਾਰ ਸਿਹਤ ਸੰਸਥਾ ਦੇ ਮੁਖੀ ਨੇ ਦੱਸਿਆ ਕਿ ਰਫ਼ਾ ਦਾ ਲਾਂਘਾ ਬੰਦ ਹੋਣ ਕਰ ਕੇ 7 ਮਈ ਤੋਂ ਬਾਅਦ ਕਿਸੇ ਵੀ ਬਿਮਾਰ ਜਾਂ ਜ਼ਖ਼ਮੀ ਫ਼ਲਸਤੀਨੀ ਨੂੰ ਬਾਹਰ ਨਹੀਂ ਆਉਣ ਦਿੱਤਾ ਗਿਆ। ਗਾਜ਼ਾ ਸਰਕਾਰ ਦੇ ਮੀਡੀਆ ਆਫਿਸ ਅਨੁਸਾਰ ਗਾਜ਼ਾ ਦੇ 36 ਕੈਦੀਆਂ ਸਮੇਤ 54 ਫ਼ਲਸਤੀਨੀ ਨਜ਼ਰਬੰਦ ਇਜ਼ਰਾਇਲੀ ਜੇਲ੍ਹਾਂ ਦੇ ਤਸੀਹਿਆਂ ਅਤੇ ਅਣਮਨੁੱਖੀ ਹਾਲਾਤ ਕਾਰਨ ਮਾਰੇ ਗਏ ਹਨ। ਪੂਰੀ ਗਾਜ਼ਾ ਪੱਟੀ ਖੰਡਰ ਬਣਾ ਦਿੱਤੀ ਹੈ। ਹਸਪਤਾਲਾਂ, ਮਸਜਿਦਾਂ ਤੋਂ ਬਾਅਦ ਹੁਣ ਤਾਂ ਉਹ ਕੈਂਪ ਵੀ ਸੁਰੱਖਿਅਤ ਨਹੀਂ ਹਨ ਜਿੱਥੇ ਗਾਜ਼ਾ ਦੇ ਵੱਡੇ ਹਿੱਸੇ ਨੂੰ ਖਾਲੀ ਕਰਨ ਤੋਂ ਬਾਅਦ ਭੁੱਖਮਰੀ ਅਤੇ ਹਮਲਿਆਂ ਨਾਲ ਹਾਲੋ-ਬੇਹਾਲ ਔਰਤਾਂ, ਬੱਚੇ ਅਤੇ ਬਜ਼ੁਰਗ ਆਰਜ਼ੀ ਟੈਂਟਾਂ 'ਚ ਠਹਿਰਾਏ ਗਏ ਹਨ। ਜਿਨ੍ਹਾਂ ਕੈਂਪਾਂ ਨੂੰ ਇਜ਼ਰਾਇਲੀ ਹਕੂਮਤ ਨੇ 'ਮਹਿਫੂਜ਼ ਖੇਤਰ' ਕਰਾਰ ਦਿੱਤਾ ਹੋਇਆ ਹੈ, ਉੱਥੇ ਟੈਂਕਾਂ, ਡਰੋਨਾਂ, ਲੜਾਕੂ ਜਹਾਜ਼ਾਂ ਅਤੇ ਸਮੁੰਦਰੀ ਬੋਟਾਂ ਨਾਲ ਚਾਰ-ਚੁਫੇਰਿਆਂ ਹਮਲੇ ਕਰ ਕੇ ਭਿਆਨਕ ਤਬਾਹੀ ਮਚਾਉਣ ਤੋਂ ਹਮਲਾਵਰ ਧਿਰ ਦੇ ਮਨਸ਼ੇ ਸਮਝੇ ਜਾ ਸਕਦੇ ਹਨ। ਸੰਯੁਕਤ ਰਾਸ਼ਟਰ ਦੇ ਜਾਂਚ ਕਮਿਸ਼ਨ ਨੇ ਵੀ ਸਪਸ਼ਟ ਦੋਸ਼ ਲਾਏ ਹਨ ਕਿ ਇਹ 'ਵਿਨਾਸ਼', 'ਜੰਗੀ ਜੁਰਮ' ਅਤੇ 'ਮਨੁੱਖਤਾ ਵਿਰੁੱਧ ਜੁਰਮ' ਹਨ ਅਤੇ ਇਹ ਤਾਕਤਵਰ ਮੁਲਕਾਂ ਦੀ ਮੱਦਦ ਬਿਨਾਂ ਸੰਭਵ ਨਹੀਂ ਸੀ ਹੋ ਸਕਦੇ।



ਅਮਰੀਕਨ ਪ੍ਰਸ਼ਾਸਨ ਦੇ ਅੰਦਰ ਵੀ ਇਜ਼ਰਾਇਲ ਨੂੰ ਦਿੱਤੀ ਜਾ ਰਹੀ ਮਦਦ ਨੂੰ ਲੈ ਕੇ ਮੱਤਭੇਦ ਉੱਭਰ ਰਹੇ ਹਨ। ਸਟੇਟ ਡਿਪਾਰਟਮੈਂਟ ਦੇ ਇਜ਼ਰਾਇਲ-ਫ਼ਲਸਤੀਨ ਮਾਹਰ ਐਂਡਰਿਊ ਮਿੱਲਰ ਦਾ ਹਾਲੀਆ ਅਸਤੀਫ਼ਾ ਕਿਸੇ ਅੰਦਰੂਨੀ ਵਿਰੋਧ ਵੱਲ ਇਸ਼ਾਰਾ ਕਰਦਾ ਹੈ। ਇਹ ਵੀ ਰਿਪੋਰਟਾਂ ਹਨ ਕਿ ਉਸ ਨੂੰ ਬਾਇਡਨ ਪ੍ਰਸ਼ਾਸਨ ਦੀ ਇਜ਼ਰਾਇਲ ਨੂੰ 'ਘੁੱਟ ਕੇ ਜੱਫੀ ਪਾਉਣ' ਦੀ ਨੀਤੀ ਦਾ ਆਲੋਚਕ ਮੰਨਿਆ ਜਾਂਦਾ ਸੀ ਜਿਸ ਵਿਚ ਬਾਇਡਨ ਦੇ ਸਭ ਤੋਂ ਨੇੜਲੇ ਸਲਾਹਕਾਰਾਂ ਦੀ ਜੁੰਡਲੀ ਭਾਰੀ ਹੈ। ਟਾਈਮਜ਼ ਆਫ਼ ਇਜ਼ਰਾਇਲ ਦੀ ਰਿਪੋਰਟ ਅਨੁਸਾਰ ਇਕ ਅਣਪਛਾਤੇ ਅਮਰੀਕਨ ਅਧਿਕਾਰੀ ਨੇ ਆਪਣਾ ਨਾਂ ਨਾ ਨਸ਼ਰ ਕੀਤੇ ਜਾਣ ਦੀ ਸ਼ਰਤ 'ਤੇ ਦੱਸਿਆ ਕਿ ਜੇ ਨੇਤਨਯਾਹੂ ਸਰਕਾਰ "ਅਜਿਹਾ ਮਾਹੌਲ ਪੈਦਾ ਕਰ ਰਹੀ ਹੈ ਜਿੱਥੇ ਉਸ (ਮਿੱਲਰ) ਵਰਗੇ ਲੋਕ ਅਸਤੀਫ਼ੇ ਦੇ ਰਹੇ ਹਨ, ਤਾਂ ਉਹ ਸਪਸ਼ਟ ਤੌਰ 'ਤੇ ਕੁਝ ਬਹੁਤ ਹੀ ਗ਼ਲਤ ਕਰ ਰਹੇ ਹਨ।" ਇਕ ਦਿਨ ਪਹਿਲਾਂ 18 ਜੂਨ ਨੂੰ ਵੀਡੀਓ ਵਿਚ ਬੁਖਲਾਇਆ ਨੇਤਨਯਾਹੂ ਇਜ਼ਰਾਇਲ ਨੂੰ ਹਥਿਆਰਾਂ ਤੇ ਗੋਲਾ-ਬਾਰੂਦ ਦੀ ਸਪਲਾਈ ਰੋਕਣ ਬਦਲੇ ਜ਼ਾਹਰਾ ਤੌਰ 'ਤੇ ਮਾਯੂਸੀ 'ਚ ਅਮਰੀਕਨ ਹਕੂਮਤ ਨੂੰ ਅਵਾ-ਤਵਾ ਬੋਲ ਰਿਹਾ ਹੈ। ਇਸ ਵੀਡੀਓ ਦੇ ਪ੍ਰਤੀਕਰਮ 'ਚ ਯੂ.ਐੱਸ. ਨੈਸ਼ਨਲ ਸਕਿਓਰਿਟੀ ਕੌਂਸਲ ਦੇ ਬੁਲਾਰੇ ਜੌਹਨ ਕਿਰਬੀ ਨੇ ਕਿਹਾ ਕਿ ਨੇਤਨਯਾਹੂ ਵੱਲੋਂ ਲਗਾਏ ਇਲਜ਼ਾਮ "ਸਾਡੇ ਲਈ ਬੇਹੱਦ ਨਿਰਾਸ਼ਾਜਨਕ ਅਤੇ ਨਿਸ਼ਚੇ ਹੀ ਪ੍ਰੇਸ਼ਾਨ ਕਰਨ ਵਾਲੇ ਹਨ, ਇਹ ਦੇਖਦੇ ਹੋਏ ਕਿ ਅਸੀਂ ਪ੍ਰਧਾਨ ਮੰਤਰੀ ਨੇਤਨਯਾਹੂ ਦੀ ਕਿੰਨੀ ਹਮਾਇਤ ਕਰਦੇ ਹਾਂ ਅਤੇ ਕਰਦੇ ਰਹਾਂਗੇ।" ਇਸੇ ਨਾਲ ਮਿਲਦਾ-ਜੁਲਦਾ ਬਿਆਨ ਸਟੇਟ ਡਿਪਾਰਟਮੈਂਟ ਦੇ ਬੁਲਾਰੇ ਮੈਟ ਮਿੱਲਰ ਨੇ ਦਿੱਤਾ ਹੈ ਕਿ "ਪਤਾ ਨਹੀਂ ਨੇਤਨਯਾਹੂ ਕੀ ਕਹਿ ਰਿਹਾ ਹੈ ਅਤੇ ਕੀ ਹਾਸਲ ਕਰਨਾ ਚਾਹੁੰਦਾ ਹੈ।" ਨਾਲ ਹੀ ਉਸਨੇ ਅਮਰੀਕਨ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦੇ ਹਵਾਲੇ ਨਾਲ ਕਿਹਾ ਕਿ "ਇਜ਼ਰਾਇਲ ਦੀ ਸੁਰੱਖਿਆ ਪ੍ਰਤੀ ਸਾਡੀ ਵਚਨਬੱਧਤਾ ਪਵਿੱਤਰ ਹੈ। ਅਸੀਂ ਇਹ ਸਾਬਤ ਕੀਤਾ ਹੈ, ਸਿਰਫ਼ ਸ਼ਬਦਾਂ ਨਾਲ ਨਹੀਂ ਸਗੋਂ ਕੰਮਾਂ ਨਾਲ।" ਇਹ ਘਟਨਾਕ੍ਰਮ ਵਧ ਰਹੀ ਅੰਦਰੂਨੀ ਕਸ਼ਮਕਸ਼ ਵੱਲ ਇਸ਼ਾਰਾ ਹੈ।

ਇਜ਼ਰਾਇਲ ਦੇ ਅੰਦਰ ਵੀ ਨੇਤਨਯਾਹੂ ਸਰਕਾਰ ਦੀ ਫ਼ਲਸਤੀਨ ਮਸਲੇ ਪ੍ਰਤੀ ਬੇਕਿਰਕ ਪਹੁੰਚ ਵਿਰੁੱਧ ਬੇਚੈਨੀ ਹੈ। ਐਨੀ ਭਿਆਨਕ ਨਸਲਕੁਸ਼ੀ ਤੇ ਤਬਾਹੀ ਵੀ ਫ਼ਲਸਤੀਨੀਆਂ ਦਾ ਮਨੋਬਲ ਤੋੜਨ ਅਤੇ ਹਮਾਸ ਦੀ ਲੜਾਕੂ ਸਮਰੱਥਾ ਨੂੰ ਸੱਟ ਮਾਰਨ 'ਚ ਅਸਫ਼ਲ ਰਹੀ ਹੈ। ਉਲਟਾ, 7 ਅਕਤੂਬਰ ਦੇ ਹਮਲੇ ਨੇ ਇਜ਼ਰਾਇਲ ਦੀ ਬੇਹੱਦ ਮਜ਼ਬੂਤ ਸਮਝੀ ਜਾਂਦੀ ਖੁਫ਼ੀਆ ਫ਼ੌਜੀ-ਤਕਨੀਕੀ ਸਮਰੱਥਾ ਦੀ ਪੋਲ ਖੋਲ੍ਹ ਦਿੱਤੀ ਹੈ। ਬੇਸ਼ੱਕ ਸਮੁੱਚੀ ਇਜ਼ਰਾਇਲੀ ਹਾਕਮ ਜਮਾਤ ਫ਼ਲਸਤੀਨ ਉੱਪਰ ਕਬਜ਼ੇ ਲਈ ਇਕਮੱਤ ਹੈ ਪਰ ਨੇਤਨਯਾਹੂ ਗੁੱਟ ਦੀ ਪਹੁੰਚ ਨੂੰ ਲੈ ਕੇ ਅਸੰਤੁਸ਼ਟੀ ਤੇ ਵਿਰੋਧ ਵੀ ਹੈ। ਇਕ ਹਿੱਸਾ ਫ਼ਲਸਤੀਨ ਪ੍ਰਤੀ ਘੱਟ ਬੇਕਿਰਕ ਅਤੇ ਕਥਿਤ ਉਦਾਰ ਪਹੁੰਚ ਦੇ ਹੱਕ 'ਚ ਹੈ। ਨੇਤਨਯਾਹੂ ਗੁੱਟ ਯਹੂਦੀ ਰਾਸ਼ਟਰਵਾਦੀ ਇਜ਼ਰਾਇਲੀ ਹਾਕਮ ਜਮਾਤ ਦੇ ਘੋਰ ਕੱਟੜਪੰਥੀ ਕੈਂਪ ਦੀ ਨੁਮਾਇੰਦਗੀ ਕਰਦਾ ਹੈ, ਇਸੇ ਕਰ ਕੇ ਉਹ ਭਾਰਤ ਦੇ ਭਗਵਾ ਬ੍ਰਿਗੇਡ ਅਤੇ ਅਮਰੀਕਾ/ਪੱਛਮ ਦੇ ਘੋਰ ਨਸਲਵਾਦੀ ਗੁੱਟਾਂ ਦਾ ਚਹੇਤਾ ਹੈ।

ਜੰਗ ਅਤੇ ਤਬਾਹੀ ਨਾਲ ਇਜ਼ਰਾਇਲ ਦੇ ਕਾਰੋਬਾਰੀ ਵਰਗ 'ਚ ਵੀ ਬੇਚੈਨੀ ਦੇ ਸੰਕੇਤ ਹਨ। ਇਹ ਰਿਪੋਰਟਾਂ ਵੀ ਹਨ ਕਿ ਇਸ ਮਾਹੌਲ ਦੇ ਮੱਦੇਨਜ਼ਰ ਧਨਾਢ ਇਜ਼ਰਾਇਲੀਆਂ 'ਚ ਪੂੰਜੀ ਨਿਵੇਸ਼ ਘਟਾਉਣ ਅਤੇ ਆਪਣਾ ਸਰਮਾਇਆ ਤੇ ਜਾਇਦਾਦਾਂ ਪੱਛਮੀ ਮੁਲਕਾਂ 'ਚ ਲਿਜਾਣ ਦਾ ਰੁਝਾਨ ਵਧਿਆ ਹੈ। ਇਕ ਸਰਵੇ ਅਨੁਸਾਰ 80 ਫ਼ੀਸਦੀ ਟੈਕਸ ਦੇਣ ਵਾਲੇ 20 ਫ਼ੀਸਦੀ ਧਨਾਢ ਇਜ਼ਰਾਇਲੀ ਆਪਣਾ ਸਰਮਾਇਆ ਕਿਤੇ ਹੋਰ ਲਗਾਉਣ ਬਾਰੇ ਸੋਚ ਰਹੇ ਹਨ। ਇਹ ਯੁੱਧ ਅਤੇ ਭਾਰੀ ਫ਼ੌਜੀ ਖ਼ਰਚ ਨਾਲ ਆਰਥਿਕ ਤੇ ਵਿਤੀ ਸੰਕਟ ਦੇ ਵਧਣ ਦੀਆਂ ਨਿਸ਼ਾਨੀਆਂ ਹਨ।

ਇਸੇ 'ਚੋਂ ਬਾਇਡਨ ਪ੍ਰਸ਼ਾਸਨ ਨੇ ਇਜ਼ਰਾਇਲ ਨੂੰ 14 ਅਰਬ ਡਾਲਰ ਮਦਦ ਦੇਣ ਦਾ ਐਲਾਨ ਕੀਤਾ ਹੈ। ਬੇਸ਼ੱਕ ਬਾਇਡਨ ਪ੍ਰਸ਼ਾਸਨ ਇਜ਼ਰਾਇਲ ਨੂੰ ਜੰਗੀ ਮਦਦ ਜਾਰੀ ਰੱਖਣ ਲਈ ਬਜ਼ਿੱਦ ਹੈ ਪਰ ਉਸ ਨੂੰ ਇਸ ਦਾ ਮੁੱਲ ਵੀ ਚੁਕਾਉਣਾ ਪੈ ਰਿਹਾ ਹੈ ਅਤੇ ਉਸ ਨੂੰ ਭਾਰੀ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਮਰੀਕਾ ਸਮੇਤ ਬਹੁਤ ਸਾਰੇ ਮੁਲਕਾਂ ਦੀਆਂ ਯੂਨੀਵਰਸਿਟੀਆਂ ਦੇ ਕੈਂਪਸਾਂ ਵਿਚ ਜਾਗਰੂਕ ਵਿਦਿਆਰਥੀਆਂ ਦੇ ਜੁਝਾਰੂ ਅੰਦੋਲਨਾਂ ਨੇ ਬਾਇਡਨ ਹਕੂਮਤ ਅਤੇ ਇਸ ਦੇ ਜੰਗਬਾਜ਼ ਜੋਟੀਦਾਰਾਂ ਦੀ ਨੀਂਦ ਹਰਾਮ ਕੀਤੀ ਹੋਈ ਹੈ। ਅਮਰੀਕਾ ਅਤੇ ਪੱਛਮੀ ਸਾਮਰਾਜੀਆਂ ਵੱਲੋਂ ਇਜ਼ਰਾਇਲ ਦੀ ਬੇਸ਼ਰਮ ਵਕਾਲਤ ਅਤੇ ਹਮਾਇਤ ਦੇ ਬਾਵਜੂਦ ਦਹਿਸ਼ਤਵਾਦੀ ਇਜ਼ਰਾਇਲ ਸਟੇਟ ਦੁਨੀਆ 'ਚ ਅਲੱਗ-ਥਲੱਗ ਪੈ ਰਿਹਾ ਹੈ। ਤੁਰਕੀ ਅਤੇ ਕੋਲੰਬੀਆਂ ਦੇ ਇਜ਼ਰਾਇਲ ਵਿਰੁੱਧ ਪਾਬੰਦੀਆਂ ਲਾਉਣ ਦੀ ਸ਼ੁਰੂਆਤ ਕੀਤੀ ਹੈ। ਇਜ਼ਰਾਇਲ ਦੀ ਹਮਾਇਤ ਕਰਨ ਵਾਲੇ ਵੀ ਪੈਰ ਪਿੱਛੇ ਖਿੱਚ ਰਹੇ ਹਨ। ਖ਼ਾਸ ਕਰ ਕੇ ਪੱਛਮੀ ਏਸ਼ੀਆ ਦੇ ਰਾਜਾਂ ਨੂੰ ਇਜ਼ਰਾਇਲ ਦੀ ਹਮਾਇਤ 'ਚ ਖੜ੍ਹਾਈ ਰੱਖਣ 'ਚ ਅਮਰੀਕਾ ਦਾ ਰਸੂਖ਼ ਤੇ ਦਬ-ਦਬਾ ਘਟਦਾ ਨਜ਼ਰ ਆ ਰਿਹਾ ਹੈ। ਪਿਛਲੇ ਸਮੇਂ 'ਚ ਕੌਮਾਂਤਰੀ ਅਦਾਲਤ ਅਤੇ ਕੌਮਾਂਤਰੀ ਅਪਰਾਧਿਕ ਕੋਰਟ ਨੇ ਇਜ਼ਰਾਇਲ ਵਿਰੁੱਧ ਜੋ ਟਿੱਪਣੀਆਂ ਕੀਤੀਆਂ ਅਤੇ ਜੋ ਕਦਮ ਚੁੱਕੇ ਹਨ, ਉਹ ਵੀ ਅਮਰੀਕਾ ਦੀ ਘਟ ਰਹੀ ਕੂਟਨੀਤਕ ਸਮਰੱਥਾ ਵੱਲ ਇਸ਼ਾਰਾ ਕਰਦੇ ਹਨ। ਇਨ੍ਹਾਂ ਹਾਲਾਤ 'ਚ ਅਮਰੀਕਾ ਤੇ ਨਾਟੋ ਦੇ ਸ਼ਰੀਕ ਰੂਸ ਤੇ ਚੀਨ ਗੁੱਟ ਦੇ ਰਸੂਖ਼ ਦਾ ਵਧਣਾ ਸੁਭਾਵਿਕ ਹੈ। ਦੁਨੀਆ ਇਹ ਵੀ ਦੇਖ ਰਹੀ ਹੈ ਕਿ ਜਮਹੂਰੀਅਤ ਅਤੇ ਮਨੁੱਖੀ ਹੱਕਾਂ ਦਾ ਆਪੇ ਬਣਿਆ ਠਾਣੇਦਾਰ ਅਮਰੀਕਾ ਅਤੇ ਇਸ ਦੇ ਜੋਟੀਦਾਰ ਹੋਰ ਸਾਮਰਾਜੀਏ ਹੀ ਜਮਹੂਰੀਅਤ ਅਤੇ ਮਨੁੱਖਾਂ ਹੱਕਾਂ ਦਾ ਕਰੂਰ ਘਾਣ ਕਰਨ 'ਚ ਸਭ ਤੋਂ ਮੋਹਰੀ ਹਨ ਜੋ ਘੋਰ ਪਿਛਾਖੜੀ ਤਾਨਾਸ਼ਾਹ ਰਾਜਾਂ ਦੇ ਸਭ ਤੋਂ ਵੱਡੇ ਸਰਪ੍ਰਸਤ ਹਨ। ਇਨ੍ਹਾਂ ਦੀ ਕੌਮਾਂਤਰੀ ਠਾਣੇਦਾਰੀ ਦਾ ਨੈਤਿਕ ਆਧਾਰ ਪਹਿਲਾਂ ਹੀ ਸਵਾਲਾਂ ਦੇ ਘੇਰੇ 'ਚ ਰਿਹਾ ਹੈ ਜੋ ਹੁਣ ਹੋਰ ਜ਼ਿਆਦਾ ਖੁਰਿਆ ਹੈ।

ਆਪਣੀ ਸਾਮਰਾਜੀ ਖ਼ਸਲਤ ਅਨੁਸਾਰ ਅਮਰੀਕਾ ਹਮਲਾ ਰੁਕਵਾਉਣ ਲਈ ਬਿਲਕੁਲ ਸੁਹਿਰਦ ਨਹੀਂ ਹੈ। ਅਮਰੀਕਾ ਵੀਟੋ ਕਰ ਕੇ ਯੁੱਧਬੰਦੀ ਦੇ ਯਤਨਾਂ 'ਚ ਅੜਿੱਕੇ ਡਾਹੁੰਦਾ ਰਿਹਾ ਹੈ ਅਤੇ ਨੇਤਨਯਾਹੂ ਅਮਰੀਕਾ ਦੀ ਸ਼ਹਿ 'ਤੇ ਯੁੱਧਬੰਦੀ ਲਈ ਬਣ ਰਹੇ ਮਾਹੌਲ ਨੂੰ ਖ਼ਰਾਬ ਕਰ ਕੇ ਅਤੇ ਸਹਿਮਤੀਆਂ ਦੀਆਂ ਧੱਜੀਆਂ ਉਡਾ ਕੇ ਮਨਮਾਨੀਆਂ ਕਰਨ ਲਈ ਆਜ਼ਾਦ ਹੈ। ਸੰਯੁਕਤ ਰਾਸ਼ਟਰ ਅਮਰੀਕਾ ਦੀ ਮੁੱਠੀ 'ਚ ਹੈ ਅਤੇ ਨੇਤਨਯਾਹੂ ਹਕੂਮਤ ਇਸ ਦੇ ਮਤਿਆਂ ਨੂੰ ਟਿੱਚ ਸਮਝਦੀ ਹੈ। ਦਰਅਸਲ, ਅਮਰੀਕਾ ਦਾ ਯੁੱਧਬੰਦੀ ਦੇ ਯਤਨਾਂ ਦਾ ਦਿਖਾਵਾ ਹਮਲੇ ਨੂੰ ਵੱਧ ਤੋਂ ਵੱਧ ਲਮਕਾਉਣ ਅਤੇ ਇਜ਼ਰਾਇਲੀ ਤਾਕਤਾਂ ਨੂੰ ਵੱਧ ਤੋਂ ਵੱਧ ਕਤਲੇਆਮ, ਤਬਾਹੀ ਅਤੇ ਉਜਾੜਾ ਕਰਨ ਦਾ ਮੌਕਾ ਦੇਣ ਦੀ ਚਾਲ ਹੈ। ਹੁਣ ਦੇਖਣਾ ਇਹ ਹੈ ਕਿ 24 ਜੁਲਾਈ ਨੂੰ ਨੇਤਨਯਾਹੂ ਵੱਲੋਂ ਅਮਰੀਕਨ ਕਾਂਗਰਸ ਨੂੰ ਸੰਬੋਧਨ ਕਰਨ ਦੇ ਸਮੇਂ ਤੱਕ ਹਾਲਾਤ ਕੀ ਕਰਵਟ ਲੈਂਦੇ ਹਨ।

ਚੰਗਾ ਪੱਖ ਇਹ ਹੈ ਕਿ ਰਫ਼ਾ ਉੱਪਰ ਹਮਲੇ ਨੂੰ ਬਾਇਡਨ ਪ੍ਰਸਾਸਨ ਵੱਲੋਂ 'ਰੈੱਡ ਲਾਈਨ' ਨਾ ਮੰਨਣ ਕਾਰਨ ਮੁਲਕ ਦੇ ਅੰਦਰ ਉਸ ਦੀ ਨੀਤੀ ਵਿਰੁੱਧ ਅਸੰਤੁਸ਼ਟੀ ਬਣੀ ਹੈ ਅਤੇ ਇਜ਼ਰਾਇਲ ਦੇ ਹੱਕ 'ਚ ਬਣਾਈ ਸਹਿਮਤੀ ਕਮਜ਼ੋਰ ਪੈ ਰਹੀ ਹੈ। ਇਕ ਚੰਗਾ ਸੰਕੇਤ ਇਜ਼ਰਾਇਲੀਆਂ ਦੀ ਨੌਜਵਾਨ ਪੀੜ੍ਹੀ 'ਚ ਯਹੂਦੀਵਾਦੀ ਰਾਸ਼ਟਰਵਾਦ ਤੋਂ ਮੋਹ ਭੰਗ ਹੋਣ ਦਾ ਰੁਝਾਨ ਹੈ ਜਿਸ ਦਾ ਤਕੜਾ ਇਜ਼ਹਾਰ ਵਿਦਿਆਰਥੀਆਂ ਦੇ ਹਾਲੀਆ ਮੁਜ਼ਾਹਰਿਆਂ 'ਚ ਉਨ੍ਹਾਂ ਵੱਲੋਂ ਵੱਡੀ ਗਿਣਤੀ 'ਚ ਹਿੱਸਾ ਲੈਣ ਦੇ ਰੂਪ 'ਚ ਹੋਇਆ ਹੈ। ਇਹ ਉਨ੍ਹਾਂ 'ਚ ਯਹੂਦੀਵਾਦੀ ਰਾਸ਼ਟਰਵਾਦ ਪ੍ਰਤੀ ਖਿੱਚ ਘਟਣ ਵੱਲ ਇਸ਼ਾਰਾ ਕਰਦਾ ਹੈ।

ਇਨ੍ਹਾਂ ਕੁਲ ਘਟਨਾ-ਵਿਕਾਸਾਂ ਦੇ ਬਾਵਜੂਦ ਚੁਕੰਨੇ ਰਹਿਣਾ ਜ਼ਰੂਰੀ ਹੈ ਕਿ ਇਜ਼ਰਾਇਲੀ ਦਹਿਸ਼ਤਵਾਦ ਦੇ ਵਿਰੁੱਧ ਅਤੇ ਫ਼ਲਸਤੀਨੀਆਂ ਦੇ ਮੁਕਤੀ ਯੁੱਧ ਦੇ ਹੱਕ ਵਿਚ ਆਲਮੀ ਪੱਧਰ 'ਤੇ ਵਿਸ਼ਾਲ ਪੱਧਰ 'ਤੇ ਲੋਕ ਰਾਇ ਹੀ ਅਮਰੀਕੀ-ਇਜ਼ਰਾਇਲੀ ਪਿਛਾਖੜੀ ਗੱਠਜੋੜ ਨੂੰ ਮੁਕੰਮਲ ਯੁੱਧਬੰਦੀ ਲਈ ਮਜਬੂਰ ਕਰ ਸਕਦੀ ਹੈ। ਇਨਸਾਫ਼ਪਸੰਦ ਤੇ ਅਮਨਪਸੰਦ ਤਾਕਤਾਂ ਦਾ ਫੋਕਸ ਇਸ ਪੱਖ ਨੂੰ ਮਜ਼ਬੂਤ ਕਰਨ ਉੱਪਰ ਹੀ ਰਹਿਣਾ ਚਾਹੀਦਾ ਹੈ।

# 61% ਅਮਰੀਕੀ ਇਜ਼ਰਾਈਲ ਨੂੰ ਸਹਾਇਤਾ ਭੇਜਣ ਦੇ ਹੱਕ 'ਚ ਨਹੀਂ

ਨਤਾਲੀਆ ਮਾਰਕੇਜ
ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ

ਅਮਰੀਕਾ ਵਿਚ ਫ਼ਲਸਤੀਨ ਦੀ ਹਮਾਇਤ ਵਿਚ ਉੱਠੇ ਅੰਦੋਲਨ ਵਿਚ ਲੱਖਾਂ ਲੋਕ ਅਮਰੀਕਾ ਦੀ ਇਜ਼ਰਾਈਲ ਪ੍ਰਤੀ ਅਡੋਲ ਹਮਾਇਤ ਦੀ ਨੀਤੀ ਦਾ ਵਿਰੋਧ ਕਰਨ ਲਈ ਲਾਮਬੰਦ ਹੋਏ ਹਨ। ਪਿਛਲੇ ਸ਼ਨਿਚਰਵਾਰ ਲੱਗਭੱਗ 10 ਲੱਖ ਲੋਕਾਂ ਨੇ ਫ਼ਲਸਤੀਨ ਵਿਚ ਨਸਲਕੁਸ਼ੀ ਦੇ ਖਿਲਾਫ਼ 'ਰੈੱਡ ਲਾਈਨ' ਦੇ ਹਿੱਸੇ ਵਜੋਂ ਵ੍ਹਾਈਟ ਹਾਊਸ ਘੇਰ ਲਿਆ ਸੀ।

ਇਜ਼ਰਾਈਲ ਲਈ ਬਾਇਡਨ ਪ੍ਰਸ਼ਾਸਨ ਦੀ ਹਮਾਇਤ ਨੂੰ ਲੈ ਕੇ ਵਿਆਪਕ ਸਹਿਮਤੀ ਹੁਣ ਗੰਭੀਰ ਖ਼ਤਰੇ 'ਚ ਹੈ। ਸੀ.ਬੀ.ਐੱਸ. ਨਿਊਜ਼ ਦੁਆਰਾ 5 ਅਤੇ 7 ਜੂਨ ਦਰਮਿਆਨ ਕਰਵਾਏ ਸਰਵੇਖਣ ਮੁਤਾਬਿਕ 61% ਅਮਰੀਕਨ ਮੰਨਦੇ ਹਨ ਕਿ ਉਨ੍ਹਾਂ ਦੀ ਸਰਕਾਰ ਨੂੰ ਹਥਿਆਰ ਅਤੇ ਹੋਰ ਸਮਾਨ ਇਜ਼ਰਾਈਲ ਨਹੀਂ ਭੇਜਣਾ ਚਾਹੀਦਾ। 30 ਸਾਲ ਤੋਂ ਘੱਟ ਉਮਰ ਦੇ ਲੋਕਾਂ ਦੀ ਇਹ ਗਿਣਤੀ 77% ਤੋਂ ਵੱਧ ਹੈ। 30 ਸਾਲ ਤੋਂ ਘੱਟ ਉਮਰ ਦੇ 49% ਲੋਕਾਂ ਦਾ ਮੰਨਣਾ ਹੈ ਕਿ ਬਾਇਡਨ ਨੂੰ ਗਾਜ਼ਾ ਵਿਚ ਫ਼ੌਜੀ ਕਾਰਵਾਈ ਪੂਰੀ ਤਰ੍ਹਾਂ ਬੰਦ ਕਰਨ ਲਈ ਇਜ਼ਰਾਈਲ ਨੂੰ ਮਨਾਉਣਾ ਚਾਹੀਦਾ ਹੈ (ਸਰਵੇਖਣ ਵਿਚ ਸ਼ਾਮਲ 37% ਲੋਕ ਵੀ ਇਸ ਵਿਚਾਰ ਨਾਲ ਸਹਿਮਤ ਹਨ)।

7 ਅਕਤੂਬਰ (2023) ਤੋਂ ਬਾਅਦ ਦੇ ਸਰਵੇਖਣ ਦਰਸਾਉਂਦੇ ਹਨ ਕਿ ਲੋਕਾਂ ਦੀ ਰਾਏ ਕਿਸ ਹੱਦ ਤੱਕ ਬਦਲ ਗਈ ਹੈ, 52% ਲੋਕ ਇਜ਼ਰਾਈਲ ਨੂੰ ਹਥਿਆਰ ਅਤੇ ਸਪਲਾਈ ਭੇਜਣ ਦੇ ਵਿਰੁੱਧ ਹਨ ਅਤੇ 30 ਸਾਲ ਤੋਂ ਘੱਟ ਉਮਰ ਦੇ ਸਿਰਫ਼ 59% ਲੋਕ ਹੀ ਇਸ ਦੇ ਵਿਰੁੱਧ ਹਨ। ਉਸੇ ਸਾਲ ਮਈ ਵਿਚ ਗਾਜ਼ਾ ਉੱਪਰ ਇਜ਼ਰਾਈਲ ਦੇ ਹਮਲਿਆਂ ਤੋਂ ਤੁਰੰਤ ਬਾਅਦ, ਅਗਸਤ 2021 ਦੇ ਸਰਵੇਖਣਾਂ ਦੀ ਗਿਣਤੀ ਇਜ਼ਰਾਈਲ ਨੂੰ ਸਹਾਇਤਾ ਲਈ ਅਮਰੀਕਨ ਜਨਤਾ ਵੱਲੋਂ ਹਮਾਇਤ ਵਿਚ ਇਸ ਤਰ੍ਹਾਂ ਦੀ ਵੰਡ ਦਿਖਾਉਂਦੀ ਹੈ ਜਿਸ ਵਿਚ 50% ਲੋਕਾਂ ਦਾ ਕਹਿਣਾ ਹੈ ਕਿ ਅਮਰੀਕਾ ਨੂੰ ਯਹੂਦੀ ਰਾਸ਼ਟਰਵਾਦੀ ਰਾਜ ਨੂੰ ਫ਼ੌਜੀ ਸਹਾਇਤਾ ਉੱਪਰ ਪਾਬੰਦੀ ਲਾਉਣੀ ਚਾਹੀਦੀ ਹੈ।

ਪਿਛਲੇ ਅੱਠ ਮਹੀਨਿਆਂ ਤੋਂ ਫ਼ਲਸਤੀਨ ਇਕਮੁੱਠਤਾ ਅੰਦੋਲਨ ਅਤੇ ਇਸ ਅੰਦੋਲਨ ਵਿਚ ਸ਼ਾਮਲ ਵੱਖ-ਵੱਖ ਜਥੇਬੰਦੀਆਂ ਜਨ-ਜਾਗਰੂਕਤਾ ਮੁਹਿੰਮ ਚਲਾ ਰਹੀਆਂ ਹਨ, ਸੜਕਾਂ 'ਤੇ ਲਾਮਬੰਦ ਹੋ ਰਹੀਆਂ ਹਨ। 4 ਨਵੰਬਰ ਨੂੰ ਹੋਈ ਰਾਸ਼ਟਰੀ ਲਾਮਬੰਦੀ ਮੁਲਕ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਫ਼ਲਸਤੀਨ ਪੱਖੀ ਅੰਦੋਲਨ/ਪ੍ਰਦਰਸ਼ਨ ਬਣ ਗਈ ਜਿਸ ਵਿਚ ਮੁਲਕ ਦੀ ਰਾਜਧਾਨੀ ਵਿਚ ਪੰਜ ਲੱਖ ਲੋਕ ਜੁੜੇ ਸਨ। 8 ਜੂਨ (2024) ਨੂੰ ਵ੍ਹਾਈਟ ਹਾਊਸ ਦੇ ਬਾਹਰ ਇਕ ਲੱਖ ਲੋਕ ਇਕੱਠੇ ਹੋਏ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਫਲੋਰੀਡਾ, ਮਿਸ਼ੀਗਨ ਅਤੇ ਆਇਓਵਾ ਤੋਂ ਪੂਰੀ ਰਾਤ ਸਫ਼ਰ ਕਰਕੇ ਆਏ ਸਨ। ਵ੍ਹਾਈਟ ਹਾਊਸ ਦੇ ਗੇਟ 'ਤੇ 'ਰੈੱਡ ਲਾਈਨ' ਬਣਾਉਣ ਦੇ ਵੱਖ-ਵੱਖ ਜਥੇਬੰਦੀਆਂ ਦੇ ਸੱਦੇ 'ਤੇ ਲੋਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।

ਰੈਲੀ ਦੀ ਸ਼ੁਰੂਆਤ ਕਰਦਿਆਂ ਫ਼ਲਸਤੀਨੀ ਯੂਥ ਮੂਵਮੈਂਟ ਦੇ ਨੁਮਾਇੰਦੇ ਲੈਮੀਸ ਐੱਮ ਨੇ ਕਿਹਾ, "ਹੁਕਮਰਾਨ ਜਮਾਤ ਨੇ ਸਾਨੂੰ ਦਿਖਾ ਦਿੱਤਾ ਹੈ ਕਿ ਉਨ੍ਹਾਂ ਦੇ ਸਾਹਮਣੇ ਕੋਈ ਰੈੱਡ ਲਾਈਨ ਨਹੀਂ ਹੈ। ਉਨ੍ਹਾਂ ਪਿਛਲੇ ਕੁਝ ਹਫ਼ਤਿਆਂ ਵਿਚ ਰਫਾ ਵਿਚ ਕਤਲੇਆਮ ਅਤੇ ਪਿਛਲੇ ਅੱਠ ਮਹੀਨਿਆਂ ਵਿਚ ਗਾਜ਼ਾ ਵਿਚ ਹੋਏ ਕਤਲੇਆਮ ਤੇ ਮੌਤ ਅਤੇ ਲੁੱਟ ਦੇ ਹੋਰ ਬਹੁਤ ਸਾਰੇ ਕੇਸਾਂ ਦੀ ਵਿੱਤੀ ਪੁਸ਼ਤ ਪਨਾਹੀ ਕੀਤੀ ਹੈ, ਇਹ ਸਭ ਸਾਮਰਾਜ ਅਤੇ ਖ਼ੂਨੀ ਮੁਨਾਫ਼ੇ ਦੇ ਨਾਮ 'ਤੇ ਹੋਇਆ ਹੈ।"

ਮਾਰਚ ਵਿਚ ਹੋਇਆ ਗੈਲਪ ਪੋਲ ਦੱਸਦਾ ਹੈ ਕਿ ਨਵੰਬਰ 2023 ਦੇ ਮੁਕਾਬਲੇ ਜਿਸ ਵਿਚ 50% ਲੋਕਾਂ ਨੇ ਗਾਜ਼ਾ ਵਿਚ ਇਜ਼ਰਾਈਲੀ ਫ਼ੌਜੀ ਕਾਰਵਾਈ ਦੀ ਹਮਾਇਤ ਕੀਤੀ ਸੀ ਜਦੋਂ ਕਿ ਮਾਰਚ ਵਿਚ ਇਹ ਗਿਣਤੀ ਘਟ ਕੇ ਸਿਰਫ਼ 36% ਰਹਿ ਗਈ ਸੀ। ਫਿਰ ਅਪਰੈਲ ਵਿਚ ਕਰਵਾਏ ਗਏ ਸਰਵੇਖਣ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਅਮਰੀਕਾ ਵਿਚ ਥੋੜ੍ਹੇ ਵੱਧ ਲੋਕ (32%) ਦਾ ਮੰਨਣਾ ਹੈ ਕਿ ਗਾਜ਼ਾ ਵਿਚ ਇਜ਼ਰਾਈਲ ਹੱਦ ਤੋਂ ਬਹੁਤ ਅੱਗੇ ਵਧ ਗਿਆ ਹੈ ਜਦੋਂ ਕਿ ਇਜ਼ਰਾਈਲੀ ਕਾਰਵਾਈਆਂ ਨੂੰ ਜਾਇਜ਼ ਮੰਨਣ ਵਾਲੇ ਲੋਕਾਂ ਦੀ ਗਿਣਤੀ 27% ਹੈ।

ਪੀਪਲਜ਼ ਡਿਸਪੈਚ ਨੇ ਕੁਝ ਪ੍ਰਦਰਸ਼ਨਕਾਰੀਆਂ ਨਾਲ ਗੱਲ ਕੀਤੀ ਜਿਨ੍ਹਾਂ ਨੇ ਵ੍ਹਾਈਟ ਹਾਊਸ ਦੇ ਦੁਆਲੇ ਮੀਲਾਂ ਲੰਮੀ 'ਰੈੱਡ ਲਾਈਨ' ਬਣਾਈ ਹੋਈ ਸੀ। ਪ੍ਰਦਰਸ਼ਨਕਾਰੀਆਂ ਵਿਚੋਂ ਇਕ 'ਜਾਰਜਟਾਊਨ ਯੂਨੀਵਰਸਿਟੀ ਫੈਕਲਟੀ ਅਤੇ ਸਟਾਫ ਫਾਰ ਜਸਟਿਸ ਇਨ ਫ਼ਲਸਤੀਨ' ਦੀ ਮੈਂਬਰ ਨੇ ਜੋਅ ਬਾਇਡਨ ਨੂੰ ਸੰਦੇਸ਼ ਦਿੱਤਾ: "ਅਸੀਂ ਤੁਹਾਨੂੰ ਵੋਟ ਨਹੀਂ ਦਿਆਂਗੇ, ਤੁਸੀਂ ਭਰੋਸਾ ਰੱਖੋ, ਯੂਨੀਵਰਸਿਟੀਆਂ ਸ਼ਾਂਤ ਨਹੀਂ ਰਹਿਣਗੀਆਂ। ਅਸੀਂ ਚੁੱਪ ਨਹੀਂ ਰਹਾਂਗੇ। ਅਸੀਂ ਚੁੱਪ ਨਹੀਂ ਬੈਠਾਂਗੇ, ਫ਼ਲਸਤੀਨ ਦੇ ਆਜ਼ਾਦ ਹੋਣ ਦਾ ਵਕਤ ਆ ਗਿਆ ਹੈ।" ਵ੍ਹਾਈਟ ਹਾਊਸ ਦੇ ਸਾਹਮਣੇ ਲਾਫਾਇਤ ਸਕੇਅਰ ਵਿਚ ਰੈਲੀ ਵਿਚ ਮੌਜੂਦ ਬਲੈਕ ਅਲਾਇੰਸ ਫਾਰ ਪੀਸ ਦੇ ਨੌਜਵਾਨ ਮੈਂਬਰ ਨੇ ਪੀਪਲਜ਼ ਡਿਸਪੈਚ ਨੂੰ ਕਿਹਾ, "ਜੋਅ ਬਾਇਡਨ ਨੂੰ ਮੇਰਾ ਸੰਦੇਸ਼ ਹੈ, ਅਸੀਂ ਤੁਹਾਨੂੰ ਵੋਟ ਨਹੀਂ ਦੇ ਰਹੇ। ਅਸੀਂ ਉਸ ਨਸਲਕੁਸ਼ੀ ਦੀ ਹਮਾਇਤ ਨਹੀਂ ਕਰਦੇ ਜਿਸ ਦੀ ਤੁਸੀਂ ਇਜਾਜ਼ਤ ਦੇ ਰੱਖੀ ਹੈ ਜਿਸ ਵਿਚ ਤੁਸੀਂ ਸ਼ਾਮਲ ਹੋ।" ਫ਼ਲਸਤੀਨ ਯੂਥ ਮੂਵਮੈਂਟ ਦੇ ਨੁਮਾਇੰਦੇ ਮੁਹੰਮਦ ਨੇ ਲਾਫਾਇਤ ਸਕੇਅਰ ਵਿਚ ਇਕੱਠੇ ਹੋਏ ਹਜ਼ਾਰਾਂ ਦੀ ਭੀੜ ਦੇ ਸਾਹਮਣੇ ਕਿਹਾ ਕਿ ਇਸ ਕਤਲੇਆਮ ਦੇ ਨਤੀਜੇ ਵਜੋਂ ਉਸ ਦੇ ਪਰਿਵਾਰ ਦੇ ਸੈਂਕੜੇ ਜੀਅ ਰਫਾ ਤੋਂ ਬੇਘਰ ਹੋ ਗਏ ਸਨ। ਉਸ ਕਿਹਾ, "ਮੇਰੀ ਮਾਤ ਭੂਮੀ ਬਰਬਾਦ ਹੋ ਗਈ ਹੈ। ਸਾਡੀ ਮਾਤ ਭੂਮੀ ਹਰ ਦਿਨ ਸਾਡੇ ਸ਼ਹੀਦਾਂ ਦੇ ਖ਼ੂਨ ਨਾਲ ਲੱਥਪੱਥ ਹੋ ਰਹੀ ਹੈ ਅਤੇ ਹਰ ਦਿਨ ਅੱਗੇ ਵਧਣ ਦੀ ਊਰਜਾ ਲੱਭਣੀ ਮੁਸ਼ਕਿਲ ਹੋ ਰਹੀ ਹੈ। ਮੈਂ ਇਹ ਸਭ ਨਿਰਾਸ਼ ਕਰਨ ਲਈ ਨਹੀਂ ਕਹਿ ਰਿਹਾ ਸਗੋਂ ਵਰਤਮਾਨ ਵਿਚ ਸਾਡੀਆਂ ਭਾਵਨਾਵਾਂ ਨੂੰ ਸਮਝਣ ਲਈ ਕਹਿ ਰਿਹਾ ਹਾਂ। ਅਸੀਂ ਥੱਕ ਗਏ ਹਾਂ, ਅਸੀਂ ਇਸ ਨਸਲਕੁਸ਼ੀ ਤੋਂ ਤੰਗ ਆ ਗਏ ਹਾਂ।"

ਉਂਝ, ਮੁਹੰਮਦ ਨੇ ਭੀੜ ਨੂੰ ਅਪੀਲ ਕੀਤੀ ਕਿ ਉਹ ਗਾਜ਼ਾ ਦੇ ਲੋਕਾਂ ਅਤੇ ਅੰਦੋਲਨ ਤੋਂ ਪ੍ਰੇਰਨਾ ਲੈ ਕੇ ਅੱਗੇ ਵਧਣ। ਨਾਲ ਹੀ ਅੰਦੋਲਨ ਦੀਆਂ ਹੁਣ ਤੱਕ ਦੀਆਂ ਕਾਰਵਾਈਆਂ ਤੋਂ ਵੀ ਪ੍ਰੇਰਨਾ ਲੈਣੀ ਹੋਵੇਗੀ। ਮੁਹੰਮਦ ਨੇ ਕਿਹਾ, "ਸਾਨੂੰ ਚੇਤੇ ਰੱਖਣਾ ਹੋਵੇਗਾ ਕਿ ਅਸੀਂ ਹੰਝੂਆਂ ਅਤੇ ਦਰਦ ਦੇ ਜ਼ਰੀਏ ਇਹ ਸਭ ਕਿਸ ਦੀ ਖ਼ਾਤਰ ਕਰ ਰਹੇ ਹਾਂ... ਇਹ ਗਾਜ਼ਾ ਦੇ ਲੋਕਾਂ ਲਈ ਹੈ, ਜੋ ਸਾਡੇ ਕੰਪਾਸ ਦੇ ਰੂਪ 'ਚ ਉੱਥੇ ਹਨ। ਅਸੀਂ ਸੜਕਾਂ ਬੰਦ ਕਰ ਦਿੱਤੀਆਂ ਹਨ। ਅਸੀਂ ਪੁਲ, ਹਵਾਈ ਅੱਡੇ, ਰੇਲਵੇ ਸਟੇਸ਼ਨ ਬੰਦ ਕਰ ਦਿੱਤੇ ਹਨ। ਜ਼ਰਾ ਸੋਚੋ, ਸਾਮਰਾਜ ਦੇ ਇਤਿਹਾਸ ਵਿਚ ਬਹੁਤ ਲੰਮੇ ਸਮੇਂ ਤੋਂ ਅਜਿਹਾ ਕਦੇ ਨਹੀਂ ਹੋਇਆ ਹੈ। ਅਸੀਂ ਇੱਥੇ ਦੈਂਤ ਦੇ ਢਿੱਡ ਦੇ ਅੰਦਰ ਸਾਮਰਾਜਵਾਦ ਦੀਆਂ ਧਮਣੀਆਂ ਨੂੰ ਬੰਦ ਕਰਨ 'ਚ ਲਗਾਤਾਰ ਜਥੇਬੰਦ ਹੁੰਦੇ ਹਾਂ।"

ਪ੍ਰਦਰਸ਼ਨਕਾਰੀਆਂ ਨੇ 24 ਜੁਲਾਈ ਨੂੰ ਵਾਸ਼ਿੰਗਟਨ ਡੀ.ਸੀ. ਵਿਖੇ ਇਕ ਵਾਰ ਫਿਰ ਇਕੱਠੇ ਹੋਣ ਦੀ ਸਹੁੰ ਖਾਧੀ ਹੈ, ਜਦੋਂ ਕੌਮਾਂਤਰੀ ਅਪਰਾਧਿਕ ਅਦਾਲਤ ਵੱਲੋਂ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕੀਤਾ ਹੋਣ ਦੇ ਬਾਵਜੂਦ ਬੈਂਜਾਮਿਨ ਨੇਤਨਯਾਹੂ ਖੁਦ ਕਾਂਗਰਸ ਨੂੰ ਸੰਬੋਧਨ ਕਰਨ ਵਾਲਾ ਹੈ।

# ਰੁੱਸਿਆ ਨਾ ਕਰ ਯਾਰ

## ਸ਼ਬਦ ਜੋਤ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਰੁੱਸਿਆ ਨਾ ਕਰੋ ਯਾਰੋ। ਨਦੀ ਕਿਨਾਰੇ ਰੁੱਖੜੇ ਹਾਂ ਪਤਾ ਨਹੀਂ ਕਦੋਂ ਸਾਹ ਹੀ ਰੁੱਸ ਜਾਣ। ਰੁੱਸਿਆਂ-ਰੁੱਸਿਆਂ ਸਦਾ ਲਈ ਵਿੱਛੜ ਜਾਣਾ ਬਹੁਤ ਹੀ ਅਸਹਿ ਹੁੰਦਾ ਜਿਊਂਦਿਆਂ ਲਈ ਕਿਉਂਕਿ ਸਦਾ ਲਈ ਵਿੱਛੜ ਗਏ ਰੁੱਸੇ ਹੋਏ ਨੂੰ ਤੁਸੀਂ ਕਦੇ ਨਹੀਂ ਮਨਾ ਸਕਦੇ। ਤੁਰ ਜਾਣ ਵਾਲਾ ਪਤਾ ਨਹੀਂ ਆਪਣਿਆਂ ਨੂੰ ਮਨਾਉਣ ਦੀਆਂ ਕਿੰਨੀਆਂ ਸੱਧਰਾਂ ਮਨ ਵਿਚ ਦਬਾਈ ਸਦਾ ਲਈ ਅੱਖਾਂ ਹੀ ਮੀਟ ਗਿਆ ਹੋਵੇਗਾ।

ਬੰਦੇ ਕੋਲੋਂ ਆਪਾ ਹੀ ਰੁੱਸ ਜਾਵੇ ਤਾਂ ਪੱਲੇ ਵਿਚ ਰਹਿੰਦਾ ਹੀ ਕੀ? ਮਰ ਜਾਂਦੀ ਉਸ ਦੀ ਧੜਕਣ ਤੇ ਜੀਅ ਅਤੇ ਕਿਸੇ ਨੂੰ ਵੀ ਨਹੀਂ ਸੁਣਦੀ ਉਸ ਦੇ ਸਾਹਾਂ ਵਿਚਲੀ ਸੀ। ਚਾਅ ਰੁੱਸ ਜਾਂਦੇ ਤਾਂ ਬੰਦਾ ਪਤਝੜੀ ਬਿਰਖ ਬਣਦਾ, ਫੁੱਲ ਅਤੇ ਟਾਹਣੀਆਂ ਤੋਂ ਵਿਰਵਾ ਪੱਤਿਆਂ ਤੋਂ ਸੱਖਣਾ, ਮਹਿਕ ਵਿਹੂਣਾ। ਬਿਨ ਛਾਵਾਂ ਤੋਂ ਸਿਰਫ਼ ਸਾਹਾਂ ਦੀ ਰੂਹ ਹੀਣ ਡਫਲੀ ਖੜਕਦੀ।

ਸ਼ਫ਼ਾ ਰੁੱਸਦੀ ਤਾਂ ਸਿਹਤਯਾਬੀ ਖੁੱਸਦੀ, ਲੱਗ ਜਾਂਦਾ ਅਸਾਧ ਰੋਗ ਅਤੇ ਫਿਰ ਬੰਦੇ ਨੂੰ ਮੌਤ ਮੰਗਿਆਂ ਵੀ ਨਹੀਂ ਮਿਲਦੀ।

ਸਾਂਝ ਰੁੱਸ ਜਾਵੇ ਤਾਂ ਬੰਦਾ ਤਨਹਾਈ ਵਿਚ ਹੀ ਖ਼ੁਦ ਨੂੰ ਮਰਨਹਾਰਾ ਕਰ ਲੈਂਦਾ। ਕਦੇ ਇਕਲਾਪਾ ਹੰਢਾਉਂਦੇ ਸੱਜਣਾਂ ਨਾਲ ਕੁਝ ਪਲ ਸਾਂਝੇ ਕਰਨਾ, ਦੇਖਣਾ ਉਹ ਫਿਰ ਇਕੱਲੇ ਰਹਿੰਦਿਆਂ ਵੀ ਕੱਲੇ ਨਹੀਂ ਹੋਣਗੇ।

ਪਿਆਰ ਰੁੱਸ ਜਾਵੇ ਤਾਂ ਬੰਦਾ ਖ਼ੁਦ ਨੂੰ ਕਿਸੇ ਕਮਰੇ ਵਿਚ ਕੈਦ ਕਰ ਆਪਣੀ ਹੋਣੀ ਨੂੰ ਹੱਥੀਂ ਹੀ ਵਿਹਾਜ ਲੈਂਦਾ ਕਿਉਂਕਿ ਪਿਆਰ ਬਿਨਾਂ ਕਿਸੇ ਦਾ ਜੀਣਾ ਵੀ ਕੀ ਜੀਣਾ। ਇਹ ਤਾਂ ਆਪਣੇ ਹੱਥੀਂ ਆਪਣਾ ਲਹੂ ਪੀਣਾ ਅਤੇ ਨਾ ਚਾਹੁੰਦਿਆਂ ਵੀ ਥੀਣਾ ਅਤੇ ਸਾਹਾਂ ਦੀ ਤੰਦ ਕਤੀਣਾ ਹੁੰਦਾ। ਅਜੇਹੇ ਲੋਕ ਬਿਮਾਰੀ ਤੋਂ ਨਹੀਂ ਪਿਆਰ-ਪਿਆਸ ਨਾਲ ਹੀ ਤੜਫ਼ ਕੇ ਮਰ ਜਾਂਦੇ।

ਮਰਹਮ ਰੁੱਸਦੀ ਤਾਂ ਜ਼ਖ਼ਮ ਕਦੇ ਨਹੀਂ ਭਰਦੇ। ਸਦਾ ਚਸਕਦੇ, ਰਿਸਦੇ ਅਤੇ ਕਿਸੇ ਮੋਹਵੰਤੀ ਪਲੋਸਣੀ ਦੀ ਆਸ 'ਚ ਆਖ਼ਰੀ ਸਾਹ ਤੀਕ ਖ਼ੁਦ ਨਾਲ ਜੰਗ ਕਰਦੇ।

ਮਿੱਤਰ ਰੁੱਸ ਜਾਵੇ ਤਾਂ ਰੁੱਸ ਜਾਂਦਾ ਮਿੱਤਰ-ਮੋਢਾ ਜਿਸ 'ਤੇ ਸਿਰ ਰੱਖ ਕੇ ਦਰਦ ਕੋਈ ਫਰੋਲੇ ਅਤੇ ਦੁੱਖਾਂ ਦੇ ਮਾਰੇ ਨੂੰ ਪੀੜਾ ਤੋਂ ਰਾਹਤ ਮਿਲੇ।

ਖ਼ੂਹ ਰੁੱਸ ਜਾਵੇ ਤਾਂ ਖ਼ਾਲੀ ਟਿੰਡਾਂ ਦੀ ਚੀਸ ਫ਼ਿਜ਼ਾ ਨੂੰ ਚੀਰ ਜਾਂਦੀ ਅਤੇ ਸੁੱਕਾ ਹੋਇਆ ਤਲ ਜੀਵਨ-ਆਸਥਾ ਲਈ ਆਖ਼ਰੀ ਹਿਚਕੀ ਬਣਦਾ।

ਕਾਇਨਾਤ ਰੁੱਸ ਜਾਵੇ ਤਾਂ ਹੜ੍ਹ, ਭੂਚਾਲ, ਬਰਫ਼ੀਲੇ ਤੂਫ਼ਾਨ ਅਤੇ ਵਾ-ਵਰੋਲੇ, ਲਾਵੇ ਅਤੇ ਕਹਿਰਾਂ ਦੀ ਤਪਸ਼ ਕਹਿਰ ਬਣ ਕੇ ਮਨੁੱਖ ਨੂੰ ਉਸ ਦੀ ਔਕਾਤ ਦਿਖਾਉਂਦੀ।

ਹਵੇਲੀ ਰੁੱਸ ਜਾਵੇ ਤਾਂ ਖ਼ਾਲੀ ਖੁਰਲੀਆਂ ਅਤੇ ਸੱਖਣੇ ਕਿੱਲਿਆਂ ਨੂੰ ਦੇਖ ਕੇ ਇੰਝ ਜਾਪਦਾ ਜਿਵੇਂ ਲਵੇਰੀਆਂ ਮੱਝਾਂ ਤੇ ਗਾਵਾਂ, ਬਲਦ ਅਤੇ ਝੋਟੇ, ਕੱਟੇ/ਕੱਟੀਆਂ ਜਾਂ ਵੱਛੇ/ਵੱਛੀਆਂ ਨੂੰ ਕਾਲ ਨਿਗਲ ਜਾਂਦਾ ਅਤੇ ਇਸ ਦੀ ਵੀਰਾਨਗੀ ਵਿਚ ਕੁਝ ਵੀ ਜੀਵੰਤ ਨਹੀਂ ਦਿਸਦਾ।

ਖੇਤ ਰੁੱਸ ਜਾਂਦੇ ਤਾਂ ਨਿਆਈਆਂ ਰੱਕੜ ਬਣਦੀਆਂ, ਫ਼ਸਲਾਂ ਦੀ ਬਜਾਏ ਉੱਗਦੀਆਂ ਖੁਦਕੁਸ਼ੀਆਂ ਅਤੇ ਸਹਿਕ ਜਾਂਦਾ ਕਿਆਰਿਆਂ ਨੂੰ ਸਿੰਜਣ ਵਾਲਾ ਪਾਣੀ ਅਤੇ ਆਡਾਂ ਵਿਚਲੇ ਪਾਣੀ ਦਾ ਵੇਗ ਆਪਣੀ ਮੌਤੇ ਮਰ ਜਾਂਦਾ।

ਬਹਾਰ ਰੁੱਸ ਜਾਵੇ ਤਾਂ ਚਮਨ ਉੱਜੜਦਾ, ਟਾਹਣੀਆਂ 'ਤੇ ਫੁੱਟਣ ਵਾਲੀਆਂ ਕਰੂੰਬਲਾਂ ਦਾ ਹੋ ਜਾਂਦਾ ਕੁੱਖ ਵਿਚ ਕਤਲ ਅਤੇ ਪਤਝੜ ਲਾ ਲੈਂਦੀ ਸਦੀਵੀ ਡੇਰਾ।

ਕਮਰੇ ਰੁੱਸਦੇ ਤਾਂ ਇਸ ਦੀ ਫ਼ਿਜ਼ਾ ਮਸੋਸੀ ਜਾਂਦੀ, ਧੁੱਪ ਸਹਿਮ ਜਾਂਦੀ ਅਤੇ ਇਸ ਦੀ ਸੁੰਨ ਵਿਚ ਘਰ, ਘਰ ਨਾ ਹੋ ਕੇ ਮਕਾਨ ਬਣ ਜਾਂਦਾ ਅਤੇ ਨਿੱਕੇ ਨਿੱਕੇ ਟੋਟਿਆਂ ਵਿਚ ਤਕਸੀਮ ਹੋ ਜਾਂਦਾ।

ਘਰ ਰੁੱਸ ਜਾਂਦਾ ਤਾਂ ਕੰਧਾਂ ਨੂੰ ਖਾ ਜਾਂਦਾ ਕੱਲਰ, ਜਾਲ਼ਿਆਂ ਦਾ ਜੰਗਲ ਛੱਤਾਂ ਨੂੰ ਲਕੋਂਦਾ, ਕੰਧਾਂ ਤੋਂ ਲੱਥਦੇ ਲਿਉੜ, ਖੋੜਾਂ 'ਚ ਉੱਗਦੇ ਪਿੱਪਲ ਤੇ ਬੋਹੜ, ਬਨੇਰਿਆਂ 'ਤੇ ਬੁੱਝੀਆਂ ਹੋਈਆਂ ਅੱਧ ਜਲੀਆਂ ਮੋਮਬੱਤੀਆਂ ਅਤੇ ਆਲ਼ਿਆਂ ਵਿਚ ਹਵਾਂਕਦੀ ਸੁੱਕੇ ਚਿਰਾਗ਼ਾਂ ਦੀ ਹੂਕ।

ਘਰ ਵਾਲਿਆਂ ਦੀ ਗੁਫ਼ਤਗੂ ਰੁੱਸ ਜਾਵੇ ਤਾਂ ਪੈਦਾ ਹੋਈ ਖ਼ਾਮੋਸ਼ੀ ਘਰ ਵਿਚਲੀ ਅਪਣੱਤ, ਸਹਿਯੋਗ, ਸਹਿਚਾਰ, ਸਕੂਨ ਅਤੇ ਸੁਖਨ ਚੱਟਮ ਜਾਂਦੀ।

ਪਲੰਘ 'ਤੇ ਲੇਟੇ ਦੋ ਪ੍ਰੇਮੀਆਂ 'ਚ ਜਦ ਮੋਹ-ਮੁਹੱਬਤ ਰੁੱਸਦੀ ਤਾਂ ਨਿੱਘੀ ਗਲਵੱਕੜੀ ਧਾਹੀਂ ਰੋਂਦੀ ਅਤੇ ਸੇਜ ਰੂਪੀ ਰਾਂਗਲਾ ਪਲੰਘ ਹੌਕੇ ਭਰਦਾ।

ਵੇ ਸੱਜਣਾਂ! ਜ਼ਰਾ ਸੁਣ ਕੇ ਜਾਵੀਂ;
ਰੁੱਸਿਆ ਨਾ ਕਰ ਯਾਰ
ਰੁੱਸਿਆਂ ਰੁੱਸਿਆਂ ਜੇ ਸਾਹ ਵੀ ਰੁੱਸ ਗਏ
ਤਾਂ ਯਾਰੀ ਜਾਣੀ ਹਾਰ।

ਬਸ ਵੀ ਕਰਦੇ ਯਾਰ
ਮੂੰਹ ਫੁਲਾਈ ਬੈਠੇ ਰਹੇ ਤਾਂ
ਬੋਲਾਂ ਦੇਣਾ ਦੁਰਕਾਰ।

ਜ਼ਿੱਦ ਵੀ ਛੱਡ ਹੁਣ ਯਾਰ
ਜ਼ਿੱਦ ਜ਼ਿੱਦ 'ਚ ਹੋ ਜਾਣਾ
ਚਾਵਾਂ ਦਾ ਨਰ-ਸੰਘਾਰ।



ਭੁੱਲ ਵੀ ਜਾ ਹੁਣ ਯਾਰ
ਭੁੱਲ ਕੇ ਹੀ ਤਾਂ ਨਵੀਆਂ ਯਾਦਾਂ
ਬਣਨਾ ਮਨ-ਬਹਾਰ।

ਆਖੇ ਵੀ ਲੱਗ ਯਾਰ
ਅੜੀਆਂ ਵਿਚ ਖੁਰ ਨਾ ਜਾਵੇ
ਸਾਂਝਾਂ ਦਾ ਕਿਰਦਾਰ।

ਚੁੱਪ ਨੂੰ ਤੋੜਦੇ ਯਾਰ
ਬੋਲਾਂ ਬਾਝੋਂ ਕਿੰਝ ਕਰੇਂਗਾ
ਸੱਧਰਾਂ ਦਾ ਇਜ਼ਹਾਰ।

ਸੁੰਨ ਪਿਘਲਾ ਦੇ ਯਾਰ
ਸੁੰਨ-ਸਮਾਧੀ ਜੇ ਨਾ ਤੋੜੀ ਤਾਂ
ਪਥਰਾਅ ਜਾਵੇਗਾ ਪਿਆਰ।

ਗ਼ੁੱਸਾ ਛੱਡ ਦੇ ਯਾਰ
ਰੋਸੇ, ਸ਼ਿਕਵੇ ਤੇ ਗਿਲਿਆਂ ਦਾ
ਚੁੱਕ ਨਹੀਂ ਹੋਣਾ ਭਾਰ।

ਆ ਗਲ ਮਿਲੀਏ ਯਾਰ
ਰੂਹਾਂ ਦੀ ਰਾਹਦਾਰੀ ਦੇ ਲਈ
ਜੋੜੀਏ ਦਿਲਾਂ ਦੀ ਤਾਰ।

ਯਾਰਾ! ਜੇ ਕਲਮ ਰੁੱਸ ਜਾਵੇ ਤਾਂ ਖ਼ਾਲੀ ਵਰਕਿਆਂ 'ਤੇ ਫੈਲੀ ਹੋਈ ਅਮੂਰਤ ਲਿਖਤ ਨੂੰ ਪੜ੍ਹਨ ਲੱਗਿਆਂ, ਅੰਤਰੀਵ ਵੀ ਚੀਖ਼ਣ ਲੱਗਦੀ।

ਜਦ ਅੱਖਾਂ ਵਿਚਲੇ ਅੱਥਰੂ ਰੁੱਸ ਜਾਂਦੇ ਤਾਂ ਨੈਣਾਂ ਵਿਚ ਜੰਮੇ ਹੋਏ ਹੰਝੂਆਂ ਦੀ ਇਬਾਦਤ ਪੜ੍ਹਦਿਆਂ ਪੜ੍ਹਦਿਆਂ, ਬੰਦਾ ਖ਼ੁਦ ਨੂੰ ਹੀ ਵਸਾਰ ਦਿੰਦਾ।

ਜਦ ਸ਼ਬਦਾਂ ਕੋਲੋਂ ਅਰਥ ਰੁੱਸਦੇ ਤਾਂ ਚਾਨਣ ਵਿਹੂਣੇ ਹਰਫ਼ਾਂ ਦੀ ਧੂਣੀ ਬਾਲ ਕੇ ਵੀ ਕਿਸੇ ਸੇਕ ਦੀ ਆਸ ਰੱਖਣਾ ਅਕਾਰਥ ਹੁੰਦਾ।

ਜੇ ਦੀਦਿਆਂ ਵਿਚ ਠਹਿਰੇ ਸੁਪਨੇ ਹੀ ਰੁੱਸ ਜਾਣ ਤਾਂ ਮੰਜ਼ਲਾਂ ਦੇ ਸਿਰਨਾਵਿਆਂ ਦੀ ਸਾਰ ਕੌਣ ਲਵੇਗਾ ਅਤੇ ਬਿਨ-ਸਿਰਨਾਵਿਓਂ ਕੋਈ ਵੀ ਕਦੇ ਵੀ ਕਿਸੇ ਟਿਕਾਣੇ 'ਤੇ ਨਹੀਂ ਪਹੁੰਚਦਾ।

ਜੇ ਪੈਰਾਂ 'ਚ ਉੱਗਣ ਵਾਲਾ ਸਫ਼ਰ ਹੀ ਰੁੱਸ ਜਾਵੇ ਤਾਂ ਪੈਰ ਕਦੇ ਵੀ ਕਿਸੇ ਸਫ਼ਰਨਾਮੇ ਦੇ ਸਿਰਜਕ ਨਹੀਂ ਹੋ ਸਕਦੇ।

ਜੇ ਸ਼ਬਦ ਹੀ ਰੁੱਸ ਜਾਣ ਤਾਂ ਸ਼ਬਦ-ਜੋਤ ਨੂੰ ਆਪਣੀ ਰੂਹ ਦੇ ਵਿਹੜੇ ਧਰ, ਕਿਸੇ ਕਿਸਮ ਦੀ ਲੋਅ ਦੀ ਆਸ ਰੱਖਣਾ ਮਨ ਦਾ ਭਰਮ ਹੀ ਹੁੰਦਾ।

ਜੇ ਚੇਤਨਾ ਰੁੱਸ ਜਾਵੇ ਤਾਂ ਚਿੰਤਾ, ਚਿੰਤਨ, ਜਾਂ ਫ਼ਿਕਰਮੰਦੀ ਨੂੰ ਮਸਤਕ ਵਿਚ ਕਿਵੇਂ ਉਗਾਇਆ ਜਾ ਸਕਦਾ, ਵੈਰਾਨੀ ਧਰਤੀ ਕਦੇ ਵੀ ਜ਼ਰਖੇਜ਼ ਨਹੀਂ ਹੋ ਸਕਦੀ।

ਜੇ ਆਵੇਸ਼ ਹੀ ਰੁੱਸ ਜਾਵੇ ਤਾਂ ਕਿਸੇ ਲਿਖਤ ਦੇ ਉਦੇ ਹੋਣ ਨੂੰ ਕਿਆਸਣਾ, ਕਿਸੇ ਫੋਕੇ ਦਿਲਾਸੇ ਤੋਂ ਇਲਾਵਾ ਕੁਝ ਨਹੀਂ ਹੁੰਦਾ।

ਜੇ ਰੂਹ ਹੀ ਰੁੱਸ ਜਾਵੇ ਤਾਂ ਜਿਸਮਾਨੀ ਤੰਦਰੁਸਤੀ ਅਰਥਹੀਣ। ਯਾਦ ਰੱਖਣਾ! ਜੇ ਰੂਹ ਰਾਜ਼ੀ ਤਾਂ ਬੰਦਾ ਸੱਚੀਂ ਮੁਚੀਂ ਰਾਜ਼ੀ, ਅਤੇ ਰੱਬ ਵੀ ਰਾਜ਼ੀ ਕਿਉਂਕਿ ਰੱਬ ਵੀ ਤਾਂ ਬੰਦਿਆਂ ਵਿਚ ਹੀ ਵੱਸਦਾ;

ਕਈ ਵਾਰ ਤਾਂ ਇੰਝ ਵੀ ਹੁੰਦਾ ਕਿ;
ਮੈਂ ਵੀ ਰੁੱਸਿਆ ਤੇ ਉਹ ਵੀ ਰੁੱਸਿਆ
ਤੇ ਹੋ ਗਈ ਜਗ-ਹਸਾਈ।
ਕਿਸ ਨੂੰ, ਕੌਣ ਮਨਾ ਵੇ ਸੋਚਦਿਆਂ,
ਸਾਰੀ ਉਮਰ ਲੰਘਾਈ।
ਨਾ ਬਾਂਹਾਂ ਨੂੰ ਬਾਂਹਾਂ ਮਿਲੀਆਂ
ਨਾਂ ਭਾਵਾਂ ਤੀਕ ਰਸਾਈ।
ਗ਼ਮ, ਪੀੜਾ ਤੇ ਦੁੱਖ-ਦਰਦਾਂ ਦੀ
ਕੀਤੀ ਅਸਾਂ ਕਮਾਈ।
ਨਾ ਸੁਪਨਿਆਂ ਗਲਵੱਕੜੀ ਪਾਈ
ਨਾ ਚਾਵਾਂ ਮਹਿੰਦੀ ਲਾਈ।
ਨਾ ਇਕ ਦੂਜੇ ਦੀਆਂ ਗੱਲੀਂ
ਹਾਂ ਵਿਚ ਹਾਂ ਮਿਲਾਈ।
ਰੁੱਸਿਆਂ ਰੁੱਸਿਆਂ ਬੀਤ ਚੱਲੀ ਏ
ਉਮਰਾਂ ਦੀ ਤਨਹਾਈ।
ਆ ਸੱਜਣਾਂ! ਸੀਨੇ ਨਾਲ ਲੱਗ ਜਾ
ਛੱਡ ਵੀ ਦੇ ਰੁਸਵਾਈ।
ਬਚਦੇ ਸਾਹੀਂ, ਵਿੱਥ-ਵਿਰਲਾਂ ਦੀ
ਕਰ ਲਈਏ ਭਰਪਾਈ।

ਰੁੱਸਦੇ ਸਿਰਫ਼ ਉਹੀ ਜੋ ਖ਼ੁਦ ਨੂੰ ਨਫ਼ਰਤ ਕਰਦੇ। ਆਪਣੀ ਉੱਤਮਤਾ ਦਾ ਝੰਡਾ ਲਹਿਰਾਉਣਾ ਚਾਹੁੰਦੇ। ਆਪਣੀ ਹਉਮੈ ਤੇ ਹੰਕਾਰ 'ਚ ਸੜਦੇ। ਧੁਖਦੀ ਧੂਣੀ ਵਰਗੇ ਜੋ ਖ਼ੁਦ ਵੀ ਭਸਮ ਹੁੰਦੇ ਅਤੇ ਆਲੇ-ਦੁਆਲੇ ਨੂੰ ਵੀ ਸਵਾਹ ਕਰਦੇ।

ਜੇ ਭਾਸ਼ਾ ਹੀ ਰੁੱਸ ਜਾਵੇ ਤਾਂ ਬੌਣੀ ਕਵਿਤਾ, ਕਹਾਣੀ, ਗੀਤ, ਗ਼ਜ਼ਲ, ਨਾਟਕ ਜਾਂ ਵਾਰਤਿਕੀ ਟੋਟਕਿਆਂ ਵਿਚ ਸਮੇਂ ਦੇ ਸੱਚ ਅਤੇ ਦਰਦ ਨੂੰ ਸਮਾਉਣ ਦੀ ਸੋਝੀ ਕਿਥੋਂ ਆਵੇਗੀ?

ਜੇ ਆਪਾ ਹੀ ਰੁੱਸ ਜਾਵੇ ਤਾਂ ਬੰਦੇ ਦੇ ਪੱਲੇ ਵਿਚ ਕੁਝ ਨਹੀਂ ਰਹਿੰਦਾ, ਸਿਵਾਏ ਸਾਹਾਂ ਨੂੰ ਪੂਰੇ ਕਰਨ ਦੀ ਮਜਬੂਰੀ।

ਰੁੱਸਿਆ ਹੋਇਆ ਸੱਜਣ ਆਪਣੇ ਮਿੱਤਰ ਦੀ ਅਰਥੀ ਨੂੰ ਮੋਢਾ ਤਾਂ ਦੇ ਸਕਦਾ ਹੈ ਪਰ ਉਸ ਦੇ ਜਿਉਂਦੇ ਜੀਅ ਮਨ-ਮੁਟਾਵ, ਰੋਸਿਆਂ ਅਤੇ ਸ਼ਿਕਵਿਆਂ ਨੂੰ ਦੂਰ ਨਾ ਕਰਨ ਦਾ ਦਰਦ, ਉਸ ਦੇ ਸਾਹਾਂ ਨੂੰ ਵੀ ਸਿਉਂਕ ਬਣਾ ਦਿੰਦਾ। ਅਰਥੀ ਤਾਂ ਬੋਲਦੀ ਨਹੀਂ ਫਿਰ ਬੋਲ ਕੇ ਰੁਸਵਾਈ ਕਿੰਝ ਦੂਰ ਕੀਤੀ ਜਾ ਸਕਦੀ। ਉਸ ਨੇ ਆਪਣੇ ਮਿੱਤਰ ਦੀ ਅਰਥੀ ਦੇ ਨਾਲ ਨਾਲ ਖ਼ੁਦ ਦੀ ਅਰਥੀ ਵੀ ਆਪਣੇ ਮੋਢਿਆਂ 'ਤੇ ਚੁੱਕੀ ਹੁੰਦੀ।

ਰੁੱਸੇ ਹੋਏ ਬੱਚੇ ਆਪਣੇ ਮਾਂ/ਬਾਪ ਦੀਆਂ ਅੰਤਿਮ 'ਚ ਸ਼ਾਮਲ ਹੋ ਕੇ, ਗੈਰ-ਹਾਜ਼ਰ ਹੀ ਹੁੰਦੇ। ਉਨ੍ਹਾਂ ਦੇ ਅੰਦਰਲਾ ਰੋਸਾ ਤੇ ਸਾੜਾ, ਚਿਤਾ ਨੂੰ ਲਾਂਬੂ ਲਾਉਂਦਿਆਂ ਵੀ, ਆਪਣੇ ਅੰਦਰ ਇਕ ਸਿਵਾ ਬਾਲਦਾ ਜਿਸ ਦੇ ਸੇਕ ਵਿਚ ਉਹ ਖ਼ੁਦ ਹੀ ਰਾਖ ਹੋ ਜਾਂਦਾ।

ਰੁੱਸ ਕੇ ਵੱਧ ਜਾਂਦੀਆਂ ਦੂਰੀਆਂ ਜਿਨ੍ਹਾਂ ਨੂੰ ਭਰਨਾ ਬਹੁਤ ਔਖਾ। ਇਹ ਦੂਰੀਆਂ ਫਿਰ ਜਾਨ ਦਾ ਖ਼ੌਅ ਬਣਦੀਆਂ। ਸਾਡੇ ਕੋਲੋਂ ਚਾਅ ਰੁੱਸ ਜਾਂਦੇ ਤੇ ਅਸੀਂ ਜਿਊਣਾ ਹੀ ਭੁੱਲ ਜਾਂਦੇ। ਇਹ ਭੁੱਲ ਨੂੰ ਬਖ਼ਸ਼ਾਉਣਾ ਡਾਢਾ ਕਠਨ। ਫਿਰ ਇਹੀ ਭੁੱਲ ਸਾਡੀ ਅਰਥੀ ਨੂੰ ਸਭ ਤੋਂ ਪਹਿਲਾਂ ਮੋਢਾ ਦਿੰਦੀ।

ਜਦ ਸੁਪਨੇ ਰੁੱਸਦੇ ਤਾਂ ਸਾਡੀਆਂ ਸੋਚਾਂ ਸਿਉਂਕੀਆਂ ਜਾਂਦੀਆਂ, ਤਦਬੀਰਾਂ ਦੇ ਹੌਸਲੇ ਪਸਤ ਹੋ ਜਾਂਦੇ। ਸਾਡੇ ਕਦਮਾਂ ਵਿਚ ਉੱਗਣ ਵਾਲਾ ਸਫ਼ਰ ਆਪਣੀ ਮੌਤੇ ਮਰਦਾ ਅਤੇ ਅਸੀਂ ਸਿਰਫ਼ ਇਕ ਹੀ ਬਿੰਦੂ 'ਤੇ ਖੜੇ ਆਖ਼ਰੀ ਪਹਿਰ ਨੂੰ ਉਡੀਕਣ ਲੱਗਦੇ।

ਜਦ ਸਾਡੇ ਕੋਲੋਂ ਮਨ ਵਿਚ ਪੈਦਾ ਹੋਣ ਵਾਲੀ ਸੰਵੇਦਨਾ ਹੀ ਰੁੱਸ ਜਾਵੇ ਤਾਂ ਸਾਡੀਆਂ ਅੱਖਾਂ ਸਿੱਲ੍ਹੀਆਂ ਨਹੀਂ ਹੁੰਦੀਆਂ ਜਦ ਕਿਸੇ ਨੂੰ ਕਰਾਹੁੰਦਾ ਦੇਖਦੇ। ਭੁੱਖੇ ਢਿੱਡ ਦੀ ਵੇਦਨਾ ਸਮਝਣ ਤੋਂ ਅਸਮਰਥ। ਬੰਬਾਂ ਦੀ ਮਚਾਈ ਤਬਾਹੀ ਵਿਚ ਬੈਠੇ ਭੁੱਖਣ-ਭਾਣੇ ਤੇ ਲਾਚਾਰ ਬੱਚਿਆਂ ਦੀ ਬੇਬਸੀ ਨੂੰ ਦੇਖ ਕੇ ਮਨ ਵਿਚ ਰੁਦਨ ਨਹੀਂ ਪੈਦਾ ਹੁੰਦਾ। ਅਸੀਂ ਸਿਰਫ਼ ਇਕ ਰੋਬੋਟ, ਭਾਵ ਹੀਣ, ਅਹਿਸਾਸ ਹੀਣ ਅਤੇ ਸੰਵੇਦਨਾ ਅਤੇ ਸੂਖਮਤਾ ਤੋਂ ਕੋਰੇ।

ਜਦ ਸਾਡੇ ਕੋਲੋਂ ਕੁਦਰਤ ਰੁੱਸ ਜਾਵੇ ਤਾਂ ਬਿਨ ਪੱਤਰੇ ਹੋ ਜਾਂਦੇ ਬਿਰਖ਼ ਅਤੇ ਦੂਰ ਉੱਡ ਜਾਂਦੇ ਪੰਛੀ, ਪਸਰਦੀ ਪਰਿੰਦਿਆਂ ਦੀ ਮਹਿਫ਼ਲ 'ਚ ਸੁੰਨਸਾਨ। ਬਿਰਖਾਂ ਦੀ ਅਲੋਪਤਾ ਵਿਚੋਂ ਸਿਰਫ਼ ਮੌਤ ਨੂੰ ਦੇਖਦੇ।

ਨਿਰਮਲ ਪਾਣੀਆਂ ਰਾਹੀਂ ਜੀਵਨ ਦਾਨ ਬਖ਼ਸ਼ਣ ਵਾਲੇ ਸਾਡੇ ਕੋਲੋਂ ਰੁੱਸ ਕੇ ਬਰੇਤੇ ਬਣ ਜਾਂਦੇ ਤਾਂ ਸਾਨੂੰ ਸਾਡੀਆਂ ਕੁਤਾਹੀਆਂ ਦੀ ਸਜ਼ਾ ਮਿਲਦੀ। ਫਿਰ ਅਸੀਂ ਬੂੰਦ-ਬੂੰਦ ਲਈ ਤਰਸਦੇ ਆਪਣੀ ਪਿਆਸ ਵਿਚ ਆਪ ਹੀ ਪਿਆਸ ਹੀਣ ਹੋ ਕੇ ਪਾਣੀ ਦੇ ਕਹਿਰ ਦਾ ਸ਼ਿਕਾਰ ਬਣਦੇ।

ਜਦ ਸਾਡੀ ਰੂਹ ਹੀ ਸਾਡੇ ਤੋਂ ਰੁੱਸ ਜਾਵੇ ਤਾਂ ਬੰਦੇ ਦਾ ਆਪਣਾ ਆਪ ਖ਼ੁਦ ਤੋਂ ਬਹੁਤ ਦੂਰ ਚਲੇ ਜਾਂਦਾ। ਫਿਰ ਬੰਦੇ ਦਾ ਖ਼ੁਦ ਨੂੰ ਮਿਲਣਾ ਬਹੁਤ ਅਸੰਭਵ ਹੁੰਦਾ। ਬੰਦਾ, ਬੰਦੇ ਅਤੇ ਬੰਦਿਆਈ ਤੋਂ ਬਹੁਤ ਦੂਰ ਤੀਕ ਤਿਲ੍ਹਕ ਜਾਂਦਾ। ਇਹ ਤਿਲ੍ਹਕਣੀ ਆਖ਼ਰ ਨੂੰ ਰਸਾਤਲ ਦਾ ਰਾਹ ਬਣ ਜਾਂਦੀ।

ਜਦ ਸ਼ਬਦ ਰੁੱਸਦੇ ਤਾਂ ਸਫ਼ਿਆਂ 'ਤੇ ਉੱਕਰਿਆ ਜਾਣ ਵਾਲਾ ਸੁਨੇਹਾ ਵੀ ਆਪਣੇ ਮਾਤਮ ਵਿਚ ਖ਼ੁਦ ਨੂੰ ਸਿਵੇ ਦਾ ਸੇਕ ਬਣਾ ਦਿੰਦਾ। ਇਹ ਮਾਤਮ ਹੀ ਹੁੰਦਾ ਜਦ ਆਪਣੇ ਆਪ ਨੂੰ ਪ੍ਰਗਟਾਉਣ ਤੋਂ ਉਕਤਾਏ ਕੋਰੇ ਰਹਿ ਜਾਂਦੇ।

ਜਦ ਮਾਂ ਬੋਲੀ ਹੀ ਸਾਡੇ ਤੋਂ ਰੁੱਸ ਜਾਵੇ ਤਾਂ ਦੱਸਣਾ ਕਿ ਤੁਸੀਂ ਆਪਣੇ ਅੰਤਰੀਵੀ ਹਾਵ-ਭਾਵ ਨੂੰ ਕਿੰਝ ਪ੍ਰਗਟਾਓਗੇ, ਜਿਹੜੇ ਮਾਂ ਬੋਲੀ ਤੋਂ ਬਿਨਾਂ ਕਿਸੇ ਵੀ ਹੋਰ ਬੋਲੀ ਵਿਚ ਨਹੀਂ ਪ੍ਰਗਟਾਏ ਜਾ ਸਕਦੇ, ਕਿਉਂਕਿ ਆਪਣੀ ਮਾਂ ਬੋਲੀ ਤੋਂ ਰੁੱਸਣਾ, ਆਪਣੇ ਮੂਲ ਤੋਂ ਟੁੱਟਣਾ ਹੁੰਦਾ।

ਜਦ ਕਿਤਾਬਾਂ ਰੁੱਸਦੀਆਂ ਤਾਂ ਘਰ ਵਿਚਲੀ ਖ਼ਾਲੀ ਲਾਇਬਰੇਰੀ ਹੰਝੂਆਂ ਵਿਚ ਖੁਰ ਜਾਂਦੀ ਅਤੇ ਇਨ੍ਹਾਂ ਵਿਚ ਉੱਗਦੀਆਂ ਬੀਅਰ ਬਾਰਾਂ ਜਿਨ੍ਹਾਂ ਵਿਚ ਆਖ਼ਰ ਨੂੰ ਗ਼ਰਕ ਜਾਂਦਾ ਮਨੁੱਖ।

ਜਦ ਮਾਂ ਸਦਾ ਲਈ ਰੁੱਸ ਕੇ ਕੰਧ 'ਤੇ ਲਟਕਦੀ ਤਸਵੀਰ ਬਣ ਜਾਵੇ ਤਾਂ ਦੱਸਣਾ ਫਿਰ ਮਾਂ ਨਾਲ ਕਿੰਜ ਗੱਲਾਂ ਕਰੋਗੇ ਜਿਹੜੀਆਂ ਗੱਲਾਂ ਤੁਸੀਂ ਕਰਨਾ ਲੋਚਦੇ ਸੀ। ਪਰ ਤੁਹਾਡੇ ਰੁਝੇਵਿਆਂ ਕਾਰਨ, ਤੁਸੀਂ ਮਾਂ ਨੂੰ ਸਦਾ ਲਈ ਗਵਾ ਲਿਆ।

ਬਾਪ ਰੁੱਸ ਜਾਵੇ ਤਾਂ ਬਾਪ ਦੀ ਸੰਘਣੀ ਛਾਂ ਤੋਂ ਮਹਿਰੂਮ ਹੋਇਆਂ ਦੀ ਮੰਦਹਾਲੀ ਅਤੇ ਬਦਹਵਾਸੀ ਨੂੰ ਕਦੇ ਕਿਆਸਣਾ, ਤੁਹਾਨੂੰ ਅਹਿਸਾਸ ਹੋਵੇਗਾ ਕਿ ਬਾਪ ਵਿਹੂਣੇ ਬੱਚਿਆਂ ਦੇ ਰਾਹਾਂ ਵਿਚ ਉੱਗੀਆਂ ਸੂਲ਼ਾਂ ਵਿਚ ਬੱਚਿਆਂ ਦਾ ਸਫ਼ਰ ਕਿੰਨਾ ਕਸ਼ਟਮਈ ਹੁੰਦਾ।

ਜਦ ਬਾਂਹਾਂ ਹੀ ਰੁੱਸ ਜਾਣ ਤਾਂ ਫਿਰ ਕਿਹੜੀਆਂ ਭੱਜੀਆਂ ਬਾਂਹਾਂ ਤੁਹਾਨੂੰ ਸੰਭਾਲਣਗੀਆਂ ਜਦ ਸ਼ਰੀਕਾਂ ਵਿਚ ਘਿਰਿਆਂ ਤੁਹਾਨੂੰ ਆਪਣੀਆਂ ਕੁਤਾਹੀਆਂ ਅਤੇ ਗਰੂਰਾਂ ਦਾ ਅਹਿਸਾਸ ਹੋਵੇਗਾ। ਪਰ ਤੁਹਾਡੇ ਕੋਲ ਤਾਂ ਉਸ ਪਲ ਆਪਣੇ ਰੁੱਸਿਆਂ ਨੂੰ ਮਨਾਉਣ ਦਾ ਵਕਤ ਵੀ ਨਹੀਂ ਹੋਣਾ।

ਸੱਜਣਾਂ! ਆਪਣੇ ਰੁੱਸੇ ਮਿੱਤਰ ਨੂੰ ਜਿਉਂਦੇ ਜੀਅ ਹੀ ਮਨਾ ਲੈ ਵਰਨਾ ਜਦ ਉਹ ਸਦਾ ਲਈ ਸਾਥ ਛੱਡ ਗਿਆ ਤਾਂ ਤੂੰ ਬੁਲਾਉਣਾ ਹੈ ਅਤੇ ਉਸਨੇ ਫਿਰ ਬੋਲਣਾ ਵੀ ਨਹੀਂ। ਤੇਰੇ ਤਰਲੇ ਕੀਤਿਆਂ ਅਤੇ ਹਿਲਾਉਣ 'ਤੇ ਵੀ ਉਸਨੇ ਕਦੇ ਹੁੰਗਾਰਾ ਨਹੀਂ ਭਰਨਾ।

ਜਦ ਬੰਦੇ ਦੀਆਂ ਕਰਤੂਤਾਂ ਕਾਰਨ ਕੁਦਰਤ ਰੁੱਸ ਕੇ ਕਹਿਰਵਾਨ ਹੁੰਦੀ ਤਾਂ ਮੌਸਮਾਂ ਵਿਚ ਅਣਕਿਆਸਿਆ ਬਦਲਾਅ ਪੈਦਾ ਹੁੰਦਾ। ਝੱਖੜਾਂ ਅਤੇ ਹਨੇਰੀਆਂ ਮਨੁੱਖੀ ਤਰੱਕੀ ਦੇ ਅਣਵਿਆਹਿਆਂ ਦਾ ਕਾਰਨ ਬਣਦੀਆਂ। ਭੂਚਾਲ ਅਤੇ ਬਰਫ਼ੀਲੇ ਤੂਫ਼ਾਨਾਂ ਵਿਚ ਬੰਦੇ ਨੂੰ ਆਪਣੀ ਹੋਂਦ ਬਚਾਉਣ ਦਾ ਤੌਖਲਾ ਪੈਦਾ ਹੋ ਜਾਂਦਾ।

ਮੇਰੇ ਕੋਲੋਂ ਮੈਂ ਹੀ ਰੁੱਸਿਆ ਅਤੇ ਮੈਂ ਖ਼ੁਦ ਤੋਂ ਵਿਹੂਣਾ ਹੋਇਆ।

ਆਪੇ ਨੂੰ ਗਵਾਹ ਇਕ ਨੁੱਕਰੇ ਬਹਿ ਕੇ ਹੁਬਕੀਂ ਹੁਬਕੀਂ ਰੋਇਆ।

ਕਿੰਝ ਮਿਲਾਂਗਾ ਖ਼ੁਦ ਨੂੰ ਹੁਣ ਮੈਂ ਇਹੀ ਸੋਚੀਂ ਜਾਵਾਂ।

ਆਪਣੇ ਆਪ ਤੋਂ ਵਿੱਛੜੇ ਆਪੇ ਨੂੰ ਕਿੰਝ ਮੈਂ ਜਾ ਮਨਾਵਾਂ।

ਮੈਂ ਤੇ ਮੇਰਾ ਆਪਾ ਰੁੱਸ ਗਏ, ਦੱਸੋ ਕੌਣ ਮਨਾਉ।

ਕੌਣ ਦੋਹਾਂ ਦੀਆਂ ਰੁੱਸੀਆਂ ਰਾਹਾਂ ਬਿੰਦੂ ਤੇ ਮਿਲਾਉ।

ਇਸ ਰੋਸੇ ਵਿਚ ਚਾਅ ਵੀ ਰੁੱਸੇ ਤੇ ਹਾਸੇ ਤੁਰ ਗਏ ਦੂਰ।

ਨਾ ਸੁੱਚੀਆਂ ਆਸਾਂ ਤੇ ਭਾਵਾਂ ਨੂੰ ਪਿਆ ਏ ਭਰਵਾਂ ਬੂਰ।

ਐ ਖ਼ੁਦਾਇਆ! ਕਦੇ ਨਾ ਰੁੱਸੇ ਆਪਣੇ ਕੋਲੋਂ ਆਪਾ।

ਨਾ ਹੀ ਰੂਹ ਬਿਨ ਰਹਿੰਦਿਆਂ ਸਹਿਣਾ ਪਵੇ ਇਕਲਾਪਾ।

ਨਾ ਹੀ ਨਿੱਘੀ ਗਲਵੱਕੜੀ ਦੇ ਵਿਚ ਉੱਗਣ ਹੌਕੇ ਆਹਾਂ।

ਸਗੋਂ ਪਾਕ ਸੋਚਾਂ ਦੇ ਅੰਦਰ ਪੁੰਗਰਨ ਸ਼ੁੱਭ ਇੱਛਾਵਾਂ।

ਆਪਣੇ ਆਪ ਤੋਂ ਜਿਹੜੇ ਲੋਕੀਂ ਹੋ ਜਾਂਦੇ ਨੇ ਪਾਸੇ।

ਹੰਝੂਆਂ ਦੇ ਵਿਚ ਗਲ ਜਾਂਦੇ ਤੇ ਨੇੜੇ ਨਾ ਢੁੱਕਣ ਹਾਸੇ।

ਕਦੇ ਜੇ ਰੁੱਸੇ ਆਪਾ ਸੱਜਣੋ ਤਾਂ ਬੁੱਕਲ 'ਚ ਲੈ ਸਹਿਲਾਓ।

ਨਿੱਕੇ ਨਿੱਕੇ ਖ਼ੁਦ ਨਾਲ ਸ਼ਿਕਵੇ, ਅੰਦਰ ਬਹਿ ਸੁਲਝਾਵੋ।

ਆਪੇ ਨਾਲ ਦੀ ਸਾਂਝ 'ਚ ਹੁੰਦੀ ਸਾਹਾਂ ਦੀ ਸਰਦਾਰੀ।

ਜ਼ਿੰਦਗੀ ਦੇ ਸਿਰ ਸਜਦਾ ਮੁਕਟ ਤੇ ਰੂਹਾਂ ਦੀ ਦਿਲਦਾਰੀ।

ਤਾਂ ਹੀ ਮੈਂ ਅਕਸਰ ਆਪਣੇ ਆਪ ਤੋਂ ਕਦੇ ਨਾ ਜਾਂਦਾ ਦੂਰ।

ਮੇਰੇ ਕਦਮੀਂ ਸਫ਼ਰ ਮਚਲਦਾ ਅਤੇ ਨੈਣਾਂ ਵਿਚ ਸਰੂਰ।

ਜਦ ਸਾਹ ਰੁੱਸ ਜਾਂਦੇ ਤਾਂ ਫਿਰ ਜਿਊਣਾ ਮਰਨਾ ਬਣ ਜਾਂਦਾ। ਇਸ ਲਈ ਜ਼ਰੂਰੀ ਹੈ ਕਿ ਸਾਹਾਂ ਨੂੰ ਕਦੇ ਰੁੱਸਣ ਨਾ ਦਿਓ। ਇਸ ਲਈ ਜ਼ਰੂਰੀ ਹੈ ਕਿ ਆਪਣੇ ਆਪ ਨੂੰ ਮਿਲ ਕੇ ਆਪਣੇ ਸਾਹਾਂ ਲਈ ਦੁਆ ਕਰਦੇ ਰਿਹਾ ਕਰੋ।

ਰੁੱਸ ਕੇ ਕਿਸੇ ਨੇ ਕੁਝ ਨਹੀਂ ਖੱਟਿਆ। ਮਨ-ਮਨਾਈ ਵਿਚ ਵੱਸਦੀਆਂ ਸਭੈ ਬਰਕਤਾਂ। ਮੁਹੱਬਤ ਦੀ ਕਮਾਈ ਕਰਦੀ ਵਿਅਕਤੀ ਨੂੰ ਮਾਲੋਮਾਲ। ਇਹ ਰੰਜਸ਼ਾਂ, ਰੋਸੇ, ਰੁੱਸਵਾਈਆਂ ਤੇ ਰਿਆੜਾਂ ਨੇ ਕੁਝ ਨਹੀਂ ਦੇਣਾ। ਸਗੋਂ ਤੁਹਾਥੋਂ ਤੁਹਾਡਾ ਸਕੂਨ, ਸੁੱਖ ਅਤੇ ਬੇਫ਼ਿਕਰੀ ਵਾਲੀ ਜੀਵਨ-ਜਾਚ ਖੋਹ, ਰਾਤਾਂ ਦੀ ਨੀਂਦ ਵੀ ਉਡਾ ਦਿੰਦੀਆਂ। ਇਹ ਦੁਸ਼ਮਣੀਆਂ, ਦਵੈਤ, ਦਵੰਦ, ਦੁਸ਼ਟਤਾ ਪੜ੍ਹਦੀਆਂ ਨੇ ਤੁਹਾਡਾ ਫਾਤਿਹਾ। ਕਦੇ ਮੋਹ ਨਾਲ ਰੁੱਸਿਆਂ ਨੂੰ ਗਲਵੱਕੜੀ ਵਿਚ ਲੈਣਾ, ਤੁਸੀਂ ਜ਼ਿੰਦਗੀ ਦਾ ਜਸ਼ਨ, ਸਾਹਾਂ ਲਈ ਨਿਆਮਤ, ਜੁੜੇ ਹੱਥਾਂ ਦੀ ਇਬਾਦਤ ਅਤੇ ਕਲਮ ਲਈ ਕਰਤਾਰੀ ਕਿਰਿਆਵਾਂ ਦੀ ਕਾਰਜ-ਸ਼ਾਲਾ ਬਣ ਜਾਵੋਗੇ।


ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ
ਸ਼ਿਕਾਗੋ ਕਬੱਡੀ ਕੱਪ ਤੇ ਵਾਲੀਬਾਲ ਮੁਕਾਬਲੇ
29 ਜੂਨ 2024 ਸਥਾਨ: ਬਸੀ ਵੁੱਡਜ਼, ਐਲਕ ਗਰੋਵ ਵਿਲੇਜ
ਮੇਲੇ ਦੇ ਰੂਹ-ਏ-ਰਵਾਂ
ਹਰਦੀਪ ਸਿੰਘ ਭੱਟੀ (ਸਾਬਕਾ ਚੇਅਰਮੈਨ)
ਭੁਪਿੰਦਰ ਸਿੰਘ ਧਾਲੀਵਾਲ
ਸੁਖਵਿੰਦਰ ਸਿੰਘ ਘੱਗਰ
ਦੀਦਾਰ ਸਿੰਘ ਧਨੋਆ
ਰਣਬੀਰ ਸਿੰਘ ਧਾਲੀਵਾਲ
ਵਿਛੜੀਆਂ ਰੂਹਾਂ
ਲਖਵਿੰਦਰ ਬਿਹਾਰੀਪੁਰੀਆ
ਗੁਰਪ੍ਰੀਤ ਤੂਰ
ਸਵ. ਮਿਹਰ ਸਿੰਘ ਢੀਂਡਸਾ
ਵਾਲੀਬਾਲ ਦਾ ਪਹਿਲਾ ਇਨਾਮ ਢੀਂਡਸਾ ਪਰਿਵਾਰ ਅਤੇ ਦੂਜਾ ਇਨਾਮ ਸਮਰਾ ਪਰਿਵਾਰ ਵਲੋਂ
ਸੋਹਣ ਸਿੰਘ ਗਿੱਲ
ਨੋਨਾ ਗਰੇਵਾਲ
ਗੁਰਚਰਨ ਸਿੰਘ ਝੱਜ
ਜੈਦੇਵ ਸਿੰਘ ਭੱਠਲ
ਲਵ ਮਿਨਹਾਸ
ਗੁਰਿੰਦਰਜੀਤ ਸਿੰਘ ਗਰੇਵਾਲ
ਬਲਦੇਵ ਸਿੰਘ ਗਿੱਲ
ਖੁੱਲ੍ਹਾ ਅਖਾੜਾ
ਗੁਲਾਬ ਸਿੱਧੂ
ਮੁੱਖ ਮਹਿਮਾਨ
ਢੀਂਡਸਾ ਬਰਦਰਜ਼
ਚੇਅਰਮੈਨ
ਬੱਬੂ ਐਪਲਟਨ
ਜਿੰਦਰ ਬੈਨੀਪਾਲ ਸਾਬਕਾ ਪ੍ਰਧਾਨ
ਕਾਬਲ ਸਿੰਘ ਭੁੱਲਰ ਸਾਬਕਾ ਪ੍ਰਧਾਨ
ਬਲਜੀਤ ਟਿਵਾਣਾ ਸਾਬਕਾ ਪ੍ਰਧਾਨ
ਦੀਪਇੰਦਰ ਵਿਰਕ ਸਾਬਕਾ ਪ੍ਰਧਾਨ
CENTURY 21
REAL ESTATE BROKER
COMMERCIAL SPECIALIST
HOTELS, MOTELS, GAS STATIONS, LOTS & LAND, + FINANCING REFERRALS
+1 (260)-226-2006
Sharan Kaur CEO, Singh Financing
Ph: 832-604-6905
F 800-886-4082
SINGH FINANCING
www.singhfinancing.com
10206 Fairbanks N. Houston Rd.Houston, TX 77064
Invoice Factoring Services
ਹਨੀ ਖੰਗੂੜਾ ਪ੍ਰਧਾਨ
ਕਮਲਜੀਤ ਘੁਮਾਣ ਮੀਤ ਪ੍ਰਧਾਨ
ਕਲੱਬ ਮੈਂਬਰ
ਜਿੰਦੀ ਖੰਗੂੜਾ
ਜਸਵਿੰਦਰ ਗਿੱਲ
ਜੱਸੀ ਸਹੋਤਾ
ਗਗਨ ਬਾਜਵਾ
ਗੋਲਡੀ ਲਾਲੀ
ਹਰਜਿੰਦਰ ਸਮਰਾ
ਸੁਖਰਾਜ ਸਿੰਘ ਤੱਖਰ
ਪਿੰਦੀ ਛੀਨਾ
ਵਿੱਕੀ ਸੁੰਮੀਪੁਰੀਆ
ਹਰਪ੍ਰੀਤ ਗਿੱਲ
ਸ਼ੇਰਾ ਖਾਂਬੜਾ
ਪਾਲੀ ਧਾਲੀਵਾਲ
ਮਿੰਦਰ ਭੱਠਲ
ਜਗਜੀਤ ਨਾਹਲ
ਸੁਖਦੀਪ ਸਿੰਘ
ਜਸਪ੍ਰੀਤ ਮਠਾੜੂ
ਸੋਨੂੰ ਸਹੋਤਾ
ਨੰਨਾ ਸਹੋਤਾ
ਓਂਕਾਰ ਸਹੋਤਾ
ਜਗਦੀਸ਼ ਸੰਧੂ
ਹਰਬੰਤ ਗਰੇਵਾਲ
ਸੁਖਵੀਰ ਉੱਪਲ
ਅੰਮ੍ਰਿਤਪਾਲ ਬੱਟੂ
ਮਨਜੀਤ ਸਿੰਘ
ਮਨਮੋਹਨ ਸਿੰਘ ਭੱਠਲ
ਸੁਰਿੰਦਰ ਭੱਟੀ
ਹਰਕਮਲਦੀਪ ਸਿੰਘ
ਗੁਰਜੀਤ ਸੰਧੂ
ਪਰਮਿੰਦਰ ਸਿੰਘ
ਇੰਦਰਜੀਤ ਸਿੰਘ
ਗੋਖੀ ਸੇਖੋਂ
ਗੁਰਪਾਲ ਸੰਧੂ
ਜੋਤੀ ਸਹੋਤਾ
ਸੁਰਜੀਤ ਸਿੰਘ ਡੀ ਸੀ
ਬੰਟੀ ਕਨੋਸ਼ਾ
ਯਾਦਵਿੰਦਰ ਗਿੱਲ
ਨਵਜੋਤ ਸਿੰਘ
ਜਗਦੀਪ ਬਰਿਆਣਾ
ਮਨਦੀਪ ਨਿੱਝਰ
ਗੋਗਾ ਘੁਮਾਣ
ਯਾਦਵਿੰਦਰ ਗਿੱਲ
ਦੀਪਾ ਹੀਰ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਵਿੱਕੀ ਸੁੰਮੀਪੁਰੀਆ 215-917-9885
ਬਲਜੀਤ ਟਿਵਾਣਾ 773-469-9384
ਜਤਿੰਦਰ ਖੰਗੂੜਾ 224-381-2830
ਜਿੰਦੀ ਖੰਗੂੜਾ 847-529-1464
ਜਗਜੀਤ ਨਾਹਲ 224-678-4900
ਓਂਕਾਰ ਸਹੋਤਾ 708-745-1815
ਕਾਬਲ ਸਿੰਘ ਭੁੱਲਰ 847-732-9813
ਜੱਸੀ ਗਿੱਲ 773-759-0433
ਲੱਖਾ ਬਿਹਾਰੀਪੁਰ 630-706-0925

## ਕਬੱਡੀ ਦਾ ਪਹਿਲਾ ਇਨਾਮ



**ਕਬੱਡੀ ਦਾ ਪਹਿਲਾ ਇਨਾਮ ਸਵ. ਸਰਪੰਚ ਇੰਦਰ ਸਿੰਘ ਦੀ ਯਾਦ ਵਿਚ ਖਾਸਰੀਆ ਪਰਿਵਾਰ ਵਲੋਂ:-**



ਹਰਜਿੰਦਰ ਸਿੰਘ ਜਿੰਦੀ | ਅਰਵਿੰਦਰ ਸਿੰਘ ਬੂਟਾ | ਭੁਪਿੰਦਰ ਸਿੰਘ ਟਿੰਕਾ

## ਕਬੱਡੀ ਦੇ ਦੂਜੇ ਇਨਾਮ ਦੇ ਸਪਾਂਸਰ




ਗੁਰਸਾਹਿਬ ਸਿੰਘ ਤੂਰ | ਗੁਰਦੀਪ ਤੂਰ | ਗੈਰੀ ਤੂਰ | ਸਤੀਸ਼ ਭਾਰਦਵਾਜ | ਸਤਪਾਲ ਬੈਂਸ | ਕੁਲਜੀਤ ਗਿਲਜੀਆਂ | ਲਵਪ੍ਰੀਤ ਸਿੰਘ | ਹਰਜਿੰਦਰ ਤੂਰ | ਗੁਰਪ੍ਰੀਤ ਬਰਾੜ

## ਕਬੱਡੀ ਦੇ ਤੀਜੇ ਇਨਾਮ ਦੇ ਸਪਾਂਸਰ



ਜਸਪਾਲ ਅਟਵਾਲ | ਜਸਵਿੰਦਰ | ਸੰਨੀ ਸ਼ੇਰਗਿੱਲ | ਪਵਨ ਬੱਲ | ਸੁਖੀ ਟੁੱਟ



ਹਰਿੰਦਰ ਸੰਧੂ | ਮਨਜੀਤ ਮੱਟੂ | ਲਾਡੀ ਬੜਿਆਲ | ਜੱਸੀ ਗਿੱਲ | ਮੰਗਾ ਮੱਟੂ





**ਬੈਸਟ ਰੇਡਰ ਤੇ ਸਟਾਪਰ ਦਾ ਇਨਾਮ ਸਵ. ਛੁੰਮਣ ਸਿੰਘ ਅਤੇ ਸਵ. ਹਰਭਜਨ ਸਿੰਘ ਟਿਵਾਣਾ ਦੀ ਯਾਦ ਵਿਚ ਟਿਵਾਣਾ ਪਰਿਵਾਰ ਵਲੋਂ**

## ਵਿਸ਼ੇਸ਼ ਮਹਿਮਾਨ



ਸੰਦੀਪ ਸਹੋਤਾ | ਏ ਜੇ ਸੰਧੂ | ਸੁੱਖਾ ਬੱਲ | ਖੜਕ ਸਿੰਘ | ਕੁਮਾਰ | ਬੀ ਸੀ ਟਰੱਕਿੰਗ



ਰਾਜ ਪੰਮਾ | ਬਲਵਿੰਦਰ ਸਿੰਘ | ਚਰਨ ਸਿੰਘ ਛੀਨਾ | ਚਰਨਜੀਤ ਸਿੰਘ | ਹਰਜਿੰਦਰ ਚਾਹਲ | ਕਸ਼ਮੀਰ ਸਿੰਘ



ਜਰਨੈਲ ਸਿੰਘ ਮਿਆਣੀ | ਸਤਪਾਲ ਸੱਤਾ | ਰਣਦੀਪ ਪਾਲ ਰਿੰਕੂ | ਜੱਗੀ ਸਿੰਘ ਘੋਤੜਾ | ਪਰਮਿੰਦਰ ਸਿੰਘ ਗਰੇਵਾਲ | ਹਰਵਿੰਦਰ ਵਾਲੀਆ



## ਗੈਸਟ ਆਫ ਆਨਰਜ਼



ਸੁਖਵਿੰਦਰ ਸਿੰਘ ਪੰਧੇਰ | ਰਣਜੀਤ ਸਿੰਘ | ਪਰਮਿੰਦਰ ਗੋਲਡੀ | ਸਨੀ ਗਿੱਲ | ਜਸਵਿੰਦਰ ਪੁਰੇਵਾਲ | ਗੁਰਮਿੰਦਰ ਪੱਡਾ | ਬਿਕਰਮਜੀਤ ਸਿੰਘ ਸੇਖੋਂ | ਜਸਜੀਤ ਸਿੰਘ ਸਿੱਧੂ | ਲਾਲੀ ਸਿੱਧੂ | ਕੁਲਵੰਤ ਢਿੱਲੋਂ | ਗੁਰਦੇਵ ਸਿੰਘ ਜੌੜਾ | ਬਲਜਿੰਦਰ ਢਿੱਲੋਂ | ਵੀਰ ਬਰਾੜ

## ਗੋਲਡ ਸਪਾਂਸਰ



ਭਿੰਦਰ ਪੰਮਾ | ਹਰਦੀਪ ਗਿੱਲ | ਲਖਵੀਰ ਸਿੰਘ ਸਹੋਤਾ | ਪਾਲ ਖਲੀਲ | ਪਰਮਿੰਦਰ ਵਾਲੀਆ | ਰਿੰਪੀ ਖੱਟੜਾ | ਮਨਦੀਪ ਸਿੰਘ ਭੂਰਾ | ਸਤਵਿੰਦਰ ਸੱਤਾ | ਸਰਵਣ ਸਿੰਘ ਟਿਵਾਣਾ | ਬਿਕਰਮ ਸਿੱਧੂ | ਰਾਣਾ ਸਿੰਘ ਵਿਰਕ | ਗਗਨਦੀਪ ਸਿੰਘ



ਮਨਪ੍ਰੀਤ ਜਿੰਮੀ ਲਸੋਈ | ਸੁਖਵੀਰ ਨਾਰੀਕੇ | ਸੋਨੀ ਹਿਊਸਟਨ | ਜੱਸੀ ਧਾਲੀਵਾਲ | ਕੁਲਦੀਪ ਸਿੰਘ ਲੰਗ | ਧਰਮਿੰਦਰ ਖੱਟੜਾ | ਮੱਖਣ ਗਿੱਲ | ਸਰਬਜੀਤ ਸਿੰਘ ਸਿੱਧੂ | ਬੌਬੀ ਖੱਟੜਾ | ਹਰਿੰਦਰ ਟਿਵਾਣਾ | ਸੱਤਾ ਖੱਟੜਾ | ਰਛਪਾਲ ਖੰਗੂੜਾ



ਦਪਿੰਦਰ ਸਿੰਘ ਧਾਲੀਵਾਲ | ਕੰਵਰਵੀਰ ਸਿੰਘ ਕੇਪੀ | ਬਲਜੀਤ ਸਿੰਘ | ਜਸਵੰਤ ਸਿੰਘ | ਹਰਭਜਨ ਸਿੰਘ ਚਾਹਲ | ਸੁਖਵੰਤ ਪਹਿਲਵਾਨ | ਲੱਕੀ ਸਿੰਘ ਮਿਲਵਾਕੀ | ਆਗਿਆਪਾਲ ਚਾਹਲ | ਸੁਖਵੀਰ ਸਿੰਘ ਗਿੱਲ | ਬਲਵੀਰ ਸਿੰਘ ਝਾਵਰ | ਰਵਿੰਦਰ ਸਹੋਤਾ

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਸਿਲਵਰ ਸਪਾਂਸਰ



ਡਾ. ਵਿਕਰਮ ਸਿੰਘ ਗਿੱਲ | ਗੁਰਪ੍ਰੀਤ ਸਿੱਧੂ | ਗੁਰਲਾਲ ਸਿੰਘ ਭੱਠਲ | ਅਮਰੀਕ ਸਿੰਘ ਸ਼ਿਕਾਗੋ | ਚਰਨਜੀਤ ਸਮਰਾ | ਟੋਨੀ ਸੰਘੇੜਾ | ਹਰਜੀਤ ਸਿੰਘ | ਮਨਦੀਪ ਸਿੰਘ ਸੁਮਲ | ਦੇਸੀ ਬਰਦਰਜ਼




ਕੁਲਵਿੰਦਰ ਗਿੱਲ | ਮਨਜਿੰਦਰ ਬੈਨੀਪਾਲ | ਸੁਖਬੀਰ ਸੋਹੀ | ਅਜੀਤਪਾਲ ਸਿੰਘ ਬੈਨੀਪਾਲ | ਲਵਪ੍ਰੀਤ ਗਰੇਵਾਲ | ਗੁਰਪ੍ਰੀਤ ਗਰੇਵਾਲ | ਹੈਪੀ ਸਿੰਘ | ਮੁਕੰਦ ਸਿੰਘ ਮਾਂਗਟ | ਮਨਪ੍ਰੀਤ ਸਿੱਧੂ | ਵਿਕ ਬਾਵਾ | ਅਵਤਾਰ ਸਿੰਘ | ਜੀਤ ਸਿੰਘ



ਬਲਜੋਤ ਸਿੰਘ | ਮੌਂਟੀ ਸਿੰਘ | ਗੁਰੀ ਵਿਰਕ | ਜੋਰਾ ਗਾਖਲ | ਮਨਪ੍ਰੀਤ ਸਿੰਘ | ਲਖਵੀਰ ਸਿੰਘ ਪੂਨੀ | ਗੋਪੀ ਗਾਖਲ | ਨਵਦੀਪ ਸਿੰਘ | ਸਿਮਰਨ ਸਿੰਘ | ਦਲਵੀਰ ਸਿੰਘ | ਮੇਜਰ ਸਿੰਘ ਚਾਹਲ



ਬਲਬੀਰ ਬੈਦਵਾਨ | ਜਤਿੰਦਰ ਭੰਡਾਲ | ਸੋਨੀ ਔਜਲਾ | ਧਰਮਿੰਦਰ ਬਾਠ | ਗੁਰਮੀਤ ਬਾਠ | ਲਖਵੀਰ ਸਿੰਘ ਭੁੱਲਰ | ਬਲਵਿੰਦਰ ਸਿੰਘ ਵਿਰਕ | ਦਿਲਰਾਜ ਢੀਂਡਸਾ | ਜਗਜੀਤ ਢੀਂਡਸਾ | ਰਾਜਵਿੰਦਰ ਢੀਂਡਸਾ | ਬਿਕਰਮ ਸੋਹੀ



ਕੁਲਵੰਤ ਸਿੰਘ ਨਾਗਰਾ | ਚਰਨ ਸਿੰਘ ਨਾਗਰਾ | ਰਵਿੰਦਰ ਸਿੰਘ ਰਵੀ | ਗੁਰਮੇਲ ਸਿੰਘ ਅਟਵਾਲ | ਸ਼ਿੰਦਾ ਮੱਲ੍ਹੀ | ਹਰਦੀਪ ਸਿੰਘ ਜੱਸੜ | ਤੇਜਵੀਰ ਸੰਧੂ | ਹਰਿੰਦਰ ਸਿੰਘ ਰਾਣਾ | ਅਯੁਧਿਆ ਸਲਵਾਨ | ਗੁਰਚਰਨ ਝਾਵਰ | ਪ੍ਰਦੀਪ ਸਲਵਾਨ



ਕੁਲਵਿੰਦਰ ਬੱਬੀ | ਬਲਵੀਰ ਸਿੰਘ ਮੁਲਤਾਨੀ | ਗੁਰਮੀਤ ਸਿੰਘ ਭੋਲਾ | ਲਵਦੀਪ ਸਿੰਘ ਦੁੱਲਤ | ਗੁਰਦੇਵ ਸਿੰਘ | ਗੁਰਮੁਖ ਸਿੰਘ | ਸੁਖਰਾਜ ਸਿੰਘ ਕਾਹਲੋਂ | ਰਵਿੰਦਰ ਰਵੀ | ਮਨਜੀਤ ਸਿੰਘ | ਮੰਗਾ ਪ੍ਰਧਾਨ



ਯਾਦਵਿੰਦਰ ਸੋਹਲ | ਮਨਜੀਤ ਸਹੋਤਾ | ਸਤਵੀਰ ਬਾਠ | ਪਰਮਜੀਤ ਬਾਠ | ਨਵੀ ਠੱਕਰ | ਹਰਮਿੰਦਰ ਗਿੱਲ | ਸ਼ਾਨਦੀਪ ਸਿੱਧੂ | ਅਰਸ਼ਦੀਪ ਭੋਗਲ | ਕੀਰਤ ਸਿੰਘ | ਰਣਜੀਤ ਸਿੰਘ





ਗੁਰਦੁਆਰਾ ਸਾਹਿਬਾਨ ਦੀਵਾਨ ਐਵੇਨਿਊ ਸ਼ਿਕਾਗੋ ਅਤੇ ਪੈਲਾਟਾਈਨ, ਵਲੋਂ ਵਿਸ਼ੇਸ਼ ਸਹਿਯੋਗ

SERVING WISCONSIN & ILLINOIS STATE

RE/MAX

JESSE SINGH
Ph: 847-606-3664

E-Mail: J.SINGH@REMAX.COM, WEBSITE: JSINGH.REMAX.COM
REMAX SHOWCASE, LONG GROVE, IL 60060



CULTURAL PUNJABI SOCIETY CHICAGO ਪੰਜਾਬੀ ਸਭਿਆਚਾਰਕ ਸਭਾ

# Shere Punjab Sports and Cultural Club, Chicago

## ਸਿਲਵਰ ਸਪਾਂਸਰ



ਤਾਰੀ | ਗੁਲਜ਼ਾਰ ਵਿਰਕ | ਨਰੇਸ਼ ਖਟਾਣਾ | ਰਾਣਾ ਸੇਖੋਂ | ਸਤੀਸ਼ ਖਟਾਣਾ | ਪੁਨੀਤ ਸਹਿਜਪਾਲ | ਜੱਸੀ ਨੰਨੜ, ਨਵਜੋਤ ਗਾਖਲ, ਡੀ ਸੇ ਸੋਨੀ | ਜਸਰਾਜ ਸਿੰਘ ਢਿੱਲੋਂ | ਦਲਜੀਤ ਸਿੰਘ ਢਿੱਲੋਂ



ਸਵ. ਸੰਦੀਪ ਧਾਲੀਵਾਲ | ਜੱਸਾ ਖਹਿਰਾ | ਮੇਜਰ ਸਿੰਘ ਹਿਊਸਟਨ | ਦੀਪਕ ਸਿੰਘ ਰਾਏ | ਪਾਲ ਸੰਘਾ | ਹਰਜਿੰਦਰ ਸਿੰਘ ਓਹਾਇਓ | ਅਜੈਬ ਸਿੰਘ ਸੰਧੂ | ਇੰਦਰਪਾਲ ਸਿੰਘ ਪਾਲ | ਜੱਸਾ ਢਿੱਲੋਂ, ਹਰਜੀਤ ਢਿੱਲੋਂ, ਕੁਲਦੀਪ ਗੁਰਾਇਆ, ਹਿੰਮਤ ਢਿੱਲੋਂ



ਲੱਕੀ ਸਹੋਤਾ | ਸੰਤੋਖ ਸਿੰਘ ਡੀ. ਸੀ. | ਅਜੈਬ ਸਿੰਘ ਲੱਖਣ | ਹੈਪੀ ਹੀਰ | ਜਸਕਰਨ ਸਿੰਘ ਧਾਲੀਵਾਲ | ਹਰਜਿੰਦਰ ਸਿੰਘ ਖਹਿਰਾ | ਨਰਿੰਦਰ ਸਿੰਘ ਸਰਾਂ | ਰਜਿੰਦਰ ਸਿੰਘ ਦਿਆਲ | ਹਰਵਿੰਦਰ ਸਿੰਘ ਬਿੱਲਾ | ਮਿੱਢਾ ਮਾਹਲਪੁਰੀਆ | ਸਤਨਾਮ ਮਿਨਹਾਸ



ਹਰਕੀਰਤ ਸਿੰਘ ਸੰਧੂ | ਲਖਬੀਰ ਸਿੰਘ ਸੰਧੂ | ਹਰਜੀਤ ਸਿੰਘ ਗਿੱਲ | ਜੈਰਾਮ ਸਿੰਘ ਕਾਹਲੋਂ | ਮੱਖਣ ਸਿੰਘ ਕਲੇਰ | ਦਾਰਾ ਸਿੰਘ | ਤਰਲੋਚਨ ਸਿੰਘ ਮੁਲਤਾਨੀ | ਭਰਪੂਰ ਸਿੰਘ | ਅੱਛਰ ਸਿੰਘ | ਜਰਨੈਲ ਸਿੰਘ ਗਰੇਵਾਲ | ਯਾਦਵਿੰਦਰ ਸਿੰਘ ਗਰੇਵਾਲ | ਸੰਤੋਖ ਸਿੰਘ ਭਟਨੂਰਾ



ਗੁਰਪ੍ਰੀਤ ਸਿੰਘ ਗੇਹਲਣ | ਸਹੋਤਾ ਸਾਹਿਬ | ਇੰਦਰਜੀਤ ਗਰੇਵਾਲ | ਅਭੀ ਜ਼ੈਲਦਾਰ | ਰਿਪਨ ਜ਼ੈਲਦਾਰ | ਸਤਨਾਮ ਸਿੱਧੂ | ਦਿਲਪ੍ਰੀਤ ਢਿੱਲੋਂ | ਸਵ. ਪ੍ਰਿਤਪਾਲ ਸਿੰਘ ਗਿੱਲ ਅਤੇ ਸ. ਰਣਧੀਰ ਸਿੰਘ ਵਿਰਕ | ਰੰਮੀ ਗਰੇਵਾਲ | ਜਤਿੰਦਰ ਦਿਓਲ



ਨਿਧਾਨ ਸਿੰਘ | ਸਿਕੰਦਰ ਸਿੰਘ ਬਿੱਟੂ | ਦਰਸ਼ਨ ਸਿੰਘ | ਸਨੀ ਕੁਲਾਰ | ਪ੍ਰਭਜੋਤ ਘੁੰਮਣ | ਮਨਜੀਤ ਸਿੰਘ | ਹੈਪੀ ਗਰੇਵਾਲ | ਕਰਨ ਗਾਖਲ | ਰਵਿੰਦਰ ਗਾਖਲ | ਜਗਤਾਰ ਗਾਖਲ | ਹਨੀ ਮਾਨ



ਅਜੈ ਕੁਮਾਰ | ਗੌਰਵ ਪੰਡਤ | ਬੌਬੀ ਸੈਣੀ | ਗੁਰਵੀਰ ਸਿੰਘ | ਜਸਬੀਰ ਸਿੰਘ | ਦਮਨ ਅਤੇ ਤਨੂ ਵਿਰਕ | ਕਰਾਊਨਪੁਆਇੰਟ ਗਰੁੱਪ






ਐਮਾਜ਼ੋਨ ਜੰਗਲ ਦਾ ਅੰਬਰੀ ਨਜ਼ਾਰਾ।

**ਪਾਣੀ ਸਾਡੀ ਸਮਾਜਿਕ, ਆਰਥਿਕ ਤੇ ਸਿਆਸੀ ਸ਼ਕਤੀ ਹੈ। 2030 ਤੱਕ ਜਿਹੜੇ 33 ਮੁਲਕ ਗੰਭੀਰ ਜਲ ਸੰਕਟ ਦੇ ਸ਼ਿਕਾਰ ਹੋ ਜਾਣਗੇ, ਭਾਰਤ ਉਨ੍ਹਾਂ ਵਿਚੋਂ ਇੱਕ ਹੈ। ਭਾਰਤ ਦੇ ਜਿਹਨਾਂ 13 ਰਾਜਾਂ ਵਿਚ ਗੰਭੀਰ ਜਲ ਸੰਕਟ ਪੈਦਾ ਹੋ ਰਿਹਾ ਹੈ, ਪੰਜਾਬ ਉਨ੍ਹਾਂ ਵਿਚ ਇੱਕ ਹੈ। ਮੁਲਕ ਦੇ ਜਿਹੜੇ 258 ਜ਼ਿਲ੍ਹਿਆਂ ਵਿਚ ਗੰਭੀਰ ਜਲ ਸੰਕਟ ਬਣ ਰਿਹਾ ਹੈ, ਪੰਜਾਬ ਦੇ 17 ਜ਼ਿਲ੍ਹੇ ਉਨ੍ਹਾਂ ਵਿਚ ਸ਼ੁਮਾਰ ਹਨ। ਜੇ ਅਸੀਂ ਨਾ ਸੰਭਲੇ ਅਤੇ ਜ਼ਮੀਨ ਹੇਠਲੇ ਪਾਣੀ ਦੀ ਮੁੜ ਤੇ ਲਗਾਤਾਰ ਭਰਪਾਈ ਨਾ ਕੀਤੀ, ਤਦ ਪੰਜਾਬ ਦੇ ਜ਼ਮੀਨਦੋਜ਼ ਪਾਣੀ ਦੀ ਸਤਹਿ 2039 ਵਿਚ 300 ਮੀਟਰ (984 ਫੁੱਟ) 'ਤੇ ਪੁੱਜ ਜਾਵੇਗੀ ਜਿਹੜੀ ਪਹਿਲਾਂ ਹੀ ਕਰੀਬ 80 ਸੈਂਟੀਮੀਟਰ ਪ੍ਰਤੀ ਸਾਲ ਦੇ ਹਿਸਾਬ ਨਾਲ ਥੱਲੇ ਡਿੱਗ ਰਹੀ ਹੈ।**

# ਜਲ ਜਾਇਦਾਦ ਦੀ ਸਾਂਭ-ਸੰਭਾਲ ਦੀ ਤਰਜੀਹ

ਭਾਰਤੀ ਦਰਸ਼ਨ ਵਿਚ ਪਾਣੀ ਨੂੰ ਪ੍ਰਾਣ ਤੱਤ ਕਿਹਾ ਗਿਆ ਹੈ; ਅਰਥਾਤ, ਜ਼ਿੰਦਗੀ ਦੀ ਵਿਰਾਸਤ। ਪਾ: ਪ੍ਰਾਣ ਅਤੇ ਣੀ: ਤੱਤ। ਪਾਣੀ 100 ਫੀਸਦੀ ਕੁਦਰਤੀ ਤੋਹਫਾ ਹੈ ਜਿਹੜਾ ਆਮ ਕਰ ਕੇ ਮੁਫਤ ਪ੍ਰਾਪਤ ਹੁੰਦਾ ਹੈ। ਇਸੇ ਕਾਰਨ ਅਸੀਂ ਖਾਸ ਕਰ ਕੇ ਭਾਰਤੀ, ਇਸ ਦੀ ਕਦਰ ਨਹੀਂ ਕਰਦੇ। ਜਿਥੇ ਸਾਡੀ ਜਲ ਜਾਇਦਾਦ ਅਥਾਹ ਹੈ, ਉਥੇ ਜਲ ਕਦਰ ਬਿਲਕੁਲ ਨਹੀਂ। ਫਿਰ ਵੀ ਮੁਲਕ ਵਿਚ ਕਈ ਖਿੱਤੇ ਅਜਿਹੇ ਹਨ ਜਿਥੇ ਕਈ ਕਾਰਨਾਂ ਕਰ ਕੇ ਸਦੀਵੀ ਜਲ ਸੰਕਟ ਹੈ। ਸਿਰਫ ਉਹੀ ਇਸ ਦੀ ਖਾਸ ਕਰ ਕੇ ਮਿੱਠੇ ਪਾਣੀ ਦੀ, ਅਹਿਮੀਅਤ ਜਾਣਦੇ ਹਨ। ਸਾਡੇ ਚਾਰ ਚੁਫੇਰੇ ਦਿਸਦਾ-ਅਣਦਿਸਦਾ ਪਾਣੀ ਅਜਿਹਾ ਨਹੀਂ ਕਿ ਸਾਰੇ ਦਾ ਸਾਰਾ ਸਾਡੇ ਕੰਮ ਆ ਜਾਵੇ।



**ਵਿਜੈ ਬੰਬੇਲੀ**
ਫੋਨ: +91-94634-39075

ਜਲ ਵਿਗਿਆਨ ਅਨੁਸਾਰ, ਕੁੱਲ ਬ੍ਰਹਿਮੰਡ ਵਿਚ 1.386 ਬਿਲੀਅਨ ਕਿਊਬਿਕ/ਘਣ ਕਿਲੋਮੀਟਰ ਪਾਣੀ ਹੈ ਜਿਸ ਵਿਚੋਂ ਪ੍ਰਿਥਵੀ ਉਤੇ ਅਤੇ ਪ੍ਰਿਥਵੀ ਵਿਚ ਕੋਈ 1.358 ਬਿਲੀਅਨ ਕਿਊਬਿਕ ਕਿਲੋਮੀਟਰ ਪਾਣੀ ਹੈ। ਧਰਤੀ ਦੀ ਸਤਹਿ ਦਾ ਕਰੀਬ ਪੌਣਾ ਭਾਗ (71%) ਪਾਣੀ ਨੇ ਮੱਲਿਆ ਹੋਇਆ ਹੈ। ਕੁੱਲ ਪਾਣੀ ਦਾ 97% ਹਿੱਸਾ ਸਮੁੰਦਰਾਂ ਵਿਚ ਹੈ ਜਿਹੜਾ ਨਮਕੀਨ ਅਤੇ ਉਲਟ ਤੱਤਾਂ ਵਾਲਾ ਹੈ। ਸ਼ਾਇਦ ਅਸੀਂ ਨਹੀਂ ਜਾਣਦੇ ਕਿ ਪੀਣ ਅਤੇ ਸਿੰਜਾਈ ਵਾਲੇ ਪਾਣੀ ਦੇ ਸੋਮਿਆਂ ਦੀ ਕੁੱਲ ਮਾਤਰਾ ਮਹਿਜ਼ 1.6% ਹੈ। ਕਈ ਕਾਰਨਾਂ ਕਰ ਕੇ ਇਸ ਉਤੇ ਵੀ ਸਾਡੀ ਪਹੁੰਚ ਸਵੱਲੀ ਨਹੀਂ। ਤੱਥਾਂ ਮੁਤਾਬਿਕ (ਕ੍ਰਮਵਾਰ ਹਿੱਸੇਦਾਰੀ ਅਨੁਸਾਰ) ਸਮੁੰਦਰ ਵਿਚ 97.2%, ਗਲੇਸ਼ੀਅਰ (ਬਰਫ) 2%, ਧਰਤੀ ਹੇਠ ਸਿਰਫ 00.62, ਮਿੱਠੀਆਂ ਝੀਲਾਂ 00.009, ਨਮਕੀਨ ਝੀਲਾਂ (ਸਾਗਰ) 00.008, ਵਾਯੂਮੰਡਲ ਵਿਚ 00.001% ਅਤੇ ਦਰਿਆਵਾਂ ਵਿਚ ਸਿਰਫ 00.0001% ਹੈ। ਸੌ ਫੀਸਦੀ ਜੋੜ ਦੀ ਬਜਾਇ ਇਸ ਦਾ ਕੁੱਲ ਜਮਾਂ ਜੋੜ 99.938% ਬਣਦਾ ਹੈ ਅਤੇ ਬਾਕੀ ਬਚਦੇ (ਹੋਰ ਸੋਮੇ) 00.062% ਨੂੰ ਵੀ ਅਸੀਂ ਵਰਤਣਯੋਗ ਪਾਣੀ ਵਿਚ ਸ਼ੁਮਾਰ ਕਰ ਸਕਦੇ ਹਾਂ। ਸੋ, ਧਰਤੀ ਹੇਠਲੇ (00.62%)+ਮਿੱਠੀਆਂ ਝੀਲਾਂ (00.009%)+ਦਰਿਆ (00.0001%) ਅਤੇ ਹੋਰ ਸੋਮਿਆਂ (00.062%) ਨੂੰ ਜੋੜ ਕੇ ਵਰਤਣ ਵਾਲਾ ਪਾਣੀ ਮਹਿਜ਼ 1.0% ਤੋਂ ਕੁਝ ਵੱਧ ਬਣਦਾ ਹੈ। ਇਸ ਬਾਰੇ ਚੌਕਸ ਕਰਨ ਦਾ ਮਕਸਦ ਇਹ ਹੈ ਕਿ ਧਰਤੀ ਦੀ ਕੁੱਲ 100% ਜਲ ਜਾਇਦਾਦ ਵਿਚੋਂ ਸਾਡਾ ਵਰਤੋਂ ਅਤੇ ਨਵਿਆਉਣ ਵਾਲਾ ਹਿੱਸਾ ਸਿਰਫ ਇੱਕ ਫੀਸਦੀ ਹੈ ਜਿਸ ਨੂੰ ਅਸੀਂ ਬੇਕਿਰਕ ਵਰਤਣਾ-ਹੂੰਝਣਾ ਸ਼ੁਰੂ ਕਰ ਦਿੱਤਾ ਹੋਇਆ ਹੈ।

ਜਲ ਮਾਹਿਰਾਂ ਮੁਤਾਬਿਕ ਕੁੱਲ ਜਲ ਜਾਇਦਾਦ ਦੀ ਜੋਖਵੀਂ ਮਿਣਤੀ ਸਮੁੰਦਰਾਂ ਵਿਚ 1317 ਲੱਖ ਕਿਊਬਿਕ ਕਿਲੋਮੀਟਰ (96%), ਧਰਤ 'ਤੇ ਅਤੇ ਧਰਤੀ ਵਿਚ 37 ਲੱਖ ਕਿਊਬਿਕ ਕਿਲੋਮੀਟਰ (3% ਠੋਸ ਤੇ ਤਰਲ), ਖਲਾਅ ਵਿਚ 4 ਲੱਖ ਕਿਊਬਿਕ ਕਿਲੋਮੀਟਰ (1% ਗੈਸ ਰੂਪ) ਹੈ। ਧਰਤੀ ਉਤਲੇ ਅਤੇ ਧਰਤੀ ਵਿਚਲੇ ਪਾਣੀ ਦੀ ਤਰਤੀਬਵਾਰ ਮਿਕਦਾਰ ਇਵੇਂ ਦੱਸੀ ਹੈ- ਠੋਸ (ਗਲੇਸ਼ੀਅਰ), ਧਰੁਵ, ਪਰਬਤੀ ਬਰਫ): 29 ਲੱਖ ਕਿਊਬਿਕ ਕਿਲੋਮੀਟਰ, ਤਰਲ (ਝੀਲਾਂ, ਨਦੀਆਂ, ਜ਼ਮੀਨਦੋਜ਼): 8 ਲੱਖ ਕਿਊਬਿਕ ਕਿਲੋਮੀਟਰ; ਸਮੁੰਦਰ ਤੇ ਖਲਾਅ (ਨਮੀ, ਤਰੇਲ, ਧੁੰਦ, ਹਵਾ, ਬੱਦਲ ਅਤੇ ਗੈਸ ਰੂਪ): 4 ਲੱਖ ਕਿਊਬਿਕ ਕਿਲੋਮੀਟਰ ਦੀ ਅਗਾਂਹ ਵੰਡ ਦੇ ਅੰਕੜੇ ਉਪਲੱਬਧ ਨਹੀਂ। ਹਾਂ, ਪ੍ਰਿਥਵੀ ਹੇਠਲੇ ਤੇ ਉਪਰਲੇ ਸੋਮਿਆਂ (ਨਦੀਆਂ, ਝਰਨੇ, ਸਰੋਵਰ, ਜਲ ਕੁੰਡ, ਦਲਦਲਾਂ) ਦਾ ਕੁੱਲ 1% ਪਾਣੀ ਹੀ ਬੰਦੇ ਅਤੇ ਜੀਵਾਂ ਦੇ ਵਰਤਣ ਲਈ ਹੈ ਜਿਸ ਦਾ ਕਰੀਬ 65% ਖੇਤੀ, 20% ਉਦਯੋਗਾਂ ਹਿੱਤ ਅਤੇ 15% ਘਰੇਲੂ ਤੇ ਹੋਰ ਕਾਰਜਾਂ ਲਈ ਵਰਤਿਆ ਜਾਂਦਾ ਹੈ। ਸਾਡੇ ਵਰਗੇ ਮੁਲਕਾਂ ਵਿਚ ਬਹੁਤਾ, ਲੱਗਭਗ 70%, ਜ਼ਮੀਨਦੋਜ਼ ਪਾਣੀ ਵਰਤਿਆ ਜਾਂਦਾ ਹੈ। ਧੜਵੈਲ ਵਿਕਸਤ ਮੁਲਕ ਧਰਤੀ ਹੇਠਲੇ ਪਾਣੀ ਨੂੰ ਆਪਣੇ ਵਾਰਸਾਂ ਦੀ 'ਐਫਡੀ' ਮੰਨਦੇ ਹਨ। ਉਹ ਵਗਦੇ ਜਾਂ ਵਰਖੇਈ ਪਾਣੀ ਨਾਲ ਹੀ ਆਪਣਾ ਬੁੱਤਾ ਸਾਰਦੇ ਹਨ ਅਤੇ ਵੱਧ ਪਾਣੀ ਮੰਗਦੇ ਕਾਰਖਾਨੇ ਤੇ ਫਸਲਾਂ ਸਾਡੇ ਵਰਗੇ ਮੁਲਕਾਂ ਦੇ ਪੱਲੇ ਪਾ ਦਿੰਦੇ ਹਨ ਜਿਹਨਾਂ ਬਾਰੇ 'ਸਵੈ-ਪੜਚੋਲ ਬੰਨ੍ਹਵੇਂ ਬਿਆਨ' ਦਿੰਦਿਆਂ ਸਾਡੇ ਹਾਕਮ ਹੁੱਬਦੇ ਨਹੀਂ ਥੱਕਦੇ।

ਭਲੇ ਵੇਲਿਆਂ ਵਿਚ ਧਰਤੀ ਦੀ 800 ਮੀਟਰ (2500 ਫੁੱਟ) ਦੀ ਡੂੰਘਾਈ ਤੱਕ 4 ਲੱਖ ਕਿਊਬਿਕ ਕਿਲੋਮੀਟਰ ਅਤੇ 800 ਮੀਟਰ ਤੋਂ ਥੱਲੇ 3 ਲੱਖ ਕਿਊਬਿਕ ਕਿਲੋਮੀਟਰ ਸ਼ੁਧ ਪਾਣੀ ਦਾ ਅੰਦਾਜ਼ਾ ਲਗਾਇਆ ਗਿਆ ਸੀ। ਇਸ ਤੋਂ ਬਿਨਾਂ ਝੀਲਾਂ, ਨਦੀਆਂ ਦੇ ਜਲ ਕੁੰਡਾਂ/ਵਹਿਣਾਂ ਦੀ ਮਿਣਤੀ 1 ਲੱਖ ਕਿਊਬਿਕ ਕਿਲੋਮੀਟਰ ਦੇ ਕਰੀਬ ਦੱਸੀ ਗਈ ਸੀ ਪਰ ਮਨੁੱਖੀ ਲਾਲਸਾ ਕਾਰਨ ਸਭ ਕੁਝ ਡਗਮਗਾ ਗਿਆ ਹੈ। ਅਗਾਂਹ ਕੀ ਵਾਪਰੇਗਾ, ਕੋਈ ਨਹੀਂ ਸੁਣਦਾ। ਮਰਹੂਮ ਰਾਸ਼ਟਰਪਤੀ ਡਾ. ਏਪੀਜੇ ਅਬਦੁੱਲ ਕਲਾਮ ਨੇ ਇੱਕ ਗੱਲਬਾਤ ਦਰਮਿਆਨ ਹੌਕਾ ਭਰਿਆ ਸੀ: "ਮੇਰੇ ਪੜਦਾਦੇ ਨੇ ਲਬਾਲਬ ਵਗਦੇ ਦਰਿਆ ਦੇਖੇ, ਬਾਬੇ ਨੇ ਭਰੇ-ਭਕੁੰਨੇ ਜਲ ਕੁੰਡ, ਬਾਪ ਨੇ ਖੂਹ ਤੱਕਿਆ ਅਤੇ ਮੈਂ ਨਲਕਾ। ਅਫਸੋਸ! ਮੇਰਾ ਪੋਤਾ ਬੋਤਲ ਬੰਦ ਪਾਣੀ ਦੇਖ ਰਿਹਾ ਹੈ। ਕੀ ਇਹ ਵੀ ਪ੍ਰਾਪਤ ਰਹੇਗਾ?" ਪਹਿਲੀ ਭਰਪੂਰ ਜਲ ਤੱਗੀ ਜਿਹੜੀ 10 ਤੋਂ 20 ਹੱਥ ਡੂੰਘੀ ਸੀ, ਕਈ ਦਹਾਕੇ ਪਹਿਲਾਂ ਖਤਮ ਕਰ ਦਿੱਤੀ ਗਈ। ਦੂਜੀ ਜਿਹੜੀ 100-200 ਹੱਥ 'ਤੇ ਸੀ, ਵੀ ਦੋ-ਤਿੰਨ ਦਹਾਕੇ ਪਹਿਲਾਂ ਖੋਹ-ਖਿੱਚ ਲਈ ਗਈ। ਹੁਣ ਬੰਦਾ ਤੀਜੀ ਤੱਗੀ (ਇਲਾਕੇ ਮੁਤਾਬਿਕ 350 ਤੋਂ 1300 ਫੁੱਟ ਤੱਕ ਡੂੰਘੀ) ਵਰਤ ਰਿਹਾ ਹੈ। ਅਗਲੀ ਜਲ ਤੱਗੀ ਜਿਹੜੀ ਬਹੁਤੀ ਜ਼ਰਖੇਜ਼ ਨਹੀਂ ਅਤੇ ਉਲਟ ਤੱਤਾਂ ਵਾਲੀ ਹੈ, 800 ਮੀਟਰ ਡੂੰਘੀ ਹੈ। ਇੰਨਾ ਡੂੰਘਾ ਬੋਰ ਤਾਂ ਫਿਰ 'ਸਰਕਾਰ ਜੀ' ਹੀ ਲਾ ਸਕਦੀ ਹੈ। ਮੌਜੂਦਾ ਨਿਜ਼ਾਮਾਂ ਤਹਿਤ ਉਹ ਵੀ ਧਨ ਕੁਬੇਰ ਲਾਉਣਗੇ ਜਿਹੜੇ ਪਹਿਲਾਂ ਹੀ ਜਲ ਸੋਮਿਆਂ 'ਤੇ ਕਬਜ਼ਾ ਕਰ ਕੇ ਆਰਥਿਕ, ਸਮਾਜਿਕ ਤੇ ਸਿਆਸੀ ਸ਼ੋਸ਼ਣ ਕਰ ਰਹੇ ਹਨ। ਜਲ ਸੰਕਟ ਦਾ ਹੱਲ ਲੋਕ ਤੇ ਕੁਦਰਤ ਪੱਖੀ ਨਿਜ਼ਾਮ ਅਤੇ ਸਾਦੀ ਜੀਵਨ ਜਾਚ ਨਾਲ ਬੱਝਾ ਹੋਇਆ ਹੈ।



ਰੁੱਖਾਂ ਉਤੇ ਵਰ੍ਹ ਰਹੇ ਮੀਂਹ ਦਾ ਨਜ਼ਾਰਾ।

ਪਾਣੀ ਸਾਡੀ ਸਮਾਜਿਕ, ਆਰਥਿਕ ਤੇ ਸਿਆਸੀ ਸ਼ਕਤੀ ਹੈ। 2030 ਤੱਕ ਜਿਹੜੇ 33 ਮੁਲਕ ਗੰਭੀਰ ਜਲ ਸੰਕਟ ਦੇ ਸ਼ਿਕਾਰ ਹੋ ਜਾਣਗੇ, ਭਾਰਤ ਉਨ੍ਹਾਂ ਵਿਚੋਂ ਇੱਕ ਹੈ। ਭਾਰਤ ਦੇ ਜਿਹਨਾਂ 13 ਰਾਜਾਂ ਵਿਚ ਗੰਭੀਰ ਜਲ ਸੰਕਟ ਪੈਦਾ ਹੋ ਰਿਹਾ ਹੈ, ਪੰਜਾਬ ਉਨ੍ਹਾਂ ਵਿਚ ਇੱਕ ਹੈ। ਮੁਲਕ ਦੇ ਜਿਹੜੇ 258 ਜ਼ਿਲ੍ਹਿਆਂ ਵਿਚ ਗੰਭੀਰ ਜਲ ਸੰਕਟ ਬਣ ਰਿਹਾ ਹੈ, ਪੰਜਾਬ ਦੇ 17 ਜ਼ਿਲ੍ਹੇ ਉਨ੍ਹਾਂ ਵਿਚ ਸ਼ੁਮਾਰ ਹਨ। ਨੈਸ਼ਨਲ ਗਰੀਨ ਟ੍ਰਿਬਿਊਨਲ ਦੀ ਮਾਰਚ 2023 ਦੀ ਰਿਪੋਰਟ ਅਨੁਸਾਰ, ਜੇ ਅਸੀਂ ਨਾ ਸੰਭਲੇ ਅਤੇ ਜ਼ਮੀਨ ਹੇਠਲੇ ਪਾਣੀ ਦੀ ਮੁੜ ਤੇ ਲਗਾਤਾਰ ਭਰਪਾਈ ਨਾ ਕੀਤੀ, ਤਦ ਪੰਜਾਬ ਦੇ ਜ਼ਮੀਨਦੋਜ਼ ਪਾਣੀ ਦੀ ਸਤਹਿ 2039 ਵਿਚ 300 ਮੀਟਰ (984 ਫੁੱਟ) 'ਤੇ ਪੁੱਜ ਜਾਵੇਗੀ ਜਿਹੜੀ ਪਹਿਲਾਂ ਹੀ ਕਰੀਬ 80 ਸੈਂਟੀਮੀਟਰ ਪ੍ਰਤੀ ਸਾਲ ਦੇ ਹਿਸਾਬ ਨਾਲ ਥੱਲੇ ਡਿੱਗ ਰਹੀ ਹੈ। ਇਸ ਅਨੁਸਾਰ, ਪੰਜਾਬ ਦੇ ਜਲ ਵਹਿਣ ਸੁੱਕ ਚੱਲੇ ਹਨ; ਧਰਤੀ ਹੇਠ ਸਿਰਫ 17 ਵਰ੍ਹਿਆਂ ਦੀ ਵਰਤੋਂ ਜੋਗਾ ਹੀ ਪਾਣੀ ਬਚਿਆ ਹੈ, ਉਹ ਵੀ ਬੇਅੰਤ ਡੂੰਘਾ। ਵਰਖੇਈ ਪਾਣੀ ਨਾਲ ਭਰਪਾਈ ਹੀ ਜਲ ਤੱਗੀ ਦਾ ਖਾਤਮਾ ਰੋਕ ਸਕਦੀ ਹੈ।


ਪੰਜਾਬ ਦੇ ਪ੍ਰਸੰਗ ਵਿਚ ਬਰਸਾਤੀ ਪਾਣੀ ਦੀ ਸੰਭਾਲ ਹਿੱਤ ਕਮਾਲ ਦੀ ਉਦਾਹਰਣ ਹੈ ਜੋ ਨਿੱਜੀ ਤਜਰਬਿਆਂ 'ਤੇ ਆਧਾਰਿਤ ਹੈ। ਵੱਖ-ਵੱਖ, ਸੌਖਿਆਂ ਤੇ ਸਸਤੀਆਂ ਵਿਧੀਆਂ ਵਰਤ ਕੇ ਪੰਜਾਬ ਦਾ ਕੰਢੀ ਖਿੱਤਾ ਵਰਖੇਈ ਪਾਣੀ ਰੋਕਣ ਅਤੇ ਧਰਤੀ ਅੰਦਰ ਗਰਕਾਉਣ ਹਿੱਤ ਬੜਾ ਢੁੱਕਵਾਂ ਹੈ। ਪੰਜਾਬ ਦਾ ਕੁਲ ਰਕਬਾ 54 ਲੱਖ ਹੈਕਟੇਅਰ ਹੈ ਜਿਸ ਦਾ 10% ਭਾਵ 5.4 ਲੱਖ ਹੈਕਟੇਅਰ ਕੰਢੀ ਖੇਤਰ ਵਿਚ ਪੈਂਦਾ ਹੈ। ਭਾਰਤ ਦੀ ਔਸਤਨ ਸਾਲਾਨਾ ਵਰਖਾ 1200 ਐੱਮ.ਐੱਮ. ਹੈ। ਮੌਜੂਦਾ ਸਮੇਂ ਪੰਜਾਬ ਦੀ ਵਰਖਾ 800 ਐੱਮ.ਐੱਮ. ਹੈ। ਹਾਲ ਦੀ ਘੜੀ ਤੁਸੀਂ ਕੰਢੀ ਦਾ ਚੌਥਾ ਹਿੱਸਾ ਭਾਵ 1.35 ਲੱਖ ਹੈਕਟੇਅਰ ਹੀ ਲਵੋ ਅਤੇ ਰੋੜ੍ਹਵੀਂ ਵਰਖਾ ਵੀ 50% ਭਾਵ 400 ਐੱਮ.ਐੱਮ. ਮੰਨ ਕੇ ਚਲੋ। ਜੇ ਅਸੀਂ ਕੰਢੀ ਦੇ ਚੌਥੇ ਹਿੱਸੇ ਵਿਚ ਹੀ ਵਰਖਾ ਦਾ ਮਹਿਜ਼ ਅੱਧ ਹੀ ਰੋਕ ਕੇ ਵਰਤ ਜਾਂ ਗਰਕਾ ਲਈਏ ਤਾਂ ਬਰਸਾਤ ਦੇ ਇੰਝ ਕਮਾਏ ਹੋਏ ਪਾਣੀ ਦੀ ਮਿਕਦਾਰ 54 ਹਜ਼ਾਰ ਹੈਕਟੇਅਰ ਲਿਟਰ ਬਣ ਜਾਵੇਗੀ। ਇਹ ਪਾਣੀ ਇੰਨਾ ਹੋ ਜਾਵੇਗਾ ਕਿ ਤੁਸੀਂ ਸਾਰੇ ਪੰਜਾਬ ਵਿਚ (ਜੇ ਇਹ ਬਿਲਕੁਲ ਸਾਵਾਂ ਪੱਧਰਾ ਹੋਵੇ) ਇੱਕ-ਇੱਕ ਗਿੱਠ (10 ਸੈਂਟੀਮੀਟਰ) ਪਾਣੀ ਖੜ੍ਹਾ ਸਕਦੇ ਹੋ। ਸੋ, ਜਲ ਸੰਕਟ ਦੇ ਹੱਲ ਹਿੱਤ ਕੰਢੀ ਵਿਚ ਭੂਮੀ, ਜਲ ਤੇ ਜੰਗਲ ਸੰਭਾਲ ਗਤੀਵਿਧੀਆਂ ਅਤੇ ਬਾਕੀ ਪੰਜਾਬ ਵਿਚ ਟੋਭੇ, ਵੱਟ-ਬੰਦੀਆਂ ਅਤੇ ਸਾਂਝੇ ਥਾਵਾਂ 'ਤੇ ਰੁੱਖ ਲਾਏ ਜਾ ਸਕਦੇ ਹਨ। ਧਰਤੀ ਹੇਠਲਾ ਪਾਣੀ ਮਿੱਟੀ ਦੀਆਂ ਪਰਤਾਂ ਠੰਢੀਆਂ ਤੇ ਟਿਕਵੀਆਂ ਰੱਖਣ ਅਤੇ ਰੁੱਖ ਭੌਂ-ਖੋਰ (ਸਿਲਟਿੰਗ) ਰੋਕਣ ਤੇ ਵਰਖਾ ਲਈ ਸਿਫਤੀ ਹਿੱਸਾ ਪਾਉਂਦੇ ਹਨ। ਇੱਕ ਵਰਗ ਕਿਲੋਮੀਟਰ ਭਰਪੂਰ ਜੰਗਲ ਆਪਣੀਆਂ ਜੜ੍ਹਾਂ ਅਤੇ ਵਜੂਦ ਰਾਹੀਂ ਵਰਖਾ ਦਾ 50000 ਕਿਊਬਿਕ ਲਿਟਰ ਪਾਣੀ ਧਰਤੀ ਵਿਚ ਲੈ ਜਾਂਦਾ ਹੈ।

ਵਰਖਾ ਹੀ ਪਾਣੀ ਦਾ ਮੁੱਢਲਾ ਸੋਮਾ ਹੈ। ਪਾਣੀ ਦੇ ਬਾਕੀ ਸਾਰੇ ਸੋਮੇ ਵਰਖੇਈ ਪਾਣੀ ਉਤੇ ਹੀ ਨਿਰਭਰ ਹਨ। ਦਰਅਸਲ, ਕੁਦਰਤ ਜਲ ਚੱਕਰ ਦੇ ਰੂਪ ਵਿਚ ਸਾਨੂੰ ਪਾਣੀ ਦਿੰਦੀ ਹੈ। ਅਸੀਂ ਉਸ ਚੱਕਰ ਦਾ ਅਹਿਮ ਹਿੱਸਾ ਹਾਂ। ਇਸ ਚੱਕਰ ਨੂੰ ਚੱਲਦਾ ਰੱਖਣਾ ਸਾਡੀ ਜ਼ਿੰਮੇਵਾਰੀ ਹੈ। ਇਹ ਚੱਕਰ ਤਾਂ ਹੀ ਚਲਦਾ ਰਹਿ ਸਕਦਾ ਹੈ, ਜੇ ਜੰਗਲ, ਪਹਾੜ, ਜਲ ਵਹਿਣ, ਜਲ ਸੋਮੇ, ਜੀਵ ਜੰਤੂ ਭਾਵ ਕੁਦਰਤੀ ਸਮਤੋਲ ਅਤੇ ਸ਼ੁੱਧ ਤੇ ਸਾਵੇਂ ਵਾਤਾਵਰਨ ਸਮੇਤ ਉਹ ਸਾਰੇ ਕਾਰਕ ਜਿਉਂਦੇ ਰਹਿਣ ਜੋ ਸਾਵੀਂ ਮੌਨਸੂਨ (ਬਰਸਾਤ) ਲਈ ਜ਼ਰੂਰੀ ਹਨ। ਇਸ ਚੱਕਰ ਦਾ ਰੁਕਣਾ ਜੀਵਨ ਦਾ ਅੰਤ ਹੈ। ਪਾਣੀ ਬੇਸ਼ਕੀਮਤੀ ਕੁਦਰਤੀ ਨਿਆਮਤ ਹੈ। ਇਹ ਬਣਾਇਆ ਨਹੀਂ ਜਾ ਸਕਦਾ। ਇਸ ਦੀ ਸੰਜਮੀ ਅਤੇ ਭਲੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਸ਼ੁੱਧ ਰੱਖਿਆ ਅਤੇ ਬਚਾਇਆ ਜਾ ਸਕਦਾ ਹੈ।

ਵਰਖਾ ਦੀ ਹਰ ਤ੍ਰਿਪ ਕਮਾਉਣੀ ਜਲ ਸੰਕਟ ਦਾ 'ਰਾਮ ਬਾਣ' ਹੈ। ਮੁਹਿੰਮ ਜੋ ਤੁਰੰਤ ਵਿੱਢਣ ਦੀ ਲੋੜ ਹੈ, ਉਹ ਹੈ: ਖੇਤ ਦਾ ਪਾਣੀ ਖੇਤ 'ਚ, ਖੇਤ ਦੀ ਮਿੱਟੀ ਖੇਤ 'ਚ; ਪਿੰਡ ਦੀ ਮਿੱਟੀ ਪਿੰਡ 'ਚ, ਪਿੰਡ ਦਾ ਪਾਣੀ ਪਿੰਡ 'ਚ। ਇਹ ਨਾਅਰਾ ਡੂੰਘੇ ਅਰਥ ਸਮੋਈ ਬੈਠਾ ਹੈ। ਵਰਖਾ ਦਾ ਤਵਾਜ਼ਨ ਭਾਵੇਂ ਗੜਬੜਾ ਗਿਆ ਹੈ ਪਰ ਇਹ ਜਿੰਨੀ, ਜਿਥੇ ਅਤੇ ਜਿਸ ਵੀ ਰੂਪ ਵਿਚ ਪੈਂਦੀ ਹੈ, ਨੂੰ ਕਮਾਉਣ/ਸੰਭਾਲਣ ਅਤੇ ਧਰਤੀ ਵਿਚ ਸੰਚਾਰ ਕਰਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ। ਜਲ ਸੋਮਿਆਂ ਨੂੰ ਜ਼ਿੰਦਾ ਰੱਖਣ ਦਾ ਸਦੀਵੀ ਹੱਲ ਇਹੀ ਹੈ।

# ਪੰਜਾਬ ਦੇ ਆਰਥਿਕ ਵਿਕਾਸ ਦੇ ਅੜਿੱਕੇ

ਪਿਛਲੇ ਚਾਲੀ ਸਾਲਾਂ ਤੋਂ ਪੰਜਾਬ ਦੇ ਆਰਥਿਕ ਵਿਕਾਸ ਵਿਚ ਨਿਘਾਰ ਆ ਰਿਹਾ ਹੈ। ਲੰਮੇ ਅਰਸੇ ਤੋਂ ਪੰਜਾਬ ਦੇ ਅਰਥਚਾਰੇ ਤਰੱਕੀ ਦੀ ਰਫਤਾਰ ਮੱਠੀ ਹੈ ਜਿਸ ਦੇ ਗੰਭੀਰ ਸਿੱਟੇ ਨਿਕਲ ਰਹੇ ਹਨ; ਮਸਲਨ, ਪ੍ਰਤੀ ਜੀਅ ਆਮਦਨ, ਉੱਚ ਬੇਰੁਜ਼ਗਾਰੀ ਦਰ, ਵੱਡੇ ਪੱਧਰ 'ਤੇ ਪਰਵਾਸ, ਵਾਤਾਵਰਨ ਸਰੋਤਾਂ ਦੀ ਬਰਬਾਦੀ ਅਤੇ ਖੇਤੀਬਾੜੀ ਸੰਕਟ ਅਤੇ ਦਿਹਾਤੀ ਖੁਦਕੁਸ਼ੀਆਂ ਜਿਹੇ ਮਾਮਲਿਆਂ ਸੂਬੇ ਦੀ ਦਰਜਾਬੰਦੀ ਡਿੱਗ ਰਹੀ ਹੈ। ਬਹੁਤ ਸਾਰੇ ਹੋਰਨਾਂ ਦੇਸ਼ਾਂ ਵੱਸਦੇ ਪੰਜਾਬੀ ਅਕਸਰ ਇਹ ਸਵਾਲ ਪੁੱਛਦੇ ਹਨ: ਕੀ ਪੰਜਾਬ ਦੀ ਗੁਆਚੀ ਹੋਈ ਸ਼ਾਨ ਕਦੇ ਬਹਾਲ ਹੋ ਸਕੇਗੀ? ਪੰਜਾਬ ਦੇ ਅਰਥਚਾਰੇ ਬਾਰੇ ਖੋਜ ਕਰਨ ਵਾਲੇ ਅਰਥ ਸ਼ਾਸਤਰੀ ਇਸ ਸਵਾਲ ਦਾ ਹਾਂਦਰੂ ਜਵਾਬ ਦਿੰਦੇ ਹਨ। ਉਂਝ, ਪੰਜਾਬ ਦੇ



**ਲਖਵਿੰਦਰ ਸਿੰਘ**

ਅਰਥਚਾਰੇ ਦੀਆਂ ਮੂਲ ਸ਼ਕਤੀਆਂ ਨੂੰ ਮੁੜਜੀਤ ਕਰਨ ਦੇ ਰਾਹ ਕਈ ਕਾਰਕ ਰੋੜਾ ਬਣੇ ਹੋਏ ਹਨ ਜਿਨ੍ਹਾਂ ਦੀ ਸ਼ਨਾਖਤ ਕਰਨ ਤੇ ਦਰੁਸਤੀ ਕਦਮਾਂ ਦੀ ਲੋੜ ਹੈ। ਜੇ ਇਨ੍ਹਾਂ ਕਦਮਾਂ ਨੂੰ ਅਮਲ ਲਿਆਂਦਾ ਜਾਵੇ ਤਾਂ ਪੰਜਾਬ ਦੇ ਅਰਥਚਾਰੇ ਦੀ ਸ਼ਾਨ ਹੀ ਬਹਾਲ ਨਹੀਂ ਹੋਵੇਗੀ ਸਗੋਂ ਇਹ ਮਿਸਾਲੀ ਆਰਥਿਕ ਅਗਵਾਈ ਵੀ ਦੇ ਸਕਦਾ ਹੈ।

ਪੰਜਾਬ ਦੇ ਅਰਥਚਾਰੇ ਦੀ ਗਤੀਸ਼ੀਲਤਾ ਨੂੰ ਡੱਕ ਰਹੀ ਪਹਿਲੀ ਰੁਕਾਵਟ ਹੈ ਇਸ ਦਾ ਚਲੰਤ ਪੈਦਾਵਾਰੀ ਢਾਂਚਾ; ਹਾਲਾਂਕਿ ਪੰਜਾਬ ਦੇ ਅਰਥਚਾਰੇ ਦਾ ਢਾਂਚਾ ਹੌਲੀ-ਹੌਲੀ ਖੇਤੀਬਾੜੀ ਤੋਂ ਸੇਵਾਵਾਂ ਵੱਲ ਮੁੜ ਗਿਆ ਹੈ, ਫਿਰ ਵੀ ਭਾਰਤ ਦੇ ਹੋਰਨਾਂ ਗਤੀਸ਼ੀਲ ਸੂਬਿਆਂ ਅਤੇ ਨਵੇਂ ਸਨਅਤੀਕ੍ਰਿਤ ਪੂਰਬੀ ਏਸ਼ਿਆਈ ਦੇਸ਼ਾਂ ਦੀ ਤੁਲਨਾ ਸੂਬਾਈ ਕੁੱਲ ਘਰੇਲੂ ਪੈਦਾਵਾਰ (ਐੱਸ.ਜੀ.ਡੀ.ਪੀ.) ਬਹੁਤਾ ਯੋਗਦਾਨ ਅਤੇ ਰੋਜ਼ੀ ਰੋਟੀ ਕਮਾਉਣ ਲਈ ਕਿਰਤ ਸ਼ਕਤੀ ਦਾ ਵੱਡਾ ਹਿੱਸਾ ਖੇਤੀਬਾੜੀ ਤੋਂ ਹੀ ਆਉਂਦਾ ਹੈ। ਪੰਜਾਬ ਦੇ ਅਰਥਚਾਰੇ ਦੀ ਵਿਤਰਤ ਅਤੇ ਢਾਂਚੇ ਦੇ ਮੱਦੇਨਜ਼ਰ ਇਸ ਦੀ ਗਤੀਸ਼ੀਲਤਾ ਦੇ ਰਾਹ ਦੀ ਸਭ ਤੋਂ ਅਹਿਮ ਰੁਕਾਵਟ ਵੱਖ-ਵੱਖ ਖੇਤਰਾਂ ਦਰਮਿਆਨ ਲੋੜੀਂਦੇ ਸੂਤਰਾਂ ਦੀ ਘਾਟ ਹੈ। ਇਸ ਕਰ ਕੇ ਆਮਦਨੀ 'ਚ ਵਾਧੇ ਨੂੰ ਉਸ ਪੱਧਰ 'ਤੇ ਨਹੀਂ ਲਿਜਾਇਆ ਜਾ ਰਿਹਾ ਹੈ ਜੋ ਆਰਥਿਕ ਵਿਕਾਸ ਦੀ ਉੱਚੀ ਦਰ ਲਈ ਜ਼ਰੂਰੀ ਹੈ।

ਲੰਮੇ ਸਮੇਂ ਤੋਂ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਪੰਜਾਬ ਦਾ ਅਰਥਚਾਰਾ ਖੇਤੀਬਾੜੀ ਉੱਪਰ ਲੋੜੋਂ ਵੱਧ ਨਿਰਭਰ ਹੈ ਅਤੇ ਇਸ ਲਈ ਅਰਥਚਾਰੇ ਤੇ ਖੇਤੀਬਾੜੀ ਖੇਤਰ ਵੀ ਤਬਦੀਲੀ ਦੀ ਲੋੜ ਹੈ। ਦੇਸ਼ ਦੀ ਖੁਰਾਕ ਸੁਰੱਖਿਆ ਲਈ ਪੰਜਾਬ 'ਤੇ ਲੋੜੋਂ ਵੱਧ ਨਿਰਭਰਤਾ ਕਰ ਕੇ ਇਸ ਮੁਤੱਲਕ ਸੁਝਾਈ ਗਈ ਰਣਨੀਤੀ ਦਾ ਵਿਰੋਧ ਕੀਤਾ ਜਾਂਦਾ ਰਿਹਾ ਹੈ। ਪੰਜਾਬ ਸਰਕਾਰ ਅਤੇ ਕਿਸਾਨਾਂ ਨੇ ਆਪਣੇ ਤੌਰ 'ਤੇ ਖੇਤੀਬਾੜੀ ਦੀ ਫ਼ਸਲੀ ਵਿਭਿੰਨਤਾ ਅਪਣਾਉਣ ਦੇ ਯਤਨ ਕੀਤੇ ਸਨ ਪਰ ਇਹ ਇਸ ਕਰ ਕੇ ਫੇਲ੍ਹ ਸਾਬਿਤ ਹੋਏ ਕਿਉਂਕਿ ਢੁਕਵੀਂ ਪ੍ਰੋਸੈਸਿੰਗ ਦੀ ਅਣਹੋਂਦ ਨਵੀਆਂ ਫ਼ਸਲਾਂ ਦੀ ਵਾਧੂ ਉਪਜ ਨੂੰ ਸਮੋਣ ਲਈ ਮੰਡੀ 'ਤੇ ਟੇਕ ਰੱਖੀ ਗਈ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬ ਅਜੇ ਵੀ ਕਣਕ-ਝੋਨੇ ਦੇ ਚੱਕਰ ਘੁੰਮ ਰਿਹਾ ਹੈ ਅਤੇ ਇਸ ਨਾਲ ਕਰ ਕੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡਿੱਗ ਰਿਹਾ ਹੈ ਅਤੇ ਫ਼ਸਲੀ ਰਹਿੰਦ-ਖੂੰਹਦ ਨੂੰ ਸਾੜਨ ਦਾ ਸਿਲਸਿਲਾ ਚੱਲ ਰਿਹਾ ਹੈ। ਆਮ ਤੌਰ 'ਤੇ ਪੰਜਾਬ ਦੇ ਅਰਥਚਾਰੇ ਨੂੰ ਅਤੇ ਖ਼ਾਸ ਤੌਰ 'ਤੇ ਖੇਤੀਬਾੜੀ ਖੇਤਰ ਵਿਭਿੰਨਤਾ ਲਈ ਸੂਬਾ ਅਤੇ ਕੇਂਦਰ ਦੋਵੇਂ ਸਰਕਾਰਾਂ ਦੇ ਸਾਂਝੇ ਯਤਨਾਂ ਦੀ ਲੋੜ ਹੈ। ਇਸ ਲਈ ਹਰੇ ਇਨਕਲਾਬ ਤੋਂ ਪਹਿਲਾਂ ਦੋਵੇਂ ਸਰਕਾਰਾਂ ਦੇ ਯਤਨਾਂ ਵਾਂਗ ਲੋੜ ਹੈ ਅਤੇ ਨਵੇਂ ਬੁਨਿਆਦੀ ਢਾਂਚੇ ਅਤੇ ਇਸ ਲਈ ਢੁਕਵੇਂ ਮਾਹੌਲ ਲਈ ਇੱਕ ਵਾਰ ਦੀ ਤਬਦੀਲੀ ਲਾਗਤ ਦਾ ਬੋਝ ਚੁੱਕਣ ਦੀ ਲੋੜ ਹੈ। ਸਿਆਸੀ ਲੀਡਰਸ਼ਿਪ ਦੀ ਇੱਛਾ ਇਸ ਔਕੜ 'ਤੇ ਕਾਬੂ ਪਾ ਸਕਦੀ ਹੈ।

ਦੂਜੀ ਔਕੜ ਪਿਛਲੇ ਕਈ ਸਾਲਾਂ ਤੋਂ ਆਰਥਿਕ ਨੀਤੀ ਦੇ ਨਕਾਰਾਪਨ ਦੀ ਹੈ। ਜੇ ਅਸੀਂ 1980ਵਿਆਂ ਦੇ ਮੱਧ ਨੂੰ ਚੇਤੇ ਕਰੀਏ ਤਾਂ ਪਤਾ ਲੱਗਦਾ ਹੈ ਕਿ ਭਾਰਤ ਦਾ ਸਰਪਲੱਸ ਮਾਲੀਏ ਵਾਲਾ ਸੂਬਾ ਪਹਿਲੀ ਵਾਰ ਮਾਲੀਆ ਘਾਟੇ ਗਿਆ ਸੀ। ਪੰਜਾਬ ਉਦੋਂ ਗੜਬੜ ਸਿਖਰਾਂ 'ਤੇ ਸੀ ਜਦੋਂ ਇਸ ਦੇ ਜ਼ਿਆਦਾਤਰ ਅਦਾਰਿਆਂ ਦਾ ਕੰਮ-ਕਾਜ ਲੀਹੋਂ ਲਹਿ ਗਿਆ ਸੀ ਜਿਸ ਕਰ ਕੇ ਮਾਲੀਆ ਇਕੱਤਰ ਕਰਨ ਵਾਲੀ ਮਸ਼ੀਨਰੀ ਠੱਪ ਹੋ ਗਈ ਅਤੇ ਇਸ ਦੇ ਨਾਲ ਹੀ ਕੇਂਦਰੀ ਸੁਰੱਖਿਆ ਬਲਾਂ ਦੀ ਤਾਇਨਾਤੀ ਦੇ ਖਰਚੇ ਦਾ ਵਾਧੂ ਬੋਝ ਚੁੱਕਣਾ ਪੈ ਗਿਆ। ਇਹ ਪੰਜਾਬ ਦੇ ਖ਼ਜ਼ਾਨੇ 'ਤੇ ਦੋਹਰਾ ਭਾਰ ਸੀ ਅਤੇ ਸਿੱਟੇ ਵਜੋਂ ਸੂਬਾ ਸਰਕਾਰ ਨੇ ਕਰਜ਼ਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਹੌਲੀ-ਹੌਲੀ ਇਹ ਸਰਪਲੱਸ ਮਾਲੀਏ ਤੋਂ ਕਰਜ਼ੇ ਦੇ ਬੋਝ ਹੇਠ



ਆ ਗਿਆ। ਲੋਕਰਾਜ ਅਤੇ ਚੁਣੀਆਂ ਹੋਈਆਂ ਸਰਕਾਰਾਂ ਦੀ ਬਹਾਲੀ ਤੋਂ ਤਿੰਨ ਦਹਾਕਿਆਂ ਬਾਅਦ ਵੀ ਪੰਜਾਬ ਹਰ ਸਾਲ ਕਰਜ਼ੇ ਦੀ ਦਲਦਲ ਗਹਿਰਾ ਧੱਸਦਾ ਗਿਆ। ਪੰਜਾਬ ਸਿਰ 3.51 ਲੱਖ ਕਰੋੜ ਰੁਪਏ ਤੋਂ ਵੱਧ ਕਰਜ਼ਾ ਹੋ ਚੁੱਕਿਆ ਹੈ ਜੋ ਇਸ ਦੀ ਕੁੱਲ ਘਰੇਲੂ ਪੈਦਾਵਾਰ ਦਾ 47 ਫ਼ੀਸਦੀ ਬਣਦਾ ਹੈ। ਕੁੱਲ ਕਰਜ਼ੇ 'ਚੋਂ 92.2 ਫ਼ੀਸਦੀ ਹਿੱਸਾ ਇਸ ਦੀਆਂ ਕਿਸ਼ਤਾਂ ਤਾਰਨ ਦੇ ਹਿੱਸੇ ਲੱਗ ਰਿਹਾ ਹੈ। ਇਸ ਦੇ ਪੱਕੇ ਖਰਚੇ ਰਾਜ ਸਰਕਾਰ ਵੱਲੋਂ ਇਕੱਤਰ ਕੀਤੇ ਜਾਂਦੇ ਮਾਲੀਏ ਨਾਲੋਂ ਵਧ ਜਾਂਦੇ ਹਨ।

ਕੋਵਿਡ-19 ਦੌਰਾਨ ਵੀ ਇਹ ਮਹਿਸੂਸ ਕੀਤਾ ਗਿਆ ਸੀ ਕਿ ਕੇਂਦਰ ਸਰਕਾਰ ਦਾ ਰਾਜਕੋਸ਼ੀ ਘਾਟਾ ਵਧ ਸਕਦਾ ਹੈ ਪਰ ਰਾਜ ਸਰਕਾਰ ਉੱਪਰ ਕਰਜ਼ ਲੈਣ 'ਤੇ ਰੋਕ ਲਾ ਦਿੱਤੀ ਗਈ ਅਤੇ ਇੱਕ ਖ਼ਾਸ ਕਿਸਮ ਦੇ ਖਰਚ ਅੱਧਾ ਫ਼ੀਸਦੀ ਤੱਕ ਲਚਕ ਜੋੜ ਦਿੱਤੀ ਗਈ। ਰਾਜ ਸਰਕਾਰ ਲਈ ਬੰਧਕ ਆਰਥਿਕ ਨੇਮਾਂ ਅਤੇ ਗਤੀਸ਼ੀਲ ਟੈਕਸ ਲਾਉਣ ਦੇ ਅਖ਼ਤਿਆਰ ਕੇਂਦਰ ਦੇ ਹੱਥਾਂ ਚਲੇ ਜਾਣ ਕਰ ਕੇ ਰਾਜ ਸਰਕਾਰ ਕੋਲ ਵਿਕਾਸ ਦੀਆਂ ਵਿੱਤੀ ਲੋੜਾਂ ਦੀ ਪੂਰਤੀ ਲਈ ਮਾਲੀਆ ਜੁਟਾਉਣ ਦੇ ਸਾਧਨ ਸੀਮਤ ਹੋ ਗਏ ਹਨ। ਉਂਝ, ਬਿਜਲੀ ਸਬਸਿਡੀ ਜਿਹੀਆਂ ਤਰਕਹੀਣ ਸਬਸਿਡੀਆਂ ਦਾ ਬੋਝ ਵਧਣ ਕਰ ਕੇ ਆਰਥਿਕ ਨੀਤੀ ਪੰਗੂ ਹੋ ਕੇ ਰਹਿ ਗਈ ਹੈ ਅਤੇ ਪੰਜਾਬ ਦੇ ਅਰਥਚਾਰੇ ਦੇ ਪੈਦਾਵਾਰੀ ਢਾਂਚੇ ਨੂੰ ਦਿਸ਼ਾ ਦੇਣ ਵਿਚ ਸਰਕਾਰ ਨਾਕਾਮ ਰਹੀ ਹੈ।

ਤੀਜਾ ਵੱਡਾ ਅੜਿੱਕਾ ਗ਼ੈਰ-ਆਰਥਿਕ ਕਾਰਕਾਂ ਦਾ ਸਿੱਟਾ ਹੈ ਜੋ ਕਿ ਪੰਜਾਬ ਦੇ ਲੋਕਾਂ ਦੇ ਗਰਮ ਮਿਜ਼ਾਜ ਨਾਲ ਜੁੜੇ ਹੋਏ ਹਨ ਜਿਨ੍ਹਾਂ ਕਰ ਕੇ ਇਸ ਨਿਵੇਸ਼ ਕਮੀ ਆ ਗਈ ਹੈ। ਧਰਮ ਨੂੰ ਸਿਆਸੀ ਮੰਤਵਾਂ ਲਈ ਵਰਤਣ ਕਰ ਕੇ ਬਹੁਤ ਹੀ ਵਾਜਿਬ ਸਮਾਜਿਕ ਆਰਥਿਕ ਔਕੜਾਂ ਨੂੰ ਧਰਮ ਅਤੇ ਸ਼ਨਾਖ਼ਤ ਦੇ ਮੁੱਦੇ ਬਣ ਜਾਣ ਕਰ ਕੇ ਤਣਾਅਪੂਰਨ ਮਾਹੌਲ ਪੈਦਾ ਹੋ ਗਿਆ ਹੈ ਅਤੇ ਇਸ ਕਰ ਕੇ ਸ਼ਾਂਤੀ ਭੰਗ ਹੁੰਦੀ ਹੈ ਜੋ ਆਰਥਿਕ ਗਤੀਵਿਧੀਆਂ ਦੀਰਘਕਾਲੀ ਨਿੱਜੀ ਨਿਵੇਸ਼ ਲਈ ਜ਼ਰੂਰੀ ਹੁੰਦੀ ਹੈ। ਨਿੱਜੀ ਨਿਵੇਸ਼ ਦੇ ਬਾਹਰ ਜਾਣ ਦਾ ਇਹ ਰੁਝਾਨ ਅੱਸੀਵਿਆਂ ਦੇ ਮੱਧ ਵਿਚ ਸ਼ੁਰੂ ਹੋਇਆ ਸੀ ਜੋ ਅੱਜ ਵੀ ਜਾਰੀ ਹੈ। ਮੰਡੀ ਗੋਬਿੰਦਗੜ੍ਹ ਅਤੇ ਬਟਾਲਾ 'ਉਲਟ ਸਨਅਤੀਕਰਨ' ਅਤੇ ਪੰਜਾਬ ਦੇ ਹੋਰਨਾਂ ਸਨਅਤੀ ਸ਼ਹਿਰਾਂ 'ਚੋਂ ਨਿਵੇਸ਼ ਘਟਣ ਦਾ ਸਬੂਤ ਹਨ। ਪੰਜਾਬ ਨਿਵੇਸ਼ ਦੀ ਕਮੀ ਦਾ ਕਾਰਨ ਹੈ ਕਿ ਇਸ ਦੀ ਪਾਕਿਸਤਾਨ ਨਾਲ ਲੰਮੀ ਸਰਹੱਦ ਲੱਗਦੀ ਹੈ ਅਤੇ 1965 ਅਤੇ 1971 ਦੀਆਂ ਜੰਗਾਂ ਤੋਂ ਬਾਅਦ ਬਹੁਤਾ ਸਮਾਂ ਭਾਰਤ-ਪਾਕਿਸਤਾਨ ਦੇ ਸਬੰਧ ਆਮ ਵਰਗੇ ਨਾ ਰਹੇ ਜਿਸ ਕਰ ਕੇ ਪੰਜਾਬ ਘਰੇਲੂ ਅਤੇ ਵਿਦੇਸ਼ੀ ਨਿਵੇਸ਼ ਦਾ ਟਿਕਾਣਾ ਨਾ ਬਣ ਸਕਿਆ। ਇਸ ਦੇ ਸਿੱਟੇ ਕਰ ਕੇ ਹੀ ਸਾਲ 2023 ਐੱਸ.ਜੀ.ਡੀ.ਪੀ. ਕੁੱਲ ਨਿਸ਼ਚਤ ਪੂੰਜੀ ਨਿਵੇਸ਼ ਘਟ ਕੇ 14 ਫ਼ੀਸਦੀ ਰਹਿ ਗਿਆ ਹੈ।

ਪੰਜਾਬ ਦੇ ਵਿਕਾਸ ਲਈ ਚੌਥਾ ਵੱਡਾ ਰੁਕਾਵਟ ਮਨੁੱਖੀ ਸਰਮਾਏ ਦੀ ਘਾਟ ਹੈ। ਇਹ ਇਤਿਹਾਸਕ ਤੱਥਾਂ ਦੇ ਉਲਟ ਹੈ ਕਿ ਪੰਜਾਬੀਆਂ ਕੋਲ ਉੱਤਮ ਉੱਦਮੀ ਅਤੇ ਅਗਵਾਈ ਦਾ ਹੁਨਰ ਹੈ। ਪਿਛਲੇ ਚਾਰ ਦਹਾਕਿਆਂ ਤੋਂ ਵਿਦਿਅਕ ਅਤੇ ਸਿਹਤ ਨਾਲ ਸਬੰਧਿਤ ਸੰਸਥਾਵਾਂ ਦੋਵੇਂ ਜਨਤਕ ਨਿਵੇਸ਼ ਦੀ ਘਾਟ ਅਤੇ ਮੁਨਾਫ਼ੇ ਦੀ ਘਾਟ ਦੇ ਕਾਰਨ ਨੁਕਸਾਨ ਝੱਲ ਰਹੀਆਂ ਹਨ ਪਰ ਘੱਟ ਗੁਣਵੱਤਾ ਵਾਲੇ ਨਿੱਜੀ ਵਿਦਿਅਕ ਅਤੇ ਸਿਹਤ ਸੰਸਥਾਵਾਂ ਨੇ ਵਪਾਰ ਦੁਆਰਾ ਮੰਗ ਦੇ ਹੁਨਰ ਅਤੇ ਪੈਦਾ ਕੀਤੀ ਘੱਟ ਹੁਨਰਮੰਦ ਮਨੁੱਖੀ ਪੂੰਜੀ ਵਿਚਕਾਰ ਤਾਲਮੇਲ ਤੋੜ ਦਿੱਤਾ ਹੈ। ਪੱਛਮੀ ਦੇਸ਼ਾਂ ਮੁਕਾਬਲਤਨ ਉੱਤਮ ਹੁਨਰ ਅਤੇ ਵਿੱਤੀ ਸਰੋਤ ਆਧਾਰਿਤ ਮਨੁੱਖੀ ਪੂੰਜੀ ਦੇ ਪਰਵਾਸ ਨੇ ਰਾਜ ਲਾਭਕਾਰੀ ਨਵੀਆਂ ਆਰਥਿਕ ਗਤੀਵਿਧੀਆਂ ਜਿਵੇਂ ਸੂਚਨਾ ਅਤੇ ਸੰਚਾਰ ਤਕਨਾਲੋਜੀਆਂ ਲਈ ਲੋੜੀਂਦੇ ਮਨੁੱਖੀ ਸਰੋਤਾਂ ਦੀ ਘਾਟ ਨੂੰ ਵਧਾਇਆ ਹੈ।

ਆਖ਼ਿਰੀ ਪਰ ਓਨਾ ਹੀ ਅਹਿਮ ਅੜਿੱਕਾ ਵਿਕਾਸ ਦੀ ਅਣਹੋਂਦ ਅਤੇ ਵਿਕਾਸੀ ਸੰਸਥਾਵਾਂ ਦੇ ਵਿਕੇਂਦਰੀਕਰਨ ਦੀ ਘਾਟ ਹੈ। ਸਾਰਾ ਵਿਕਾਸ ਸੰਸਥਾਈ ਢਾਂਚਾ ਸਵਾਰਥੀ ਹਿੱਤਾਂ ਦੇ ਕਬਜ਼ੇ ਆ ਗਿਆ ਹੈ ਜਿਸ ਨੂੰ ਪੁਲਿਸ-ਨੌਕਰਸ਼ਾਹੀ-ਸਿਆਸੀ ਕੁਲੀਨ ਵਰਗ ਦੀ ਜਕੜ ਕਿਹਾ ਜਾ ਸਕਦਾ ਹੈ। ਨੀਤੀ ਬਣਾਉਣ, ਲਾਗੂ ਕਰਨ ਅਤੇ ਮੁਲਾਂਕਣ ਸਵਾਰਥੀ ਹਿੱਤ ਸਮੂਹ ਦੇ ਹੱਥਾਂ ਕੇਂਦਰਿਤ ਹੋ ਗਿਆ ਹੈ ਜੋ ਆਪਣੇ ਸਮੂਹ ਦੇ ਹਿੱਤਾਂ ਨੂੰ ਵੱਧ ਤੋਂ ਵੱਧ ਤਰਜੀਹ ਦਿੰਦੇ ਹਨ ਅਤੇ ਵੱਡੇ ਪੱਧਰ 'ਤੇ ਨਜ਼ਰਾਨਾ ਵਸੂਲੀ ਦੇ ਵਿਵਹਾਰ ਅਤੇ ਨਸ਼ਿਆਂ ਅਤੇ ਸਿੰਥੈਟਿਕ ਨਸ਼ੀਲੇ ਪਦਾਰਥਾਂ ਅਤੇ ਰੇਤ-ਬਜਰੀ ਦੇ ਗ਼ੈਰ-ਕਾਨੂੰਨੀ ਕਾਰੋਬਾਰ ਸਮੇਤ ਵੱਖ-ਵੱਖ ਕਿਸਮਾਂ ਦੇ ਗਰੋਹਾਂ ਨੂੰ ਉਤਸ਼ਾਹਿਤ ਕਰਨ ਸ਼ਾਮਿਲ ਹਨ। ਇਸ ਨਾਲ ਪੰਜਾਬ ਨਿੱਜੀ ਉਦਯੋਗਾਂ ਦੇ ਨਿਵੇਸ਼ ਦੇ ਵਧਣ-ਫੁੱਲਣ ਦੇ ਮੌਕੇ ਘਟੇ ਹਨ ਅਤੇ ਇਸ ਤਰ੍ਹਾਂ ਪੰਜਾਬ ਦੇ ਕੀਮਤੀ ਮਨੁੱਖੀ ਅਤੇ ਪੂੰਜੀ ਸਰੋਤਾਂ ਦਾ ਪਲਾਇਨ ਹੋ ਗਿਆ ਹੈ। ਇਕੱਠੇ ਮਿਲ ਕੇ, ਇਨ੍ਹਾਂ ਪੰਜ ਅੜਿੱਕਿਆਂ ਨੇ ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ।

ਪੰਜਾਬ ਦੀ ਗੁਆਚੀ ਸ਼ਾਨ ਬਹਾਲ ਕਰਨ ਲਈ ਜਨਤਕ ਨੀਤੀ ਦੇ ਕਿਸੇ ਵੀ ਯਤਨ ਨੂੰ ਜੀਵੰਤ, ਟਿਕਾਊ ਅਤੇ ਸਮਾਵੇਸ਼ੀ ਵਿਕਾਸ ਲਈ ਰੁਕਾਵਟਾਂ ਨੂੰ ਦੂਰ ਕਰਨਾ ਚਾਹੀਦਾ ਹੈ। ਪੰਜਾਬ ਸਰਕਾਰ ਦੀ ਆਮ ਤੌਰ 'ਤੇ ਜਨਤਕ ਨੀਤੀ ਅਤੇ ਵਪਾਰਕ ਪਹੁੰਚ ਨੇ ਸਥਿਤੀ ਨੂੰ ਬਦਤਰ ਬਣਾ ਦਿੱਤਾ ਹੈ ਅਤੇ ਵਿਕਾਸ ਪ੍ਰਕਿਰਿਆ ਦਰਪੇਸ਼ ਰੁਕਾਵਟਾਂ ਨਾਲ ਨਜਿੱਠਣ ਲਈ ਔਕੜਾਂ ਪੈਦਾ ਕੀਤੀਆਂ ਹਨ। ਪੰਜਾਬ ਸਰਕਾਰ ਵੱਲੋਂ ਸੰਪੂਰਨ ਜਨਤਕ ਨੀਤੀਗਤ ਪਹੁੰਚ ਦੇ ਨਾਲ ਸੁਹਿਰਦ ਯਤਨ ਅਤੇ ਪਰਵਾਸੀਆਂ ਸਮੇਤ ਪੰਜਾਬ ਦੇ ਸਾਰੇ ਹਿੱਤਧਾਰਕਾਂ ਨੂੰ ਇਸ ਸ਼ਾਮਿਲ ਕਰਨ ਨਾਲ ਹਾਲਾਤ ਬਦਲ ਸਕਦੇ ਹਨ।

# ਅਗਨੀਪਥ ਸਕੀਮ ਦਾ ਪਥ

ਹਕੀਕੀ ਕੁਲੀਸ਼ਨ ਸਰਕਾਰ ਦੇ ਹੋਂਦ ਵਿਚ ਆਉਣ ਨਾਲ ਸਾਬਕਾ ਫ਼ੌਜੀਆਂ ਅਤੇ ਸੁਰੱਖਿਆ ਵਿਸ਼ਲੇਸ਼ਕਾਂ ਦੇ ਵੱਖ-ਵੱਖ ਤਬਕਿਆਂ ਵਿਚ ਉਮੀਦ ਦੀ ਇਹ ਕਿਰਨ ਜਾਗੀ ਹੈ ਕਿ ਪਿਛਲੇ ਇੱਕ ਦਹਾਕੇ ਦੌਰਾਨ ਸਿਆਸੀ ਲੀਡਰਸ਼ਿਪ ਵੱਲੋਂ ਫ਼ੌਜ ਉੱਪਰ ਠੋਸੀਆਂ ਗਈਆਂ ਕੁਝ ਸੰਦੇਹਜਨਕ ਸਕੀਮਾਂ ਅਤੇ ਨਿਰਦੇਸ਼ਾਂ ਦੀ ਦਰੁਸਤੀ ਦਾ ਰਾਹ ਖੁੱਲ੍ਹ ਗਿਆ ਹੈ। ਇਨ੍ਹਾਂ ਸਕੀਮਾਂ 'ਚੋਂ ਪ੍ਰਮੁੱਖ ਹੈ ਅਗਨੀਪਥ ਯੋਜਨਾ ਜੋ 2022 ਦੇ ਮੱਧ ਵਿਚ ਸ਼ੁਰੂ ਕੀਤੀ ਗਈ ਸੀ ਅਤੇ ਇਸ ਤਹਿਤ ਪਰਸੋਨਲ ਬਿਲੋਅ ਆਫੀਸਰ ਰੈਂਕ (ਪੀ.ਬੀ.ਓ.ਆਰ.) ਜਿਨ੍ਹਾਂ ਨੂੰ ਅਗਨੀਵੀਰ

**ਰਾਹੁਲ ਬੇਦੀ**

ਕਿਹਾ ਜਾਂਦਾ ਹੈ, ਦੀ ਥੋੜ੍ਹੇ ਸਮੇਂ ਦੀ ਡਿਊਟੀ ਲਈ ਭਰਤੀ ਕੀਤੀ ਜਾਂਦੀ ਹੈ। ਰਾਸ਼ਟਰੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੇ ਅਹਿਮ ਭਿਆਲ ਜਨਤਾ ਦਲ (ਯੂ) ਨੇ ਅਗਨੀਵੀਰ ਯੋਜਨਾ ਦਾ ਜਾਇਜ਼ਾ ਲੈਣ ਦੀ ਮੰਗ ਕੀਤੀ ਹੈ ਜਿਸ ਨੂੰ ਲੈ ਕੇ ਬਿਹਾਰ ਅਤੇ ਹੋਰਨਾਂ ਸੂਬਿਆਂ ਦੇ ਲੋਕਾਂ ਅੰਦਰ ਕਾਫ਼ੀ ਅਸੰਤੁਸ਼ਟੀ ਪਾਈ ਜਾ ਰਹੀ ਹੈ। ਰਿਪੋਰਟਾਂ ਅਨੁਸਾਰ ਸਰਕਾਰ ਨੇ ਦਸ ਮੰਤਰਾਲਿਆਂ ਦੇ ਸਕੱਤਰਾਂ ਦੇ ਇੱਕ ਸਮੂਹ ਨੂੰ ਅਗਨੀਪਥ ਯੋਜਨਾ ਦਾ ਜਾਇਜ਼ਾ ਲੈਣ ਅਤੇ ਭਰਤੀ ਪ੍ਰੋਗਰਾਮ ਨੂੰ ਹੋਰ ਜ਼ਿਆਦਾ ਆਕਰਸ਼ਕ ਬਣਾਉਣ ਦੇ ਸੁਝਾਅ ਦੇਣ ਲਈ ਕਿਹਾ ਹੈ।

ਇਸ ਯੋਜਨਾ ਅਧੀਨ ਚਾਰ ਸਾਲਾਂ ਦੀ ਡਿਊਟੀ ਲਈ ਸਾਰੀਆਂ ਤਿੰਨੋ ਸੈਨਾਵਾਂ ਲਈ ਅਗਨੀਵੀਰ ਭਰਤੀ ਕੀਤੇ ਜਾਂਦੇ ਹਨ ਜਿਸ ਤੋਂ ਬਾਅਦ ਸਿਰਫ਼ 25 ਫ਼ੀਸਦੀ ਜਵਾਨਾਂ ਨੂੰ 15 ਸਾਲਾਂ ਦੀ ਫ਼ੌਜੀ ਸੇਵਾ ਪੂਰੀ ਕਰਨ ਲਈ ਰੱਖ ਲਿਆ ਜਾਂਦਾ ਹੈ ਅਤੇ ਬਾਕੀ 75 ਫ਼ੀਸਦੀ ਅਗਨੀਵੀਰ ਨੂੰ 'ਸੈਵਰੈਂਸ ਪੇਅ' ਜਾਂ ਮੁਆਵਜ਼ਾ ਰਾਸ਼ੀ ਵਜੋਂ ਕਰੀਬ 12 ਲੱਖ ਰੁਪਏ ਦੇ ਕੇ ਫ਼ੌਜ 'ਚੋਂ ਵਾਪਸ ਭੇਜ ਦਿੱਤਾ ਜਾਵੇਗਾ ਜਿਨ੍ਹਾਂ ਨੂੰ ਬਾਅਦ ਵਿਚ ਨੀਮ ਫ਼ੌਜੀ ਦਸਤਿਆਂ, ਸੂਬਾਈ ਜਾਂ ਰੇਲਵੇ ਪੁਲਿਸ ਬਲਾਂ ਅਤੇ ਹੋਰਨਾਂ ਅਟੈਂਡੈਂਟ ਸੁਰੱਖਿਆ ਏਜੰਸੀਆਂ ਵਿਚ ਐਡਜਸਟ ਕੀਤੇ ਜਾਣ ਦੇ ਆਸਾਰ ਹਨ। ਇਸ ਤੋਂ ਇਲਾਵਾ ਸਰਕਾਰ ਵੱਲੋਂ ਸਰਕਾਰੀ ਬੈਂਕਾਂ ਅਤੇ ਬੀਮਾ ਕੰਪਨੀਆਂ ਅਤੇ ਇਸੇ ਤਰ੍ਹਾਂ ਸਰਕਾਰੀ ਮਾਲਕੀ ਵਾਲੀਆਂ ਵਿੱਤੀ ਸੰਸਥਾਵਾਂ ਨੂੰ ਫਾਰਗ ਕੀਤੇ ਗਏ ਅਗਨੀਵੀਰਾਂ ਨੂੰ ਸਮੋਣ ਲਈ ਕਿਹਾ ਗਿਆ ਹੈ।

ਇਸ ਦੌਰਾਨ ਰੱਖਿਆ ਮੰਤਰਾਲੇ ਵੱਲੋਂ ਹਥਿਆਰਬੰਦ ਦਸਤਿਆਂ ਨੂੰ ਉਪਰੋਥਲੀ ਜਾਰੀ ਕੀਤੇ ਗਏ ਨਿਰਦੇਸ਼ਾਂ ਜਿਨ੍ਹਾਂ ਕਰ ਕੇ ਤਿੰਨੋ ਸੈਨਾਵਾਂ ਅਤੇ ਵੈਟਰਨਾਂ (ਸੈਨਾਵਾਂ ਵਿਚ ਖ਼ਾਸਕਰ ਜੰਗ ਦੌਰਾਨ ਸੇਵਾ ਨਿਭਾਉਣ ਵਾਲੇ ਫ਼ੌਜੀ) ਅੰਦਰ ਵੀ ਬੇਚੈਨੀ ਦਾ ਮਾਹੌਲ ਬਣਿਆ ਹੋਇਆ ਸੀ, ਦੀ ਸਮੀਖਿਆ ਕੀਤੇ ਜਾਣ ਜਾਂ ਇਨ੍ਹਾਂ ਨੂੰ ਤਰਕ ਕਰ ਦੇਣ ਦੇ ਆਸਾਰ ਹਨ। ਇਹੋ ਜਿਹਾ ਇੱਕ ਨਿਰਦੇਸ਼ ਪਿਛਲੇ ਮਈ ਮਹੀਨੇ ਰੱਖਿਆ ਮੰਤਰਾਲੇ ਦੀ ਤਰਫ਼ੋਂ ਆਰਮੀ ਹੈੱਡਕੁਆਰਟਰਜ਼ ਨੂੰ ਜਾਰੀ ਕੀਤਾ ਗਿਆ ਸੀ ਜਿਸ ਵਿਚ ਛੁੱਟੀ 'ਤੇ ਘਰ ਗਏ ਸਾਰੇ ਫ਼ੌਜੀਆਂ ਨੂੰ ਆਪੋ ਆਪਣੇ ਪਿੰਡ, ਕਸਬੇ ਜਾਂ ਸ਼ਹਿਰ ਵਿਚ ਸਵੱਛ ਭਾਰਤ ਅਭਿਆਨ ਅਤੇ ਸਰਵ ਸਿਖਿਆ ਅਭਿਆਨ ਜਿਹੀਆਂ ਸਰਕਾਰੀ ਭਲਾਈ ਸਕੀਮਾਂ ਦੇ ਫ਼ਾਇਦਿਆਂ ਦਾ ਪ੍ਰਚਾਰ ਕਰਨ ਦੇ 'ਰਾਸ਼ਟਰ ਨਿਰਮਾਣ' ਕਾਰਜ ਵਿਚ ਸ਼ਾਮਿਲ ਹੋਣ ਲਈ ਕਿਹਾ ਗਿਆ ਸੀ। ਇਸ ਸਕੀਮ 'ਤੇ ਫ਼ੌਜੀਆਂ ਦੀਆਂ ਵਿਅਕਤੀਗਤ ਯੂਨਿਟਾਂ ਵਲੋਂ ਪੰਦਰਵਾੜਾ ਫੀਡਬੈਕ ਤੇ ਫੋਟੋਗ੍ਰਾਫ਼ਾਂ ਅਤੇ ਵੀਡਿਓ ਕਲਿਪਾਂ ਜ਼ਰੀਏ ਨਿਗਰਾਨੀ ਰੱਖੀ ਜਾਂਦੀ ਹੈ।

ਇਸ ਤੋਂ ਇਲਾਵਾ ਐਡਜੂਟੈਂਟ ਜਨਰਲ'ਜ਼ ਆਫਿਸ ਅਧੀਨ ਕੰਮ ਕਰਦੇ ਆਰਮੀ ਦੇ ਸੈਰੇਮੋਨੀਅਲਜ਼ ਐਂਡ ਵੈਲਫੇਅਰ ਡਾਇਰੈਕਟੋਰੇਟ ਜੋ ਸੈਨਾਵਾਂ ਦੇ ਸਮੁੱਚੇ ਪ੍ਰਸ਼ਾਸਨ ਲਈ ਜ਼ਿੰਮੇਵਾਰ ਹੁੰਦਾ ਹੈ, ਨੇ ਅਗਨੀਵੀਰਾਂ ਨੂੰ ਫ਼ੌਜੀ ਦੂਤ ਦੇ ਰੂਪ ਵਿਚ ਆਪੋ-ਆਪਣੇ ਹਲਕਿਆਂ ਵਿਚ ਦੇਸ਼ਭਗਤੀ ਅਤੇ ਰਾਸ਼ਟਰਵਾਦ ਦੀ ਭਾਵਨਾ ਪੈਦਾ ਕਰਨ ਅਤੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਅਤੇ ਉਨ੍ਹਾਂ ਲਈ ਖੇਡ ਸਮਾਗਮ ਕਰਾਉਣ ਲਈ ਆਖਿਆ। ਸੀਨੀਅਰ ਫ਼ੌਜੀ ਅਧਿਕਾਰੀਆਂ ਨੇ ਦੱਸਿਆ ਕਿ ਸ਼ਿਮਲਾ ਵਿਚ ਆਰਮੀ ਟਰੇਨਿੰਗ ਕਮਾਂਡ ਨੇ ਇਨ੍ਹਾਂ ਸਿਪਾਹੀਆਂ ਨੂੰ ਰਾਸ਼ਟਰ ਨਿਰਮਾਣ ਦੇ ਮਨੋਰਥ ਨੂੰ ਅਗਾਂਹ ਵਧਾਉਣ ਲਈ ਆਪਣੇ ਹੁਨਰ ਅਤੇ ਸੁਭਾਵਿਕ ਅਨੁਸ਼ਾਸਨ ਦਾ 'ਲਾਭ ਲੈਣ' ਦੇ ਉਦੇਸ਼ ਨਾਲ ਇਨ੍ਹਾਂ 'ਸਿੱਖਿਆ' ਕਾਰਜਾਂ ਦੇ ਸਬੰਧ ਵਿਚ ਪਾਲਣਾ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਸੀਨੀਅਰ ਵੈਟਰਨਾਂ ਨੇ ਅੰਦਾਜ਼ਾ ਲਾਇਆ ਸੀ ਕਿ ਇੱਕ ਸਮੇਂ, ਹਥਿਆਰਬੰਦ ਬਲਾਂ ਕੋਲ 3,50,000 'ਸਮਾਜਿਕ ਯੋਧੇ' ਹੋਣਗੇ ਜੋ ਸਰਕਾਰ ਦੀ ਅਗਵਾਈ ਵਾਲੀ ਇਸ ਮੈਗਾ ਪ੍ਰਚਾਰ ਮੁਹਿੰਮ ਵਿਚ ਸ਼ਾਮਿਲ ਹੋਣਗੇ। ਸਾਰੇ ਫ਼ੌਜੀ 30 ਦਿਨਾਂ ਦੀ ਆਮ ਛੁੱਟੀ ਤੋਂ ਇਲਾਵਾ ਸਾਲ ਵਿਚ ਦੋ ਮਹੀਨਿਆਂ ਦੀ ਛੁੱਟੀ ਦੇ ਹੱਕਦਾਰ ਹੁੰਦੇ ਹਨ ਪਰ ਫਿਲਹਾਲ ਇਹ ਸਪਸ਼ਟ ਨਹੀਂ ਹੈ ਕਿ ਇਹ ਸਕੀਮ ਕਿੰਨੀ ਸਫ਼ਲ ਸਾਬਿਤ ਹੋਈ ਹੈ।

ਉਸ ਸਮੇਂ ਬਹੁਤ ਸਾਰੇ ਵੈਟਰਨਾਂ ਨੇ ਕਿਹਾ ਸੀ ਕਿ ਇਹ ਯੋਜਨਾ ਸੈਨਾਵਾਂ 'ਤੇ ਠੋਸੀ ਗਈ ਹੈ ਅਤੇ ਇਸ ਦੇ ਨਿਰਦੇਸ਼ ਰੱਖਿਆ ਮੰਤਰਾਲੇ ਵੱਲੋਂ ਇਸ ਲਿਹਾਜ਼ ਨਾਲ ਘੜੇ ਗਏ ਹਨ ਕਿ ਇਹ ਸਵੈ-ਇੱਛਕ ਯੋਜਨਾ ਜਾਪੇ ਤਾਂ ਕਿ ਵਿਰੋਧ ਪ੍ਰਦਰਸ਼ਨਾਂ ਤੇ ਅਦਾਲਤੀ ਕੇਸਾਂ ਤੋਂ ਬਚਿਆ ਜਾ ਸਕੇ। ਸੰਖੇਪ ਵਿਚ ਕਿਹਾ ਜਾਵੇ ਤਾਂ ਸੱਤਾਧਾਰੀ ਪਾਰਟੀ ਵੱਲੋਂ ਆਪਣੇ ਸਿਆਸੀ ਹਿੱਤਾਂ ਨੂੰ ਅਗਾਂਹ ਵਧਾਉਣ ਅਤੇ ਦੇਸ਼ ਦੇ ਫ਼ੌਜੀ ਬਲਾਂ ਰਾਹੀਂ ਆਪਣੇ ਸੰਦੇਸ਼ ਨੂੰ ਫੈਲਾਉਣ ਲਈ ਇਸ ਕਹਾਵਤ ਨੂੰ ਰੱਜ ਕੇ ਵਰਤਿਆ ਗਿਆ ਕਿ 'ਫ਼ੌਜੀ ਕਦੇ ਵੀ ਛੁੱਟੀ 'ਤੇ ਨਹੀਂ ਹੁੰਦਾ।'

ਇਸ ਦੇ ਨਾਲ ਹੀ ਰੱਖਿਆ ਮੰਤਰਾਲੇ ਨੇ ਆਪਣੇ ਵੱਖ-ਵੱਖ ਵਿਭਾਗਾਂ ਤੇ ਸਬੰਧਿਤ ਸੰਗਠਨਾਂ ਨੂੰ ਹੁਕਮ ਦੇ ਕੇ ਜੀਓ-ਟੈਗ ਵਾਲੇ 'ਸੈਲਫੀ ਪੁਆਇੰਟ' ਲਾਉਣ ਦਾ ਹੁਕਮ ਵੀ ਦਿੱਤਾ ਸੀ ਜਿਸ ਦਾ ਮੰਤਵ ਫ਼ੌਜ ਦੇ ਅਧਿਕਾਰ ਖੇਤਰ ਵਿਚ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਉਭਾਰਨਾ ਸੀ। ਤਜਵੀਜ਼ਤ ਕਰੀਬ 820 ਸੈਲਫ਼ੀ ਪੁਆਇੰਟ ਜਿਨ੍ਹਾਂ 'ਤੇ ਜ਼ਿਆਦਾਤਰ ਪ੍ਰਧਾਨ ਮੰਤਰੀ ਮੋਦੀ ਦੀ ਤਸਵੀਰ ਸੀ, ਰੱਖਿਆ ਖੇਤਰ ਦੀਆਂ ਸਰਕਾਰੀ ਕੰਪਨੀਆਂ 'ਤੇ ਕੇਂਦਰਿਤ ਸਨ। ਇਨ੍ਹਾਂ ਸਰਕਾਰੀ ਇਕਾਈਆਂ ਵਿਚ ਸਰਹੱਦੀ ਸੜਕ ਸੰਗਠਨ (ਬੀ.ਆਰ.ਓ.), ਤੱਟ ਰੱਖਿਅਕ, ਰੱਖਿਆ ਖੋਜ ਤੇ ਵਿਕਾਸ ਸੰਗਠਨ (ਡੀ.ਆਰ.ਡੀ.ਓ.), ਸੈਨਿਕ ਸਕੂਲ ਤੇ ਨੈਸ਼ਨਲ ਕੈਡੇਟ ਕੋਰ (ਐਨ.ਸੀ.ਸੀ.) ਅਤੇ ਹੋਰ ਸਬੰਧਿਤ ਸੰਗਠਨ ਸ਼ਾਮਿਲ ਸਨ।

ਆਪਣੇ ਹੁਕਮ ਵਿਚ ਰੱਖਿਆ ਮੰਤਰਾਲੇ ਨੇ ਕਿਹਾ ਸੀ ਕਿ ਇਹ 'ਸੈਲਫੀ ਪੁਆਇੰਟ' ਅਜਿਹੀਆਂ ਪ੍ਰਮੁੱਖ ਥਾਵਾਂ 'ਤੇ ਵੀ ਹੋਣੇ ਚਾਹੀਦੇ ਹਨ ਜਿੱਥੇ "ਆਵਾਜਾਈ ਵੱਧ ਹੈ ਅਤੇ ਲੋਕਾਂ ਦਾ ਧਿਆਨ ਖਿਚਣ ਦੀ ਸੰਭਾਵਨਾ ਜ਼ਿਆਦਾ ਹੈ" ਜਿਵੇਂ ਜੰਗੀ ਯਾਦਗਾਰਾਂ, ਰੇਲ ਤੇ ਮੈਟਰੋ ਸਟੇਸ਼ਨ, ਬੱਸ ਤੇ ਹਵਾਈ ਅੱਡੇ, ਸ਼ਾਪਿੰਗ ਮਾਲਜ਼, ਸਕੂਲ, ਕਾਲਜ, ਇਥੋਂ ਤੱਕ ਕਿ ਮੇਲਿਆਂ ਦੇ ਇਕੱਠ ਆਦਿ। ਮੰਤਰਾਲੇ ਨੇ 'ਫੀਡਬੈਕ' ਢਾਂਚੇ ਦਾ ਸੁਝਾਅ ਵੀ ਦਿੱਤਾ ਸੀ ਜਿਸ ਵਿਚ ਵਿਸ਼ੇਸ਼ ਮੋਬਾਈਲ ਐਪ ਸ਼ਾਮਲ ਸੀ ਜੋ ਲੋਕਾਂ ਨੂੰ ਸੈਲਫੀਆਂ ਅਪਲੋਡ ਕਰਨ ਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪੋਸਟ ਕਰਨ ਦੇ ਸਮਰੱਥ ਬਣਾਏ ਤਾਂ ਕਿ ਚੁਣਾਵੀ ਮਾਹੌਲ 'ਚ ਸੱਤਾਧਾਰੀ ਪਾਰਟੀ ਦਾ ਸੁਨੇਹਾ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਸਕੇ। ਕਈ ਸਾਬਕਾ ਸੈਨਿਕਾਂ ਨੇ ਪਛਾਣ ਦਾ ਖੁਲਾਸਾ ਨਾ ਕਰਨ ਦੀ ਸ਼ਰਤ 'ਤੇ, ਪ੍ਰੋਜੈਕਟ 'ਉਦਭਵ' ਦੀ ਆਲੋਚਨਾ ਕੀਤੀ ਸੀ। ਪਿਛਲੇ ਸਾਲ ਲਾਂਚ ਕੀਤੇ ਗਏ ਇਸ ਪ੍ਰੋਜੈਕਟ ਦਾ ਮਕਸਦ 'ਪੁਰਾਤਨ ਸਮਝ ਨੂੰ ਵਰਤਮਾਨ ਫ਼ੌਜੀ ਕਿਰਿਆਵਾਂ ਨਾਲ ਮੇਲਣਾ ਸੀ ਤਾਂ ਕਿ ਆਧੁਨਿਕ ਸੁਰੱਖਿਆ ਚੁਣੌਤੀਆਂ ਨਾਲ ਨਜਿੱਠਣ ਲਈ ਵਿਲੱਖਣ ਤੇ ਸੰਪੂਰਨ ਪਹੁੰਚ ਘੜੀ ਜਾ ਸਕੇ।" ਸੈਨਾ ਤੇ ਥਿੰਕ ਟੈਂਕ 'ਯੂਨਾਈਟਿਡ ਸਰਵਿਸਿਜ਼ ਇੰਸਟੀਟਿਊਸ਼ਨ' ਦਾ ਇਹ ਸਾਂਝਾ ਉੱਦਮ ਭਾਰਤ ਦੀ 5,000 ਸਾਲ ਪੁਰਾਣੀ ਸਭਿਆਚਾਰਕ ਵਿਰਾਸਤ ਦਾ ਲਾਹਾ ਲੈਣ ਵੱਲ ਸੇਧਿਤ ਸੀ ਜਿਸ ਰਾਹੀਂ 'ਆਧੁਨਿਕ ਸਮਿਆਂ 'ਚ ਇਸ ਸੱਭਿਅਤਾ ਦੇ ਟਿਕਾਊ ਜੁੜਾਓ, ਯੋਗਤਾ ਅਤੇ ਵਿਹਾਰਕਤਾ ਨੂੰ ਸਮਝਿਆ ਜਾਣਾ ਸੀ' ਜੋ ਕਿ ਭਾਰਤ ਦੀ ਪੁਰਾਤਨ ਸ਼ਾਨ ਨੂੰ ਵਰਤਣ ਦੇ ਭਾਜਪਾ ਦੇ ਝੁਕਾਅ ਮੁਤਾਬਿਕ ਵੀ ਸੀ।

ਇਸ 'ਚ ਚਾਣਕਿਆ (ਅਰਥ ਸ਼ਾਸਤਰ), ਮੌਰੀਆ ਕਾਲ ਤੋਂ ਬਾਅਦ ਦੇ ਕਮੰਡਕਾ (ਨੀਤੀਸਾਰ) ਤੇ ਤਾਮਿਲ ਸੰਤ-ਕਵੀ ਤਿਰੁਵੱਲੁਵਰ (ਤਿਰੁਕੁਰਲ) ਦੀਆਂ ਲਿਖਤਾਂ ਦਾ ਅਧਿਐਨ, ਪਰਖ ਤੇ ਮੁਲਾਂਕਣ ਸ਼ਾਮਿਲ ਸੀ ਜਿਨ੍ਹਾਂ ਰਚਨਾਵਾਂ ਬਾਰੇ ਪ੍ਰੈੱਸ ਸੂਚਨਾ ਬਿਊਰੋ (ਪੀ.ਆਈ.ਬੀ.) ਨੇ ਵੀ ਕਿਹਾ ਸੀ ਕਿ ਇਹ 'ਆਧੁਨਿਕ ਸੈਨਿਕ ਨੀਤੀ ਜ਼ਾਬਤੇ ਜਾਂ ਮਹਿਜ਼ ਜੰਗ ਦੇ ਜਨੇਵਾ ਕਨਵੈਨਸ਼ਨ ਦੇ ਸਿਧਾਂਤਾਂ ਮੁਤਾਬਿਕ ਢੁੱਕਵੀਆਂ ਹਨ।'

ਅਫ਼ਸੋਸ ਦੀ ਗੱਲ ਇਹ ਹੈ ਕਿ ਇਹ ਇਨ੍ਹਾਂ ਸਿਆਸੀ ਅਤੇ ਵਿਵਾਦਪੂਰਨ ਕਾਰਜਾਂ ਅਤੇ ਨੌਕਰੀ ਕਰ ਰਹੇ ਕਰਮੀਆਂ ਤੋਂ ਇਸ ਪ੍ਰਚਾਰ ਮੁਹਿੰਮ ਨੂੰ ਲਾਗੂ ਕਰਨ ਦੀ ਪਿਰਤ 'ਤੇ ਕਿੰਤੂ ਕਰਨ ਦਾ ਜ਼ਿੰਮਾ ਵੈਟਰਨਾਂ ਦੇ ਮੋਢਿਆਂ 'ਤੇ ਛੱਡ ਦਿੱਤਾ ਗਿਆ ਹੈ। ਸ਼ਾਇਦ ਚੁਣਾਵੀ ਫ਼ਤਵੇ ਤੋਂ ਬਾਅਦ ਇਹ ਦੋਵੇਂ ਖੇਤਰ ਕੁਝ ਕੁ ਰਾਹਤ ਮਹਿਸੂਸ ਕਰ ਰਹੇ ਹੋਣਗੇ।

# ਗੀਤਕਾਰ ਜਸਬੀਰ ਗੁਣਾਚੌਰੀਆ ਗੁਰਦੇਵ ਸਿੰਘ ਮਾਨ ਮੈਮੋਰੀਅਲ ਐਵਾਰਡ ਨਾਲ ਸਨਮਾਨਿਤ

**ਸਰੀ:** ਬੀਤੇ ਦਿਨੀਂ ਕੈਨੇਡੀਅਨ ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਮਰਹੂਮ ਗੀਤਕਾਰ ਗੁਰਦੇਵ ਸਿੰਘ ਮਾਨ ਦੀ ਬਰਸੀ ਮੌਕੇ ਸਾਲਾਨਾ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਉਥੇ ਗੀਤਕਾਰ ਜਸਬੀਰ ਗੁਣਾਚੌਰੀਆ ਨੂੰ "ਗੁਰਦੇਵ ਸਿੰਘ ਮਾਨ ਮੈਮੋਰੀਅਲ ਐਵਾਰਡ" ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਐਸੋਸੀਏਸ਼ਨ ਦੇ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ, ਸਕੱਤਰ ਪ੍ਰਿਤਪਾਲ ਗਿੱਲ, ਰਾਏ ਅਜ਼ੀਜ ਓਲਾ ਖ਼ਾਨ, ਰਾਜਵੀਰ ਸਿੰਘ ਮਾਨ ਅਤੇ ਕਵਿੰਦਰ ਚਾਂਦ ਨੇ ਕੀਤੀ।

ਸਮਾਗਮ ਦੀ ਸ਼ੁਰੂਆਤ ਚਮਕੌਰ ਸਿੰਘ ਸੇਖੋਂ ਤੇ ਸਾਥੀਆਂ ਵੱਲੋਂ ਗਾਈਆਂ ਢਾਡੀ ਵਾਰਾਂ ਨਾਲ ਹੋਈ। ਇਸ ਮੌਕੇ ਪ੍ਰਸਿੱਧ ਸ਼ਾਇਰ ਗੁਰਭਜਨ ਗਿੱਲ ਦੀ ਪੁਸਤਕ "ਅੱਖਰ-ਅੱਖਰ" ਲੋਕ ਅਰਪਣ ਕੀਤੀ ਗਈ। ਕੁਲਦੀਪ ਗਿੱਲ ਨੇ ਇਸ ਪੁਸਤਕ ਦੀ ਜਾਣ ਪਛਾਣ ਕਰਵਾਈ। ਪ੍ਰਧਾਨਗੀ ਮੰਡਲ, ਸਭਾ ਦੇ ਮੈਂਬਰਾਂ ਅਤੇ ਮਹਿਮਾਨਾਂ ਨੇ ਗੀਤਕਾਰ ਜਸਬੀਰ ਗੁਣਾਚੌਰੀਆ ਨੂੰ 'ਗੁਰਦੇਵ ਸਿੰਘ ਮਾਨ ਮੈਮੋਰੀਅਲ ਐਵਾਰਡ' ਦੇਣ ਦੀ ਰਸਮ ਅਦਾ ਕੀਤੀ। ਐਸੋਸੀਏਸ਼ਨ ਵੱਲੋਂ ਗੁਰਦੇਵ ਸਿੰਘ ਮਾਨ ਦੇ ਸਪੁੱਤਰ ਰਾਜਵੀਰ ਸਿੰਘ ਮਾਨ ਦਾ ਵੀ ਸਨਮਾਨ ਕੀਤਾ ਗਿਆ।

ਅੰਤ ਵਿਚ ਸੁਰਜੀਤ ਸਿੰਘ ਮਾਧੋਪੁਰੀ ਨੇ ਸਭ ਦਾ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਪ੍ਰਿਤਪਾਲ ਗਿੱਲ ਨੇ ਬਾਖ਼ੂਬੀ ਕੀਤਾ। **- ਹਰਦਮ ਮਾਨ**





Personal Injury and Wrongful Death Attorneys

Case Results*

$10 MILLION Motorcycle vs. Truck Collision

$8 MILLION Wrongful Death


$5.25 MILLION Traumatic Brain Injury

$1.1 MILLION Burn Injury

$1.1 MILLION Pedestrian vs. Motor Vehicle Collision

*Past Performance Not a Guarantee of Future Results

Offices in San Francisco and Union City



WILLIAM E. WEISS Of Counsel

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com

www.thebainsfirm.com

ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA IMMIGRATION SERVICES INC.

Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377


Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।

Homeopathicvibes

Harminder Singh Gill

Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com

We sell and ship homeopathic remedies through out North America.

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਮੈਂ ਪਾਤਰ ਅੱਗੇ ਹੱਥ ਜੋੜ ਕੇ ਸੀਸ ਨਿਵਾਇਆ, "ਮਹਾਂ ਪੁਰਖ਼ੋ! ਧੰਨ ਹੋ!"

## ਸਾਡਾ ਢਾਡੀ ਜਥਾ (ਸੁਰਜੀਤ ਪਾਤਰ, ਦੇਵ ਦਿਲਦਾਰ, ਵਰਿਆਮ ਸਿੰਘ ਸੰਧੂ)

ਲਾਇਲਪੁਰ ਖ਼ਾਲਸਾ ਕਾਲਜ ਵਾਲੇ ਸਮਾਗਮ ਤੋਂ ਬਾਅਦ ਘੱਟੋ ਘੱਟ ਅਸੀਂ ਅੱਧੀ ਦਰਜਨ ਸਮਾਗਮ ਤਾਂ ਜਲੰਧਰ ਵਿਚ ਹੀ ਕੀਤੇ। ਇਕ ਅਡਮਿੰਟਨ (ਕੈਨੇਡਾ) ਵਿਚ ਕੀਤਾ। ਉਸ ਤੋਂ ਬਾਅਦ ਇੱਕ ਜਲੰਧਰ ਵਿਚ ਮੇਰੇ ਘਰ ਵਿਚ ਹੋਇਆ, ਜਿਸ ਵਿਚ ਦੀਦਾਰ ਸਿੰਘ ਪ੍ਰਦੇਸੀ ਵੀ ਸ਼ਾਮਲ ਸੀ।

ਇਨ੍ਹਾਂ ਸਮਾਗਮਾਂ ਵਿਚ ਪਾਤਰ ਦੀ ਬੱਲੇ! ਬੱਲੇ! ਤਾਂ ਹੋਣੀ ਹੀ ਸੀ। ਮੈਨੂੰ ਵੀ ਕਾਫ਼ੀ 'ਪਿਆਰ-ਗੱਫਾ' ਮਿਲਦਾ।

ਮੈਂ ਐਵੇਂ ਸਵਾਲ ਕਰਨ ਵਾਲਾ ਮੇਜ਼ਬਾਨ ਨਹੀਂ ਸਾਂ। ਮੈਂ ਸੁਰਜੀਤ ਪਾਤਰ ਨਹੀਂ ਤਾਂ ਛੋਟਾ-ਮੋਟਾ ਵਰਿਆਮ ਸਿੰਘ ਸੰਧੂ ਤਾਂ ਸਾਂ ਹੀ। ਠੀਕ ਸੀ, ਪ੍ਰੋਗਰਾਮ ਪਾਤਰ ਦਾ ਹੀ ਹੁੰਦਾ ਸੀ, ਉਹਦੀ ਹੀ ਗੱਲ ਹੋਣੀ ਚਾਹੀਦੀ ਸੀ। ਉਹਦੇ 'ਤੇ ਹੀ ਕੇਂਦ੍ਰਿਤ। ਗੱਲ ਤਾਂ ਮੈਂ ਵੀ ਉਹਨੂੰ ਕੇਂਦਰ ਵਿਚ ਰੱਖ ਕੇ ਹੀ ਕਰਦਾ ਸਾਂ, ਪਰ ਮੈਂ ਵੀ ਕਿਸੇ ਨਾ ਕਿਸੇ ਰੂਪ ਵਿਚ 'ਕੇਂਦਰ' ਵਿਚ ਆ ਹੀ ਜਾਂਦਾ ਸਾਂ। ਮੇਰੀ ਆਪਣੀ ਥਾਂ ਵੀ ਸੀ ਕੋਈ। ਮੈਂ ਆਪਣੀ ਥਾਂ ਵੀ ਬਹਾਲ ਰੱਖਣੀ ਚਾਹੁੰਦਾ ਸਾਂ। ਮੈਂ ਪਾਤਰ ਦਾ ਡੁੱਲ੍ਹਿਆ ਹੋਇਆ ਆਸ਼ਕ ਤਾਂ ਸਾਂ ਹੀ, ਤੇ ਮੈਨੂੰ ਇਸਦਾ ਮਾਣ ਸੀ, ਪਰ ਮੈਂ ਪਾਤਰ ਦੀ ਐਵੇਂ ਦੀ ਡੁਗਡੁਗੀ ਵਜਾਉਣ

**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296

ਵਾਲਾ ਵੀ ਨਹੀਂ ਸਾਂ ਲੱਗਣਾ ਚਾਹੁੰਦਾ।

ਕਦੀ ਕਦੀ ਮੈਨੂੰ ਮੋਹਨ ਕਾਹਲੋਂ ਵਾਰ-ਵਾਰ ਯਾਦ ਆਉਂਦਾ। ਉਹ ਕਲਕੱਤਿਉਂ ਆਇਆ ਤਾਂ ਮੇਰੇ ਘਰ ਮਿਲਣ ਆਇਆ। ਮੈਨੂੰ ਕਹਿੰਦਾ, "ਵਰਿਆਮ! ਮੈਂ ਤੇਰੇ ਨਾਲ ਇੱਕ ਗੱਲੋਂ ਬੜਾ ਨਰਾਜ਼ ਆਂ।"

"ਕੀ ਗੁਸਤਾਖ਼ੀ ਹੋ ਗਈ ਭਾ ਜੀ।"

"ਯਾਰ! ਤੂੰ ਜਿਨ੍ਹਾਂ ਨੂੰ ਕੁਰਸੀਆਂ 'ਤੇ ਬਹਾ ਕੇ, ਆਪ ਖਲੋਤਾ ਹੁੰਨੈਂ। ਖਲੋ ਕੇ ਸਵਾਲ ਜਵਾਬ ਕਰਦਾ ਏਂ। ਮੈਨੂੰ ਹਰਗਿਜ਼ ਚੰਗਾ ਨਹੀਂ ਲੱਗਦਾ। ਤੇਰੀ ਥਾਂ ਖਲੋ ਕੇ ਸਵਾਲ ਕਰਨ ਦੀ ਨਹੀਂ ਸਗੋਂ 'ਉਸ' ਕੁਰਸੀ 'ਤੇ ਬਹਿਣ ਦੀ ਹੈ!"

ਉਹ ਦੂਰ-ਦਰਸ਼ਨ 'ਤੇ ਮੇਰੇ ਵੱਲੋਂ ਦਰਸ਼ਕਾਂ ਦੀ ਹਾਜ਼ਰੀ ਵਿਚ ਕੀਤੇ ਜਾਣ ਵਾਲੇ ਉਨ੍ਹਾਂ ਰੂ-ਬ-ਰੂ ਪ੍ਰੋਗਰਾਮਾਂ ਦੀ ਗੱਲ ਕਰ ਰਿਹਾ ਸੀ, ਜਿਨ੍ਹਾਂ ਦੀ ਮੇਜ਼ਬਾਨੀ ਮੈਂ ਆਪਣੇ ਅਜ਼ੀਜ਼ ਲਖਵਿੰਦਰ ਜੌਹਲ ਦੇ ਕਹਿਣ 'ਤੇ ਕਰ ਰਿਹਾ ਸਾਂ। ਇਨ੍ਹਾਂ ਵਿਚ ਸੋਹਣ ਸਿੰਘ ਸੀਤਲ, ਜਸਵੰਤ ਸਿੰਘ ਕੰਵਲ, ਜਗਤਾਰ, ਅਜਮੇਰ ਔਲਖ ਤੇ ਹਰਭਜਨ ਹਲਵਾਰਵੀ ਵਰਗੇ ਨਾਮਵਰ ਲੇਖਕਾਂ ਦੇ ਰੂ-ਬ-ਰੂ ਸ਼ਾਮਲ ਸਨ।

ਪਾਤਰ ਵਾਲੇ ਸਮਾਗਮਾਂ ਵਿਚ ਲੋਕਾਂ ਨੂੰ ਮੇਰੀਆਂ ਗੱਲਾਂ ਵੀ ਪਸੰਦ ਆਉਣੀਆਂ ਹੀ ਸਨ। ਗੱਲਾਂ ਮੈਂ ਕਿਹੜੀਆਂ ਆਪਣੇ ਬਾਰੇ ਕਰਦਾ ਸਾਂ। ਸਾਰੀ ਗੱਲ ਤਾਂ ਪਾਤਰ ਦੀ ਜ਼ਿੰਦਗੀ ਤੇ ਸ਼ਾਇਰੀ ਦੇ ਹਵਾਲਿਆਂ ਨਾਲ ਹੀ ਕਰਦਾ ਸਾਂ। ਡੂੰਘੀ ਚੁੱਭੀ ਮਾਰ ਕੇ ਘਟਨਾਵਾਂ, ਵੇਰਵਿਆਂ, ਕਥਾਵਾਂ ਦੇ ਮੋਤੀ ਕੱਢ ਕੇ ਲਿਆਉਂਦਾ ਤੇ ਪਾਤਰ ਦੀ ਸ਼ਾਇਰੀ ਦੇ ਮੱਥੇ 'ਤੇ ਜੜ ਦਿੰਦਾ। ਇਨ੍ਹਾਂ ਗੱਲਾਂ ਵਿਚ ਰੰਗ ਆਪਣਾ ਘੋਲਦਾ ਸਾਂ। ਚੱਲਦੇ ਪਰਸੰਗ ਵਿਚ ਰੰਗਦਾਰ ਧਾਰੀਆਂ ਪਾਉਂਦਾ ਜਾਂਦਾ। ਲੋਕ ਇਨ੍ਹਾਂ ਰੰਗਾਂ ਵਿਚ ਵੀ ਭਿੱਜਦੇ। ਜਿਵੇਂ ਵੀ ਕਰਦਾ, ਗੱਲ ਤਾਂ ਪਾਤਰ ਦੀ ਸੋਭਾ ਨਾਲ ਜੁੜੀ ਹੁੰਦੀ। ਪਾਤਰ ਦਾ ਖ਼ੁਸ਼ ਹੋਣਾ ਬਣਦਾ ਸੀ।

ਮੈਂ ਸੋਚਣ ਲੱਗਾ। ਮੈਨੂੰ ਇਨ੍ਹਾਂ ਗੱਲਾਂ ਦਾ ਕੀ ਭਾਅ! ਇਨ੍ਹਾਂ ਤਾੜੀਆਂ ਦਾ ਮੈਂ ਕੀ ਕਰਨਾ! ਸਾਰੀ ਬੱਲੇ ਬੱਲੇ ਤਾਂ ਪਾਤਰ ਦੀ ਸੀ। ਯਾਰ ਦੀ ਬੱਲੇ! ਬੱਲੇ! ਕਰਾਉਣ ਵਿਚ ਜੇ ਮੈਂ ਕੁਝ ਸਕਾਰਾਤਮਕ ਹਿੱਸਾ ਪਾ ਰਿਹਾ ਸਾਂ, ਭਲੀ ਗੱਲ ਹੀ ਸੀ, ਪਰ ਮੇਰੇ ਲਈ ਇਸ ਵਿਚੋਂ 'ਕੱਢਣ-ਪਾਉਣ' ਨੂੰ ਕੀ ਸੀ? ਇਸਨੂੰ ਕਿਤੇ ਤਾਂ ਵਿਰਾਮ ਲੱਗਣਾ ਚਾਹੀਦਾ ਹੈ।

ਤੇ ਇੱਕ ਦਿਨ ਮੈਂ ਵਿਰਾਮ ਲਾਉਣ ਦਾ ਐਲਾਨ ਕਰ ਹੀ ਦਿੱਤਾ।

ਪਰ ਕਾਮਯਾਬ ਨਾ ਹੋ ਸਕਿਆ।

ਗੱਲ ਇੰਝ ਹੋਈ...

ਇੱਕ ਦਿਨ ਸੁਰਜੀਤ ਪਾਤਰ ਦਾ ਮੈਨੂੰ ਫ਼ੋਨ ਆਇਆ, "ਜੰਮੂ ਤੋਂ ਖ਼ਾਲਿਦ ਹੁਸੈਨ ਜ਼ਿਦ ਕਰ ਰਿਹਾ ਹੈ ਕਿ ਉਹ ਜੰਮੂ ਵਿਚ ਆਪਣਾ ਪ੍ਰੋਗਰਾਮ ਕਰਵਾਉਣਾ ਚਾਹੁੰਦਾ ਹੈ। ਉਹ ਪ੍ਰੋਗਰਾਮ ਦੀ ਤਰੀਕ ਮਿਥਣੀ ਚਾਹੁੰਦਾ ਹੈ। ਜੇ ਤੂੰ ਆਖੇਂ ਤਾਂ ਮੈਂ ਉਹਨੂੰ 'ਹਾਂ' ਕਰ ਦਿਆਂ!"

"ਛੱਡ ਯਾਰ ਪਾਤਰ! ਬਹੁਤ ਹੋ ਗਈ। ਤੂੰ ਤੇ ਦੇਵ ਦਿਲਦਾਰ ਹੋ ਆਉ। ਮੈਂ ਕਿਹੜਾ ਇਸ ਢਾਡੀ ਜਥੇ ਦਾ ਪੱਕਾ ਮੈਂਬਰ ਹਾਂ।..."

"ਚਲੇ ਚੱਲਦੇ ਆਂ। ਸੰਗਤ ਹੋ ਜਾਊ, ਖ਼ਾਲਿਦ ਦਾ ਉਲ੍ਹਾਮਾਂ ਵੀ ਨਾ ਰਹੂ।"

ਉਹਨੂੰ ਪਤਾ ਸੀ ਖ਼ਾਲਿਦ ਨਾਲ ਮੇਰਾ ਵੀ ਗੂੜ੍ਹਾ ਮੁਹੱਬਤੀ ਰਿਸ਼ਤਾ ਹੈ।

"ਨਹੀਂ ਯਾਰ! ਮਨ ਜਿਹਾ ਨਹੀਂ ਮੰਨਦਾ। ਤੁਸੀਂ ਚਲੇ ਜਾਉ।"

ਪਾਤਰ ਨੇ ਮੱਧਮ ਸੁਰ ਵਿਚ ਕਿਹਾ, "ਜਿਵੇਂ ਤੇਰੀ ਮਰਜ਼ੀ। ਮੈਂ ਖ਼ਾਲਿਦ ਨੂੰ ਦੱਸ ਦਿੰਦਾਂ ਕਿ ਆਇਆ ਨਹੀਂ ਜਾਣਾ।"

ਮੈਂ ਸੋਚਿਆ ਚਲੋ! ਚੰਗਾ ਹੋਇਆ। ਗੱਲ ਮੁੱਕ ਗਈ।

ਪਰ ਗੱਲ ਮੁੱਕੀ ਕਿੱਥੇ ਸੀ। ਅਗਲੇ ਦਿਨ ਖ਼ਾਲਿਦ ਹੁਸੈਨ ਦਾ ਫ਼ੋਨ ਆ ਗਿਆ, "ਵਰਿਆਮ! ਤੂੰ ਮੈਨੂੰ ਨਾਂਹ ਕਿਵੇਂ ਕਰ ਸਕਦੈਂ? ਤੂੰ ਪਾਤਰ ਨਾਲ ਆਵੇਂਗਾ ਤੇ ਹਰ ਹਾਲ ਵਿਚ ਆਵੇਂਗਾ। ਦੂਜੀ ਗੱਲ ਹੀ ਕੋਈ ਨਹੀਂ। ਯਾਰੀ ਨਾ ਹੋਈ ਛੋਲਿਆਂ ਦਾ ਵੱਢ ਹੋ ਗਿਆ!"

ਉਹਨੇ ਤਰੀਕ ਵੀ ਦੱਸ ਦਿੱਤੀ, ਥਾਂ ਵੀ ਦੱਸ ਦਿੱਤਾ ਤੇ ਸਮਾਂ ਵੀ। ਉਹਨੇ ਪਾਤਰ ਨਾਲ ਸਭ ਕੁਝ ਤੈਅ ਕਰ ਲਿਆ ਸੀ ਤੇ ਉਹਨੂੰ ਕਿਹਾ ਸੀ ਕਿ, 'ਵਰਿਆਮ ਜਾਣੇ ਜਾਂ ਮੈਂ ਜਾਣਾ! ਤੁਸੀਂ ਤਿਆਰੀ ਕੱਸੋ।"

ਹੁਣ ਤਾਂ ਮੈਨੂੰ ਵੀ ਤਿਆਰੀ ਕੱਸਣੀ ਪੈਣੀ ਸੀ।

ਜਾਣ ਤੋਂ ਇੱਕ ਦਿਨ ਪਹਿਲਾਂ ਪਾਤਰ ਦਾ ਫ਼ੋਨ ਆਇਆ। ਹੱਸਦਿਆਂ ਹੋਇਆਂ ਕਹਿੰਦਾ, "ਚੰਗਾ ਨਹੀਂ ਸੀ ਕਿ ਮੇਰੇ ਆਖੇ ਹੀ ਲੱਗ ਜਾਂਦਾ! ਹੁਣ ਗੱਲ ਇੰਝ ਐ ਕਿ ਮੈਂ ਤੇ ਦੇਵ ਦਿਲਦਾਰ ਕੱਲ੍ਹ ਤੇਰੇ ਕੋਲ ਪਹੁੰਚ ਜਾਵਾਂਗੇ। ਤੂੰ ਤਿਆਰ ਰਹੀਂ। ਜਲੰਧਰੋਂ ਆਪਾਂ ਜੰਮੂ ਨੂੰ ਚਾਲੇ ਪਾ ਦਿਆਂਗੇ।"

ਅਗਲੇ ਦਿਨ ਮੈਂ ਤਿਆਰ ਹੋ ਕੇ ਬੈਠਾ ਸਾਂ। ਪਾਤਰ ਜਲੰਧਰੋਂ ਤੁਰਨ ਲਈ ਮਿੱਥੇ ਸਮੇਂ ਤੋਂ ਦੋ ਢਾਈ ਘੰਟੇ ਲੇਟ ਸੀ। ਅਜੇ ਅਸੀਂ ਜਲੰਧਰੋਂ ਨਿਕਲ ਕੇ ਪਠਾਨਕੋਟ ਵਾਲੀ ਸੜਕ 'ਤੇ ਪਏ ਹੀ ਸਾਂ ਕਿ ਖ਼ਾਲਿਦ ਹੁਸੈਨ ਦਾ ਪਾਤਰ ਨੂੰ ਫ਼ੋਨ ਆਇਆ, "ਕਿੱਥੇ ਕੁ ਪਹੁੰਚੇ ਓ?"

ਪਾਤਰ ਨੇ ਕੰਨਾਂ ਨੂੰ ਫ਼ੋਨ ਲਾਇਆ ਹੋਇਆ ਸੀ। ਉਂਝ ਹੀ ਮੇਰੇ ਵੱਲ ਧੌਣ ਮੋੜ ਕੇ ਮੁਸਕਰਾਇਆ, "ਖ਼ਾਲਿਦ! ਫ਼ਿਕਰ ਨਾ ਕਰ। ਅਸੀਂ ਟਾਈਮ ਸਿਰ ਆ ਜਾਵਾਂਗੇ।"

ਮੁਸਕਰਾਇਆ ਤਾਂ ਮੈਂ ਵੀ, ਪਰ ਫ਼ਿਕਰਮੰਦੀ ਨਾਲ। ਅਸੀਂ ਮਿੱਥੇ ਸਮੇਂ ਤੋਂ ਦੋ ਘੰਟੇ ਪਛੜ ਕੇ ਚੱਲ ਰਹੇ ਸਾਂ। ਖ਼ਾਲਿਦ ਨੇ ਪ੍ਰੋਗਰਾਮ ਦੇ ਸ਼ੁਰੂ ਕਰਨ ਦਾ ਸਮਾਂ ਛੇ ਵਜੇ ਸ਼ਾਮ ਦਾ ਦੱਸਿਆ ਹੋਇਆ ਸੀ। ਦਸੂਹੇ ਪਹੁੰਚਦਿਆਂ ਚਾਰ ਵੱਜ ਚੱਲੇ ਸਨ। ਮੁਕੇਰੀਆਂ ਪਹੁੰਚੇ ਤਾਂ ਖ਼ਾਲਿਦ ਦਾ ਫ਼ੋਨ ਫਿਰ ਆ ਗਿਆ, "ਯਾਰ! ਮੈਂ ਸ੍ਰੀ ਨਗਰ ਤੋਂ ਦੋ ਵਜ਼ੀਰ ਸੱਦੇ ਹੋਏ ਨੇ। ਪ੍ਰੋਗਰਾਮ ਅਸੀਂ ਖਿੱਚ ਕੇ ਵੱਧ ਤੋਂ ਵੱਧ ਪੰਦਰਾਂ ਵੀਹ ਮਿੰਟ ਤੱਕ ਲੇਟ ਕਰ ਸਕਦੇ ਆਂ। ਪਰ ਤੁਸੀਂ ਟੈਮ ਸਿਰ ਪਹੁੰਚ ਜੋ ਮੇਰੇ ਵੀਰ!"

ਖ਼ਾਲਿਦ ਦਾ ਫ਼ਿਕਰ ਸੱਚਾ ਸੀ। ਪਰ ਅਸੀਂ ਤਾਂ ਕਾਫ਼ੀ ਪਛੜੇ ਹੋਏ ਸਾਂ। ਕਿਵੇਂ ਵੀ ਸਾਢੇ-ਸੱਤ ਜਾਂ ਅੱਠ ਵਜੇ ਤੋਂ ਪਹਿਲਾਂ ਨਹੀਂ ਸਾਂ ਪਹੁੰਚ ਸਕਦੇ। ਮੈਂ ਖ਼ਾਲਿਦ ਦੀ ਥਾਂ ਹੋ ਕੇ ਸੋਚਣ ਲੱਗਾ। ਸੋਚਦਾ ਤਾਂ ਪਾਤਰ ਵੀ ਹੋਵੇਗਾ, ਪਰ ਉਹਦੇ ਚਿਹਰੇ 'ਤੇ ਸਾਵਾਂਪਨ ਸੀ। ਉਹ ਸਹਿਜ ਸੀ।

ਮੈਂ ਫ਼ਿਕਰਮੰਦੀ ਨਾਲ ਕਿਹਾ, "ਯਾਰ ਪਾਤਰ! ਆਪਾਂ ਛੇ ਵਜੇ ਤਾਂ ਕਿਸੇ ਵੀ ਸੂਰਤ ਵਿਚ ਨਹੀਂ ਪਹੁੰਚ ਸਕਦੇ!"

ਪਾਤਰ ਦਾ ਮਿੱਠਾ ਜਿਹਾ ਸਹਿਜ ਹਾਸਾ ਛਣਕਿਆ, "ਚੱਲੇ ਆਂ, ਕਦੀ ਤਾਂ ਪਹੁੰਚਾਂਗੇ ਹੀ।"

ਮੈਂ ਆਪਣੇ ਆਪ 'ਤੇ ਔਖਾ ਹੋਇਆ।

'ਮਨਾ! ਤੂੰ ਕਿਉਂ ਪਰੇਸ਼ਾਨ ਹੁੰਨੈ? ਪ੍ਰੋਗਰਾਮ ਤੇਰਾ ਤਾਂ ਨਹੀਂ, ਪਾਤਰ ਦਾ ਹੈ। ਲੇਟ ਹੋਊ ਤਾਂ ਉਹਨੂੰ ਮਿਹਣਾ। ਮੈਨੂੰ ਕੀ?"

ਤੇ ਅਸੀਂ ਮੁੜ ਜਿਵੇਂ ਗੱਲਾਂ ਬਾਤਾਂ ਕਰ ਰਹੇ ਸਾਂ, ਉਂਝ ਹੀ ਗੱਪ-ਗੋਸ਼ਟਿ ਵਿਚ ਲੱਗ ਗਏ। ਕਾਰ ਆਪਣੀ ਚਾਲੇ ਚੱਲ ਰਹੀ ਸੀ। ਸਾਢੇ ਪੰਜ ਵੱਜ ਗਏ ਸਨ। ਖ਼ਾਲਿਦ ਦਾ ਫ਼ੋਨ ਆਇਆ, "ਕਿੱਥੇ ਕੁ ਪਹੁੰਚੇ ਓ! ਛੇਤੀ ਆ ਜਾਉ। ਵਜ਼ੀਰਾਂ ਦਾ ਸੁਨੇਹਾ ਆਇਆ ਕਿ ਉਹ ਠੀਕ ਛੇ ਵਜੇ ਆ ਜਾਣਗੇ। ਅੱਧੇ ਕੁ ਘੰਟੇ ਵਿਚ ਉਦਘਾਟਨ ਦਾ ਕੰਮ ਨਬੇੜ ਕੇ, ਲੈਕਚਰ ਝਾੜ ਕੇ, ਤੁਹਾਡਾ ਸਨਮਾਨ ਕਰ ਕੇ ਉਹ ਚਲੇ ਜਾਣਗੇ। ਫਿਰ ਸਟੇਜ ਆਪਣੇ ਕੋਲ ਹੋਊ।"

ਅਸੀਂ ਅਜੇ ਪਠਾਨਕੋਟ ਹੀ ਲੰਘੇ ਸਾਂ। ਮੈਂ ਪਾਤਰ ਨਾਲ ਅੱਖਾਂ ਮਿਲਾਈਆਂ। ਅਸੀਂ ਦੋਵੇਂ ਮੁਸਕਰਾ ਪਏ।

ਛੇ ਵੱਜਣ ਵਿਚ ਪੰਦਰਾਂ ਮਿੰਟ ਪਹਿਲਾਂ ਖ਼ਾਲਿਦ ਦਾ ਮੁੜ ਫ਼ੋਨ ਆਇਆ।

"ਬੱਸ ਪਹੁੰਚੇ ਕਿ ਪਹੁੰਚੇ!"

"ਆ ਜੋ ਫ਼ਿਰ!"

ਛੇ ਵੱਜ ਗਏ। ਖ਼ਾਲਿਦ ਦੀ ਚਿੰਤਾ ਵਧ ਗਈ।

"ਬਾਹਰ ਵਜ਼ੀਰ ਆ ਗਏ ਨੇ। ਉਨ੍ਹਾਂ ਨੂੰ ਰਿਸੀਵ ਕਰਦਿਆਂ ਤੱਕ ਆ ਜਾਉ।"

ਖ਼ਾਲਿਦ ਪੰਦਰਾਂ ਕੁ ਮਿੰਟ ਵੀਹ ਵਜ਼ੀਰਾਂ ਦੀ ਪ੍ਰਾਹੁਣਚਾਰੀ ਵਿਚ ਲੱਗਾ ਰਿਹਾ ਹੋਵੇਗਾ।

"ਓ ਯਾਰ! ਤੁਸੀਂ ਕਿੱਥੇ ਓ! ਵਜ਼ੀਰ ਆਏ ਬੈਠੇ ਨੇ। ਕਿੱਥੇ ਕੁ ਓ ਹੁਣ?"







ਸੁਰਜੀਤ ਪਾਤਰ | ਵਰਿਆਮ ਸਿੰਘ ਸੰਧੂ | ਦੇਵ ਦਿਲਦਾਰ

ਪਾਤਰ ਨੇ ਕਾਰ ਦੇ ਸ਼ੀਸ਼ਿਆਂ ਵਿਚੋਂ ਬਾਹਰ ਵੇਖ ਕੇ ਅਨੁਮਾਨ ਲਾਉਣ ਦਾ ਯਤਨ ਕੀਤਾ ਤੇ ਫਿਰ ਉਂਝ ਹੀ ਆਖ ਦਿੱਤਾ, "ਅਸੀਂ ਸਾਂਬਾ ਲੰਘ ਆਏ ਆਂ!"

"ਹੱਦ ਹੋ ਗਈ ਯਾਰ! ਛੇਤੀ ਕਰੋ। ਮੈਂ ਕਿਸੇ ਨਾ ਕਿਸੇ ਤਰੀਕੇ ਉਨ੍ਹਾਂ ਨੂੰ ਅੱਧਾ ਕੁ ਘੰਟਾ ਰੋਕਣ ਦੀ ਕੋਸ਼ਸ਼ ਕਰਦਾਂ। ਉਨ੍ਹਾਂ ਦੀ ਵਾਪਸੀ ਸ੍ਰੀ ਨਗਰ ਦੀ ਫ਼ਲਾਈਟ ਆ। ਉਨ੍ਹਾਂ ਜਾਣਾ ਵੀ ਆਂ।"

ਜਿਵੇਂ ਦਰਿਆ ਵਿਚ ਰੁੜ੍ਹਦਾ ਬੰਦਾ ਤਰਨ ਦੇ ਸਾਰੇ ਯਤਨ ਕਰਨ ਦੇ ਬਾਵਜੂਦ ਆਖ਼ਰਕਾਰ ਆਪਣੇ ਆਪ ਨੂੰ ਲਹਿਰਾਂ ਦੇ ਹਵਾਲੇ ਕਰ ਦਿੰਦਾ ਹੈ, ਅਸੀਂ ਵੀ ਇੰਝ ਹੀ ਕੀਤਾ ਹੋਇਆ ਸੀ। ਅਸੀਂ ਤਾਂ ਤਰਨ ਦਾ ਯਤਨ ਵੀ ਨਹੀਂ ਸਾਂ ਕਰ ਸਕਦੇ।

ਹੁਣ ਤਾਂ ਅਸੀਂ ਖ਼ਾਲਿਦ ਦੀ ਹਾਲਤ ਦਾ ਅਨੁਮਾਨ ਲਾ ਕੇ ਹੱਸ ਰਹੇ ਸਾਂ।

ਕੁਝ ਚਿਰ ਬਾਅਦ ਖਿਝੇ ਹੋਏ ਖ਼ਾਲਿਦ ਦਾ ਫ਼ੋਨ ਆਇਆ, "ਮੇਰੇ ਨਾਲ ਚੰਗੀ ਕਰਾਈ ਤੁਸੀਂ। ਦੋਵੇਂ ਵਜ਼ੀਰ ਚਲੇ ਗਏ ਨੇ। ਭਾਸ਼ਣ ਕਰਨ ਦੀ ਕਾਰਵਾਈ ਪਾ ਗਏ ਨੇ। ਹੁਣ ਤੁਹਾਨੂੰ ਉਡੀਕ ਰਹੇ ਆਂ ਬੁਰੀ ਤਰ੍ਹਾਂ।"

ਪਾਤਰ ਨੇ ਸਹਿਜ ਹੋ ਕੇ ਬਹਿੰਦਿਆਂ ਕਿਹਾ, "ਚਲੋ! ਵਜ਼ੀਰਾਂ ਦਾ ਭਾਰ ਲੱਥਾ! ਹੁਣ ਤੂੰ ਬੇਫ਼ਿਕਰ ਹੋ ਕੇ ਸਾਨੂੰ ਉਡੀਕ।"

ਪਾਤਰ ਮੇਰੇ ਵੱਲ ਕਨੱਖੀਂ ਵੇਖ ਕੇ ਮੁਸਕਰਾਇਆ।

'ਕੋਈ ਨਹੀਂ ਗਾਲ੍ਹਾਂ ਜਿੰਨੀਆਂ ਮਰਜ਼ੀ ਕੱਢ ਲਈਂ। ਇੱਕ ਵਾਰ ਪਹੁੰਚ ਲੈਣ ਦੇ।"

ਰਾਹ ਵਿਚ ਢਾਬਾ ਵੇਖ ਕੇ ਪਾਤਰ ਕਹਿੰਦਾ, "ਵਰਿਆਮ! ਭੁੱਖ ਲੱਗ ਗਈ ਆ ਯਾਰਾ! ਰੋਟੀ ਨਾ ਖਾ ਲਈਏ?"

ਮੇਰਾ ਜਵਾਬ ਉਡੀਕਣ ਤੋਂ ਪਹਿਲਾਂ ਉਹਨੇ ਡਰਾਈਵਰ ਨੂੰ ਕਾਰ ਰੋਕਣ ਲਈ ਆਖ ਦਿੱਤਾ।

ਦੇਵ ਦਿਲਦਾਰ ਨੇ ਡਰਦਿਆਂ ਝਿਜਕਦਿਆਂ ਕਿਹਾ, "ਗੁਰੂ ਜੀ! ਇੰਝ ਤਾਂ ਹੋਰ ਲੇਟ ਹੋ ਜਾਵਾਂਗੇ।"

ਕਾਰ ਤੋਂ ਉੱਤਰਦਿਆਂ ਪਾਤਰ ਨੇ ਹੱਸ ਕੇ ਕਿਹਾ, "ਢਿੱਡੋਂ ਭੁਖਿਆਂ ਤੋਂ ਭਗਤੀ ਨਹੀਂ ਹੁੰਦੀ। ਤੈਥੋਂ ਭੁਖਿਆਂ ਤੋਂ ਗਾਇਨ ਕਿਵੇਂ ਹੋ ਜੂ?"

ਅਸੀਂ ਆਰਾਮ ਨਾਲ ਰੋਟੀ ਖਾਧੀ।

ਖ਼ਾਲਿਦ ਦਾ ਫੋਨ, "ਲੋਕਾਂ ਨੂੰ ਰੋਕੀ ਰੱਖਣ ਲਈ ਮੈਂ ਕਵੀ ਦਰਬਾਰ ਸ਼ੁਰੂ ਕਰ ਦਿੱਤਾ ਏ!"

ਫਿਰ ਫ਼ੋਨ ਆਇਆ, "ਕਵੀ ਇੱਕ ਵਾਰ ਮੁੱਕ ਗਏ ਨੇ। ਹੁਣ ਦੂਜੀ ਸ਼ਿਫ਼ਟ ਚਾਲੂ ਕਰ ਦਿੱਤੀ ਐ।"

ਅਗਲਾ ਫ਼ੋਨ, "ਕਵੀ ਦੂਜੀ ਵਾਰੀ ਲਾ ਚੁੱਕੇ ਨੇ। ਹੁਣ ਮੈਂ ਲਤੀਫ਼ੇ ਸੁਣਾ ਕੇ ਬੰਦਿਆਂ ਨੂੰ ਰੋਕਣ ਦੀ ਕੋਸ਼ਿਸ਼ ਕਰਦਾਂ।"

ਅਸੀਂ ਖ਼ਾਲਿਦ ਦੀ ਹਾਲਤ 'ਤੇ ਤਰਸ ਕਰਨ ਦੀ ਥਾਂ ਹੱਸ ਰਹੇ ਸਾਂ।

"ਬੱਸ! ਤਕੜਾ ਹੋ ਕੇ ਬੰਦੇ ਰੋਕੀ ਰੱਖ। ਜਾਣ ਨਾ ਦੇਈਂ। ਅਸੀਂ ਆਏ ਲੈ।"

ਮੁਕਦੀ ਗੱਲ ਜਦੋਂ ਅਸੀਂ ਨਿਸਚਿਤ ਮੁਕਾਮ 'ਤੇ ਪਹੁੰਚੇ, ਮੇਲਾ ਉੱਜੜ ਚੁੱਕਾ ਸੀ। ਲੋਕ ਘਰੋ ਘਰੀ ਜਾ ਚੁੱਕੇ ਸਨ। ਖ਼ਾਲਿਦ ਸਮਾਗਮ-ਹਾਲ ਦੇ ਬਾਹਰ ਪੰਜ ਸੱਤ ਜਣਿਆਂ ਵਿਚ ਖਲੋਤਾ ਸਾਨੂੰ ਉਡੀਕ ਰਿਹਾ ਸੀ।

ਅਸੀਂ ਪਹੁੰਚੇ ਤਾਂ ਉਹ ਹੱਸ ਕੇ ਜੱਫ਼ੀਆਂ ਪਾ ਕੇ ਮਿਲਿਆ, "ਇਹ ਵੀ ਚੱਲੇ ਸਨ। ਮੈਂ ਤਰਲਾ ਮਾਰਿਆ, ਯਾਰੋ! ਮੈਨੂੰ 'ਕੱਲ੍ਹਿਆਂ ਤਾਂ ਨਾ ਛੱਡ ਕੇ ਜਾਉ।"

ਉਹ ਵੀ ਸ਼ਰਮਿੰਦਿਆਂ ਦੇ ਤਾਣ ਹੱਸੀ ਜਾਵੇ, ਅਸੀਂ ਵੀ ਹੱਸੀ ਜਾਈਏ।

ਉਹ ਸਾਥੀਆਂ ਸਮੇਤ ਸਾਨੂੰ ਅੰਦਰ ਨੂੰ ਲੈ ਤੁਰਿਆ। "ਤੁਸੀਂ ਚਾਹ ਪਾਣੀ ਪੀਉ, ਮੈਂ ਫ਼ੋਨ ਕਰਦਾਂ ਬੰਦਿਆਂ ਨੂੰ।"

ਲਉ ਜੀ! ਇਹ ਖ਼ਾਲਿਦ ਹੁਸੈਨ ਦੀ ਲੋਕਾਂ ਨਾਲ ਯਾਰੀ ਦਾ ਕਮਾਲ ਸੀ ਜਾਂ ਪਾਤਰ ਦੀ ਸ਼ਾਇਰੀ ਨੂੰ ਸੁਣਨ ਦੀ ਤਾਂਘ ਸੀ। ਘੰਟੇ ਕੁ ਤੱਕ ਸਾਰਾ ਹਾਲ ਮੁੜ ਭਰ ਗਿਆ। ਹੁਣ ਨਾ ਕਿਸੇ ਵਜ਼ੀਰ ਦੇ ਛੇਤੀ ਜਾਣ ਦੀ ਚਿੰਤਾ ਸੀ, ਨਾ ਸਰੋਤਿਆਂ ਦੇ ਭੱਜ ਜਾਣ ਦਾ ਡਰ। ਹੁਣ ਤਾਂ ਸਰੋਤਿਆਂ ਨੇ ਆਪ ਪੰਜਾਲੀ ਵਿਚ ਸਿਰ ਆਣ ਦਿੱਤਾ ਸੀ। ਹੁਣ ਅਸੀਂ ਸਾਂ ਜਾਂ ਸਰੋਤੇ। ਪਹਿਲੇ ਸਮਾਗਮਾਂ ਵਾਂਗ ਤਾੜੀਆਂ ਦੀ ਗੜਗੜਾਹਟ! ਸ਼ਾਇਰੀ ਦੀ ਛਹਿਬਰ! ਸੁਰ ਤੇ ਸਾਜ਼ ਦਾ ਜਾਦੂ। ਟਿਕੀ ਹੋਈ ਰਾਤ!

ਅੱਧੀ ਰਾਤ ਨੂੰ ਸਮਾਗਮ ਮੁੱਕਿਆ। ਖ਼ਾਲਿਦ ਦੀ ਸਾਰੀ ਨਮੋਸ਼ੀ ਧੋਤੀ ਗਈ ਸੀ। ਉਹ ਸਾਨੂੰ ਵਾਰੀ ਵਾਰੀ ਜੱਫ਼ੀਆਂ ਪਾਵੇ।

ਮੇਰੇ ਉੱਤੇ ਸਾਰੇ ਸਫ਼ਰ ਦੌਰਾਨ ਪਾਤਰ ਦੇ ਸਹਿਜ ਅਤੇ ਸ਼ਾਂਤ ਰਹਿਣ ਦਾ ਰਹੱਸ ਪੂਰੀ ਤਰ੍ਹਾਂ ਉਜਾਗਰ ਹੋ ਚੁੱਕਾ ਸੀ।

ਉਹਦੀ ਇਸ ਸਹਿਜਤਾ ਨੂੰ ਸਲਾਮ ਕਰਦਿਆਂ ਮੈਂ ਪਾਤਰ ਅੱਗੇ ਹੱਥ ਜੋੜ ਕੇ ਸੀਸ ਨਿਵਾਇਆ, "ਮਹਾਂ ਪੁਰਖ਼ੋ! ਧੰਨ ਹੋ!"

ਪਾਤਰ ਨੇ ਮੁਸਕਰਾਉਂਦਿਆਂ ਮੇਰੇ ਹੱਥ ਘੁੱਟ ਲਏ।

### ਪੰਜਾਬ ਦਾ ਗੀਤ

ਟੀਚਰਾਂ ਦੀ ਕੁੱਟ ਤੇ ਹਿਸਾਬ ਚੇਤੇ ਆਉਂਦਾ ਏ
ਮੈਨੂੰ ਮੇਰਾ ਪਿੰਡ ਤੇ ਪੰਜਾਬ ਚੇਤੇ ਆਉਂਦਾ ਏ।

ਹਾਲੇ ਤੱਕ ਯਾਦ ਮੈਨੂੰ ਪੀਪੇ ਦੀਆਂ ਕੁੱਕੀਆਂ
ਨਾਨਕੇ ਦਾ ਪਿੰਡ ਤੇ ਸਕੂਲੋਂ ਹੋਈਆਂ ਛੁੱਟੀਆਂ
ਮੱਕੀ ਦੀਆਂ ਰੋਟੀਆਂ ਤੇ ਸਾਗ ਚੇਤੇ ਆਉਂਦਾ ਏ
ਦੂਰ ਰਹਿ ਕੇ ਦੂੱਗਣਾ, ਪੰਜਾਬ ਚੇਤੇ ਆਉਂਦਾ ਏ।

ਕੱਠੇ ਹੋ ਕੇ ਸਾਰਿਆਂ ਨੇ ਵੀਸੀਆਰ ਦੇਖਣਾ
ਪਿੰਡ ਵਿਚ ਬਾਰਾਂ ਟਾਹਣੀ, ਅੱਡੀ ਟੱਪਾ ਖੇਡਣਾ
ਦਾਣੇ ਦੇ ਕੇ ਕੋਕ ਪੀਣਾ, ਪਿੰਡ ਵਾਲੀ ਹੱਟੀ ਤੋਂ
ਭੁੰਨ ਭੁੰਨ ਖਾਣੇ ਦਾਣੇ, ਤਾਰੋ ਵਾਲੀ ਭੱਠੀ ਤੋਂ

ਬੋਹੜ ਥੱਲੇ ਬੈਠ ਫਿਰ, ਤਾਸ਼ਾਂ ਕੁੱਟੀ ਜਾਣੀਆਂ
ਫਿਕਰ ਨਾ ਫਾਕਾ ਬੱਸ, ਮੌਜਾਂ ਲੁੱਟੀ ਜਾਣੀਆਂ
ਸੱਟ ਲੱਗ ਜਾਣੀ ਤਾਂ ਕੁਆਰ, ਬੰਨ੍ਹ ਲੈਂਦੇ ਸੀ
ਦੇਸੀ ਤੇਲ ਲਾ ਕੇ ਜੀ, ਵਸਾਰ ਬੰਨ੍ਹ ਲੈਂਦੇ ਸੀ

ਦੇਸੀਆਂ ਦਾ ਸਿੱਧੜਾ ਇਲਾਜ ਚੇਤੇ ਆਉਂਦਾ ਏ
ਮੈਨੂੰ ਮੇਰਾ ਪਿੰਡ ਤੇ ਪੰਜਾਬ ਚੇਤੇ ਆਉਂਦਾ ਏ।

ਹੱਥ ਛੱਡ ਬੁਲਟ ਚਲਾਉਂਦੇ ਹੁੰਦੇ ਸੀ
ਫੋਰਡ ਉੱਤੇ ਗੇੜੀ ਛੇੜੀ ਲਾਉਂਦੇ ਹੁੰਦੇ ਸੀ
ਲੰਡਾ ਜਿਹਾ ਵੈਸਪਾ, ਬਜਾਜ ਚੇਤੇ ਆਉਂਦਾ ਏ
ਮੈਨੂੰ ਮੇਰਾ ਪਿੰਡ ਤੇ ਪੰਜਾਬ ਚੇਤੇ ਆਉਂਦਾ ਏ।

ਨੀਲੇ ਨੈਣਾਂ ਵਾਲੀ ਦਾ ਉਹ ਚਿਹਰਾ ਨਹੀਓਂ ਭੁੱਲਦਾ
ਓਹਦੇ ਪਿੰਡ ਲਾਇਆ ਹੋਇਆ ਗੇੜਾ ਨਹੀਓਂ ਭੁੱਲਦਾ
ਜੁਦਾ ਹੋਣ ਲੱਗੀ ਦਾ ਵੈਰਾਗ ਚੇਤੇ ਆਉਂਦਾ ਏ
ਮੈਨੂੰ ਮੇਰਾ ਪਿੰਡ ਤੇ ਪੰਜਾਬ ਚੇਤੇ ਆਉਂਦਾ ਏ।

ਸਾਹੋਤੇਆ ਉਹ ਮਾਂ ਦਿਆਂ ਹੱਥਾਂ ਦੀਆਂ ਰੋਟੀਆਂ
ਭੈਣ ਵਾਲੀ ਰੱਖੜੀ ਤੇ ਬਾਪੂ ਦੀਆਂ ਸੋਟੀਆਂ
ਛੋਟਾ ਵੀਰਾ ਹੋਇਆ ਵੀ ਨਰਾਜ਼ ਚੇਤੇ ਆਉਂਦਾ ਏ
ਮੈਨੂੰ ਮੇਰਾ ਪਿੰਡ ਤੇ ਪੰਜਾਬ ਚੇਤੇ ਆਉਂਦਾ ਏ।

*-ਕੁਲਵੀਰ ਸਿੰਘ ਡਾਨਸੀਵਾਲ*

# ਸੋਚ ਤਰੰਗਾਂ ਛੇੜਦੀ ਪੁਸਤਕ ਅਜੋਕੇ ਸੰਸਾਰ ਦੀ ਸਿਰਜਣਾ

***ਪੁਸਤਕ 'ਅਜੋਕੇ ਸੰਸਾਰ ਦੀ ਸਿਰਜਣਾ' ਦੇ ਲੇਖਕ ਨੂੰ ਗਿਲਾ ਹੈ ਕਿ ਪੰਜਾਬੀ ਦੇ ਲੇਖਕ ਅਤੇ ਆਲੋਚਕ ਅੰਨ੍ਹੀ ਗ.ਲੀ ਵਿਚ ਫਸੇ ਹੋਏ ਹਨ ਜੋ ਵਿਦੇਸ਼ੀ ਸਾਹਿਤ ਅਤੇ ਸਾਹਿਤ ਆਲੋਚਨਾ ਦੇ ਸਿਧਾਂਤਾਂ ਦੇ ਨੇੜਿਓਂ ਵੀ ਨਹੀਂ ਲੰਘਦੇ। ਲੇਖਕ ਸਿਰ.ਫ ਲਿਖਦੇ ਹਨ ਤੇ ਆਲੋਚਕ ਕੇਵਲ ਸਿਧਾਂਤਾਂ ਤੋਂ ਵਿਰਵੇ ਪੜਚੋਲੀਏ ਹਨ। ਇਨ੍ਹਾਂ ਦੋਹਾਂ ਨੂੰ ਅਤੇ ਵੱਖੋ ਵੱਖਰੇ ਖੇਤਰਾਂ ਵਿਚ ਵਿਚਰਦੇ ਹੋਰ ਬੁੱਧੀਜੀਵੀਆਂ, ਵਿਗਿਆਨੀਆਂ, ਸਮਾਜ ਚਿੰਤਕਾਂ ਨੂੰ ਕਾਰਪੋਰੇਟੀ ਸਿਸਟਮ ਦੁਆਰਾ ਗ੍ਰਸੇ ਜਾ ਰਹੇ ਅਜੋਕੇ ਸਿਸਟਮ ਨੂੰ ਸਮਝਣ ਲਈ ਉਸ ਅੰਨ੍ਹੀ ਗ.ਲੀ ਵਿਚੋਂ ਬਾਹਰ ਆਉਣ ਦੀ ਪ੍ਰੇਰਨਾ ਇਹ ਦੁਰਲੱਭ ਪੁਸਤਕ ਜ਼ਰੂਰ ਦਿੰਦੀ ਹੈ।***

ਕਲਾ ਪਰਿਕਰਮਾ

ਅਜੋਕਾ ਸੰਸਾਰ ਜਾਗੀਰਦਾਰੀ ਸਿਸਟਮ ਤੋਂ ਕਾਰਪੋਰੇਟੀ ਦੈਂਤ ਦੀ ਜਕੜ ਵਿਚ ਕਿਵੇਂ ਆਇਆ? ਇਸ ਪ੍ਰਸ਼ਨ ਨੂੰ ਮੁੱਢ ਤੋਂ ਸਮਝਣ ਦਾ ਸਾਰਥਕ ਤੇ ਵਿਲੱਖਣ ਯਤਨ ਹੈ ਡਾਕਟਰ ਜਸਪਾਲ ਸਿੰਘ ਦੀ ਪੁਸਤਕ 'ਅਜੋਕੇ ਸੰਸਾਰ ਦੀ ਸਿਰਜਣਾ: ਚਿੰਤਕ ਤੇ ਚਿੰਤਨ ਧਾਰਾ'। ਆਧੁਨਿਕ ਚਿੰਤਨ ਨਾਲ ਸੰਬੰਧਿਤ ਇਸ ਪੁਸਤਕ ਵਿਚ ਸੀਮੀਓਟਿਕਸ ਜਾਂ ਚਿੰਨ੍ਹ ਤੇ ਚਿਹਨ ਵਿਗਿਆਨ ਵੀ ਸ਼ਾਮਲ ਹੈ।

ਲੇਖਕ ਅਤੇ ਅੰਗਰੇਜ਼ੀ ਸਾਹਿਤ ਆਲੋਚਨਾ ਨੂੰ ਪ੍ਰਣਾਏ ਡਾਕਟਰ ਜਸਪਾਲ ਸਿੰਘ ਅਨੁਸਾਰ, "ਅਜੋਕਾ ਸੰਸਾਰ ਪੰਦਰਵੀਂ ਤੇ ਸੋਲ੍ਹਵੀਂ ਸਦੀ ਦੇ ਯੂਰਪ ਵਿਚ ਜੋ ਤਬਦੀਲੀਆਂ ਆਈਆਂ, ਉਹ ਸਿੱਧੇ ਜਾਂ ਅਸਿੱਧੇ ਰੂਪ ਵਿਚ



**ਅਵਤਾਰ ਸਿੰਘ ਬਿਲਿੰਗ**
**ਫੋਨ: +91-82849-09596**

ਉਨ੍ਹਾਂ ਤਬਦੀਲੀਆਂ ਦਾ ਨਤੀਜਾ ਹੈ। ਅੱਜ ਦੇ ਸੰਸਾਰ ਦੇ ਸਾਰੇ ਦੇਸਾਂ ਵਿਚ ਜਿੰਨੀਆਂ ਵੀ ਸਮਾਜਿਕ ਆਰਥਿਕ ਤੇ ਸਿਆਸੀ ਸੰਸਥਾਵਾਂ ਹਨ, ਉਨ੍ਹਾਂ ਸਾਰੀਆਂ ਉੱਤੇ ਯੂਰਪੀ ਪ੍ਰਭਾਵ ਪ੍ਰਤੱਖ ਰੂਪ ਵਿਚ ਵੇਖਿਆ ਜਾ ਸਕਦਾ ਹੈ। ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਦੀ ਯੂਰਪ ਤੋਂ ਉੱਠੀ ਪ੍ਰਸਾਰਵਾਦੀ ਲਹਿਰ ਨੇ ਸਾਰੇ ਸੰਸਾਰ ਨੂੰ ਬਸਤੀਵਾਦੀ ਜਕੜ ਵਿਚ ਲੈ ਲਿਆ ਜਿਸ ਕਾਰਨ ਅਜੋਕਾ ਸਿਸਟਮ ਹੋਂਦ ਵਿਚ ਆਇਆ। ਸਪਸ਼ਟ ਸ਼ਬਦਾਂ ਵਿਚ ਅੱਜ ਦਾ ਇਲੈਕਸ਼ਨ, ਪਾਰਲੀਮੈਂਟ, ਅਫਸਰਸ਼ਾਹੀ, ਨਿਆਂ ਪ੍ਰਣਾਲੀ, ਸਿੱਖਿਆ, ਸਾਇੰਸ ਤਕਨਾਲੋਜੀ, ਸਿਹਤ ਪ੍ਰਣਾਲੀ, ਵਪਾਰ, ਰਾਸ਼ਟਰਵਾਦ, ਪਹਿਰਾਵਾ ਫੈਸ਼ਨ ਤੇ ਖਾਧ ਖੁਰਾਕ, ਸਮੁੱਚਾ ਸੰਚਾਰ ਤੇ ਆਵਾਜਾਈ ਸਿਸਟਮ, ਸ਼ਹਿਰੀਕਰਨ ਤੇ ਸਨਅਤੀਕਰਨ, ਖੇਤੀ ਅਤੇ ਆਧੁਨਿਕ ਬਣਾਉਟੀ ਲਿਆਕਤ ਜਾਂ ਆਰਟੀਫਿਸ਼ੀਅਲ ਇੰਟੈਲੀਜੈਂਸ ਤੱਕ ਕੋਈ ਵੀ ਖੇਤਰ ਯੂਰਪੀ ਪ੍ਰਭਾਵ ਤੋਂ ਅਭਿੱਜ ਨਹੀਂ।"

ਇਹ ਪੁਸਤਕ ਕਿੰਨੇ ਹੀ ਪ੍ਰਸ਼ਨ ਸਮਾਜ ਵਿਗਿਆਨੀਆਂ ਤੇ ਚਿੰਤਕਾਂ ਅੱਗੇ ਖੜ੍ਹੇ ਕਰਦੀ ਤੇ ਉਨ੍ਹਾਂ ਦੇ ਜਵਾਬ ਦਿੰਦੀ ਹੈ। ਮਿਸਾਲ ਵਜੋਂ: ਭਿੰਨ-ਭਿੰਨ ਸਿਆਸੀ ਤੇ ਸਮਾਜਿਕ ਪ੍ਰਬੰਧਾਂ ਦੇ ਸਨਮੁੱਖ ਲੇਖਕਾਂ, ਬੁੱਧੀਜੀਵੀਆਂ, ਫਿਲਾਸਫ਼ਰਾਂ, ਅਰਥ ਸ਼ਾਸਤਰੀਆਂ, ਵਿਗਿਆਨੀਆਂ, ਕਾਨੂੰਨਘਾੜਿਆਂ, ਕਲਾਕਾਰਾਂ ਦਾ ਨਜ਼ਰੀਆ ਕਿਹੋ ਜਿਹਾ ਹੋਵੇ? ਡਾਕਟਰ ਜਸਪਾਲ ਸਿੰਘ ਅਨੁਸਾਰ, ਇਹ ਸਾਰੇ ਮਾਨਵ ਜਾਤੀ ਦੇ ਗੌਰਵ ਤੇ ਕੁਦਰਤ ਪ੍ਰਤੀ ਬ੍ਰਹਿਮੰਡੀ, ਉਦਾਰਵਾਦੀ, ਜਮਹੂਰੀ ਤੇ ਮਾਨਵਵਾਦੀ ਦ੍ਰਿਸ਼ਟੀ ਅਪਣਾ ਕੇ ਰੱਖਣ ਤੇ ਉਸ ਉੱਤੇ ਆਪਣੀ ਜ਼ਮੀਰ ਨਾਲ ਪਹਿਰਾ ਦੇਣ। ਇਨ੍ਹਾਂ ਸਾਰਿਆਂ ਦੀ ਪਹਿਲੀ ਨੈਤਿਕ ਪ੍ਰਤੀਬੱਧਤਾ ਜੀਵਨ, ਕੁਦਰਤ ਤੇ ਵਾਤਾਵਰਨ ਪ੍ਰਤੀ ਹੈ। ਮਾਨਵ ਜਾਤੀ ਦੀ ਸਭਿਆਚਾਰਕ ਵਿਰਾਸਤ ਦੀ ਸੰਭਾਲ, ਜਮਹੂਰੀਅਤ, ਸਮਾਜਿਕ ਨਿਆਂ, ਵਿਸ਼ਵ ਸਾਹਿਤ ਤੇ ਇਤਿਹਾਸ, ਵਿਸ਼ਵ ਸ਼ਾਂਤੀ, ਅਵਾਮ 'ਚ ਆਪਸੀ ਭਾਈਚਾਰਕ ਸਹਿਹੋਂਦ, ਨਸਲਾਂ, ਧਰਮਾਂ, ਵਰਗਾਂ, ਜਾਤੀਆਂ 'ਚ ਬਰਾਬਰੀ ਅਤੇ ਸਮੇਂ ਦੇ ਨੈਤਿਕ ਅਸੂਲਾਂ ਤੇ ਸਭਿਅਕ ਕਦਰਾਂ ਕੀਮਤਾਂ ਅਤੇ ਮਾਨਵ ਜਾਤੀ ਦੇ ਉੱਜਲ ਭਵਿੱਖ ਪ੍ਰਤੀ ਵੀ ਲੇਖਕਾਂ ਆਲੋਚਕਾਂ ਤੇ ਬੁੱਧੀਜੀਵੀਆਂ





*ਡਾ. ਜਸਪਾਲ ਸਿੰਘ ਦੀ ਪੁਸਤਕ 'ਅਜੋਕੇ ਸੰਸਾਰ ਦੀ ਸਿਰਜਣਾ: ਚਿੰਤਕ ਤੇ ਚਿੰਤਨ ਧਾਰਾ' ਦਾ ਮੁਖੜਾ।*

ਦੀ ਪੂਰੀ ਜ਼ਿੰਮੇਵਾਰੀ ਬਣਦੀ ਹੈ।

ਲੇਖਕ ਆਪਣੀ ਉਪਜੀਵਕਾ ਕਿਵੇਂ ਕਮਾਉਂਦਾ ਹੈ? ਬੁੱਧੀਜੀਵੀਆਂ ਦੇ ਬੌਧਿਕ ਉਤਪਾਦ ਦੀ ਸਮਾਜ ਕਿਵੇਂ ਵਰਤੋਂ ਕਰਦਾ ਹੈ? ਆਦਿ ਅਨੇਕ ਪ੍ਰਸ਼ਨਾਂ ਦਾ ਨਿਵਾਰਨ ਵੀ ਇਸ ਪੁਸਤਕ ਵਿਚ ਕੀਤਾ ਮਿਲਦਾ ਹੈ। ਚਿੰਨ੍ਹਾਂ, ਚਿਹਨਾਂ ਦੇ ਵਚਿੱਤਰ ਸੰਸਾਰ ਬਾਰੇ ਚਿਹਨ ਵਿਗਿਆਨ ਤੇ ਇਸ ਦੇ ਮਹੱਤਵ ਨੂੰ ਸਰਲ ਢੰਗ ਨਾਲ ਵਿਸਤਾਰ ਸਹਿਤ ਸਮਝਾਇਆ ਗਿਆ ਹੈ। ਇਸ ਵਿਸ਼ੇ ਉੱਤੇ ਡਾਕਟਰ ਜਸਪਾਲ ਸਿੰਘ ਦਾ ਵਿਸ਼ੇਸ਼ ਅਧਿਐਨ ਤੇ ਮੁਹਾਰਤ ਹੈ।

'ਕਾਰਲ ਮਾਰਕਸ: ਵਿਰਸਾ ਤੇ ਬੌਧਿਕ ਸਫ਼ਰ' ਨਾਂ ਦਾ ਅਧਿਆਇ ਮਾਰਕਸਵਾਦ ਦੇ ਚਿੰਤਕਾਂ ਦੇ ਫਲਸਫ਼ੇ ਤੇ ਇਸ ਦੇ ਮਹੱਤਵ ਨੂੰ ਬੜੇ ਵਿਸਤਾਰ ਵਿਚ ਪੇਸ਼ ਕਰਦਾ ਹੈ। "ਇਹ ਸਾਧਾਰਨ ਜਿਹੀ ਹਕੀਕਤ ਕਿ ਮਨੁੱਖ ਜਾਤੀ ਨੂੰ ਰਾਜਨੀਤੀ, ਸਾਇੰਸ, ਕਲਾ ਤੇ ਧਰਮ ਆਦਿ ਤੋਂ ਪਹਿਲਾਂ ਰੋਟੀ, ਕੱਪੜਾ ਤੇ ਮਕਾਨ ਚਾਹੀਦਾ ਹੈ, ਹੁਣ ਤੱਕ ਵਿਚਾਰਧਾਰਾ ਦੇ ਪਰਦੇ ਪਿੱਛੇ ਛੁਪੀ ਰਹੀ।" ਇਸ ਸਬੰਧੀ ਐਡਮ ਸਮਿੱਥ, ਰਿਕਾਰਡੋ, ਸੰਰਚਨਾਵਾਦ ਦੇ ਪਿਤਾਮਾ ਕਲੋਦ ਲੇਵੀ-ਸਤਰੋਸ ਦਾ ਸੰਰਚਨਾਵਾਦ ਤੇ ਯਾਂ ਪਾਲ ਸਾਰਤਰ ਦਾ 'ਵਿਰੋਧ ਤੇ ਵਿਕਾਸ' ਸਿਧਾਂਤ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਸਾਰਤਰ ਵੱਲੋਂ ਪ੍ਰਗਟਾਏ ਕੁਝ ਵਿਚਾਰ ਇੱਥੇ ਸੰਖੇਪ ਵਿਚ ਹਾਜ਼ਰ ਹਨ:

ਹੇਗਲੀ ਮਾਰਕਸਵਾਦੀ ਸਾਰਤਰ ਅਨੁਸਾਰ, ਵਿਰੋਧ-ਵਿਕਾਸ (ਡਾਇਆਲੈਕਟਿਕਸ) ਦਾ ਅਮਲ ਕੇਵਲ ਇਤਿਹਾਸਕ ਸਮਾਜਾਂ ਤੇ ਸਭਿਅਤਾਵਾਂ ਉੱਤੇ ਹੀ ਲਾਗੂ ਹੁੰਦਾ ਹੈ। ਪੁਰਾਤਨ ਜਨ ਸਮੂਹਾਂ ਜਾਂ ਕਬੀਲਿਆਂ ਵਿਚ ਭਾਵੇਂ ਚੀਜ਼ਾਂ ਵਸਤਾਂ, ਸਬੰਧਾਂ, ਸੰਰਚਨਾਵਾਂ ਵਿਚ ਵਿਰੋਧਤਾਵਾਂ ਤੇ ਦਵੰਦਾਤਮਕ ਵਖਰੇਵੇਂ ਜ਼ਰੂਰ ਹੁੰਦੇ ਹਨ ਪਰ ਅਜਿਹਾ ਆਪਸੀ ਟਕਰਾਓ ਕਿਸੇ ਨਵੀਂ ਸੰਰਚਨਾ ਨੂੰ ਜਨਮ ਨਹੀਂ ਦਿੰਦਾ ਕਿਉਂਕਿ ਅਜਿਹੀਆਂ ਵਿਰੋਧਤਾਈਆਂ ਉੱਥੇ ਹੀ ਨਿਪਟਾਈਆਂ ਜਾਂਦੀਆਂ ਹਨ। ... ਕਿਸੇ ਸਮਾਜ ਦੁਆਰਾ ਪੈਦਾ ਕੀਤਾ ਫਾਲਤੂ ਉਤਪਾਦਨ ਜਾਂ ਸਰਪਲਸ ਉਸ ਸਮਾਜ ਦੇ ਵਿਕਾਸ ਤੇ ਇਤਿਹਾਸਕ ਪ੍ਰਕਿਰਿਆ ਦਾ ਮੂਲ ਹੈ। ਇਸ ਵਾਧੂ ਉਤਪਾਦਨ ਨੂੰ ਕੌਣ ਹੜੱਪਦਾ ਹੈ? ਇਹੀ ਅਸਲ ਕਾਰਨ ਹੈ ਜਿਸ ਨਾਲ ਸਮਾਜ ਵਿਚ ਜਮਾਤੀ ਸੰਘਰਸ਼ ਸ਼ੁਰੂ ਹੁੰਦਾ ਹੈ। ਪੁਰਾਤਨ ਸਮਾਜਾਂ ਵਿਚ ਸਰਪਲਸ ਉਤਪਾਦਨ ਪੈਦਾ ਹੀ ਨਹੀਂ ਹੁੰਦਾ ਸੀ ਜਾਂ ਉਨ੍ਹਾਂ ਦੇ ਸਾਰੇ ਮੈਂਬਰਾਂ ਵਿਚਕਾਰ ਸੁਲ੍ਹਾ-ਸਫ਼ਾਈ ਨਾਲ ਵੰਡ ਲਿਆ ਜਾਂਦਾ ਸੀ। ... ਆਪਣੇ ਗੁਜ਼ਾਰੇ ਤੋਂ ਵੱਧ ਸਾਧਨ ਪੈਦਾ ਕਰਨ ਨਾਲ ਹੀ ਬੰਦਾ ਲਾਹੇਵੰਦ 'ਆਰਥਿਕ ਇਕਾਈ' ਬਣਦਾ ਹੈ। ... ਸਮਾਜ ਵਿਚ ਮਾਲਕ ਤੇ ਅਧੀਨਗੀ ਦੇ ਰਿਸ਼ਤੇ ਇਸ ਵਾਧੂ ਉਤਪਾਦਨ ਨਾਲ ਪੈਦਾ ਹੁੰਦੇ ਹਨ। ਇਹ ਦਵੰਦ ਹੀ ਜਮਾਤੀ ਸੰਘਰਸ਼ ਦੀ ਮੋਟਿਵ ਫੋਰਸ ਹੈ। ਖ਼ੁਸ਼ੀਆਂ ਖੇੜਿਆਂ ਦੇ ਸਮੇਂ ਮਨੁੱਖੀ ਵਿਕਾਸ ਦੇ ਇਤਿਹਾਸ ਵਿਚ ਲੋਕ ਸੰਘਰਸ਼ ਪੱਖ ਤੋਂ ਖ਼ਾਲੀ ਪੰਨੇ ਹਨ ਕਿਉਂਕਿ ਅਜਿਹੇ ਸਮੇਂ ਦੌਰਾਨ ਸਮਾਜ ਵਿਚ ਸੁਲ੍ਹਾ-ਸਫ਼ਾਈ, ਤਾਲਮੇਲ ਤੇ ਅਮਨ ਬਰਕਰਾਰ ਰਹਿੰਦਾ ਹੈ। ... ਹੇਗਲ ਲਈ ਸੰਘਰਸ਼ ਹੀ ਵਿਕਾਸ ਦਾ ਨਿਯਮ ਹੈ ਅਤੇ ਕੋਈ ਵੀ ਵਿਅਕਤੀ ਆਪਣੇ ਨਿਸ਼ਾਨਿਆਂ, ਮਜਬੂਰੀਆਂ, ਜ਼ਿੰਮੇਵਾਰੀਆਂ ਤੇ ਕਸ਼ਟਾਂ ਵਿਚੋਂ ਗੁਜ਼ਰ ਕੇ ਹੀ ਆਪਣਾ ਪੂਰਾ ਕੱਦ ਅਖ਼ਤਿਆਰ ਕਰ ਸਕਦਾ ਹੈ। ਮਾਨਵ ਜਾਤੀ ਦਾ ਸਾਰੇ ਵਿਸ਼ਵ ਵਿਚ ਸੋਚਣ ਦਾ ਢੰਗ ਇੱਕੋ ਜਿਹਾ ਤੇ ਮਨੋਬਿਰਤੀਆਂ ਵੀ ਇੱਕ ਸਮਾਨ ਹਨ।

'ਕ੍ਰਿਸਟੋਫਰ ਕੌਡਵੈੱਲ ਤੇ ਸੂਰਮੇ ਦੀ ਸਿਰਜਣਾ' ਨਾਮਕ ਅਧਿਆਇ ਵੀ ਅਜਿਹੀਆਂ ਸੱਚਾਈਆਂ ਨਾਲ ਭਰਪੂਰ ਹੈ: ਨਾਇਕ ਜਾਂ ਹੀਰੋ ਬੇਚੈਨ ਸਮਿਆਂ ਦੀ ਪੈਦਾਇਸ਼ ਹੁੰਦਾ ਹੈ। ਨਾਇਕਤਾ ਬੰਦੇ ਦੀ ਸ਼ਖ਼ਸੀਅਤ ਦਾ ਹਿੱਸਾ ਨਹੀਂ ਹੁੰਦੀ। ਬੜੀ ਆਮ ਜਿਹੀ ਸ਼ਖ਼ਸੀਅਤ ਵਾਲੇ ਬੰਦੇ ਮਸ਼ਹੂਰ ਨਾਇਕ ਹੋ ਗੁਜ਼ਰੇ ਹਨ। ... ਹਾਲਾਤ ਕਾਫ਼ੀ ਹੱਦ ਤੱਕ ਸੂਰਮੇ ਦੀ ਸਿਰਜਣਾ ਕਰਦੇ ਹਨ ਪਰ ਬੰਦੇ ਵਿਚ ਜੈਨੇਟਿਕ ਤੇ ਕਦੀਮੀ ਪੱਧਰ 'ਤੇ ਵੀ ਕੁਝ ਤਰੜ ਹੋਣੀ ਚਾਹੀਦੀ ਹੈ। ਬੇਸ਼ੱਕ ਵਾਪਰਨ ਵਾਲੀਆਂ ਘਟਨਾਵਾਂ ਤਾਂ ਸਭ ਲਈ ਬਰਾਬਰ ਹੁੰਦੀਆਂ, ਪਰ ਨਾਇਕ ਸਮੇਂ ਦੇ ਹਾਣ ਦਾ ਹੋ ਕੇ ਵਿਚਰਨ ਦੇ ਨਾਲ ਨਾਲ ਉਨ੍ਹਾਂ ਘਟਨਾਵਾਂ ਨੂੰ ਨਵੀਂ ਦਿਸ਼ਾ ਵੱਲ ਸੇਧਤ ਕਰਦਾ ਹੈ। ਅੱਜ ਦਾ ਗਹਿਰ ਗੰਭੀਰ ਪਾਠਕ ਜੇ ਅਜਿਹੇ ਮੁੱਲਵਾਨ ਸਿਧਾਂਤਾਂ ਨੂੰ ਪੜ੍ਹਨਾ ਲੋਚਦਾ ਹੈ ਤਾਂ ਉਸ ਨੂੰ ਪੰਜ ਭਾਗਾਂ ਵਿਚ ਵੰਡੀ ਤੇ ਵੀਹ ਅਧਿਆਇਆਂ ਵਿਚ ਵਿਉਂਤੀ ਇਸ ਪੁਸਤਕ ਨੂੰ ਨੀਝ ਨਾਲ ਪੜ੍ਹਨਾ ਪਵੇਗਾ।

ਲੇਖਕ ਨੂੰ ਗਿਲਾ ਹੈ ਕਿ ਪੰਜਾਬੀ ਦੇ ਲੇਖਕ ਅਤੇ ਆਲੋਚਕ ਅੰਨ੍ਹੀ ਗ.ਲੀ ਵਿਚ ਫਸੇ ਹੋਏ ਹਨ ਜੋ ਵਿਦੇਸ਼ੀ ਸਾਹਿਤ ਅਤੇ ਸਾਹਿਤ ਆਲੋਚਨਾ ਦੇ ਸਿਧਾਂਤਾਂ ਦੇ ਨੇੜਿਓਂ ਵੀ ਨਹੀਂ ਲੰਘਦੇ। ਲੇਖਕ ਸਿਰਫ਼ ਲਿਖਦੇ ਹਨ ਜਦੋਂਕਿ ਆਲੋਚਕ ਕੇਵਲ ਸਿਧਾਂਤਾਂ ਤੋਂ ਵਿਰਵੇ ਪੜਚੋਲੀਏ ਹਨ। ਇਨ੍ਹਾਂ ਦੋਹਾਂ ਨੂੰ ਅਤੇ ਵੱਖੋ ਵੱਖਰੇ ਖੇਤਰਾਂ ਵਿਚ ਵਿਚਰਦੇ ਹੋਰ ਬੁੱਧੀਜੀਵੀਆਂ, ਵਿਗਿਆਨੀਆਂ, ਸਮਾਜ ਚਿੰਤਕਾਂ ਨੂੰ ਕਾਰਪੋਰੇਟੀ ਸਿਸਟਮ ਦੁਆਰਾ ਗ੍ਰਸੇ ਜਾ ਰਹੇ ਅਜੋਕੇ ਸਿਸਟਮ ਨੂੰ ਸਮਝਣ ਲਈ ਉਸ ਅੰਨ੍ਹੀ ਗ.ਲੀ ਵਿਚੋਂ ਬਾਹਰ ਆਉਣ ਦੀ ਪ੍ਰੇਰਨਾ ਇਹ ਦੁਰਲੱਭ ਪੁਸਤਕ ਜ਼ਰੂਰ ਦਿੰਦੀ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਜੁਲਾਈ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-645



*ਝੋਨੇ ਦੀ ਰੁੱਤ ਜਦੋਂ ਵੀ ਆਉਂਦੀ ਦੇਸ਼ ਵਿੱਚੋਂ 'ਪਰਦੇਸੀ' ਆਵਣ।*
*ਪਹੁ ਫੁਟਣ ਤੋਂ ਪਹਿਲਾਂ ਲਗਦੇ ਕੋਡੇ ਕੋਡੇ ਦਿਵਸ ਛੁਪਾਵਣ।*
*ਗ.ਲ ਜਾਣ ਪੈਰ ਪੈ ਕਰਹੀਆਂ ਨਾ.ਲ ਤੇਲ ਦੇ ਡੰਗ ਟਪਾਵਣ।*
*ਰ.ਲ ਮਿਲ ਸਾਰੇ ਝੁੱਟੀ ਲਾ ਕੇ ਦੇਹ ਤੋੜ ਕੇ ਕੰਮ ਮੁਕਾਵਣ।*
*ਵਿੱਚ 'ਕੱਠ ਦੇ ਬਰਕਤ ਹੁੰਦੀ ਸਾਰੀ ਦੁਨੀਆਂ ਨੂੰ ਸਮਝਾਵਣ।*

### ਕੈਪਸ਼ਨ ਮੁਕਾਬਲਾ-643



ਅੰਨ ਦੇ ਵੱਡੇ ਢੇਰ ਲੱਗ ਗਏ
ਹਰਾ ਇਨਕਲਾਬ ਜਦੋਂ ਸੀ ਆਇਆ।
ਸਰਕਾਰਾਂ ਕੋਲੋਂ ਸਾਂਭ ਨਾ ਹੋਇਆ
ਅਸਮਾਨ ਦੇ ਥੱਲੇ ਖੁੱਲ੍ਹਾ ਲਾਇਆ।
ਕੁੱਝ ਤਾਂ ਛਕ ਲਿਆ ਬੇਈਮਾਨਾਂ
ਕੁੱਝ ਡਾਰਾਂ ਦੇ ਹਿੱਸੇ ਆਇਆ।
ਸੌ 'ਚੋਂ ਅੱਸੀ ਅੰਨ ਨੂੰ ਤਰਸਣ
ਮੰਗਤੇ ਉਨ੍ਹਾਂ ਤਾਈਂ ਬਣਾਇਆ।
***-ਜਗਮੀਤ ਸਿੰਘ ਪੰਧੇਰ***

---

ਪੁੱਤਾਂ ਵਾਗੂੰ ਪਾਲੀਆਂ ਫਸਲਾਂ,
ਕੌਡੀਆਂ ਦੇ ਭਾਅ ਮੰਡੀ ਵਿਕਦੀਆਂ।
ਲੋਟੂ ਸਾਰਾ ਮਾਲ ਹੜਪਦੇ,
ਪੈਦਾ ਕਰਨ ਵਾਲੇ ਦੇ ਪੱਲੇ ਸਿਸਕੀਆਂ।
ਲੁੱਟਿਆ ਮਾਲ ਸੁੱਕਾ ਲੰਘ ਨਾ ਜਾਏ,
"ਬੋਲੀਏ ਹਲਾ" ਹਿੱਸਾ ਵੰਡਾਈਏ।
"ਹੱਕ ਤਾਂ ਖੋਹੇ ਤੋਂ ਹੀ ਮਿਲਣੈ",
ਕੱਠੇ ਹੋ ਕੇ, ਸੱਚ ਕਰ ਵਿਖਾਈਏ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦੁਰ ਨਗਰ ਬਠਿੰਡਾ।***
***ਫੋਨ ਨੰਬਰ 94176-49275***

---

ਟਿੱਡੀ ਦਲ ਵਾਂਗੂੰ
ਧਾਵਾ ਬੋਲਿਆ ਤੋਤਿਆਂ ਨੇ
ਫੂਡ ਕਾਰਪੋਰੇਸ਼ਨ ਦੇ ਸਟੋਰ
ਕੀਤੇ ਮਾਲ 'ਤੇ
ਮਿਲੀਭੁਗਤ ਨਾਲ
ਬਲੈਕ ਵਿਚ ਲੰਘ ਜਾਣਾ
ਰਿਕਾਰਡ ਐਂਟਰੀਆਂ ਵਾਲੇ
ਸਾਰੇ ਜਾਲ ਕੇ
ਪੂਰਾ ਫੇਰ ਵੀ ਨਾ ਪੱਟਦਾ
ਹੇਰਾਫੇਰੀਆਂ ਨਾਲ
ਚਿੰਤਾ ਫੇਰ ਵੀ ਵੱਢ ਵੱਢ ਖਾਦੀ।
ਘਣ ਜਦੋਂ ਸਿਰ 'ਤੇ ਪੈਂਦਾ
ਉਪਰ ਵਾਲੇ ਦਾ
ਸੁਰਤ ਫਿਰ ਹੈ ਆਂਦੀ।
***-ਅਮਰਜੀਤ ਸਿੰਘ ਤੂਰ***

---

ਅੰਨਦਾਤਾ ਅੱਜ ਸੜਕਾਂ ਉਤੇ
ਅੰਨ ਸਰਕਾਰੀ ਬੁਖਾਰੇ
ਲੱਕ ਤੋੜ ਮਹਿੰਗਾਈ ਉੱਪਰੋਂ
ਮਜ਼ਦੂਰ ਭੁੱਖ ਨੇ ਮਾਰੇ।
ਫ਼ਲ ਖਾ ਜਿੰਦ ਗੁਜ਼ਾਰਨ ਵਾਲਾ
ਬੋਰੀ 'ਚੋਂ ਚੁੰਝਾਂ ਭਰਦਾ
ਰਲ ਮਿਲ ਸਾਰੇ ਖਾਣ ਦੇਸ਼ ਨੂੰ
ਤਰਸ ਕੋਈ ਨਾ ਕਰਦਾ।
***-ਹਰਜੋਤ ਕੌਰ ਮਹੇਸ਼ਪੁਰਾ***

---

ਕੱਟਾ ਭੁੱਖਾ ਤੂੜੀ ਗਿੱਲੀ
ਦੇਖ ਗੋਦਾਮ 'ਚ ਪਿਆ ਮਾਲ
ਇਕੱਲੇ ਤੋਤੇ ਨਹੀਂ ਹੋਰ ਵੀ ਪਰਿੰਦੇ
ਟੁੱਟ ਕੇ ਪੈ ਗਏ।
"ਗਾਜਰਾਂ ਵਿਚ ਰੰਬਾ ਰੱਖ"
ਭਿੱਜ ਜਾਵੇ, ਰੁਲ ਜਾਵੇ
ਜਾਨਵਰ ਖਾ ਜਾਵਣ
'ਚੋਰਾਂ ਦਾ ਮਾਲ, ਡਾਂਗਾਂ ਦੇ ਗਜ"
ਨੁਕਸਾਨ ਤਾਂ ਕਾਸ਼ਤਕਾਰ ਨੂੰ ਹੋਣਾ
ਕੌਡੀਆਂ ਭਾਅ ਵਿਕ ਜਾਂਦੀ
ਜਿਨਸ ਜਿਸ ਦੀ
ਕੀਮਤ ਸਥਿਰ ਰਹੇ
ਡੰਪਿੰਗ ਹੁੰਦੀ ਸਮੁੰਦਰ 'ਚ ਇੰਝ ਹੀ
ਰਲ ਮਿਲ ਸੌਦੇਬਾਜ਼ੀਆਂ
ਜਾਬਰ ਬੜਾ ਨਿਰੰਕੁਸ਼ ਹੁੰਦਾ
"ਜਿਸ ਤਨ ਲਾਗੈ, ਸੋਈ ਤਨ ਜਾਣੈ।"
***-ਦਰਸ਼ਨ ਪਾਲ ਦੋਸਾਂਝ***

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# ਮਾਮਲਾ ਉਮਰਾਂ ਦਾ

***ਉਘੇ ਪੱਤਰਕਾਰ ਮਰਹੂਮ ਸੁਰਜਨ ਜ਼ੀਰਵੀ ਦੇ ਇਸ ਲੇਖ ਦਾ ਰੰਗ ਦੇਖਣ ਵਾਲਾ ਹੈ, ਇਹ ਭਾਵੇਂ ਦੋ ਦਹਾਕੇ ਪਹਿਲਾਂ ਲਿਖਿਆ ਗਿਆ ਸੀ। ਉਹ ਲੰਮਾ ਸਮਾਂ 'ਨਵਾਂ ਜ਼ਮਾਨਾ' ਅਖਬਾਰ ਲਈ ਕੰਮ ਕਰਦੇ ਰਹੇ ਅਤੇ 1990ਵਿਆਂ ਦੇ ਆਰੰਭ ਵਿਚ ਕੈਨੇਡਾ ਜਾ ਵੱਸੇ ਸਨ। ਪੰਜਾਬੀ ਪੱਤਰਕਾਰੀ ਦੇ ਉਸ ਦੌਰ ਬਾਰੇ ਜਦੋਂ ਵੀ ਜ਼ਿਕਰ ਛਿੜਦਾ ਹੈ ਤਾਂ ਉਨ੍ਹਾਂ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ।***

ਜੇ ਤੁਹਾਡੇ ਭਰੋਸੇਯੋਗ ਦੋਸਤਾਂ ਨੇ ਇਹ ਕਸੂਤਾ ਭੇਤ ਖੋਲ੍ਹ ਹੀ ਦਿੱਤਾ ਹੋਵੇ ਕਿ ਤੁਸੀਂ 70 ਸਾਲ ਦੇ ਹੋ ਚੁੱਕੇ ਹੋ ਜਾਂ ਹੋਣ ਵਾਲੇ ਹੋ ਤਾਂ ਬਿਹਤਰੀ ਇਸੇ ਵਿਚ ਹੈ ਕਿ ਤੁਸੀਂ ਇਸ ਅਸਲੀਅਤ ਨੂੰ ਖਿੜੇ ਮੱਥੇ ਮੰਨ ਲਓ। ਹੋ ਸਕਦੈ, ਤੁਸੀਂ ਇਸ ਗੱਲ ਦੀ ਪੂਰੀ ਵਾਹ ਲਾਈ ਹੋਵੇ ਕਿ ਤੁਸੀਂ 70 ਦੇ ਹੋ ਕੇ 54 ਦੇ ਨਹੀਂ ਤਾਂ 63 ਤੋਂ ਵੱਧ ਦੇ ਹਰਗਿਜ਼ ਨਾ ਲੱਗੋ। ਸ਼ਾਇਦ ਤੁਸੀਂ ਪਹਿਲੀ ਨਜ਼ਰੇ 70 ਦੇ ਲਗਦੇ ਵੀ ਨਾ ਹੋਵੋ, ਫਿਰ ਵੀ 70 ਸਾਲ ਦੀ ਉਮਰ ਤੱਕ ਪਹੁੰਚਦਿਆਂ ਜਿੰਨੀ ਕੁ ਅਕਲ ਤੁਹਾਡੇ ਪੱਲੇ ਰਹਿ ਜਾਂਦੀ ਹੈ, ਉਹ ਇਹੀ ਆਖਦੀ ਹੈ ਕਿ ਤੁਸੀਂ ਛੋਟੇ ਲੱਗਣ ਦੇ ਝਮੇਲੇ ਵਿਚ ਨਾ ਹੀ ਪਓ। ਇਹ ਗੱਲ ਮੈਂ ਕਿਸੇ ਰੂਹਾਨੀ ਜਾਂ ਇਖਲਾਕੀ ਚਬੂਤਰੇ ਉੱਤੇ ਖੜ੍ਹਾ ਹੋ ਕੇ ਨਹੀਂ ਕਹਿ ਰਿਹਾ; ਮੇਰੀ ਰਾਏ ਇਹ ਹੈ ਕਿ ਅਮਲੀ ਅਤੇ ਵਾਸਤਵਿਕ ਪੱਖਾਂ ਤੋਂ ਉਮਰ ਬਾਰੇ ਓਹਲੇ ਦਾ ਓਨਾ ਲਾਭ ਨਹੀਂ ਜਿੰਨਾ ਸ਼ਾਇਦ ਤੁਸੀਂ ਸਮਝਦੇ ਹੋਵੋ।

ਤੁਸੀਂ ਚਾਹੋ ਤਾਂ ਇਹ ਤਾਂ ਆਖ ਸਕਦੇ ਹੋ ਕਿ ਮੈਂ 70 ਦਾ ਹੋ ਗਿਆ ਹਾਂ ਪਰ 56 ਤੋਂ ਵੱਧ ਦਾ ਮਹਿਸੂਸ ਨਹੀਂ ਕਰਦਾ, ਠੀਕ ਉਂਝ ਹੀ ਜਿਵੇਂ ਪੱਛਮ ਦਾ ਪਾਰਉਤਾਰਾ ਕਰ ਰਹੇ ਭਾਰਤੀ ਮੂਲ ਦੇ ਅਜੋਕੇ ਆਧੁਨਿਕ ਅਵਤਾਰ ਦੀਪਕ ਚੋਪੜਾ ਸਾਹਿਬ ਕਹਿੰਦੇ ਹਨ। ਉਹ



**ਸੁਰਜਨ ਜ਼ੀਰਵੀ**

ਫ਼ਰਮਾਉਂਦੇ ਹਨ ਕਿ ਸਮੇਂ ਦੀ ਤੋਰ ਅਨੁਸਾਰ ਉਹ 52 ਸਾਲ ਦੇ ਹੋ ਗਏ ਹਨ ਪਰ ਯੋਗ ਅਭਿਆਸ ਕਾਰਨ 32 ਤੋਂ ਵੱਧ ਦੇ ਮਹਿਸੂਸ ਨਹੀਂ ਕਰਦੇ। ਉਂਝ, ਤੁਹਾਨੂੰ ਸੋਭਦਾ ਨਹੀਂ ਕਿ ਤੁਸੀਂ ਦੀਪਕ ਸਾਹਿਬ ਦੀ ਰੀਸ ਕਰੋ। ਉਹਨਾਂ ਦੇ ਪ੍ਰਵਚਨ ਤੇ ਤੁਹਾਡੇ ਕਥਨ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਦੀਪਕ ਸਾਹਿਬ ਕਹਿ ਰਹੇ ਹਨ ਕਿ ਉਹ ਅਧਖੜ੍ਹ ਹੋ ਕੇ ਵੀ ਨੌਜਵਾਨ ਮਹਿਸੂਸ ਕਰ ਰਹੇ ਹਨ, ਜਦ ਕਿ ਤੁਸੀਂ ਆਖ ਰਹੇ ਹੋ ਕਿ ਤੁਸੀਂ ਬਜ਼ੁਰਗ ਹੋ ਕੇ ਵੀ ਅਧਖੜ੍ਹ ਮਹਿਸੂਸ ਕਰਦੇ ਹੋ। ਦੇਖਿਆ ਜਾਏ ਤਾਂ ਅਧਖੜ੍ਹ ਮਹਿਸੂਸ ਕਰਨਾ ਬਜ਼ੁਰਗ ਹੋਣ ਨਾਲੋਂ ਕੋਈ ਬਹੁਤਾ ਫ਼ਾਇਦੇਮੰਦ ਨਹੀਂ। ਅਧਖੜ੍ਹ ਉਮਰ ਜ਼ਿੰਦਗੀ ਦੇ ਸਫ਼ਰ ਦਾ ਅਜਿਹਾ ਪੜਾਅ ਹੈ ਜਿੱਥੇ ਪ੍ਰਾਪਤੀਆਂ ਦੇ ਹੁਲਾਰੇ ਨਾਲੋਂ ਪਛਤਾਵਿਆਂ ਤੇ ਸੰਸਿਆਂ ਦੀ ਹਨੇਰੀ ਵਧੇਰੇ ਝੁਲਦੀ ਹੈ। ਇਹ ਅਧੋਗਤੀ ਦੀ ਅਜਿਹੀ ਅਵਸਥਾ ਹੈ ਜਿੱਥੇ ਜਵਾਨੀ ਵੇਲੇ ਦੀਆਂ ਸ਼ੋਖੀਆਂ ਭੁੱਲੀਆਂ ਨਹੀਂ ਹੁੰਦੀਆਂ ਪਰ ਬੁਢਾਪੇ ਵਾਲੇ ਸਾਰੇ ਰੋਗ ਇਕ-ਇਕ ਕਰ ਕੇ ਚੰਬੜਨੇ ਸ਼ੁਰੂ ਹੋ ਜਾਂਦੇ ਹਨ। ਇਸ ਟੇਢੀ ਅਵਸਥਾ ਨੂੰ ਪੱਛਮ ਦੇ ਮਨੋਵਿਗਿਆਨੀਆਂ ਨੇ ਅਰਧ-ਆਯੂ ਸੰਕਟ ਦਾ ਨਾਂ ਦੇ ਰੱਖਿਆ ਹੈ। ਉਂਝ ਵੀ ਦੀਪਕ ਚੋਪੜਾ ਜਿਹੇ ਰੂਹਾਨੀ ਮਸੀਹਾ ਦੇ ਮੂੰਹੋਂ ਉਮਰ ਦੇ ਸਬੰਧ ਵਿਚ 20 ਕੁ ਸਾਲ ਦਾ ਹੇਰ ਫੇਰ ਉਹਨਾਂ ਦੀ ਆਤਮਿਕ ਪ੍ਰਾਪਤੀ ਦਾ ਸਬੂਤ ਮੰਨਿਆ ਜਾਂਦਾ ਹੈ, ਜਦ ਕਿ ਤੁਹਾਡੇ ਮੂੰਹੋਂ 16-17 ਸਾਲ ਦੀ ਜਮਾਂ-ਤਫ਼ਰੀਕ ਨੂੰ ਵੀ ਲੋਕ ਸੁਧਾ ਧੋਖਾ ਆਖਣਗੇ।

ਆਪਣੀ ਉਮਰ ਘਟਾ ਕੇ ਦੇਖਣ ਦੀ ਰੁਚੀ ਭਾਵੇਂ ਕਿੰਨੀ ਵੀ ਸੁਭਾਵਕ ਹੋਵੇ ਪਰ ਇਸ ਸਬੰਧ ਵਿਚ ਕਿਸੇ ਕਿਸਮ ਦੀ ਮੇਕਅਪ ਸਿਵਾਇ ਤੁਹਾਡੇ ਆਪਣੇ ਹੋਰ ਕਿਸੇ ਨੂੰ ਘੱਟ ਹੀ ਪ੍ਰਭਾਵਿਤ ਕਰਦੀ ਹੈ। ਬਿਹਤਰ ਇਹੀ ਹੈ ਕਿ ਅਸੀਂ ਇਹ ਵਹਿਮ ਆਪਣੇ ਮਨ ਵਿਚ ਨਾ ਹੀ ਪਾਲੀਏ ਕਿ ਰਸਾਇਣਕ ਜਾਂ ਰੂਹਾਨੀ ਢੰਗਾਂ ਨਾਲ ਅਸੀਂ ਆਪਣੀ ਉਮਰ ਬਾਰੇ ਹੋਰਨਾਂ ਨੂੰ ਪੱਕੇ ਤੌਰ ਤੇ ਭੁਲੇਖੇ ਵਿਚ ਪਾ ਸਕਦੇ ਹਾਂ। ਜੇ ਤੁਹਾਡਾ ਕੋਈ ਵਾਕਫ਼ ਹੈਰਾਨੀ ਜਿਹੀ ਨਾਲ ਆਖਦਾ ਹੈ, "ਨਹੀਂ! ਨਹੀਂ!! ਤੁਸੀਂ 70 ਦੇ ਨਹੀਂ ਹੋ ਸਕਦੇ, ਤੁਸੀਂ ਤਾਂ ਅਜੇ 59 ਦੇ ਵੀ ਨਹੀਂ ਲਗਦੇ" ਤਾਂ ਯਕੀਨ ਜਾਣੋ, ਉਹ ਤੁਹਾਡਾ ਮੂੰਹ ਹੀ ਰੱਖ ਰਿਹਾ ਹੁੰਦਾ ਹੈ। ਜਦੋਂ ਉਮਰ ਗਿਣਤੀ ਮਿਣਤੀ 'ਤੇ ਆਉਂਦੀ ਹੈ ਤਾਂ ਨਾ ਕਿਸੇ ਨੂੰ ਭੁਲੇਖਾ ਪੈਂਦਾ ਹੈ, ਨਾ ਹੀ ਕੋਈ ਭੁਲੇਖਾ ਖਾਂਦਾ ਹੈ। ਤੁਸੀਂ ਅਖ਼ਬਾਰਾਂ ਵਿਚ ਹਰ ਰੋਜ਼ ਮਿਰਤੂ-ਉਲੇਖ ਜਾਂ ਮਰਨ-ਸ਼ਰਧਾਂਜਲੀਆਂ ਪੜ੍ਹਦੇ ਹੋ, ਉਹਨਾਂ ਵਿਚੋਂ ਕਿਸੇ ਇਕ ਵਿਚ ਵੀ ਤੁਸਾਂ ਇਹ ਲਿਖਿਆ ਨਹੀਂ ਪੜ੍ਹਿਆ ਹੋਣਾ ਕਿ ਮਰਨ ਵਾਲਾ 63 ਤੋਂ ਵਧ ਦਾ ਨਹੀਂ ਸੀ ਲਗਦਾ, ਭਾਵੇਂ ਰਿਕਾਰਡ ਵਿਚ ਹੋਏ ਗ਼ਲਤ ਅੰਦਰਾਜ ਅਨੁਸਾਰ ਉਸ ਦੀ ਉਮਰ 87 ਸਾਲ ਦੀ ਸੀ।

ਉਮਰ ਦੇ ਮਾਮਲੇ ਵਿਚ ਦੁਨੀਆ ਏਨੀ ਬੇਲਿਹਾਜ਼ ਹੈ ਕਿ ਨਾ ਭੁਲੇਖਾ ਖਾਂਦੀ ਹੈ, ਨਾ ਕੋਈ ਰਿਆਇਤ ਹੀ ਦਿੰਦੀ ਹੈ।

ਸ਼ਾਇਦ ਬੰਦਾ ਉਹਨਾਂ ਮਾਮਲਿਆਂ ਵਿਚ ਆਪਣੇ ਆਪ ਨੂੰ ਭਰਮਾਉਣ ਦੇ ਵਧੇਰੇ ਉਪਰਾਲੇ ਕਰਦਾ ਹੈ ਜਿਨ੍ਹਾਂ ਦੇ ਸਬੰਧ ਵਿਚ ਉਸ ਨੂੰ ਸੰਸਾਰ ਜਾਂ ਸਮੇਂ ਤੋਂ ਕਿਸੇ ਰਹਿਮ ਜਾਂ ਰਿਆਇਤ ਦੀ ਆਸ ਨਹੀਂ ਹੁੰਦੀ।

ਉਂਝ, ਇਸ ਮਾਮਲੇ ਵਿਚ ਵੱਡੀ ਉਮਰ ਦੇ ਲੋਕਾਂ ਨੂੰ ਹੀ ਮਿਹਣਾ ਕਿਉਂ? ਉਹ ਕਿਹੜੀ ਉਮਰ ਹੈ ਜਦੋਂ ਬੰਦਾ ਸਮੇਂ ਜਾਂ ਸੂਰਤ ਨਾਲ ਲੁਕਣਮੀਟੀ ਨਹੀਂ ਖੇਡਦਾ। ਵਾਸਤਵ ਵਿਚ, ਅਜਿਹਾ ਕੋਈ ਦੌਰ ਵੀ ਨਹੀਂ ਹੋਇਆ ਜਦੋਂ ਬੰਦੇ ਨੂੰ ਸਦਾ ਜਵਾਨ ਰੱਖਣ ਵਾਲੀ ਬੂਟੀ ਦੀ ਭਾਲ ਨਾ ਰਹੀ ਹੋਵੇ ਜਾਂ ਜਦੋਂ ਉਹ ਘੱਟ ਕੋਝਾ ਜਾਂ ਵੱਧ ਸੁਹਣਾ ਲੱਗਣ ਦੇ ਜਜ਼ਬੇ ਹੱਥੋਂ ਬੇਚੈਨ ਨਾ ਰਿਹਾ ਹੋਵੇ। ਇਹ ਠੀਕ ਹੈ ਕਿ ਕਿਸੇ ਸਮੇਂ ਸਾਡਾ ਸਮਾਜ ਇਸ ਜਜ਼ਬੇ ਨੂੰ ਘੂਰ ਕੇ ਦੇਖਦਾ ਸੀ ਅਤੇ ਧਰਮ ਤਾਂ ਇਸ ਨੂੰ ਨਰਕ ਵੱਲ ਜਾਣ ਵਾਲਾ ਸਿੱਧਾ ਰਾਹ ਕਰਾਰ ਦਿੰਦਾ ਸੀ ਪਰ ਹੁਣ ਹਾਲਤ ਚੋਖੀ ਬਦਲ ਗਈ ਹੈ। ਹੁਣ ਤਾਂ ਇਸ ਜਜ਼ਬੇ ਨੂੰ ਪ੍ਰਵਾਨ ਹੀ ਨਹੀਂ ਕੀਤਾ ਜਾਂਦਾ ਸਗੋਂ ਮੀਡੀਆ ਵਿਚ ਇਸ਼ਤਿਹਾਰਬਾਜ਼ੀ ਦਾ ਸੌ ਫ਼ੀਸਦੀ ਹੁਨਰ ਤੇ 60 ਫ਼ੀਸਦੀ ਹਿੱਸਾ ਇਸ ਜਜ਼ਬੇ ਨੂੰ ਉਤੇਜਿਤ ਕਰਨ ਦਾ ਇੱਕੋ-ਇਕ ਕਾਰਜ ਨਿਭਾਉਣ ਦੇ ਲੇਖੇ ਲਗਦਾ ਹੈ। ਜਾਪਦਾ ਹੈ, ਧਰਮ ਨੂੰ ਵੀ ਇਸ ਜਜ਼ਬੇ ਵਿਚੋਂ ਪਾਪ ਦੀ ਬੂ ਆਉਣੋਂ ਹਟ ਗਈ ਹੈ। ਜੇ ਤੁਸੀਂ ਰਤਾ ਕੁ ਨੀਝ ਨਾਲ ਦੇਖੋ ਤਾਂ ਇਹ ਜਜ਼ਬਾ ਅਜੋਕੇ ਅਰਥਚਾਰਿਆਂ ਲਈ ਜ਼ਬਰਦਸਤ ਚਾਲਕ ਸ਼ਕਤੀ ਬਣ ਗਿਆ ਹੈ। ਇਸ ਜਜ਼ਬੇ ਦੀ ਪੂਰਤੀ ਨਾਲ ਸਬੰਧਿਤ ਰਸਾਇਣਕ, ਚਕਿਤਸਿਕ, ਉਦਯੋਗਕ ਤੇ ਕਾਰੋਬਾਰੀ ਧੰਦਿਆਂ ਨੂੰ ਆਧੁਨਿਕ ਅਰਥਚਾਰਿਆਂ ਵਿਚ ਉਸੇ ਤਰ੍ਹਾਂ ਦੀ ਬੁਨਿਆਦੀ ਮਹੱਤਤਾ ਹਾਸਲ ਹੋ ਗਈ ਹੈ ਜਿਹੜੀ ਲਾਟਰੀ, ਜੂਏ, ਸੱਟੇ, ਸ਼ੇਅਰ ਮਾਰਕਿਟ, ਬੈਂਕਿੰਗ, ਬੀਮੇ, ਮਿਊਚੂਅਲ ਫ਼ੰਡਜ਼, ਐਡਵਰਟਾਈਜ਼ਿੰਗ, ਪੋਰਨੋਗ੍ਰਾਫ਼ੀ, ਹਥਿਆਰਸਾਜ਼ੀ ਆਦਿ ਜਿਹੇ 14-15 ਬੁਨਿਆਦੀ ਧੰਦਿਆਂ ਨੂੰ ਹਾਸਲ ਹੈ।

ਇਹ ਜਜ਼ਬਾ ਕਿੰਨੇ ਜ਼ਬਰਦਸਤ ਕਾਰੋਬਾਰ ਦਾ ਆਧਾਰ ਬਣ ਚੁੱਕਾ ਹੈ, ਇਸ ਦਾ ਕੁਝ ਅੰਦਾਜ਼ਾ ਇਸ ਤਾਜ਼ਾ ਰਿਪੋਰਟ ਤੋਂ ਵੀ ਹੋ ਜਾਂਦਾ ਹੈ ਕਿ ਕੇਵਲ ਉੱਤਰੀ ਅਮਰੀਕਾ ਵਿਚ ਅਧੇੜ ਉਮਰ ਦੇ ਮਰਦ ਜਵਾਨ ਲਗਣ ਦੇ ਜਤਨਾਂ ਉੱਤੇ ਹਰ ਸਾਲ 10 ਅਰਬ ਡਾਲਰ ਖਰਚ ਕਰਦੇ ਹਨ। ਇਸ ਰਿਪੋਰਟ ਦਾ ਸੰਜੀਦਾ ਪੱਖ ਇਹ ਹੈ ਕਿ ਇਹ ਨਿਰੀ ਜਵਾਨ ਲੱਗਣ ਦੀ ਰੀਝ ਨਹੀਂ ਜਿਹੜੀ ਇਸ ਪਾਸੇ ਦੇ 40-50 ਸਾਲ ਦੇ ਮਰਦ ਨੂੰ ਮਹਿੰਗਿਆਂ ਸਵਾਰਤਾਂ ਵਲ ਧੱਕ ਰਹੀ ਹੈ। ਜ਼ਿੰਦਗੀ ਦੇ ਹਰ ਖੇਤਰ ਵਿਚ ਮੁਕਾਬਲੇਬਾਜ਼ੀ ਦੇ ਘੜਮੱਸ ਵਿਚ ਕਲੀਨਜ਼ਰ, ਮੌਆਇਸਚਿਰਾਈਜ਼ਰਜ਼, ਕਰੀਮਾਂ ਤੇ ਲੋਸ਼ਨ ਅਤੇ ਇਹਨਾਂ ਤੋਂ ਵੀ ਵੱਧ ਸਕਿਨ ਥੈਰਪੀ, ਫੇਸ ਰੀਜੁਵੀਨੇਸ਼ਨ ਤੇ ਕਾਸਮੈਟਿਕ ਸਰਜਰੀ ਆਪਣੀ ਹੋਂਦ ਨੂੰ ਕਾਇਮ ਰੱਖਣ ਦੀ ਰੋਜ਼ਾਨਾ ਲੜਾਈ ਵਿਚ ਅਜੋਕੇ ਅਧਖੜ੍ਹ ਬੰਦੇ ਲਈ ਲਾਜ਼ਮੀ ਹਥਿਆਰ ਬਣ ਚੁਕੇ ਹਨ। 40 ਸਾਲ ਟੱਪ ਜਾਣ ਪਿੱਛੋਂ ਲੋਕਾਂ ਨੂੰ ਇਹ ਧੁੜਕੂ ਸਤਾਉਣ ਲਗ ਪੈਂਦਾ ਹੈ ਕਿ ਉਹ ਹੰਢੇ ਹੋਏ ਚਿਹਰੇ ਨਾਲ ਆਪਣੇ ਰੁਜ਼ਗਾਰ ਨੂੰ ਕਾਇਮ ਨਹੀਂ ਰੱਖ ਸਕਣਗੇ ਤੇ ਨਾ ਹੀ ਨਵੀਂ ਨੌਕਰੀ ਲਭ ਸਕਣਗੇ। ਇਹ ਠੀਕ ਹੈ ਕਿ ਕੁਝ ਲੋਕ ਆਪਣੇ ਵਿਆਹੁਤਾ ਜੀਵਨ ਨੂੰ ਬਚਾਉਣ ਲਈ ਜਾਂ ਤਲਾਕ ਹੋ ਜਾਣ ਦੀ ਹਾਲਤ ਵਿਚ ਡੇਟਿੰਗ ਕਰਦਿਆਂ ਜਵਾਨ ਲੋਕਾਂ ਤੋਂ ਅੱਗੇ ਲੰਘਣ ਲਈ ਸਵਾਰਤਾਂ ਦਾ ਸਹਾਰਾ ਲੈਂਦੇ ਹਨ ਪਰ ਅੰਤ ਨੂੰ ਇਹ ਆਰਥਿਕ ਦੌੜ ਹੈ ਜਿਹੜੀ ਇਹਨਾਂ ਲੋਕਾਂ ਨੂੰ ਜਵਾਨ ਲੱਗਣ ਦੀ ਸੁਭਾਵਕ ਰੀਝ ਤੋਂ ਬਹੁਤ ਅੱਗੇ ਤੱਕ ਜਾਣ ਲਈ ਮਜਬੂਰ ਕਰਦੀ ਹੈ।

ਜਿਸ ਤਰ੍ਹਾਂ ਇਹ ਜਜ਼ਬਾ ਜ਼ਬਰਦਸਤ ਮੁਨਾਫ਼ਿਆਂ ਦਾ ਅਖੁਟ ਸੋਮਾ ਸਾਬਤ ਹੋ ਰਿਹਾ ਹੈ, ਉਸ ਵੱਲ ਦੇਖਦਿਆਂ ਹੈਰਾਨੀ ਦੀ ਗੱਲ ਨਹੀਂ ਕਿ ਫ਼ਾਰਮੇਸੂਟੀਕਲ ਤੇ ਕਾਸਮੈਟਿਕ ਕੰਪਨੀਆਂ ਤੇ ਕਾਰਪੋਰੇਸ਼ਨਾਂ ਇਸ ਨੂੰ ਵਾਹੁਣ ਤੇ ਵੱਟਣ ਲਈ ਹਰ ਨਵੀਂ ਸਵੇਰ ਨਵੇਂ ਤੋਂ ਨਵੇਂ ਢੰਗ ਵਰਤੋਂ ਵਿਚ ਲਿਆ ਰਹੀਆਂ ਹਨ। ਭਾਵੇਂ ਵੱਡੀ ਉਮਰ ਦੇ ਲੋਕ ਇਹਨਾਂ ਦੀ ਤੱਕ ਤੋਂ ਬਾਹਰ ਕਦੇ ਵੀ ਨਹੀਂ ਸਨ ਪਰ ਹੁਣ ਤਾਂ ਉਹ ਇਹਨਾਂ ਨੂੰ ਆਪਣੇ ਮੁਨਾਫ਼ਿਆਂ ਦੇ ਘੇਰੇ ਵਿਚ ਲਿਆਉਣ ਲਈ ਬਰਾਬਰ ਦਾ ਜ਼ੋਰ ਲਾ ਰਹੀਆਂ ਹਨ। ਜੇ ਇਹ ਕੰਪਨੀਆਂ ਇਸ 'ਵਿਸ਼ਵ ਪਿੰਡ' ਦੀਆਂ ਫ਼ੌਰੀ ਲੋੜਾਂ ਨੂੰ ਧਿਆਨ ਵਿਚ ਰੱਖਣ ਤਾਂ ਉਹਨਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਤੀਜੇ ਸੰਸਾਰ ਦੇ ਗਰਮ ਦੇਸਾਂ ਵਿਚ ਫੈਲਣ ਵਾਲੀਆਂ ਬਿਮਾਰੀਆਂ (ਮਲੇਰੀਆ, ਪੇਚਸ਼, ਸਾਹ ਦੀਆਂ ਬਿਮਾਰੀਆਂ, ਯਰਕਾਨ ਆਦਿ) ਦੀਆਂ ਬੇਅਸਰ ਹੋ ਚੁਕੀਆਂ ਜਾਂ ਅਣ-ਪ੍ਰਾਪਤ ਦਵਾਈਆਂ ਦੀ ਥਾਂ ਨਵੀਆਂ ਦਵਾਈਆਂ ਤਿਆਰ ਕਰਨ ਵੱਲ ਵੀ ਕੁਝ ਧਿਆਨ ਦੇਣ। ਉਪਰੋਕਤ ਬਿਮਾਰੀਆਂ ਦਾ ਸ਼ਿਕਾਰ ਹੋ ਸਕਣ ਵਾਲੇ ਜਿਨ੍ਹਾਂ ਲੋਕਾਂ ਨੂੰ ਨਵੀਆਂ ਪ੍ਰਭਅਸਰ ਦਵਾਈਆਂ ਦੀ ਅਸ਼ਦ ਲੋੜ ਹੈ, ਉਹਨਾਂ ਦੀ ਗਿਣਤੀ ਦੁਨੀਆ ਭਰ ਵਿਚ 50 ਕਰੋੜ ਤੋਂ ਵੱਧ ਹੈ। ਫ਼ਾਰਮੇਸੂਟੀਕਲ ਕੰਪਨੀਆਂ ਚਾਹੁਣ ਤਾਂ ਉਹ ਸੌਖਿਆਂ ਹੀ ਲੋੜੀਂਦੀਆਂ ਨਵੀਆਂ ਦਵਾਈਆਂ ਤਿਆਰ ਕਰ ਸਕਦੀਆਂ ਹਨ ਤੇ ਸੰਸਾਰ ਵੱਸੋਂ ਦੇ ਵੱਡੇ ਹਿੱਸੇ ਨੂੰ ਰਾਹਤ ਪਹੁੰਚਾ ਸਕਦੀਆਂ ਹਨ। ਸੰਸਾਰ ਸਿਹਤ ਜਥੇਬੰਦੀ ਦੇ ਅੰਕੜਿਆਂ ਅਨੁਸਾਰ, ਪ੍ਰਭਅਸਰ ਦਵਾਈਆਂ ਦੇ ਨਾ ਹੋਣ ਕਾਰਨ 1998 ਵਿਚ 61 ਲੱਖ ਲੋਕ ਉਪਰੋਕਤ ਬਿਮਾਰੀਆਂ ਹੱਥੋਂ ਅਣਿਆਈ ਮੌਤ ਮਰ ਗਏ। ਇਹ ਲੋਕ ਸਿਰਫ਼ ਇਸ ਲਈ ਜਿਉਂਦੇ ਨਾ ਰਹਿ ਸਕੇ ਕਿਉਂਕਿ ਪੱਤਰਕਾਰ ਸਿਲਵਰਸਟੀਅਨ ਦੇ ਕਹਿਣ ਅਨੁਸਾਰ, "ਇਹਨਾਂ ਨੂੰ ਜਿਉਂਦੇ ਰੱਖਣ ਵਿਚ ਕਿਸੇ ਮੁਨਾਫ਼ੇ ਦੀ ਗੁੰਜਾਇਸ਼ ਨਹੀਂ ਸੀ।" ਜਦੋਂ ਮੁਨਾਫ਼ਿਆਂ ਦੀ ਗੱਲ ਹੁੰਦੀ ਹੈ ਤਾਂ ਦੁਨੀਆ 'ਵਿਸ਼ਵ ਪਿੰਡ' ਬਣ ਜਾਂਦੀ ਹੈ ਪਰ ਜਦੋਂ ਇਸ ਪਿੰਡ ਲਈ ਕੁਝ ਕਰਨ ਦਾ ਸਵਾਲ ਉਠਦਾ ਹੈ ਤਾਂ ਇਹੀ ਪਿੰਡ ਕਈ ਵੱਖੋ-ਵੱਖਰੇ ਸੰਸਾਰਾਂ ਦਾ ਵਿਰਾਟ ਰੂਪ ਅਖਤਿਆਰ ਕਰ ਲੈਂਦਾ ਹੈ।

'ਟੋਰਾਂਟੋ ਸਟਾਰ' ਵਿਚ ਛਪੀ ਕੈਨ ਸਿਲਵਰਸਟੀਅਨ ਦੀ ਰਿਪੋਰਟ ਅਨੁਸਾਰ ਦਵਾਸਾਜ਼ ਕੰਪਨੀਆਂ ਨੇ 1975 ਤੇ 1997 ਦੇ ਦਰਮਿਆਨ 1223 ਦਵਾਈਆਂ ਮਾਰਕੀਟ ਵਿਚ ਲਿਆਂਦੀਆਂ। ਇਹਨਾਂ ਵਿਚੋਂ ਕੇਵਲ 1 ਫ਼ੀਸਦੀ, ਅਰਥਾਤ 13 ਦਵਾਈਆਂ ਅਜਿਹੀਆਂ ਸਨ ਜਿਹੜੀਆਂ ਤਪਤ-ਖੰਡ ਦੇ ਦੇਸ਼ਾਂ ਵਿਚ ਫੈਲਣ ਵਾਲੀਆਂ ਬਿਮਾਰੀਆਂ ਦੇ ਇਲਾਜ ਲਈ ਡਿਜ਼ਾਈਨ ਕੀਤੀਆਂ ਗਈਆਂ ਸਨ। ਇਹ ਠੀਕ ਹੈ ਕਿ ਬਾਕੀ 1210 ਦਵਾਈਆਂ ਵਿਚੋਂ ਬਹੁਤੀਆਂ ਅਜਿਹੀਆਂ ਸਨ ਜਿਹੜੀਆਂ ਕਸ਼ਟ ਘਟਾਉਣ ਜਾਂ ਬੇਵਕਤ ਮੌਤਾਂ ਨੂੰ ਰੋਕਣ ਵਿਚ ਸਹਾਈ ਹੋਣ ਵਾਲੀਆਂ ਸਨ ਪਰ ਗਰਮਾ-ਗਰਮ ਨੁਸਖ਼ੇ ਉਹ ਸਨ ਜਿਨ੍ਹਾਂ ਦਾ ਜ਼ਿੰਦਗੀ ਮੌਤ ਨਾਲ ਕੋਈ ਸਬੰਧ ਨਹੀਂ ਸੀ। 'ਲਾਈਫ਼ ਸਟਾਈਲ' ਖਾਨੇ ਵਿਚ ਆਉਣ ਵਾਲੀਆਂ ਇਹ ਦਵਾਈਆਂ ਨੌਹਾਂ ਵਿਚ ਲੱਗਣ ਵਾਲੀ ਉੱਲੀ, ਮੁਟਾਪੇ, ਗੰਜੇਪਨ, ਚਿਹਰੇ ਦੀਆਂ ਝੁਰੜੀਆਂ ਤੇ ਨਾਮਰਦੀ ਜਿਹੇ ਸਰੀਰਕ ਵਿਕਾਰਾਂ ਦੇ ਉਪਾਅ ਲਈ ਸਨ।

ਮਿ. ਸਿਲਵਰਸਟੀਅਨ ਨੇ ਠੀਕ ਹੀ ਕਿਹਾ ਹੈ ਕਿ "ਦਵਾ ਸਨਅਤ ਨੂੰ ਗੰਜੇ, ਉੱਲੀ ਲੱਗੇ ਤੇ ਨਾਮਰਦੀ ਦੇ ਸਤਾਏ ਹੋਏ ਅਮੀਰ ਬੁੱਢਿਆਂ ਦਾ ਦੁਨੀਆ ਦੇ ਉਹਨਾਂ 50-60 ਕਰੋੜ ਲੋਕਾਂ ਨਾਲੋਂ ਵਧੇਰੇ ਫ਼ਿਕਰ ਹੈ ਜਿਹੜੇ ਆਏ ਸਾਲ ਮਲੇਰੀਏ ਦੀ ਲਪੇਟ ਵਿਚ ਆ ਰਹੇ ਹਨ।"



ਯੂਜੈਨੀਓ ਜ਼ੰਪੀਗੀ ਦਾ ਚਿੱਤਰ 'ਕੇਅਰੈੱਸ ਇਨ ਦਿ ਓਲਡ ਏਜ'।

ਭਾਵੇਂ ਗੱਲ ਏਥੇ ਅਮੀਰ ਬੁੱਢਿਆਂ ਉੱਤੇ ਲਾ ਕੇ ਕੀਤੀ ਗਈ ਹੈ ਪਰ ਕੀਤਾ ਕੀ ਜਾਏ, ਤੀਜੇ ਸੰਸਾਰ ਵਿਚ ਵਸਦੇ ਜਿਨ੍ਹਾਂ 50 ਕਰੋੜ ਲੋਕਾਂ ਨੂੰ ਨਵੀਆਂ ਦਵਾਈਆਂ ਦੀ ਡਾਢੀ ਲੋੜ ਹੈ, ਉਹਨਾਂ ਵਿਚ ਵੀ ਤਾਂ ਬੁੱਢੇ ਸ਼ਾਮਲ ਹਨ। ਹੁਣ ਬੰਦਾ ਕਿਨ੍ਹਾਂ ਬੁੱਢਿਆਂ ਨੂੰ ਪਹਿਲ ਦੇਵੇ। ਤੁਹਾਨੂੰ ਜਾਂ ਮੈਨੂੰ ਇਸ ਮਾਮਲੇ ਵਿਚ ਕੋਈ ਉਲਝਣ ਹੋਵੇ ਤਾਂ ਹੋਵੇ, ਦਵਾਸਾਜ਼ ਕੰਪਨੀਆਂ ਨੂੰ ਅਜਿਹੀ ਕੋਈ ਉਲਝਣ ਨਹੀਂ। ਉਹ ਜਾਣਦੀਆਂ ਹਨ ਕਿ ਕਮਾਈ ਦੇ ਪੱਖੋਂ ਅਮੀਰ ਬੁੱਢਿਆਂ ਦੀ ਸੇਵਾ ਹੀ ਉਹਨਾਂ ਦਾ ਅਸਲ ਕਰਤੱਵ ਹੈ।

ਦਵਾਸਾਜ਼ ਕੰਪਨੀਆਂ ਨੂੰ ਬੁੱਢੇ ਅਮੀਰਾਂ ਦਾ ਫ਼ਿਕਰ ਕਿਉਂ ਨਾ ਹੋਵੇ ਜਦੋਂ ਨਾਮਰਦੀ ਦਾ ਸ਼ਰਤੀਆ ਤੋੜ ਸਮਝੀ ਜਾਂਦੀ 'ਵਿਆਗਰਾ' ਗੋਲੀ ਤਿਆਰ ਕਰਨ ਵਾਲੀ ਫ਼ਾਈਜ਼ਰ ਕੰਪਨੀ ਨੇ ਇਸ ਦਵਾਈ ਦੀ ਪਹਿਲੇ ਸਾਲ ਦੀ ਵਿਕਰੀ ਵਿਚੋਂ ਹੀ ਇਕ ਅਰਬ ਡਾਲਰ ਦਾ ਖ਼ਾਲਸ ਮੁਨਾਫ਼ਾ ਕਮਾ ਲਿਆ ਹੋਵੇ। ਇਹ ਵੱਖਰੀ ਗੱਲ ਹੈ ਕਿ ਵਿਆਗਰਾ ਦੀ ਮਦਦ ਨਾਲ ਜਵਾਨੀ ਦਾ ਹੁਲਾਰਾ ਲੈਂਦੇ 60-65 ਬਜ਼ੁਰਗ ਅਧਵਾਟੇ ਹੀ ਸ਼ਹੀਦੀਆਂ ਪਾ ਗਏ।

ਮਿ. ਸਿਲਵਰਸਟੀਅਨ ਦੀ ਰਿਪੋਰਟ ਅਨੁਸਾਰ ਦਵਾਸਾਜ਼ ਸਨਅਤ ਨੇ ਆਪਣੀਆਂ ਨਵੀਆਂ ਦਵਾਈਆਂ ਦੀ ਇਸ਼ਤਿਹਾਰਬਾਜ਼ੀ ਉੱਤੇ ਇਕੱਲੇ 1998 ਵਿਚ 10 ਅਰਬ 80 ਕਰੋੜ ਡਾਲਰ ਖਰਚ ਕੀਤੇ। ਇਸ ਤੋਂ ਇਲਾਵਾ ਅਮਰੀਕਾ ਦੀਆਂ ਦਵਾਸਾਜ਼ ਕੰਪਨੀਆਂ ਨੇ ਸਿਹਤ ਸੇਵਾਵਾਂ ਦੇ ਕੌਮੀਕਰਨ ਦੇ ਹੱਕ ਵਿਚ ਪੈਦਾ ਹੋ ਰਹੀ ਲੋਕ ਰਾਏ ਨੂੰ ਪਛਾੜਨ ਤੇ ਆਪਣੇ ਲਈ ਹੋਰ ਰਿਆਇਤਾਂ ਹਾਸਲ ਕਰਨ ਦੇ ਮੰਤਵ ਨਾਲ ਅਮਰੀਕੀ ਹਕੂਮਤ ਨੂੰ ਲਾਬੀ ਕਰਨ ਉੱਤੇ 7 ਕਰੋੜ 48 ਲੱਖ ਡਾਲਰ ਖਰਚ ਕੀਤੇ। 1 ਕਰੋੜ 20 ਲੱਖ ਡਾਲਰ ਦੀ ਮੋਟੀ ਰਕਮ ਇਸ ਸਨਅਤ ਨੇ ਅਮਰੀਕਾ ਦੀਆਂ ਮੁੱਖ ਸਿਆਸੀ ਪਾਰਟੀਆਂ ਨੂੰ ਚੋਣ ਮੁਹਿੰਮਾਂ ਲਈ ਚੰਦਿਆਂ ਵਜੋਂ ਦਿੱਤੀ। ਇਹਨਾਂ ਜ਼ਬਰਦਸਤ ਖਰਚਿਆਂ ਤੋਂ ਸਹਿਜੇ ਹੀ ਅੰਦਾਜ਼ਾ ਹੋ ਸਕਦਾ ਹੈ ਕਿ ਇਹ ਸਨਅਤ ਕਿੰਨੇ ਅਥਾਹ ਮੁਨਾਫ਼ੇ ਕਮਾ ਰਹੀ ਹੋਵੇਗੀ।

ਪ੍ਰਤੱਖ ਹੈ ਕਿ ਦਵਾਸਾਜ਼ ਸਨਅਤ ਨੇ 50-60 ਕਰੋੜ ਕੰਗਾਲਾਂ ਲਈ ਮਲੇਰੀਆ- ਨਾਸ਼ਕ ਦਵਾਈਆਂ ਤਿਆਰ ਕਰਨ ਦੇ ਵਾਧੂ ਦੇ ਪੰਗੇ ਤੋਂ ਕੀ ਲੈਣਾ ਹੈ ਜਦੋਂ ਉਹ ਵਿਕਸਿਤ ਦੇਸ਼ਾਂ ਦੇ ਧਨੀ ਬੁੱਢਿਆਂ ਤੇ ਹੋਰ ਖਾਸ ਵਰਗਾਂ ਲਈ ਲਾਈਫ਼ ਸਟਾਈਲ ਦਵਾਈਆਂ ਤੇ ਲੋਸ਼ਨ ਤਿਆਰ ਕਰਕੇ ਬੈਠੇ ਬਠਾਏ ਅਰਬਾਂ ਖਰਬਾਂ ਡਾਲਰ ਦਾ ਮੁਨਾਫ਼ਾ ਕਮਾ ਲੈਂਦੀ ਹੈ।

ਅਜੇ ਇਹ 'ਲਾਈਫ਼ ਸਟਾਈਲ' ਦਵਾਈਆਂ ਤੋਂ ਹੋਣ ਵਾਲੇ ਮੁਨਾਫ਼ਿਆਂ ਦੀ ਗੱਲ ਹੈ। ਅਜਿਹੀਆਂ ਹੋਰ ਵਸਤਾਂ ਦੀ ਕੋਈ ਗਿਣਤੀ ਹੀ ਨਹੀਂ ਜਿਹੜੀਆਂ ਫ਼ਾਰਮੇਸੂਟੀਕਲ, ਕਾਸਮੈਟਿਕ ਤੇ ਫ਼ੈਸ਼ਨ ਸਨਅਤਾਂ ਮਨੁੱਖੀ ਰੀਝਾਂ ਤੇ ਹਸਰਤਾਂ ਵਿਚੋਂ ਪੈਦਾ ਹੋਣ ਵਾਲੀਆਂ ਤਲਬਾਂ ਤੇ ਤਕਾਜ਼ਿਆਂ ਨੂੰ ਪੂਰਾ ਕਰਨ ਲਈ ਤਿਆਰ ਕਰਦੀਆਂ ਹਨ। ਜੇ ਇਸ ਸਮੁੱਚੀ ਤਸਵੀਰ ਨੂੰ ਧਿਆਨ ਵਿਚ ਰੱਖਿਆ ਜਾਏ ਤਾਂ ਇਹ ਗੱਲ ਸੌਖਿਆਂ ਹੀ ਸਮਝ ਆ ਜਾਂਦੀ ਹੈ ਕਿ ਇਹਨਾਂ ਸਨਅਤਾਂ ਤੇ ਧੰਦਿਆਂ ਦੀ ਪ੍ਰਫੁਲਤਾ ਮੁਨਾਫ਼ਾ-ਮੱਲੇ ਅਜੋਕੇ ਅਰਥਚਾਰਿਆਂ ਲਈ ਕਿੰਨੀ ਅਵੱਸ਼ਕ ਹੋ ਗਈ ਹੈ।

ਵਾਸਤਵ ਵਿਚ ਇਹਨਾਂ ਅਰਥਚਾਰਿਆਂ ਦੀ ਸਥਿਰਤਾ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਜਿਹੜੀਆਂ ਜ਼ਰੂਰੀ ਜਾਂ ਗ਼ੈਰ- ਜ਼ਰੂਰੀ ਵਸਤਾਂ ਇਹ ਸਨਅਤਾਂ ਤਿਆਰ ਕਰਦੀਆਂ ਹਨ, ਉਹਨਾਂ ਦੀ ਮੰਗ ਲਗਾਤਾਰ ਵਧਦੀ ਰਹੇ। 'ਵਰਚੁਅਲ ਰੀਐਲਿਟੀ' ਪੈਦਾ ਕਰ ਸਕਣ ਵਾਲੀ ਟੈਕਨਾਲੋਜੀ ਦੀ ਮਦਦ ਨਾਲ ਐਡਵਰਟਾਈਜ਼ਿੰਗ ਧੰਦੇ ਲਈ ਇਹ ਕੰਮ ਹੁਣ ਖੱਬੇ ਹੱਥ ਦੀ ਖੇਡ ਬਣ ਚੁੱਕਾ ਹੈ ਜਦ ਕਿ ਮੀਡੀਆ ਪਹਿਲਾਂ ਹੀ ਇਹਨਾਂ ਧੰਦਿਆਂ ਦੇ ਪਾਵੇ ਨਾਲ ਬੱਝਾ ਹੀ ਹੋਇਆ ਹੈ।

ਗ਼ੈਰ-ਜ਼ਰੂਰੀ ਵਸਤਾਂ ਨੂੰ ਆਵਸ਼ਕ ਲੋੜਾਂ ਦਾ ਹਿੱਸਾ ਕਿਵੇਂ ਬਣਾਇਆ ਜਾਂਦਾ ਹੈ, ਇਸ ਸਬੰਧ ਵਿਚ ਉਸ ਖ਼ਬਰ ਦਾ ਜ਼ਿਕਰ ਮੁਨਾਸਬ ਹੀ ਹੋਵੇਗਾ ਜਿਹੜੀ 'ਟਰਾਂਟੋ ਸਟਾਰ' ਦੇ ਪੱਤਰ ਪ੍ਰੇਰਕ ਮਾਰਕ ਮੈਗਨੀਅਰ ਨੇ ਪਿਛਲੇ ਦਿਨੀਂ ਜਪਾਨ ਦੇ ਸ਼ਹਿਰ ਯੋਕੋਹਾਮਾ ਤੋਂ ਭੇਜੀ ਸੀ। ਇਸ ਖ਼ਬਰ ਦਾ ਸਬੰਧ ਵੱਡੀ ਉਮਰ ਦੇ ਲੋਕਾਂ ਦੇ ਸਰੀਰ ਵਿਚੋਂ ਆਉਣ ਵਾਲੀ ਕਥਿਤ ਗੰਧ ਨਾਲ ਸੀ। ਜਪਾਨ ਦੀ ਕਾਸਮੈਟਿਕ ਫ਼ਰਮ ਸ਼ਿਸ਼ੀਦੋ ਦੀ ਖੋਜ ਅਨੁਸਾਰ 40 ਸਾਲ ਟੱਪ ਜਾਣ ਪਿਛੋਂ ਲੋਕਾਂ ਦੇ ਸਰੀਰ ਵਿਚੋਂ ਉਸੇ ਤਰ੍ਹਾਂ ਦੀ ਅਸੁਖਾਵੀਂ ਬੂ ਆਉਣ ਲੱਗ ਪੈਂਦੀ ਹੈ ਜਿਹੋ ਜਿਹੀ ਰੂੜੀ, ਚਿਰਾਂ ਤੋਂ ਬੰਦ ਕੱਚੇ ਕੋਠਿਆਂ ਜਾਂ ਮੈਲੇ ਕੱਪੜਿਆਂ ਦੀ ਪੰਡ ਵਿਚੋਂ ਆਉਂਦੀ ਹੈ। ਇਹ ਜ਼ਬਰਦਸਤ ਖੋਜ ਸ਼ਿਸ਼ੀਦੋ ਦੇ ਮੁੱਖ ਪਰਫਿਊਮਰ ਨਾਕਾਮੁਰਾ ਨੇ ਕੀਤੀ ਹੈ। ਨਾਕਾਮੁਰਾ ਦੀ ਸੁੰਘਣ ਸ਼ਕਤੀ ਏਨੀ ਤੇਜ਼ ਹੈ ਕਿ ਉਹ 2000 ਵੱਖ ਵੱਖ ਕਿਸਮ ਦੇ ਮੁਸ਼ਕਾਂ ਦੀ ਪਛਾਣ ਕਰ ਸਕਦਾ ਹੈ।

ਇਸ ਖੋਜ ਦੀ ਪੁਸ਼ਟੀ ਜਪਾਨ ਦੀ ਵਸਤਰ ਤਿਆਰ ਕਰਨ ਵਾਲੀ ਫ਼ਰਮ ਬੁਨੇਜ਼ੇ ਨੇ ਵੀ ਕੀਤੀ ਹੈ। ਇਸ ਕੰਪਨੀ ਨੇ ਪਿਛੇ ਜਿਹੇ 16 ਤੋਂ 25 ਸਾਲ ਦੀਆਂ 278 ਔਰਤਾਂ ਦਾ ਸਰਵੇਖਣ ਕੀਤਾ। ਕੰਪਨੀ ਦਾ ਕਹਿਣਾ ਹੈ 92 ਫ਼ੀ ਸਦੀ ਜਵਾਨ ਔਰਤਾਂ ਨੇ ਦੱਸਿਆ ਕਿ ਵੱਡੀ ਉਮਰ ਦੇ ਲੋਕਾਂ, ਖਾਸ ਤੌਰ 'ਤੇ ਮਰਦਾਂ ਦੇ ਸਰੀਰ ਵਿਚੋਂ ਆਉਣ ਵਾਲੀ ਸਾਹ ਘੁਟਵੀਂ ਬੂ ਸੱਚ ਮੁਚ ਬੜੀ ਗੰਭੀਰ ਸਮੱਸਿਆ ਹੈ। ਜਪਾਨ ਦੇ ਮੁੰਡੇ ਕੁੜੀਆਂ ਨੇ ਇਸ ਬੂ ਨੂੰ 'ਓਜੀਬੋ' ਜਾਂ 'ਅੰਕਲ ਗੰਧ' ਦਾ ਨਾਂ ਦੇ ਰੱਖਿਆ ਹੈ।

ਮੀਡੀਆ ਇਸ ਮਾਮਲੇ ਵਿਚ ਕਿਵੇਂ ਪਿੱਛੇ ਰਹਿ ਸਕਦਾ ਸੀ। ਜਪਾਨ ਦੇ ਸਪਤਾਹਕ ਰਸਾਲੇ 'ਬੁਨਸ਼ਨ' ਨੇ ਲਿਖਿਆ ਹੈ ਕਿ 20-22 ਸਾਲ ਦੀਆਂ ਕੁੜੀਆਂ ਦਸਦੀਆਂ ਹਨ ਕਿ ਉਹਨਾਂ ਲਈ ਵੱਡੀ ਉਮਰ ਦੇ ਆਪਣੇ ਸਬੰਧੀਆਂ ਤੇ ਸਾਥੀ ਕਰਮਚਾਰੀਆਂ ਦੇ ਸਰੀਰ ਵਿਚੋਂ ਆਉਂਦੀ ਬੂ ਨੂੰ ਸਹਾਰਨਾ ਸੱਚਮੁਚ ਔਖਾ ਹੋ ਜਾਂਦਾ ਹੈ। ਉਹ ਪੁਛਦੀਆਂ ਹਨ, "ਕੀ ਇਸ ਬੂ ਦਾ ਕੋਈ ਇਲਾਜ ਨਹੀਂ ਹੋ ਸਕਦਾ?"

ਸ਼ਿਸ਼ੀਦੋ ਦਾ ਉੱਤਰ ਹੈ, "ਕਿਉਂ ਨਹੀਂ! ਇਸ ਦਾ ਇਲਾਜ ਹੋ ਸਕਦਾ ਹੈ ਸਗੋਂ ਇੰਝ ਕਹੋ ਕਿ ਇਲਾਜ ਲੱਭ ਲਿਆ ਗਿਆ ਹੈ।"

ਇਹ ਫ਼ਰਮ ਛੇਤੀ ਹੀ ਵੱਡੀ ਉਮਰ ਦੇ ਲੋਕਾਂ ਲਈ ਵਿਸ਼ੇਸ਼ ਕਿਸਮ ਦੇ ਸ਼ੈਂਪੂ, ਪਰਫਿਊਮਾਂ, ਬਾਡੀ ਸਪਰੇਅ, ਪਾਊਡਰ ਤੇ ਡੀਓਡਰੈਂਟ ਮਾਰਕਿਟ ਵਿਚ ਲਿਆ ਰਹੀ ਹੈ।

ਕਲੋਦਿੰਗ ਫ਼ਰਮ 'ਗੁਨਜ਼ੇ' ਨੇ ਅਜਿਹੇ ਅੰਡਰਵੀਅਰ (ਕਛਹਿਰੇ) ਤਿਆਰ ਕਰ ਲਏ ਹਨ ਜਿਹੜੇ ਵਡੀ ਉਮਰ ਦੇ ਮਰਦਾਂ ਦੇ ਸਰੀਰ ਦੇ ਵਿਚਕਾਰਲੇ ਹਿੱਸੇ ਵਿਚੋਂ ਆਉਣ ਵਾਲੀ ਬੂ ਨੂੰ ਬਾਹਰ ਨਹੀਂ ਆਉਣ ਦੇਣਗੇ।

ਇਸ ਖੋਜ ਤੋਂ ਬਾਅਦ ਕਿਹੜਾ ਅਧਖੜ੍ਹ ਜਾਂ ਬਜ਼ੁਰਗ ਆਦਮੀ ਹੈ ਜਿਹੜਾ ਸ਼ਿਸ਼ੀਦੋ ਜਾਂ ਗੁਨਜ਼ੇ ਦੀਆਂ ਤਿਆਰ ਕੀਤੀਆਂ ਵਸਤਾਂ ਨਹੀਂ ਖਰੀਦੇਗਾ ਜਦੋਂ ਉਸ ਨੂੰ ਪਤਾ ਹੈ ਕਿ ਜੇ ਉਸ ਨੇ ਇਹਨਾਂ ਬੂ-ਮਾਰ ਵਸਤਾਂ ਦੀ ਵਰਤੋਂ ਨਾ ਕੀਤੀ ਤਾਂ ਕੋਈ ਜਵਾਨ ਬੀਬੀ ਉਸ ਕੋਲ ਬਹਿਣਾ ਵੀ ਪਸੰਦ ਨਹੀਂ ਕਰੇਗੀ। ਜੇ ਹੁਣ ਤੁਸੀਂ ਆਪਣੀ ਉਮਰ ਲਕੋਣਾ ਚਾਹੋਗੇ ਤਾਂ ਕਾਲੀ ਮਹਿੰਦੀ ਜਾਂ ਸ਼ੈਤਾਨ ਮਾਰਕਾ ਖ਼ਿਜ਼ਾਬ ਦੀ ਵਰਤੋਂ ਦੇ ਨਾਲ-ਨਾਲ ਤੁਹਾਡੇ ਲਈ ਬੂ-ਮਾਰ ਵਸਤਾਂ ਦਾ ਪ੍ਰਯੋਗ ਵੀ ਜ਼ਰੂਰੀ ਹੋਵੇਗਾ, ਨਹੀਂ ਤਾਂ ਲੋਕ ਤੁਹਾਨੂੰ ਸੁੰਘ ਕੇ ਵੀ ਤੁਹਾਡੀ ਉਮਰ ਲੱਭ ਲਿਆ ਕਰਨਗੇ।

ਇਸ ਸਬੰਧ ਵਿਚ ਇਕ ਹੋਰ ਖ਼ੁਸ਼ਖ਼ਬਰੀ ਇਹ ਹੈ ਕਿ ਦੱਖਣੀ ਕੋਰੀਆ ਦੀਆਂ ਤਿੰਨ ਟੈਕਸਟਾਈਲ ਫ਼ਰਮਾਂ ਨੇ 'ਖ਼ੁਸ਼ਬੂਦਾਰ ਕੱਪੜੇ' ਤਿਆਰ ਕਰ ਲਏ ਹਨ। ਇਹ ਕੱਪੜੇ ਭਾਵੇਂ ਹਰ ਉਮਰ ਦੇ ਲੋਕਾਂ ਲਈ ਇੱਕੋ ਜਿੰਨੇ ਮੁਫ਼ੀਦ ਹਨ ਪਰ ਜਪਾਨੀ ਖੋਜ ਦੀ ਰੌਸ਼ਨੀ ਵਿਚ ਬਜ਼ੁਰਗਾਂ ਲਈ ਤਾਂ ਇਹ ਵੱਡਮੁੱਲੀ

*(ਬਾਕੀ ਅਗਲੇ ਸਫੇ 'ਤੇ)*

# ਪੱਛਮ ਦੀ ਸਰਦਾਰੀ ਦੀ ਹਕੀਕਤ ਕੀ ਹੈ...

**ਪੱਛਮ ਨੂੰ ਜਾਣਬੁਝ ਕੇ ਹੱਦ ਤੋਂ ਵੱਧ ਵਡਿਆਇਆ ਗਿਆ ਹੈ। ਆਕਸਫੋਰਡ ਯੂਨੀਵਰਸਿਟੀ ਵਿਚ ਇਤਿਹਾਸ ਅਤੇ ਪੁਰਾਤੱਤਵ ਵਿਗਿਆਨ ਦੀ ਪ੍ਰੋਫੈਸਰ ਡਾ. ਜੋਜ਼ੇਫਾਈਨ ਕੁਇੰਨ ਨੇ ਆਪਣੀ ਕਿਤਾਬ 'ਹਾਉ ਦਿ ਵਲਡ ਮੇਡ ਦਿ ਵੈਸਟ' ਵਿਚ ਇਸ ਵਿਚਾਰ ਨੂੰ ਤੱਥਾਂ ਸਹਿਤ ਵੰਗਾਰਿਆ ਹੈ। ਉਸ ਨੇ ਲਿਖਿਆ ਹੈ ਕਿ ਪੱਛਮ ਦੀ ਬੌਧਿਕ, ਆਰਥਿਕ ਅਤੇ ਤਕਨੀਕੀ ਪੱਖੋਂ ਅੱਜ ਜੋ ਹਸਤੀ ਹੈ, ਉਸ ਵਿਚ ਪੂਰਬ ਦੇ ਗਿਆਨ ਦਾ ਅਹਿਮ ਯੋਗਦਾਨ ਹੈ। ਇਸ ਬਾਰੇ ਵਿਸਥਾਰ ਸਹਿਤ ਚਰਚਾ ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**

ਕੋਈ ਦਿਨ ਅਜਿਹਾ ਨਹੀਂ ਜਾਂਦਾ ਜਦੋਂ 'ਪੱਛਮ', 'ਪੱਛਮੀ ਕਦਰਾਂ', 'ਪੱਛਮੀ ਹਿੱਤਾਂ' ਦੀ ਗੱਲ ਨਾ ਹੁੰਦੀ ਹੋਵੇ। ਪੱਛਮ ਨੂੰ ਬਾਕੀ ਦੀ ਦੁਨੀਆ ਇਕ ਪਾਸੇ ਤਾਂ ਆਧੁਨਿਕਤਾ ਦਾ ਸੋਮਾ ਮੰਨਦੀ ਆਈ ਹੈ ਅਤੇ ਦੂਜੇ ਪਾਸੇ ਪੁਆੜਿਆਂ ਦੀ ਜੜ੍ਹ ਵੀ ਦੱਸਦੀ ਹੈ। 'ਪੱਛਮ' ਦਾ ਸਾਡਾ ਸੰਕਲਪ ਬੁਨਿਆਦੀ ਤੌਰ 'ਤੇ ਗੋਰੀ-ਚਿੱਟੀ ਚਮੜੀ ਵਾਲਿਆਂ ਨਾਲ ਜੁੜਿਆ ਹੋਇਆ ਹੈ, ਚਾਹੇ ਉਹ ਯੂਰਪ ਵਿਚ ਵਸੇ ਹੋਣ, ਚਾਹੇ ਅਮਰੀਕਾ-ਕੈਨੇਡਾ ਵਿਚ ਅਤੇ ਚਾਹੇ ਆਸਟਰੇਲੀਆ-ਨਿਊਜ਼ੀਲੈਂਡ ਵਿਚ। ਤੋਪਾਂ ਤੇ ਬੰਦੂਕਾਂ ਦੀ ਈਜਾਦ ਨਾਲ ਪੱਛਮ ਤਾਕਤ ਤਾਂ 15ਵੀਂ ਸਦੀ ਦੇ ਅੰਤ ਜਾਂ 16ਵੀਂ ਸਦੀ ਦੀ ਸ਼ੁਰੂਆਤ ਵੇਲੇ ਫੜਨ ਲੱਗ ਪਿਆ ਸੀ ਪਰ ਇਸ ਦਾ ਮੌਜੂਦਾ ਅਕਸ ਤੇ ਸ਼ਨਾਖਤ ਰੇਲਵੇ ਤੇ ਟੈਲੀਗ੍ਰਾਫ ਦੀ ਖੋਜ ਵਾਂਗ 19ਵੀਂ ਸਦੀ ਦੇ ਮੁੱਢ ਵਿਚ ਵਿਕਸਤ ਹੋਣੇ ਸ਼ੁਰੂ ਹੋਏ। ਪਿਛਲੀਆਂ ਦੋ ਸਦੀਆਂ ਦੌਰਾਨ ਇਸ ਨੂੰ ਅਖੰਡ ਜਾਂ ਏਕੀਕ੍ਰਿਤ ਸਭਿਅਤਾ ਵਾਲਾ ਜਾਮਾ ਇਸ ਨੇ ਖੁਦ ਨਹੀਂ ਪਹਿਨਾਇਆ, ਬਾਕੀ ਦੁਨੀਆ ਨੇ ਪਹਿਨਾਇਆ ਇਸ ਦੀ ਅਧੀਨਗੀ ਕਬੂਲ ਕਰ ਕੇ। ਪੱਛਮ ਨੇ ਤਾਂ ਇਸ ਸਰਦਾਰੀ ਨੂੰ ਚਿਰ-ਸਥਾਈ ਬਣਾਉਣ ਦੇ





ਸੁਰਿੰਦਰ ਸਿੰਘ ਤੇਜ
ਫੋਨ: +91-98555-01488


ਬਿਰਤਾਂਤ ਹੀ ਸਿਰਜੇ। ਉਸ ਨੇ ਆਪਣੀ ਸਰਦਾਰੀ ਤੇ ਬਿਹਤਰੀ ਦੀਆਂ ਜੜ੍ਹਾਂ ਪ੍ਰਾਚੀਨ ਯੂਨਾਨੀ ਤੇ ਰੋਮਨ ਸਭਿਅਤਾਵਾਂ ਵਿਚੋਂ ਲੱਭੀਆਂ, ਉਨ੍ਹਾਂ ਨੂੰ ਉਦਾਰ-ਚਿੱਤ ਰਾਜ-ਪ੍ਰਬੰਧ ਵਜੋਂ ਸੰਵਾਰ-ਸ਼ਿੰਗਾਰ ਕੇ ਪੇਸ਼ ਕੀਤਾ ਅਤੇ ਫਿਰ ਇਹ ਕਥਾਨਕ ਸਿਰਜਿਆ ਕਿ ਜੇਕਰ ਪੱਛਮ ਨਾ ਹੁੰਦਾ ਤਾਂ ਏਸ਼ੀਆ, ਅਫਰੀਕਾ ਤੇ ਦੋਵੇਂ ਅਮਰੀਕੀ ਮਹਾਂਦੀਪ ਜਾਹਿਲਾਂ ਤੇ ਜਾਂਗਲੀਆਂ ਦਾ ਜਹਾਨ ਬਣੇ ਰਹਿਣੇ ਸਨ।

ਹੁਣ ਵੀ ਦੁਨੀਆ ਭਰ ਵਿਚ ਇਹ ਪ੍ਰਭਾਵ ਆਮ ਹੀ ਹੈ ਕਿ ਵਿਗਿਆਨ, ਟੈਕਨਾਲੋਜੀ, ਫਲਸਫ਼ਾ, ਜਮਹੂਰੀਅਤ, ਪੂੰਜੀਵਾਦ ਤੇ ਸਮਾਨਤਾਵਾਦ, ਅਤਿ ਆਧੁਨਿਕ ਇਲਾਜ ਪ੍ਰਣਾਲੀਆਂ, ਆਧੁਨਿਕ ਕਲਾਵਾਂ ਤੇ ਸੁਹਜਵਾਦੀ ਸਾਹਿਤ ਵਰਗੀਆਂ ਸਾਰੀਆਂ ਵਿਧਾਵਾਂ ਪੱਛਮ ਦੀ ਹੀ ਦੇਣ ਹਨ। ਪੱਛਮ ਦੀ ਇਕਜੁੱਟ ਤਹਿਜ਼ੀਬੀ ਸ਼ਨਾਖਤ ਤੇ ਇਸ ਵਿਚੋਂ ਉਪਜੀ ਵਿਦਵਤਾ ਰਾਹੀਂ ਸਿੱਧੇ ਤੇ ਅਸਿੱਧੇ ਤੌਰ ਉਤੇ ਇਹੋ ਪ੍ਰਭਾਵ ਰਚਿਆ ਗਿਆ ਕਿ ਗੋਰੀ ਨਸਲ ਬੌਧਿਕ, ਮਨੋਵਿਗਿਆਨਕ ਤੇ ਸਭਿਆਚਾਰਕ ਪੱਖਾਂ ਤੋਂ ਬਾਕੀ ਸਾਰੀਆਂ ਨਸਲਾਂ ਤੋਂ ਬਿਹਤਰ ਹੈ ਅਤੇ ਇਸੇ ਸ੍ਰੇਸ਼ਠਤਾ ਦੀ ਬਦੌਲਤ ਇਹ ਬਾਕੀ ਨਸਲਾਂ ਉਤੇ ਰਾਜ ਕਰਨ ਦੀ ਵੀ ਹੱਕਦਾਰ ਹੈ। ਇਸੇ ਕਥਾਨਕ ਨੇ ਇਸਾਈ ਧਰਮ ਨੂੰ ਬਾਕੀ ਧਰਮਾਂ ਨਾਲੋਂ ਵੱਧ ਉਦਾਰ, ਵੱਧ ਰੌਸ਼ਨ-ਖਿਆਲ ਤੇ ਵੱਧ ਇਨਸਾਨਮੁਖੀ ਹੋਣ ਦਾ ਭਰਮ ਸਿਰਜਿਆ। ਇਹ ਭਰਮ ਹੁਣ ਵੀ ਬਰਕਰਾਰ ਹੈ।

ਇਨ੍ਹਾਂ ਸਾਰੇ ਸਿਧਾਂਤਾਂ, ਸੰਕਲਪਾਂ, ਦਾਅਵਿਆਂ ਤੇ ਭਰਮ-ਭੁਲੇਖਿਆਂ ਨੂੰ ਤਵਾਰੀਖੀ ਸੱਚਾਂ ਦਾ ਆਈਨਾ ਦਿਖਾਉਂਦੀ ਹੈ ਡਾ. ਜੋਜ਼ੇਫਾਈਨ ਕੁਇੰਨ ਦੀ ਕਿਤਾਬ 'ਹਾਉ ਦਿ ਵਲਡ ਮੇਡ ਦਿ ਵੈਸਟ' (ਦੁਨੀਆ ਨੇ 'ਪੱਛਮ' ਕਿਵੇਂ ਘੜਿਆ)। ਇਹ ਕਿਤਾਬ ਇਨਸਾਨੀ ਵਿਕਾਸ ਦੇ ਪਿਛਲੇ ਚਾਰ ਹਜ਼ਾਰ ਵਰ੍ਹਿਆਂ ਦੇ ਇਤਿਹਾਸ ਨੂੰ ਕੁੰਜੀਬੰਦ ਕਰ ਕੇ ਇਹ ਦੱਸਦੀ ਹੈ ਕਿ ਗੋਰੀ ਨਸਲ ਬਾਕੀ ਨਸਲਾਂ ਨਾਲੋਂ ਉੱਤਮ ਕਿਸੇ ਵੀ ਤਰ੍ਹਾਂ ਨਹੀਂ ਬਲਕਿ ਇਸ ਦੀ ਸਰਦਾਰੀ ਜਾਇਜ਼ ਸਿੱਧ ਕਰਨ ਲਈ ਪੱਛਮ ਇਤਿਹਾਸਕ ਤੱਤਾਂ ਤੇ ਤੱਥਾਂ ਨੂੰ ਲਗਾਤਾਰ ਛੁਪਾਉਂਦਾ ਤੇ ਝੁਠਲਾਉਂਦਾ ਰਿਹਾ ਹੈ। ਇਹ ਅਮਲ ਹੁਣ ਵੀ ਕਿਉਂ ਜਾਰੀ ਹੈ ਅਤੇ ਕਿਉਂ ਇਸ ਨੂੰ 'ਸਭਿਅਤਾਵਾਂ ਦੀ ਜੰਗ' ਵਰਗੇ ਲੇਬਲਾਂ ਰਾਹੀਂ ਜ਼ਿੰਦਾ ਰੱਖਿਆ ਹੈ,





ਕਿਤਾਬ 'ਹਾਉ ਦਿ ਵਲਡ ਮੇਡ ਦਿ ਵੈਸਟ' ਦਾ ਮੁਖੜਾ।

*ਕਿਸੇ ਪੱਛਮੀ ਵਿਦਵਾਨ ਵੱਲੋਂ ਵਿਗਿਆਨਕ ਤੇ ਇਤਿਹਾਸਕ ਸਬੂਤਾਂ ਨੂੰ ਆਧਾਰ ਬਣਾ ਕੇ ਲਿਖੀ ਗਈ ਇਹ ਕਿਤਾਬ ਪੱਛਮੀ ਹੈਂਕੜਬਾਜ਼ਾਂ ਨੂੰ ਪੂਰੀ ਤਰ੍ਹਾਂ ਮਾਯੂਸ ਕਰਨ ਵਾਲੀ ਹੈ। ਇਸੇ ਲਈ ਇਸ ਦੀ ਨੁਕਤਾਚੀਨੀ ਕਈ ਪਾਸਿਆਂ ਤੋਂ ਸ਼ੁਰੂ ਹੋ ਗਈ ਹੈ। ਡਾ. ਕੁਇੰਨ ਦਾ ਕਹਿਣਾ ਹੈ ਕਿ ਉਹ ਅਜਿਹੀ ਚੁਣੌਤੀ ਲਈ ਪਹਿਲਾਂ ਹੀ ਤਿਆਰ ਹੈ। ਉਸ ਕੋਲ ਦਲੀਲ ਦਾ ਜਵਾਬ ਦਲੀਲ ਨਾਲ ਦੇਣ ਵਾਲੀ ਸਮੱਗਰੀ ਅਤੇ ਸਬੂਤ ਮੌਜੂਦ ਹਨ। ਉਹ ਤਾਂ ਇਹ ਪਰਖਣਾ ਚਾਹੁੰਦੀ ਹੈ ਕਿ ਉਸ ਦੇ ਨੁਕਤਾਚੀਨ ਉਸ ਦੀਆਂ ਧਾਰਨਾਵਾਂ ਦੇ ਖਿਲਾਫ਼ ਕੀ-ਕੀ ਪੇਸ਼ ਕਰਦੇ ਹਨ।*



ਪੱਛਮੀ ਸਰਦਾਰੀ 'ਤੇ ਸਵਾਲ ਖੜ੍ਹਾ ਕਰਨ ਵਾਲੀ ਵਿਦਵਾਨ ਕੁਇੰਨ।

ਇਸ ਦੇ ਦ੍ਰਿਸ਼ਟਾਂਤ ਵੀ ਕਿਤਾਬ ਵਿਚ ਮੌਜੂਦ ਹਨ। ਕਿਤਾਬ ਸੈਮੂਅਲ ਹੰਟਿੰਗਟਨ ਦੀ ਲੱਖਾਂ ਦੀ ਤਾਦਾਦ ਵਿਚ ਵਿਕੀ ਕਿਤਾਬ 'ਦਿ ਕਲੈਸ਼ ਆਫ ਸਿਵਿਲਾਈਜ਼ੇਸ਼ਨਜ਼' (1996) ਅੰਦਰਲੇ ਵਿਚਾਰਾਂ ਤੇ ਉਦਾਹਰਣਾਂ ਦੀ ਚੀਰ-ਫਾੜ ਕਰ ਕੇ ਸਾਨੂੰ ਦੱਸਦੀ ਹੈ ਕਿ ਹੰਟਿੰਗਟਨ ਵਰਗੇ ਦਾਨਿਸ਼ਵਰ ਵੀ ਕਿਉਂ ਲਗਾਤਾਰ ਇਹ ਝੂਠ ਵੇਚ ਰਹੇ ਹਨ ਕਿ ਭਵਿੱਖ ਦੀਆਂ ਜੰਗਾਂ ਮੁਲਕਾਂ ਦਰਮਿਆਨ ਨਹੀਂ, 'ਪੱਛਮੀ', 'ਇਸਲਾਮੀ', 'ਅਫਰੀਕਨ' ਤੇ 'ਚੀਨੀ' ਸਭਿਅਤਾਵਾਂ ਦਰਮਿਆਨ ਹੋਣਗੀਆਂ।

ਆਕਸਫੋਰਡ ਯੂਨੀਵਰਸਿਟੀ ਵਿਚ ਇਤਿਹਾਸ ਤੇ ਪੁਰਾਤੱਤਵ ਵਿਗਿਆਨ ਦੀ ਪ੍ਰੋਫੈਸਰ ਡਾ. ਕੁਇੰਨ ਲਿਖਦੀ ਹੈ ਕਿ ਪੱਛਮ ਦੀ ਬੌਧਿਕ, ਆਰਥਿਕ ਤੇ ਤਕਨੀਕੀ ਪੱਖੋਂ ਅੱਜ ਜੋ ਹਸਤੀ ਹੈ, ਉਸ ਵਿਚ ਪੂਰਬ ਦੇ ਗਿਆਨ ਦਾ ਮਹੱਤਵਪੂਰਨ ਯੋਗਦਾਨ ਹੈ। ਉਹ ਤੱਤਾਂ ਤੇ ਤੱਥਾਂ ਦੇ ਹਵਾਲਿਆਂ ਨਾਲ ਦੱਸਦੀ ਹੈ ਕਿ ਜਿਨ੍ਹਾਂ ਯੂਨਾਨੀ ਤੇ ਰੋਮਨ ਸਭਿਅਤਾਵਾਂ ਨੂੰ ਪੱਛਮ ਆਪਣੀ ਮੌਜੂਦਾ ਤਹਿਜ਼ੀਬ ਦੀ ਬੁਨਿਆਦ ਮੰਨਦਾ ਹੈ, ਉਨ੍ਹਾਂ ਸਭਿਅਤਾਵਾਂ ਦੀਆਂ ਜੜ੍ਹਾਂ ਪੱਛਮੀ ਏਸ਼ੀਆ, ਇਰਾਨ, ਭਾਰਤ ਤੇ ਚੀਨ ਦੀਆਂ ਤਹਿਜ਼ੀਬਾਂ ਵਿਚ ਹਨ। ਦਰਅਸਲ, ਇਨਸਾਨੀ ਪ੍ਰਗਤੀ ਦਾ ਇਤਿਹਾਸ ਜੇਕਰ ਇਮਾਨਦਾਰੀ ਨਾਲ ਵਾਚਿਆ ਜਾਵੇ ਤਾਂ ਹੁਣ ਵੀ ਦੁਨੀਆ ਵਿਚ ਜੋ ਕੁਝ ਮੌਜੂਦ ਹੈ, ਉਸ ਦਾ ਬਹੁਤਾ ਹਿੱਸਾ ਯੂਰਪ ਵਿਚ ਨਹੀਂ, ਪੂਰਬ ਵਿਚ ਉਪਜਿਆ। ਚਾਰ ਹਜ਼ਾਰ ਵਰ੍ਹੇ ਪਹਿਲਾਂ ਏਸ਼ੀਆ ਖੇਤੀ, ਇਮਾਰਤਸਾਜ਼ੀ, ਆਵਾਜਾਈ, ਸ਼ਹਿਰੀ ਵਿਕਾਸ, ਸਿਹਤ-ਸੰਭਾਲ ਤੇ ਰਾਜਸੀ ਪ੍ਰਬੰਧ ਵਰਗੇ ਖੇਤਰਾਂ ਵਿਚ ਜੋ ਵਿਕਾਸ ਕਰ ਚੁੱਕਾ ਸੀ, ਉਸ ਦੇ ਮੁਕਾਬਲੇ ਯੂਰਪ ਤਾਂ ਅਜੇ ਹਨੇਰਾ-ਜਗਤ ਸੀ। ਕਿਤਾਬ ਇਸ ਹਕੀਕਤ ਦੀ ਤਰਜਮਾਨੀ ਕਰਦੀ ਹੈ ਕਿ 'ਮਾਨਸ ਕੀ ਜਾਤ' ਅਫਰੀਕਾ ਵਿਚ ਉਪਜੀ ਪਰ ਇਸ ਦਾ ਆਧੁਨਿਕ ਸਰੂਪ ਏਸ਼ੀਆ ਵਿਚ ਵਿਕਸਤ ਹੋਇਆ। ਇਸ ਜ਼ਾਤ ਨੇ ਏਸ਼ੀਆ ਤੋਂ ਹੀ ਯੂਰਪ ਵੱਲ ਪੈਰ ਵਧਾਏ ਅਤੇ ਨਾਲ ਹੀ ਮੰਗੋਲੀਆ ਤੋਂ ਸਾਇਬੇਰੀਆ ਵਰਗੇ ਘੋਰ ਬਰਫ਼ਾਨੀ ਰਸਤੇ ਰਾਹੀਂ ਅਲਾਸਕਾ ਪੁੱਜ ਕੇ ਅਮਰੀਕੀ ਮਹਾਂਦੀਪਾਂ ਵਿਚ ਇਨਸਾਨੀ ਪਰਵਾਸ ਤੇ ਵਜੂਦ ਸੰਭਵ ਬਣਾਇਆ। ਯੂਰਪ, ਅਫਰੀਕਾ ਤੇ ਏਸ਼ੀਆ ਨੂੰ 'ਜਾਂਗਲੀਪੁਣੇ' ਤੋਂ ਮੁਕਤ ਕਰਵਾ ਕੇ ਵਿਗਿਆਨਕ ਵਿਚਾਰਵਾਨਤਾ ਦੀ ਲੀਹ 'ਤੇ ਲਿਆਉਣ ਦਾ ਸਿਹਰਾ ਹਮੇਸ਼ਾ ਆਪਣੇ ਸਿਰ ਸਜਾਉਂਦਾ ਆਇਆ ਹੈ। ਉਹ ਅਮਰੀਕਾ ਨੂੰ ਦੁਨੀਆ ਦਾ ਸਭ ਤੋਂ ਤਾਕਤਵਰ ਮੁਲਕ ਬਣਾਉਣ ਜਾਂ ਸਮੁੱਚੇ ਦੱਖਣ ਅਮਰੀਕੀ ਮਹਾਂਦੀਪ ਨੂੰ ਯੂਰਪੀ ਰੰਗਤ ਦੇਣ ਦਾ ਥਾਪੜਾ ਵੀ ਖੁਦ ਨੂੰ ਦਿੰਦਾ ਆਇਆ ਹੈ ਪਰ ਕੀ ਉਹ ਅਮਰੀਕੀ ਮਹਾਂਦੀਪਾਂ ਵਿਚ ਪੰਜ ਹਜ਼ਾਰ ਸਾਲਾਂ ਤਕ ਚੱਲੇ ਏਸ਼ਿਆਈ ਪਰਵਾਸ ਦੇ ਨਾਮੋ-ਨਿਸ਼ਾਨ ਮਿਟਾਉਣ ਦਾ ਦੋਸ਼ ਵੀ ਕਬੂਲਦਾ ਹੈ? ਇਹੋ ਪੜ੍ਹਨ ਨੂੰ ਮਿਲਦਾ ਕਿ ਅਮਰੀਕਾ, ਕ੍ਰਿਸਟੋਫਰ ਕੋਲੰਬਸ ਨੇ ਖੋਜਿਆ। ਇਹ ਨਹੀਂ ਦੱਸਿਆ ਜਾਂਦਾ ਕਿ ਮੰਗੋਲੀਆ ਦੇ ਵਸਨੀਕਾਂ ਨੇ ਅਮਰੀਕਾ 7-8 ਹਜ਼ਾਰ ਵਰ੍ਹੇ ਪਹਿਲਾਂ ਖੋਜ ਲਿਆ ਸੀ।

ਨਵੇਂ ਵਿਚਾਰਾਂ ਤੇ ਨਵੇਂ ਸਬੂਤਾਂ ਕਾਰਨ ਬੜੀ ਦਿਲਚਸਪ ਹੈ ਡਾ. ਕੁਇੰਨ ਦੀ ਕਿਤਾਬ। ਇਸ ਅੰਦਰਲੇ ਕੁਝ ਅਹਿਮ ਤੱਤ-ਤੱਥ ਇਸ ਤਰ੍ਹਾਂ ਹਨ:

*ਮੱਧ ਸਾਗਰ ਰਾਹੀਂ ਵਪਾਰ ਰੋਮਨ ਸਾਮਰਾਜ (763 ਈਸਾ ਪੂਰਵ ਤੋਂ 476 ਈਸਵੀ ਤਕ) ਦੌਰਾਨ ਨਹੀਂ ਸੀ ਸ਼ੁਰੂ ਹੋਇਆ ਬਲਕਿ ਅੱਜ ਤੋਂ ਚਾਰ ਹਜ਼ਾਰ ਵਰ੍ਹੇ ਪਹਿਲਾਂ ਵੀ ਇਹ ਚੱਲ ਰਿਹਾ ਸੀ। ਦੱਖਣੀ ਭਾਰਤ ਤੋਂ ਕਾਂਸੀ ਜ਼ਮੀਨੀ ਜਾਂ ਅਰਬ ਸਾਗਰ ਦੇ ਰਸਤੇ ਪੱਛਮੀ ਏਸ਼ੀਆ ਵਿਚ ਪੁੱਜਦੀ ਸੀ। ਉੱਥੋਂ ਮੱਧ ਸਾਗਰ ਰਾਹੀਂ ਵੇਲਜ਼ ਅਤੇ ਉੱਥੋਂ ਅੱਗੇ ਸਕੈਂਡੇਨੇਵੀਆ ਤਕ ਪਹੁੰਚਦੀ ਸੀ। ਇਸ ਵਪਾਰ ਦੇ ਸਬੂਤ ਵੇਲਜ਼ ਵਿਚ ਵੀ ਮੌਜੂਦ ਹਨ ਅਤੇ ਸਵੀਡਨ ਵਿਚ ਵੀ।

*ਆਇਰਲੈਂਡ ਵਿਚ ਬਣੀਆਂ ਦੇਗਾਂ ਪੁਰਤਗਾਲ ਵਿਚ ਮਕਬੂਲ ਸਨ। ਇਨ੍ਹਾਂ ਦੇਗਾਂ ਲਈ ਕਾਂਸੀ ਤੇ ਹੋਰ ਧਾਤਾਂ ਭਾਰਤ, ਇਰਾਨ ਤੇ ਕਜ਼ਾਖਸਤਾਨ ਤੋਂ ਬਰਾਮਦ ਕੀਤੀਆਂ ਜਾਂਦੀਆਂ ਸਨ। ਆਇਰਲੈਂਡ ਸਮੁੰਦਰ 'ਚ ਘਿਰਿਆ ਹੋਇਆ ਹੈ। ਜ਼ਾਹਿਰ ਹੈ ਕਿ ਉਦੋਂ ਵੀ ਕਾਰੋਬਾਰ ਸਮੁੰਦਰ ਰਾਹੀਂ ਹੁੰਦਾ ਹੋਵੇਗਾ।

*ਪੱਛਮ ਅੰਦਰਲਾ ਵਿਕਾਸ ਬਾਹਰੀ ਪ੍ਰਭਾਵਾਂ ਤੋਂ ਮੁਕਤ ਨਹੀਂ ਸੀ। ਯੂਰਪ ਤੋਂ ਏਸ਼ੀਆ ਵੱਲ ਪਰਵਾਸ, ਕਾਰੋਬਾਰੀ ਗਤੀਸ਼ੀਲਤਾ ਅਤੇ ਖੂਨ ਦੇ ਮਿਸ਼ਰਣ ਤੋਂ ਬਚਣਾ ਭੂਗੋਲਿਕ ਸਥਿਤੀਆਂ ਤੇ ਕਾਰਨਾਂ ਕਰਕੇ ਅਸੰਭਵ ਸੀ। ਸਿੰਜਾਈ ਦੇ ਸਿਧਾਂਤ ਤੇ ਤੌਰ-ਤਰੀਕੇ 4100 ਤੋਂ 3900 ਸਾਲ ਪਹਿਲਾਂ ਤਕ ਦੀ ਅਸੀਰੀਅਨ ਸਭਿਅਤਾ ਦੀ ਦੇਣ ਸਨ। ਇਹ ਸਭਿਅਤਾ ਹੁਣ ਵਾਲੇ ਇਰਾਨ ਤੋਂ ਪੂਰਬੀ ਮਿਸਰ ਤਕ ਫੈਲੀ ਹੋਈ ਸੀ। ਇੰਜ ਹੀ, ਬੁੱਤ-ਤਰਾਸ਼ੀ ਅਤੇ ਪੱਥਰ ਉਤੇ ਨੱਕਾਸ਼ੀ ਮਿਸਰ ਤੋਂ ਯੂਰਪ ਪਹੁੰਚੀ। ਅੱਖਰਕਾਰੀ ਤੇ ਲਿੱਪੀ ਦਾ ਵਿਕਾਸ ਲੇਵੰਤ ਖਿੱਤੇ (ਅਜੋਕਾ ਸੀਰੀਆ ਤੇ ਪੱਛਮੀ ਇਰਾਕ) ਵਿਚ ਸਭ ਤੋਂ ਪਹਿਲਾਂ ਹੋਇਆ। ਕਾਨੂੰਨੀ ਜ਼ਾਬਤਾਵਾਂ ਤੇ ਸਾਹਿਤ ਮੈਸੋਪੋਟੇਮੀਆ ਵਿਚ ਪੈਦਾ ਹੋਏ ਅਤੇ ਲੋਕਤੰਤਰ ਦਾ ਸੰਕਲਪ ਭਾਰਤ ਤੋਂ ਯੂਨਾਨ ਪੁੱਜਾ ਨਾ ਕਿ ਯੂਨਾਨ ਤੋਂ ਭਾਰਤ 'ਚ। ਡਾ. ਕੁਇੰਨ ਅਨੁਸਾਰ ਭਾਰਤ ਦੇ ਕੁਝ ਹਿੱਸਿਆਂ ਵਿਚ ਹਾਕਮਾਂ ਦੀ ਚੋਣ, ਨਾਗਰਿਕ ਸਭਾ ਵੱਲੋਂ ਹੱਥ ਖੜ੍ਹੇ ਕਰ ਕੇ ਕੀਤੀ ਜਾਣ ਦੀ ਪ੍ਰਥਾ ਏਥਨਜ਼ (ਯੂਨਾਨ) ਜਾਂ ਰੋਮ ਵਿਚ ਲਾਟਰੀ ਰਾਹੀਂ ਚੋਣ ਦੀ ਵਿਧੀ ਤੋਂ ਕਿਤੇ ਬਿਹਤਰ ਸੀ।

*ਕਿਤਾਬ ਦਾ ਇਕ ਪੂਰਾ ਅਧਿਆਇ ਮੈਸੋਪੋਟੇਮੀਆ (ਅਜੋਕੇ ਇਰਾਕ ਤੇ ਆਸਪਾਸ ਦੇ ਇਲਾਕੇ) ਬਾਰੇ ਹੈ। ਇਹ ਦੱਸਦਾ ਹੈ ਕਿ ਸਿਕੰਦਰ ਦੇ ਇਰਾਨ ਤੇ ਭਾਰਤ ਉੱਤੇ ਹਮਲੇ ਤੋਂ ਹਜ਼ਾਰ ਸਾਲ ਪਹਿਲਾਂ ਮੈਸੋਪੋਟੇਮੀਆ ਦੇ ਉਰ ਹੁਕਮਰਾਨਾਂ ਨੇ ਸਨਅਤਬਾਜ਼ੀ, ਕਾਰੋਬਾਰ ਵਿਚ ਪੂੰਜੀਕਾਰੀ, ਕਾਨੂੰਨੀ ਵਿਵਸਥਾਵਾਂ, ਵਿਗਿਆਨ ਤੇ ਸਾਹਿਤ ਵਰਗੀਆਂ ਵਿਧਾਵਾਂ ਨਾ ਸਿਰਫ਼ ਵਿਕਸਤ ਕਰ ਲਈਆਂ ਸਨ ਬਲਕਿ ਲਗਾਤਾਰ ਅਜ਼ਮਾਇਸ਼ ਰਾਹੀਂ ਇਨ੍ਹਾਂ ਅੰਦਰਲੀਆਂ ਕਮੀਆਂ ਦੂਰ ਕਰਨ ਦੀ ਪ੍ਰਥਾ ਵੀ ਕਾਇਮ ਕਰ ਦਿੱਤੀ ਸੀ। ਏਸ਼ੀਆ ਅੰਦਰਲੀ ਅਜਿਹੀ ਖ਼ੁਸ਼ਹਾਲੀ ਤੇ ਅਮਨਪਸੰਦੀ ਕਾਰਨ ਹੀ ਸਿਕੰਦਰ ਇਸ ਮਹਾਂਦੀਪ 'ਤੇ ਚੜ੍ਹਾਈ ਕਰਨ ਆਇਆ, ਯੂਰਪ ਜਿੱਤਣ ਵੱਲ ਨਹੀਂ ਗਿਆ।

*ਕਿਤਾਬ ਮੁਤਾਬਿਕ ਪੱਛਮੀ ਏਸ਼ੀਆ (ਜਿਸ ਨੂੰ ਪੱਛਮ ਹੁਣ ਵੀ ਜਾਹਿਲਾਂ ਤੇ ਜਾਬਰਾਂ ਦੀ ਧਰਤੀ ਮੰਨਦਾ ਹੈ) ਆਪਣੀ ਪ੍ਰਗਤੀ ਵਾਸਤੇ ਇਰਾਨ, ਭਾਰਤ ਤੇ ਚੀਨ ਉੱਪਰ ਵੱਡੀ ਹੱਦ ਤਕ ਨਿਰਭਰ ਸੀ। ਰੇਸ਼ਮੀ ਕੱਪੜਾ, ਕਾਗਜ਼ ਤੇ ਵਿਸਫੋਟਕ ਸਮੱਗਰੀ ਚੀਨ ਤੋਂ ਪੱਛਮੀ ਏਸ਼ੀਆ ਪਹੁੰਚਦੀ ਸੀ। ਭਾਰਤ ਨੇ ਉਸ ਖੇਤਰ ਨੂੰ ਗਣਿਤ ਤੇ ਨਛੱਤਰ ਵਿਗਿਆਨ ਦਾ ਗਿਆਨ ਬਖਸ਼ਿਆ। ਯੁੱਧਨੀਤਕ ਹੁਨਰਮੰਦੀ ਇਰਾਨ ਦੀ ਦੇਣ ਸੀ। ਗਿਲਗਿਮੇਸ਼, ਇਲੀਅਡ, ਦਿ ਓਡਿਸੀ, ਇਕ ਹਜ਼ਾਰ ਇਕ ਰਾਤਾਂ ਵਰਗੀਆਂ ਅਦਬੀ ਰਚਨਾਵਾਂ ਪੱਛਮੀ ਏਸ਼ੀਆ ਜਾਂ ਦੱਖਣੀ ਏਸ਼ੀਆ ਵਿਚਲੀਆਂ ਦੰਦ-ਕਥਾਵਾਂ ਜਾਂ ਰਹੱਸਵਾਦੀ ਧਾਰਾਵਾਂ ਦੀ ਪੈਦਾਇਸ਼ ਸਨ।

*ਕਿਤਾਬ ਦਾ ਇਕ ਅਧਿਆਇ 'ਅਨੁਵਾਦ ਦੇ ਦੌਰ' ਬਾਰੇ ਹੈ। ਇਹ ਦੱਸਦਾ ਹੈ ਕਿ ਅੱਬਾਸੀ ਖਿਲਾਫ਼ਤ (ਅੱਬਾਸੀ ਖ਼ਲੀਫ਼ਿਆਂ ਦੇ ਰਾਜਕਾਲ, 750 ਤੋਂ 1258 ਈਸਵੀ) ਦੌਰਾਨ ਮੁਸਲਿਮ ਵਿਦਵਾਨਾਂ ਨੇ ਯੂਨਾਨੀ, ਭਾਰਤੀ, ਇਰਾਨੀ ਤੇ ਚੀਨੀ ਗਰੰਥਾਂ ਤੇ ਖਰੜਿਆਂ ਦਾ ਅਨੁਵਾਦ ਕੀਤਾ। ਇਹੋ ਅਨੁਵਾਦ ਅਗਲੇਰੀਆਂ ਸਦੀਆਂ ਦੌਰਾਨ ਯੂਰਪੀ ਵਿਦਵਾਨਾਂ ਵਾਸਤੇ ਏਸ਼ੀਆ ਬਾਰੇ ਗਿਆਨ ਦਾ ਦਰ ਖੋਲ੍ਹਣ ਦਾ ਸਾਧਨ ਸਿੱਧ ਹੋਇਆ।

*ਏਸ਼ੀਆ ਤੋਂ ਵਸਤਾਂ ਤੇ ਗਿਆਨ ਦੇ ਯੂਰਪ ਵੱਲ ਤਬਾਦਲੇ ਉੱਤੇ ਰੋਕ ਇਸਲਾਮਪ੍ਰਸਤਾਂ ਤੇ ਕੈਥੋਲਿਕਾਂ ਦਰਮਿਆਨ 1095 ਤੋਂ 1291 ਤਕ ਚੱਲਦੇ ਧਰਮ ਯੁੱਧਾਂ ਕਾਰਨ ਨਹੀਂ ਲੱਗੀ ਬਲਕਿ ਯੂਰਪ ਵਿਚ 1346 ਤੋਂ 1353 ਫੈਲੇ ਰਹੇ 'ਕਾਲੇ ਪਲੇਗ' ਕਾਰਨ ਲਾਗੂ ਹੋਈ। ਇਸ ਮਹਾਂਮਾਰੀ ਦੌਰਾਨ ਇਕ ਕਰੋੜ ਯੂਰਪੀ ਮੌਤ ਦਾ ਸ਼ਿਕਾਰ ਹੋਏ (ਕਈ ਸਰੋਤ ਤਾਂ ਇਹ ਗਿਣਤੀ 10 ਕਰੋੜ ਵੀ ਦੱਸਦੇ ਹਨ)। ਉਸ ਸਮੇਂ ਏਸ਼ੀਅਨਾਂ ਵਿਚ ਇਹ ਰਾਇ ਆਮ ਸੀ ਕਿ ਯੂਰਪ ਮਹਾਂਰੋਗਾਂ ਦਾ ਘਰ ਹੈ। ਉਸ ਨਾਲ ਕਿਸੇ ਵੀ ਤਰ੍ਹਾਂ ਦੀ ਸਾਂਝ ਨਹੀਂ ਰੱਖੀ ਜਾਣੀ ਚਾਹੀਦੀ। ਇਸ ਸੋਚ ਦਾ ਅਸਰ ਤਕਰੀਬਨ ਇਕ ਸਦੀ ਤਕ ਰਿਹਾ।

ਕਿਸੇ ਪੱਛਮੀ ਵਿਦਵਾਨ ਵੱਲੋਂ ਵਿਗਿਆਨਕ ਤੇ ਇਤਿਹਾਸਕ ਸਬੂਤਾਂ ਨੂੰ ਆਧਾਰ ਬਣਾ ਕੇ ਲਿਖੀ ਗਈ ਇਹ ਕਿਤਾਬ ਪੱਛਮੀ ਹੈਂਕੜਬਾਜ਼ਾਂ ਨੂੰ ਪੂਰੀ ਤਰ੍ਹਾਂ ਮਾਯੂਸ ਕਰਨ ਵਾਲੀ ਹੈ। ਇਸੇ ਲਈ ਇਸ ਦੀ ਨੁਕਤਾਚੀਨੀ ਕਈ ਪਾਸਿਆਂ ਤੋਂ ਸ਼ੁਰੂ ਹੋ ਗਈ ਹੈ। ਡਾ. ਕੁਇੰਨ ਦਾ ਕਹਿਣਾ ਹੈ ਕਿ ਉਹ ਅਜਿਹੀ ਚੁਣੌਤੀ ਲਈ ਪਹਿਲਾਂ ਹੀ ਤਿਆਰ ਹੈ। ਉਸ ਕੋਲ ਦਲੀਲ ਦਾ ਜਵਾਬ ਦਲੀਲ ਨਾਲ ਦੇਣ ਵਾਲੀ ਸਮੱਗਰੀ ਅਤੇ ਸਬੂਤ ਮੌਜੂਦ ਹਨ। ਉਹ ਤਾਂ ਇਹ ਪਰਖਣਾ ਚਾਹੁੰਦੀ ਹੈ ਕਿ ਉਸ ਦੇ ਨੁਕਤਾਚੀਨ ਉਸ ਦੀਆਂ ਧਾਰਨਾਵਾਂ ਦੇ ਖਿਲਾਫ਼ ਕੀ-ਕੀ ਪੇਸ਼ ਕਰਦੇ ਹਨ। ਕਿਤਾਬ, ਸਚਮੁੱਚ, ਪੜ੍ਹਨਯੋਗ ਹੈ।

# ਮਾਮਲਾ ਉਮਰਾਂ ਦਾ

*(ਪਿਛਲੇ ਸਫੇ ਦੀ ਬਾਕੀ)*

ਦਾਤ ਤੋਂ ਘੱਟ ਨਹੀਂ। ਹੋ ਸਕਦੈ, ਕੈਨੇਡਾ ਵਿਚ ਰਹਿੰਦੇ ਸਮੁੱਚੇ ਦੱਖਣੀ-ਏਸ਼ਿਆਈ ਪਰਵਾਸੀਆਂ ਲਈ ਇਹ ਕੱਪੜੇ ਪਾਉਣੇ ਲਾਜ਼ਮੀ ਕਰਾਰ ਦੇ ਦਿੱਤੇ ਜਾਣ ਕਿਉਂਕਿ ਏਥੋਂ ਦੇ ਲੋਕਾਂ ਨੂੰ ਇਹਨਾਂ ਪਰਵਾਸੀਆਂ ਦੇ ਕੱਪੜਿਆਂ ਵਿਚੋਂ ਤੜਕੇ ਦੀ ਬੂ ਆਉਣੋਂ ਹੀ ਨਹੀਂ ਹਟਦੀ।

ਭਾਵੇਂ ਮੈਂ ਪਹਿਲਾਂ ਕਿਸੇ ਥਾਂ ਇਹ ਲਿਖ ਚੁਕਾ ਹਾਂ ਕਿ ਉਮਰ ਨੂੰ ਲੁਕਾਉਣ ਦੇ ਜਤਨ ਬੇਸੂਦ ਹਨ ਪਰ ਜਪਾਨ ਵਿਚ ਹੋਈ ਨਵੀਂ ਧਮਾਕਾਖੇਜ਼ ਖੋਜ ਤੋਂ ਬਾਅਦ ਮੈਂ ਵੀ ਸੋਚਣ ਲੱਗ ਪਿਆ ਹਾਂ ਜੇ ਕਿਸੇ ਤਰ੍ਹਾਂ ਉਮਰ ਤੇ ਪਰਦਾ ਪੈ ਸਕੇ ਤਾਂ ਇਸ ਵਿਚ ਕੋਈ ਹਰਜ ਵੀ ਨਹੀਂ ਜਦ ਕਿ ਅਜਿਹਾ ਨਾ ਕਰਨ ਵਿਚ ਹਰਜ ਹੀ ਹਰਜ ਹੈ।

ਇਹ ਸਿਰਫ਼ ਦਵਾਸਾਜ਼ ਤੇ ਕਾਜ਼ਮੈਟਿਕ ਸਨਅਤਾਂ ਨਹੀਂ ਜਿਹੜੀਆਂ ਮਨੁੱਖ ਨੂੰ ਝੂਠੇ ਜਾਂ ਅਧਸੱਚੇ ਦਿਲਾਸੇ ਵੇਚਦੀਆਂ ਹਨ। ਮੈਡੀਸਨ, ਸਰਜਰੀ ਤੇ ਮਨੋਵਿਗਿਆਨ ਜਿਹੇ ਜਿਨ੍ਹਾਂ ਉੱਚ-ਪੇਸ਼ਿਆਂ ਦਾ ਉਦੇਸ਼ ਮਨੁੱਖ ਨੂੰ ਦੁੱਖ ਦਰਦ ਤੋਂ ਆਰਾਮ ਦੇਣਾ ਹੈ, ਉਹਨਾਂ ਨੂੰ ਵੀ ਉਹਨਾਂ ਦੇ ਅਸਲ ਰਾਹ ਤੋਂ ਖਿਚ ਕੇ ਸ਼ਿੰਗਾਰ ਦੇ ਕਾਰੋਬਾਰ ਦਾ ਸੀਰੀ ਬਣਾਇਆ ਜਾ ਰਿਹਾ ਹੈ। ਸਰਜਰੀ ਕਾਜ਼ਮੈਟਿਕਸ ਧੰਦੇ ਦਾ ਸੰਦ-ਵਲੇਵਾਂ ਬਣ ਰਹੀ ਹੈ ਤੇ ਮਨੋਵਿਗਿਆਨ ਨੂੰ ਧਾਗੇ ਤਵੀਤਾਂ ਵਰਗੇ ਕਾਲੇ ਧੰਦਿਆਂ ਦੀ ਥਾਂ ਲੈਣ ਲਈ ਕਿਹਾ ਜਾ ਰਿਹਾ ਹੈ। ਇਹ ਵੀ ਅਜੀਬ ਮਾਮਲਾ ਹੈ ਕਿ ਜਿਵੇਂ ਜਿਵੇਂ ਮਨੁੱਖ ਲਈ ਸਰੀਰਕ ਸੁਖ ਸੁਵਿਧਾ ਦੇ ਸਾਧਨ ਵਧਦੇ ਜਾਂਦੇ ਹਨ, ਉਸਦਾ ਮਾਨਸਿਕ ਉਲਾਰ ਵਿਗੜਦਾ ਜਾ ਰਿਹਾ ਹੈ। ਇਸ ਵਿਚ ਹੈਰਾਨੀ ਵਾਲੀ ਗੱਲ ਨਹੀਂ ਕਿ ਪੱਛਮ ਦੇ ਖੁਸ਼ਹਾਲ ਪਰ ਪਰੇਸ਼ਾਨ ਮਨੁੱਖ ਨੂੰ ਸ਼ਾਂਤੀ ਤੇ ਤਸਕੀਨ ਦਾ ਮਾਰਗ ਦਿਖਾਉਣ ਲਈ ਹਿੰਦੁਸਤਾਨ ਤੋਂ ਉਪਦੇਸ਼ਕ, ਯੋਗੀ, ਮਹਾਰਿਸ਼ੀ ਤੇ ਭਗਵਾਨ ਆਪਣੇ ਵਿਰਵੇ ਦੇਸ ਵਾਸੀਆਂ ਨੂੰ ਮਾਂ-ਮਹਿੱਟਰ ਛਡ ਕੇ ਧੜਾ ਧੜ ਏਧਰ ਆ ਰਹੇ ਹਨ। ਇਹ ਪ੍ਰਕਿਰਿਆ ਆਜ਼ਾਦ ਮੰਡੀ ਦੇ ਮੰਗ ਤੇ ਪੂਰਤੀ ਦੇ ਨੇਮ ਦੇ ਐਨ ਮੁਤਾਬਕ ਹੀ ਹੈ। ਕੀ ਏਥੋਂ ਇਹ ਨਤੀਜਾ ਕੱਢਣਾ ਯੋਗ ਨਹੀਂ ਹੋਵੇਗਾ ਕਿ ਧਾਰਮਿਕ ਮਹਾਂਪੁਰਖਾਂ ਦਾ ਜੀਅ ਵੀ ਖਾਂਦੇ-ਪੀਂਦੇ ਤੇ ਖੁਸ਼ਹਾਲ ਲੋਕਾਂ ਵਿਚ ਹੀ ਲਗਦਾ ਹੈ? ਤਾਂ ਵੀ ਜਿਨ੍ਹਾਂ ਪ੍ਰੇਤਾਂ ਨੇ ਵਿਕਸਿਤ ਸਮਾਜਾਂ ਦੇ ਮਨੁੱਖ ਨੂੰ ਘੇਰਿਆ ਹੋਇਆ ਹੈ ਉਹ ਪੁੰਨ-ਪਾਪ ਦੀਆਂ ਪੁਰਾਣੀਆਂ ਅਨੁਭੂਤੀਆਂ ਦੀ ਪੈਦਾਵਾਰ ਨਹੀਂ ਤੇ ਨਾ ਹੀ ਇਹਨਾਂ ਲਈ ਨਿਰੇ ਮੂਲ ਮੰਤਰ ਕਾਫ਼ੀ ਸਾਬਤ ਹੋ ਰਹੇ ਹਨ। ਜੇ ਧਾਰਮਿਕ ਉਪਦੇਸ਼ ਇਸ ਪਾਸੇ ਦੇ ਮਨੁੱਖ ਨੂੰ ਮਾਨਸਿਕ ਸੰਤੋਸ਼ ਦੇ ਸਕਦੇ ਤਾਂ ਘੱਟੋ-ਘੱਟ ਕੈਨੇਡਾ ਵਿਚ ਕੋਈ ਮਾਨਸਿਕ ਰੋਗੀ ਹੋਣਾ ਹੀ ਨਹੀਂ ਸੀ ਚਾਹੀਦਾ ਕਿਉਂਕਿ ਏਥੇ ਹਰ ਸ਼ਹਿਰ ਵਿਚ ਏਨੇ ਗਿਰਜੇ ਹਨ ਕਿ ਜਿਹਤੀ ਗੱਲ ਅਮਰੀਕਾ ਦੇ ਲੇਖਕ ਮਾਰਕ ਟਵੇਨ ਨੇ ਅੱਜ ਤੋਂ ਕੁਝ ਦਹਾਕੇ ਪਹਿਲਾਂ ਮੌਂਟਰੀਆਲ ਸ਼ਹਿਰ ਬਾਰੇ ਆਖੀ ਸੀ, ਉਹ ਬਿਨਾ ਕਿਸੇ ਅੱਤਕਥਨੀ ਦੇ ਇਸ ਦੇਸ਼ ਦੇ ਕਿਸੇ ਵੀ ਸ਼ਹਿਰ ਬਾਰੇ ਆਖੀ ਜਾ ਸਕਦੀ ਹੈ। ਉਹਨਾਂ ਕਿਹਾ ਸੀ ਜੇ ਮੌਂਟਰੀਆਲ ਦੀ ਕਿਸੇ ਵੀ ਗਲੀ ਵਿਚ ਕਿਸੇ ਵੀ ਘਰ ਦੇ ਚੁਬਾਰੇ ਦੀ ਬਾਰੀ ਵਿਚੋਂ ਇੱਟ ਵਗਾਹ ਕੇ ਮਾਰੀ ਜਾਏ ਤਾਂ ਉਹ ਨਿਸ਼ਚੇ ਹੀ ਕਿਸੇ ਗਿਰਜੇ ਵਿਚ ਜਾ ਕੇ ਵੱਜੇਗੀ। ਹੁਣ ਤਾਂ ਇਹ ਗੱਲ ਗਿਰਜਿਆਂ ਬਾਰੇ ਹੀ ਨਹੀਂ ਸਗੋਂ ਹੋਰਨਾਂ ਧਰਮਾਂ ਦੇ ਪੂਜਾ ਅਸਥਾਨਾਂ ਬਾਰੇ ਵੀ ਆਖੀ ਜਾ ਸਕਦੀ ਹੈ।

ਅਸਲ ਵਿਚ ਅੱਜ ਦੇ ਹਾਈਟੈਕ ਤੇ ਡਿਜੀਟਲ ਦੌਰ ਵਿਚ ਮਨੁੱਖ ਦੀਆਂ ਮਾਨਸਿਕ ਉਲਝਣਾਂ ਵੀ ਡਿਜੀਟਲ ਬਾਰੀਕੀ ਇਖ਼ਤਿਆਰ ਕਰ ਗਈਆਂ ਹਨ। ਇਹਨਾਂ ਦੇ ਇਲਾਜ ਲਈ ਵਹਿਮ ਪ੍ਰਸਤੀ ਨੂੰ ਵਿਗਿਆਨ ਦੀ ਪੁੱਠ ਦੇਣੀ ਜ਼ਰੂਰੀ ਹੋ ਗਈ ਹੈ। ਇਸ ਕਠਨ ਕੀਮੀਆਗਰੀ ਦਾ ਕਾਰਜ ਮੈਡੀਸਨ, ਸਰਜਰੀ ਤੇ ਮਨੋਵਿਗਿਆਨ ਤੋਂ ਇਲਾਵਾ ਹੋਰ ਕਰ ਵੀ ਕੌਣ ਸਕਦਾ ਹੈ! ਆਪਣੇ ਆਪ ਵਿਚ ਇਹ ਪੁੰਨ ਤੇ ਫਲੀਆਂ ਦਾ ਸੁੰਦਰ ਸੁਮੇਲ ਵੀ ਹੈ।


ਕਹਾਣੀ

# ਤਿੰਨ ਕੰਧਾਂ ਵਾਲਾ ਘਰ

ਡੁੱਬਦੇ ਸੂਰਜ ਦੀਆਂ ਆਖਰੀ ਕਿਰਨਾਂ ਨੇ ਗਿਰਝਾਂ ਨੂੰ ਖੰਭ ਫੜਫੜਾਉਂਦੇ ਤੱਕਿਆ।

ਪਿਛਲੇ ਦਿਨੀਂ ਹੀ ਦੁਸ਼ਮਣ ਦਾ ਗੋਲਾ ਕਾਰ ਵਿਚ ਡਿੱਗਾ ਸੀ। ਸੁੱਕੀਆਂ ਤਿੜ੍ਹਾਂ ਨੂੰ ਬੁਰਕ ਮਾਰ ਰਿਹਾ ਵੱਗ ਥਾਏਂ ਢੇਰੀ ਹੋ ਗਿਆ ਸੀ। ਚੀਥੜੇ ਹੋਇਆ ਵੱਗ ਪਤਾ ਨਹੀਂ ਪੂਰਬ ਵਾਲਿਆਂ ਦਾ ਸੀ ਕਿ ਪੱਛਮ ਵਾਲਿਆਂ ਦਾ, ਭਾਜੜ ਵਿਚ ਕਿਸੇ ਕੋਲ ਗੌਲਣ ਦਾ ਵੇਲਾ ਹੀ ਨਹੀਂ ਸੀ। ਇਹ ਗਿਰਝਾਂ ਦਾ ਜਸ਼ਨ ਸੀ। ਗਿਰਝਾਂ ਤਾਂ ਚਹੁੰ ਕੂਟਾਂ ਤੋਂ ਇਕੱਠੀਆਂ ਹੋ ਗਈਆਂ ਸਨ।

ਕਾਰ ਕੋਲੋਂ ਲੰਘਦਿਆਂ ਮੁੰਡੇ ਦੀਆਂ ਅੱਖਾਂ ਵਿਚ ਪੀੜ ਲਿਸ਼ਕੀ। ਉਸ ਕਸੀਸ ਵੱਟੀ ਅਤੇ ਘਾਹ ਦੀ ਪੰਡ ਸਿਰ ਤੋਂ ਸੁਟ ਕੇ ਪੈਰ ਵਿਚ ਖੁਭਿਆ ਕੰਡਾ ਕੱਢਣ ਬੈਠ ਗਿਆ।



ਮਰ ਰਹੀ ਧੁੱਪ ਮੁਰਦਾ ਡੰਗਰਾਂ ਦੇ ਚੂੰਡੇ ਹੋਏ ਜਿਸਮਾਂ ਤੇ ਪੈ ਰਹੀ ਸੀ। ਪੱਛਮ ਦਾ ਮੱਥਾ ਸੂਹੇ ਖੂਨ

**ਜਸਬੀਰ ਭੁੱਲਰ**

ਦੇ ਰੰਗ ਵਿਚ ਡੁੱਬ ਗਿਆ।

ਜੰਗ ਦੇ ਹਵਾੜੇ 'ਤੇ ਤਸਦੀਕ ਦੀ ਮੋਹਰ ਤਾਂ ਕਦੋਂ ਦੀ ਲੱਗ ਚੁੱਕੀ ਸੀ। ਬਹੁਤੇ ਲੋਕ ਪਿੰਡ ਖਾਲੀ ਕਰ ਗਏ ਸਨ। ਜੋ ਬਾਕੀ ਸਨ ਉਹ ਫਿਕਰਮੰਦ ਸਨ। ਮੁੰਡੇ ਨੂੰ ਕੋਈ ਫਰਕ ਨਹੀਂ ਸੀ ਪਿਆ। ਉਹ ਬੇਫਿਕਰਾ ਤਾਂ ਅੱਜ ਵੀ ਜ਼ਖੀਰੇ ਵਾਲੀਆਂ ਕਿੱਕਰਾਂ ਦੇ ਆਲ੍ਹਣਿਆਂ 'ਚੋਂ ਆਂਡੇ ਲੱਭਦਾ ਰਿਹਾ ਸੀ।

...ਤੇ ਮੌਤ ਪਿੰਡ ਵੱਲ ਸਰਕ ਰਹੀ ਸੀ।

ਕੰਡਾ ਕੱਢ ਕੇ ਉਸ ਘਾਹ ਦੀ ਪੰਡ ਸਿਰ 'ਤੇ ਰੱਖੀ ਤੇ ਤੁਰ ਪਿਆ। ਅੱਜ ਉਸ ਨੂੰ ਕੁਝ ਅਵੇਰ ਹੋ ਗਈ ਸੀ। ਮਾਂ ਨੇ ਤਾਂ ਗੁੱਸੇ ਹੋਣਾ ਹੀ ਸੀ। ਅੱਜ ਤਾਂ ਭੁੱਖੀ ਬੱਕਰੀ ਵੀ ਮਿਆਂਕ ਰਹੀ ਹੋਵੇਗੀ। ਸਰਦੀ ਉਹਦੇ ਨੰਗੇ ਪੈਰਾਂ ਨੂੰ ਚੰਬੜ ਗਈ ਸੀ। ਉਸ ਕਦਮ ਕੁਝ ਕਾਹਲੇ ਕਰ ਲਏ।

ਪਿੰਡ ਵੰਨੀਉਂ ਉਸ ਜ਼ੋਰ ਦਾ ਧਮਾਕਾ ਸੁਣਿਆਂ ਤੇ ਫੇਰ ਉਤੋੜਤੀ ਧਮਾਕਿਆਂ ਦੀ ਆਵਾਜ਼ ਕਰਦੇ ਅੱਗ ਦੇ ਕਈ ਗੋਲੇ ਵੇਖੇ। ਮਿੱਟੀ ਦੇ ਗੁਬਾਰ ਅੰਬਰ ਵੱਲ ਨੂੰ ਦੌੜੇ। ਉਹਦੇ ਸਿਰ ਤੋਂ ਘਾਹ ਦੀ ਪੰਡ ਡਿੱਗ ਪਈ।

ਸੂਰਜ ਨੇ ਅਚਨਚੇਤੀ ਰੁੱਖਾਂ ਉਹਲੇ ਝੁੰਬਲਮਾਟਾ ਮਾਰ ਲਿਆ। ਮਟਮੈਲਾ ਹਨੇਰਾ ਉਹਦੀਆਂ ਅੱਖਾਂ ਵਿਚ ਵੀ ਉਤਰ ਆਇਆ। ਉਹ ਘਬਰਾਇਆ ਹੋਇਆ ਰੋਹੀ ਵੱਲ ਤੁਰ ਪਿਆ।

ਗਿਰਝਾਂ ਵਿਚ ਚੀਕ ਚਿਹਾੜਾ ਮੱਚਿਆ ਹੋਇਆ ਸੀ। ਸ਼ਾਇਦ ਮਾਸ ਦੇ ਕਿਸੇ ਟੁਕੜੇ ਤੋਂ ਗੱਲ ਵੱਧ ਗਈ ਸੀ।

ਗਰਭਵਤੀ ਚੁੱਪ ਤੋਂ ਪਿਛੋਂ ਪਿੰਡ ਵਿਚ ਰੌਲਾ ਉੱਚਾ ਹੋ ਗਿਆ। ਉਹ ਰੁੱਕ ਗਿਆ। ਉਹ ਕਿੱਧਰ ਤੁਰ ਪਿਆ ਸੀ? ਪਿੰਡ ਵਿਚ ਉਹਦੀ ਬੁੱਢੀ ਮਾਂ ਸੀ, ਬੱਕਰੀ ਸੀ ਤੇ ਆਲੇ ਵਿਚ ਰੱਖੀਆਂ ਕੌਡੀਆਂ ਸਨ ਜਿਨ੍ਹਾਂ ਨਾਲ ਉਹ ਜਿਸਤ-ਟਾਂਕ ਖੇਡਦਾ ਰਿਹਾ ਸੀ। ਉਹ ਡੌਰ-ਭੌਰਾ ਜਿਹਾ ਫੇਰ ਪਿੰਡ ਵੱਲ ਮੁੜ ਪਿਆ।

ਹਨੇਰਾ ਅਜੇ ਪੇਤਲਾ ਸੀ। ਰਾਹੀਆਂ ਨੂੰ ਰਾਹ ਦਿਖਾਉਣ ਲਈ ਅੱਜ ਪਿੰਡ ਦਾ ਕੋਈ ਦੀਵਾ ਨਹੀਂ ਸੀ ਬਲਿਆ।

ਪੁਰਾਣੀ ਕਬਰ ਵਾਲੇ ਬੋਹੜ ਦੀ ਦਾਹੜੀ ਲਮਕ ਕੇ ਉਹਦੇ ਪੈਰਾਂ 'ਤੇ ਵਿਛੀ ਹੋਈ ਸੀ। ਦਾਹੜੀ ਦੇ ਵਿਚੋਂ ਦੀ ਜਾਂਦੀ ਪੱਗਡੰਡੀ ਦੇ ਰਾਹ ਉਹ ਰਵਾਂ-ਰਵੀਂ ਤੁਰਿਆ ਗਿਆ। ਉਹਨੂੰ ਬੁੱਢੇ ਬੋਹੜ ਦੇ ਪੱਤਿਆਂ ਵਿਚ ਲੁਕੇ ਪ੍ਰੇਤਾਂ ਦਾ ਖਿਆਲ ਤੱਕ ਵੀ ਨਹੀਂ ਆਇਆ।

ਤਕੀਏ ਕੋਲ ਪਹੁੰਚ ਕੇ ਉਸ ਵੇਖਿਆ...ਪਿੱਛੇ ਰਹਿ ਗਏ ਲੋਕ ਵੀ ਪਿੰਡ ਛੱਡ ਕੇ ਤੁਰ ਪਏ ਸਨ।

ਸੱਥ ਵਾਲੇ ਪਿੱਪਲ ਹੇਠਲਾ ਹਨੇਰਾ ਹੌਲੀ-ਹੌਲੀ ਸੈਲਾਬ ਬਣ ਕੇ ਫੈਲ ਗਿਆ। ਉਸ ਦੀ ਪਛਾਣ ਹਨੇਰੇ ਦੇ ਸੈਲਾਬ ਵਿਚ ਡੁੱਬ ਗਈ। ਹੁਣ ਉਹ ਭੀੜ ਵਿਚ ਕਿਸੇ ਨੂੰ ਵੀ ਨਹੀਂ ਸੀ ਪਛਾਣ ਸਕਦਾ। ਉਹਦੇ ਸਾਹਮਣੇ ਰੌਲੇ ਦਾ ਸਮੁੰਦਰ ਸੀ ਤੇ ਜਾਂ ਹਰਫਲੇ ਹੋਏ ਕਾਲੇ ਸਾਇਆਂ ਦਾ ਹਜੂਮ।

ਮਾਂ ਵੀ ਉੱਠ ਕੇ ਕਿਤੇ ਭੀੜ ਨਾਲ ਨਾ ਤੁਰ ਪਈ ਹੋਵੇ। ਉਸ ਫਿਕਰ ਵਿਚ ਮਾਂ ਨੂੰ ਉਤੋ-ੜਤੀ ਕਈ ਆਵਾਜ਼ਾਂ ਦਿੱਤੀਆਂ।

ਮੇਲੇ ਵਿਚ ਉਂਗਲੀ ਛੁਟ ਗਏ ਨਿਆਣੇ ਵਰਗੀ ਉਹਦੀ ਹਾਕ, ਕੁਝ ਚਿਰ ਘਬਰਾਈ ਹੋਈ ਭਟਕਦੀ ਰਹੀ ਤੇ ਫਿਰ ਕਾਫਲੇ ਦੀ ਭੀੜ ਵਿਚ ਗੁੰਮ ਹੋ ਗਈ।

+++

ਕਾਫਲੇ ਦਾ ਰੌਲਾ ਬਹੁਤ ਦੂਰ ਚਲਾ ਗਿਆ।

ਪਿੰਡ ਉਹਦੇ ਸਾਹਮਣੇ ਬੇਪਛਾਣ ਹੋਇਆ ਖੜਾ ਸੀ। ਸੁੰਨੀਆਂ ਗਲੀਆਂ, ਅੱਧ-ਢੱਠੇ ਖਾਲੀ ਮਕਾਨ ਤੇ ਭਾਂ-ਭਾਂ ਕਰਦੇ ਕੋਲੇ...,ਪਿੰਡ ਵਿਚ ਜਿਵੇਂ ਦਿਓ ਫਿਰ ਗਿਆ ਹੋਵੇ।

ਠੇਡੇ ਖਾਂਦਾ ਉਹ ਵੀਹੀ ਤੱਕ ਅਪੜਿਆ ਤਾਂ ਅਗੇ ਰਾਹ ਬੰਦ ਸੀ। ਨੁੱਕਰ ਵਾਲਾ ਮਕਾਨ ਡਿੱਗਣ ਨਾਲ ਮਲਬੇ ਨੇ ਗਲੀ ਮੱਲ ਲਈ ਸੀ।

ਉਹ ਬੇਵਸ ਜਿਹਾ ਹੋ ਕੇ ਖਲੋ ਗਿਆ।

ਮਾਂ ਭੁੱਖਣ-ਭਾਣੀ ਬੈਠੀ ਹੋਵੇਗੀ। ਬੜੀ ਅਜੀਬ ਹੈ ਮਾਂ ਵੀ। ਹਰ ਵੇਲੇ ਤੋਏ-ਫਿੱਟੇ ਕਰਦੀ ਰਹਿੰਦੀ ਹੈ, ਪਰ ਉਸ ਦੇ ਵਾਪਸ ਪਰਤਣ ਤੱਕ ਰੋਟੀ ਨਹੀਂ ਖਾਂਦੀ। ਹੰਭਲਾ ਮਾਰਨਾ ਹੀ ਪੈਣਾ ਸੀ।

ਮਲਬੇ ਦੇ ਪਹਾੜ ਵੱਲ ਅਜੇ ਉਸ ਦੋ ਕੁ ਪੈਰ ਹੀ ਪੁੱਟੇ ਸਨ ਕਿ ਕਿਸੇ ਮੁਰਦੇ ਨਾਲ ਠੋਕਰ ਖਾ ਕੇ ਅੱਗੇ ਨੂੰ ਡਿੱਗ ਪਿਆ। ਉਸਦੀ ਸੋਚ ਨੂੰ ਤਾਂ ਪਹਿਲੇ ਧਮਾਕੇ ਨਾਲ ਹੀ ਗਸ਼ ਪੈ ਗਈ ਸੀ। ਉਸ ਪਾਟੀਆਂ ਨਜ਼ਰਾਂ ਨਾਲ ਲਾਸ਼ ਦੇ ਮਿੱਧੇ ਹੋਏ ਚਿਹਰੇ ਵੱਲ ਵੇਖਿਆ ਤੇ ਅੰਗਿਆਰ ਤੋਂ ਹੱਥ ਪਿਛਾਂਹ ਖਿੱਚਣ ਵਰਗੀ ਤੇਜ਼ੀ ਨਾਲ ਲਾਸ਼ ਟੱਪ ਗਿਆ।

ਮਲਬੇ ਦੇ ਢੇਰ ਤੋਂ ਅਗਲੇ ਪਾਸੇ ਉਤਰਨ ਲੱਗਾ ਤਾਂ ਕੋਈ ਤਿੱਖੀ ਚੀਜ਼ ਉਹਦੇ ਸੱਜੇ ਪੈਰ ਵਿਚ ਪੁੜ ਗਈ। ਉਹ ਕਰਾਹ ਕੇ ਉਥੇ ਹੀ ਬੈਠ ਗਿਆ। ਸ਼ਾਇਦ ਪੈਰ ਵਿਚ ਕੱਚ ਖੁਭਿਆ ਹੋਵੇ। ਉਹਦੇ ਪੈਰ ਹੇਠਲੀ ਮਿੱਟੀ ਗਿਲੀ ਸੀ। ਉਸ ਟੋਹ ਕੇ ਵੇਖਿਆ,...ਉਹਦੇ ਪੈਰ ਵਿਚ ਕੁਝ ਵੱਜਾ ਜ਼ਰੂਰ ਸੀ, ਪਰ ਮਿੱਟੀ ਕਿਸੇ ਹੋਰ ਦੇ ਲਹੂ ਨਾਲ ਭਿੱਜੀ ਸੀ। ਨੇੜੇ ਹੀ ਮਲਬੇ ਹੇਠ ਦੱਬੀ ਪਈ ਲਾਸ਼ ਦੀਆਂ ਲੱਤਾਂ ਮਲਬੇ ਤੋਂ ਬਾਹਰ ਸਨ। ਉਹਨੇ ਲਾਸ਼ ਦੇ ਪੈਰਾਂ 'ਚੋਂ ਧੌੜੀ ਦੀ ਜੁੱਤੀ ਲਾਹ ਕੇ ਆਪਣੇ ਪੈਰੀਂ ਪਾ ਲਈ। ਜੁੱਤੀ ਉਸ ਦੇ ਨਿੱਕੇ ਪੈਰਾਂ ਲਈ ਬਹੁਤ ਖੁਲ੍ਹੀ ਸੀ ਪਰ ਹੁਣ ਉਸ ਨੂੰ ਪੈਰਾਂ ਦੇ ਸਲਾਮਤ ਰਹਿਣ ਦੀ ਤਸੱਲੀ ਸੀ।

ਭਾਰੇ ਬੂਟਾਂ ਦੀ ਚਾਪ ਏਧਰ ਨੂੰ ਤੁਰੀ ਆਉਂਦੀ ਸੁਣ ਕੇ ਉਹ ਇਕ ਕੌਲੇ ਉਹਲੇ ਸ਼ਹਿ ਗਿਆ। ਬਾਤਾਂ ਵਿਚਲੇ ਦਿਓਆਂ ਵਰਗੇ ਕਾਲੇ ਪਰਛਾਵੇਂ ਪਿੰਡ ਦੀਆਂ ਗਲੀਆਂ ਕੱਛ ਰਹੇ ਸਨ। ਕੁਝ ਪੈਰ ਕੌਲੇ ਦੇ ਲਾਗੇ ਆ ਕੇ ਰੁਕੇ ਤੇ ਕੁਝ ਅਗਾਂਹ ਨਿਕਲ ਗਏ। ਮੁੰਡੇ ਨੇ ਆਪਣੀ ਕਮੀਜ਼ ਮੂੰਹ ਵਿਚ ਲੈ ਕੇ ਚੀਕ ਮਸਾਂ ਰੋਕੀ। ਡਰ ਨਾਲ ਉਹਦੀਆਂ ਅੱਖਾਂ ਫੈਲ ਗਈਆਂ। ਆਨੇ ਹਨੇਰੇ ਵਿਚ ਚਮਕੇ। ਠੰਢ ਨਾਲ ਛਿੜਿਆ ਕਾਂਬਾ ਹੋਰ ਤੇਜ਼ ਹੋ ਗਿਆ।

'ਪਿੰਡ ਤਾਂ ਖਾਲੀ ਜਾਪਦੈ!' ਕੋਈ ਫੁਸਫੁਸਾਹਟ ਵਿਚ ਬੋਲਿਆ।

'ਕੰਮ ਦਾ ਮਾਲ ਆਪਾਂ ਨੂੰ ਫੇਰ ਵੀ ਲੱਭ ਪਊ' ਕਿਸੇ ਹੋਰ ਨੇ ਜੁਆਬ ਦਿਤਾ, 'ਆਪਾਂ ਏਸ ਗਲੀ ਨੂੰ ਚਲਦੇ ਆਂ।'

ਪੈਰਾਂ ਦੀ ਚਾਪ ਕੁਝ ਦੂਰ ਜਾਣ ਪਿਛੋਂ ਮੁੰਡੇ ਨੇ ਲੰਮਾ ਸਾਹ ਭਰਿਆ। ਸਿਰ ਚੁੱਕ ਕੇ ਉਸ ਖਤਰੇ ਦੇ ਟਲੇ ਹੋਣ ਦੀ ਬਿੜਕ ਲਈ ਤੇ ਫਿਰ ਕਾਹਲੇ ਕਦਮ ਆਪਣੀ ਪੱਤੀ ਵੱਲ ਪੁੱਟੇ।

ਕਈ ਮੋੜ ਮੁੜਨ ਪਿਛੋਂ, ਹੁਣ ਦਸਾਂ ਕੁ ਕਰਮਾਂ 'ਤੇ ਉਹਦੇ ਘਰ ਦਾ ਢੁਕਿਆ ਬੂਹਾ ਸੀ। ਢੁੱਕੇ ਬੂਹੇ ਵਿਚ ਦੀ ਰਾਹ ਬਣਾ ਕੇ ਚਾਨਣ ਦੀ ਇਕ ਕਾਤਰ ਹਨੇਰੀ ਗਲੀ ਦੇ ਦੋ ਟੋਟੇ ਕਰ ਗਈ। ਉਹਦਾ ਘਰ ਸ਼ਇਦ ਅੱਜ ਪਿੰਡ ਦਾ ਇਕੋ ਇਕ ਦੀਵੇ ਵਾਲਾ ਘਰ ਸੀ। ਘਰ ਦਾ ਬੂਹਾ ਦੇਖ ਕੇ ਉਹਦੀ ਭੁੱਖ ਜਾਗ ਪਈ। ਮਾਂ ਚੰਗੇਰ ਵਿਚ ਰੋਟੀਆਂ ਰੱਖੀ ਉਡੀਕ ਰਹੀ ਹੋਵੇਗੀ। ਅੱਜ ਤਾਂ ਖੂਬ ਗਾਹਲਾਂ ਮਿਲਣਗੀਆਂ ਮਾਂ ਤੋਂ। ਅੱਖਾਂ ਅੱਗੇ ਲਟਕਦਾ ਸਹਿਮ ਰੁੱਖ ਦੇ ਸੁੱਕੇ ਪੱਤਿਆਂ ਵਾਂਗ ਝੜ ਗਿਆ। ਜਾਪਿਆ...ਕੋਕੜੇ ਲੂਸ ਰਹੇ ਸਨ। ਜੁੱਤੀ ਲਾਹ ਕੇ ਉਹ ਨੰਗੇ ਪੈਰੀਂ ਘਰ ਵੱਲ ਭੱਜਿਆ।

ਦਰਵਾਜ਼ਾ ਚੁਪੱਟ ਖੋਹਲ ਕੇ ਅੰਦਰ ਵੜਦਿਆਂ ਉਹਦੇ ਪੈਰ ਗੱਡੇ ਗਏ।

ਉਹਨੇ ਘਬਰਾਏ ਹੋਏ ਨੇ ਪਹਿਲਾਂ ਆਪਣੇ ਵੱਲ ਤਣੀਆਂ ਦੋਹਾਂ ਰਫਲਾਂ ਵੱਲ ਵੇਖਿਆ ਤੇ ਫਿਰ ਦੈਂਤਾਂ ਵਰਗੇ ਬੰਦਿਆਂ ਵੱਲ।

'ਸਾਲੇ ਨੇ ਜਾਨ ਹੀ ਕੱਢ ਲਈ ਸੀ' ਇਕ ਨੇ ਤਸੱਲੀ ਦਾ ਸਾਹ ਭਰਦਿਆਂ ਰਾਈਫਲ ਮੁੜ ਮੋਢੇ ਨਾਲ ਲਟਕਾ ਲਈ।

ਦੂਜੇ ਨੇ ਖਿਝ ਕੇ ਰਾਈਫਲ ਦਾ ਕੁੰਦਾ ਮੁੰਡੇ ਦੀ ਵੱਖੀ ਵਿਚ ਮਾਰਿਆ। ਮੁੰਡੇ ਨੇ ਚੀਕ ਮਾਰ ਕੇ ਵੱਖੀ ਘੁੱਟ ਲਈ ਤੇ ਉਥੇ ਹੀ ਢੇਰੀ ਹੋ ਗਿਆ।

ਦੀਵੇ ਦੇ ਪੀਲੇ ਭੂਕ ਚਾਨਣ ਵਿਚ ਉਸ ਦੀਆਂ ਡੁੱਬਦੀਆਂ ਨਜ਼ਰਾਂ ਨੇ ਤਿੰਨ ਕੰਧਾਂ 'ਤੇ ਖੜੀ ਆਪਣੇ ਘਰ ਦੀ ਛੱਤ ਵੇਖੀ। ਪਿਛਲੀ ਕੰਧ ਗੋਲੇ ਦੀ ਮਾਰ ਨਾਲ ਢਹਿ ਚੁੱਕੀ ਸੀ। ਭੋਏਂ 'ਤੇ ਉਹਦੀ ਮਾਂ ਦੀ ਲਾਸ਼ ਪਈ ਸੀ। ਖੂਨ ਦੇ ਛੱਪੜ ਵਿਚ ਮਾਂ ਦਾ ਚਿਹਰਾ ਬੜਾ ਬੇਅਰਾਮ ਜਿਹਾ ਲੱਗ ਰਿਹਾ ਸੀ। ਦੀਵੇ ਦੇ ਚਾਨਣ ਨੇ ਮਾਂ ਦਾ ਚਿਹਰਾ ਹੋਰ ਜ਼ਰਦ ਕਰ ਦਿੱਤਾ ਸੀ।

'ਵਾਲੀਆਂ ਤਾਂ ਸੋਨੇ ਦੀਆਂ ਹੀ ਲੱਗਦੀਆਂ ਨੇ?' ਇਕ ਨੇ ਝੁਕ ਕੇ ਲਾਸ਼ ਦੇ ਕੰਨਾਂ ਦੀਆਂ ਵਾਲੀਆਂ ਨੂੰ ਟੋਹਿਆ ਤੇ ਬਿਨਾਂ ਆਪਣੇ ਸਾਥੀ ਦਾ ਹੁੰਗਾਰਾ ਉਡੀਕੇ ਜ਼ੋਰ ਦੀ ਆਪਣੇ ਵੱਲ ਝਟਕਾ ਦਿਤਾ।

ਮੁੰਡੇ ਨੇ ਮਾਸ ਦੇ ਕਰਚ ਕਰਚ ਕਰਕੇ ਚੀਰੇ ਜਾਣ ਦੀ ਆਵਾਜ਼ ਦੋ ਵਾਰ ਸੁਣੀ। ਅੱਖਾਂ ਸਾਹਵੇਂ ਫੈਲ ਗਏ ਤਿਰਵਰੇ ਵਿਚ ਉਹਨੇ ਮਾਂ ਦੇ ਬੁੱਚੇ ਕੰਨਾਂ ਵੱਲ ਵੇਖਿਆ ਤੇ ਫਿਰ ਘੁੱਪ ਹਨੇਰੇ ਵਿਚ ਲਹਿ ਗਿਆ।

+++

ਜਗੂੰ-ਬੁਝੂੰ ਕਰਦਾ ਦੀਵਾ ਮੁੰਡੇ ਦੀ ਹੋਸ਼ ਪਰਤਣ ਤੱਕ ਵੀ ਬਲ ਰਿਹਾ ਸੀ। ਉਸ ਲੰਮੇ ਪਏ



ਪਏ ਨੇ ਅੱਖਾਂ ਚੁਫੇਰੇ ਘੁਮਾਈਆਂ। ਡਿਗੀ ਕੰਧ ਵਾਲੇ ਪਾਸਿਓਂ ਦੀਵੇ ਨੂੰ ਹਵਾ ਪੈ ਰਹੀ ਸੀ। ਡੁੱਬਦੇ-ਤਰਦੇ ਪਰਛਾਵਿਆਂ ਵਿਚ ਮਾਂ ਦਾ ਚਿਹਰਾ ਬੜਾ ਭਿਆਨਕ ਲੱਗ ਰਿਹਾ ਸੀ। ਉਸਦੀ ਲਾਸ਼ ਉਥੇ ਹੀ ਪਈ ਸੀ। ਖੂਨ ਦਾ ਛੱਪੜ ਕਾਲਾ ਪੈ ਚੁੱਕਿਆ ਸੀ। ਰੋਟੀਆਂ ਵਾਲੀ ਚੰਗੇਰ ਅੱਧੀ ਕੁ ਮਲਬੇ ਹੇਠ ਸੀ ਤੇ ਅੱਧੀ ਕੁ ਬਾਹਰ। ਬੱਕਰੀ ਦਾ ਕਿਤੇ ਕੋਈ ਨਾਂ ਥੇਹ ਨਹੀਂ ਸੀ। ਮੁੰਡੇ ਦੀ ਵੱਖੀ ਅਜੇ ਵੀ ਦਰਦ ਕਰ ਰਹੀ ਸੀ। ਉਸ ਵੱਖੀ ਘੁੱਟੀ ਤੇ ਉਠ ਕੇ ਬੈਠ ਗਿਆ। ਤਿੰਨ ਕੰਧਾਂ ਵਾਲੇ ਘਰ ਵਿਚ ਉਸਨੂੰ ਖਤਰਾ ਮਹਿਸੂਸ ਹੋ ਰਿਹਾ ਸੀ। ਕੂਰ ਅੱਖਾਂ ਜਿਵੇਂ ਕੰਧਾਂ ਵਿਚ ਵੀ ਉੱਗ ਆਈਆਂ ਸਨ। ਦੀਵੇ ਦੀ ਕੰਬਦੀ ਲੋਅ ਵੱਲ ਵੇਖਦਿਆਂ, ਡਰ ਨੁੱਕਰਾਂ ਦੇ ਹਨੇਰੇ ਵਾਂਗੂ ਉਹਦੀਆਂ ਅੱਖਾਂ ਵਿਚ ਇਕੱਠਾ ਹੋ ਗਿਆ। ਆਪਣੇ ਪਿੱਛੇ ਦਰਵਾਜ਼ਾ ਖੁਲ੍ਹਾ ਛੱਡ ਕੇ ਉਹ ਫੇਰ ਬਾਹਰ ਨੂੰ ਤੁਰ ਪਿਆ।

ਬਾਹਰ ਕੋਹਰਾ ਫੈਲ ਚੁੱਕਿਆ ਸੀ। ਧੁੰਧ ਦੇ ਨਾਲ ਫਿਜ਼ਾ ਵਿਚ ਨਮੀਂ ਵੀ ਲਟਕ ਰਹੀ ਸੀ। ਦੂਧੀਆ ਹਨੇਰੇ ਵਿਚ ਮੌਤ ਦੇ ਪਰਛਾਵੇਂ ਧਮੱਚੜ ਪਾ ਰਹੇ ਸਨ। ਸਰਦੀ ਉਹਦੇ ਪਾਟੇ ਸਵੈਟਰ ਵਿਚ ਦੀ ਰਾਹ ਬਣਾ ਗਈ। ਉਸ ਵੱਖੀ ਨੂੰ ਘੁੱਟਿਆ ਤੇ ਮੌਤ ਦੇ ਪਰਛਾਵਿਆਂ ਦੀ ਆੜ ਵਿਚ ਤੁਰਿਆ ਗਿਆ। ਉਸ ਦਾ ਦੰਦੋੜਿਕਾ ਵੱਜਣ ਲੱਗ ਪਿਆ ਸੀ। ਵੱਖੀ ਛੱਡ ਕੇ ਉਸ ਆਪਣੇ ਹੱਥ ਕੱਛਾਂ ਵਿਚ ਦੇ ਲਏ ਤੇ ਆਪਣੇ ਆੜੀ ਦੌਲੀ ਦੇ ਘਰ ਵੜ ਗਿਆ। ਪਿੰਡ ਖਾਲੀ ਹੋਣ ਵੇਲੇ ਵੀ ਦੌਲੀ ਦਾ ਟੱਬਰ ਟਿਕਿਆ ਰਹਿ ਗਿਆ ਸੀ, ਸ਼ਾਇਦ ਹੁਣ ਵੀ ਕੋਈ ਜੀਅ ਬਾਕੀ ਹੋਵੇ। ਉਹਨੂੰ ਬੜਾ ਆਸਰਾ ਹੋ ਜਾਣਾ ਸੀ।

ਸੁਫੇ ਵਿਚ ਦੀਵਾ ਬਲ ਰਿਹਾ ਸੀ। ਉਹ ਠਠੰਬਰ ਕੇ ਖਲੋ ਗਿਆ। ਅੱਜ ਉਹਨੂੰ ਚਾਨਣ ਤੋਂ ਬੜਾ ਡਰ ਲੱਗਣ ਲੱਗ ਪਿਆ ਸੀ। ਅਚਾਨਕ ਦਰਵਾਜ਼ੇ ਦੀਆਂ ਝੀਤਾਂ ਥਾਣੀ ਵਹਿਸ਼ਤ ਦੇ ਬੋਲ ਵਿਹੜੇ ਵਿਚ ਖਿੰਡ ਗਏ, '...ਕੁਲੱਗਦੀ ਵੀਰਾਂ ਦੀ,...ਇਹ ਸਾਰੇ ਤੇਰੇ ਖਸਮ ਖੜੇ ਨੇ...ਲਾਹ ਦੇ ਲੱਲਾ ਪੱਲਾ...।'

ਮੁੰਡੇ ਨੇ ਸੁਫੇ ਦੀ ਖਿੜਕੀ ਨਾਲ ਅੱਖਾਂ ਲਾ ਲਈਆਂ। ਤਿੰਨ ਫੌਜੀ ਦੌਲੀ ਦੀ ਭੈਣ ਦੁਆਲੇ ਹੋਏ ਖੜੇ ਸਨ। ਉਹ ਬੁੱਕੀਂ ਰੋਂਦੀ ਤਰਲੇ ਲੈ ਰਹੀ ਸੀ। ਇਕ ਨੇ ਉਹਦੇ ਉਤੇ ਲਈ ਹੋਈ ਲੋਈ ਖਿੱਚ ਲਈ! ਦੂਜੇ ਨੇ ਅਗਾਂਹ ਹੋ ਕੇ ਉਹਦੇ ਗਲਮੇਂ ਵਿਚ ਹੱਥ ਪਾ ਲਿਆ ਤੇ ਕਮੀਜ਼ ਨੂੰ ਲੀਰਾਂ ਕਰਦਾ ਹੇਠਾਂ ਤੱਕ ਲੈ ਗਿਆ। ਅਗਲੇ ਪਾਸੇ ਹੱਥ ਰੱਖਦੀ ਉਹ ਥਾਏਂ ਸੁੰਗੜ ਗਈ।

ਇਹ ਕੀ ਹੋ ਰਿਹਾ ਸੀ? ਮੁੰਡੇ ਨੂੰ ਕੁਝ ਸਮਝ ਨਹੀਂ ਸੀ ਆ ਰਹੀ। ਅੱਜ ਤਾਂ ਜੋ ਕੁਝ ਵੀ ਵੇਖਿਆ ਸੀ, ਉਸ ਦੀ ਛੋਟੀ ਸਮਝ ਤੋਂ ਬਾਹਰ ਸੀ। ਉਹ ਝੀਤਾਂ ਨਾਲ ਅੱਖਾਂ ਲਾਈ ਅਜੀਬ ਜਿਹੇ ਛੱਪੇ ਵਿਚ ਬੈਠਾ ਰਿਹਾ।

ਪਿਛਲੇ ਪਾਸਿਓਂ ਕਿਸੇ ਨੇ ਉਸਦੀ ਸੰਘੀ ਆ ਨੱਪੀ। ਦਹਿਸ਼ਤ ਦੇ ਗਲਬੇ ਵਿਚ ਉਹਨੂੰ ਖਿਆਲ ਹੀ ਨਹੀਂ ਸੀ ਆਇਆ ਕਿ ਉਹ ਜਸ਼ਨ ਵਿਚ ਸ਼ਾਮਲ ਨਹੀਂ ਸੀ। ਤਿੰਨਾਂ ਫੌਜੀਆਂ ਵਿਚੋਂ ਇਕ ਅੰਦਰ ਰਹਿ ਗਿਆ ਸੀ ਤੇ ਦੋ ਬਾਹਰ ਆ ਗਏ ਸਨ।

ਫੌਜੀ ਨੇ ਉਸਨੂੰ ਗਲਮੇਂ ਤੋਂ ਫੜ ਕੇ ਇਕ ਵਾਰ ਉਤਾਂਹ ਚੁੱਕਿਆ ਤੇ ਫਿਰ ਜ਼ਮੀਨ ਤੇ ਪਟਕਦਿਆਂ ਆਪਣੀ ਰਾਈਫਲ ਸਿੱਧੀ ਕਰ ਲਈ।

'ਨਈਂ,...ਨਈਂ,...ਮੈਨੂੰ ਨਾ ਮਾਰੋ।' ਸਰਦੀ ਨਾਲ ਸੁੰਨ ਹੋਇਆ ਸਰੀਰ ਜਿਵੇਂ ਤੱਤੀ ਲੋਹ 'ਤੇ ਡਿੱਗ ਪਿਆ। ਖੱਬਾ ਹੱਥ ਜ਼ਮੀਨ 'ਤੇ ਰੱਖਦਿਆਂ ਉਹ ਪਿਛਾਂਹ ਨੂੰ ਖਿਸਕਿਆ ਤੇ ਸੱਜਾ ਹੱਥ ਉਪਰ ਨੂੰ ਉਠਾਉਂਦਿਆਂ ਤਰਲਾ ਲਿਆ, '...ਮੈਨੂੰ ਨਾ ਮਾਰੋ।'

'ਇਹਨੂੰ ਵੀ ਉਸੇ ਵਾੜੇ ਵਿਚ ਬੰਦ ਕਰ ਆ। ਬਾਅਦ ਵਿਚ ਇਕੱਠਿਆਂ ਨਾਲ ਹੀ ਨਜਿੱਠਾਂਗੇ।' ਦੂਜੇ ਨੇ ਹੁਕਮਨ ਲਹਿਜੇ ਵਿਚ ਪਹਿਲੇ ਨੂੰ ਆਖਿਆ।

ਵਾੜੇ ਵਿਚ ਮੇਂਗਣਾਂ ਦੀ ਤਿੱਖੀ ਮੁਸ਼ਕ ਸੀ।

ਉਥੇ ਹੋਰ ਵੀ ਬਹੁਤ ਨਿਆਣੇ ਬੰਦ ਸਨ। ਉਹ ਸਾਰੇ ਗੁੱਛਾ-ਮੁੱਛਾ ਹੋਏ ਇਕ ਦੂਜੇ ਨਾਲ ਢੁਕ-ਢੁਕ ਬੈਠੇ ਸਨ। ਉਨ੍ਹਾਂ ਇਕ ਵਾਰ ਧੌਣ ਉਤਾਂਹ ਚੁੱਕ ਕੇ ਉਹਦੇ ਵੱਲ ਵੇਖਿਆ ਤੇ ਫਿਰ ਧੌਣਾਂ ਹੇਠਾਂ ਸੁੱਟ ਲਈਆਂ।

ਹਨੇਰੇ ਵਿਚ ਉਹ ਸਾਰਿਆਂ ਦੇ ਚਿਹਰੇ ਨਹੀਂ ਸੀ ਵੇਖ ਸਕਦਾ, ਪਰ ਲਾਗੇ ਬੈਠਿਆਂ ਨੂੰ ਪਛਾਣਦਾ ਸੀ। ਉਹ ਸਾਰੇ ਉਹਦੇ ਪਿੰਡ ਦੇ ਹੀ ਸਨ।

ਮੁੰਡੇ ਨੂੰ ਛੱਡਣ ਆਏ ਨੇ ਇਕ-ਦੋ ਮਿੰਟ ਸੰਤਰੀਆਂ ਨਾਲ ਗੱਲਾਂ ਕੀਤੀਆਂ ਤੇ ਫਿਰ ਵਾਪਸ ਪਰਤ ਗਿਆ।

ਇਕ ਸੰਤਰੀ ਨੇ ਵਾੜੇ ਦਾ ਛਾਪਾ ਖਿੱਚ ਲਿਆ ਤੇ ਆਪਣੇ ਭਾਰੇ ਬੂਟਾਂ ਨਾਲ ਤੋੜਦਿਆਂ ਖਿਝ ਕੇ ਬੋਲਿਆ, 'ਆਪ ਸਾਲੇ ਰੰਗ-ਰਲੀਆਂ ਵਿਚ ਰੁਝੇ ਹੋਏ ਨੇ ਤੇ ਅਸੀਂ ਇਸ ਕਤੀੜ ਦੀ ਰਾਖੀ...।'

ਦੂਜੇ ਸੰਤਰੀ ਨੇ ਪੈਰਾਂ ਭਾਰ ਬੈਠ ਕੇ ਛਾਪੇ ਨੂੰ ਅੱਗ ਲਾ ਦਿਤੀ ਤੇ ਫਿਰ ਮਾਚਸ ਜੇਬ ਵਿਚ ਪਾ ਕੇ ਉਂਜ ਹੀ ਬੈਠਾ ਰਿਹਾ।

ਦੂਰ ਬੈਠੇ ਨਿਆਣਿਆਂ ਨੇ ਨਿੱਘ ਦੇ ਅਹਿਸਾਸ ਲਈ ਅੱਗ ਵੱਲ ਮੂੰਹ ਮੋੜ ਲਿਆ। ਡੁਸਕ ਰਹੇ ਨਿਆਣੇ ਇਕ ਪਲ ਲਈ ਚੁੱਪ ਕਰ ਗਏ।

'ਆਪਾਂ ਇਨ੍ਹਾਂ ਵਿਚੋਂ ਹੀ ਕੋਈ ਚੱਜ ਦਾ ਮੁੰਡਾ ਲੱਭ ਕੇ...।' ਪਹਿਲੇ ਨੇ ਗੱਲ ਅੱਧੀ ਰਹਿਣ ਦਿਤੀ।

'ਚੱਜ ਦਾ ਵੀ ਕਿਹੜਾ ਕਿਸੇ ਰਹਿਣ ਦਿਤਾ ਏ। ਉਹ ਤਾਂ ਛਾਂਟ ਕੇ ਪਹਿਲਾਂ ਹੀ...।'

'ਫੇਰ...?'

'ਭਲਕ ਨੂੰ ਇਨ੍ਹਾਂ ਦੀ ਜ਼ਿੰਮੇਵਾਰੀ ਵੀ ਆਪਣੇ ਸਿਰ ਹੀ ਪੈਣੀ ਆਂ। ਆਪਣੀ ਜਾਨ ਤਾਂ ਪਹਿਲੋਂ ਹੀ...।'

'ਆਪਣੇ ਕੱਢਣ-ਪਾਉਣ ਨੂੰ ਫਿਰ ਕੀ ਐ? ...ਭੁੰਨ ਦਿੰਨੇ ਆਂ...।'

'ਨਹੀਂ,...ਗੋਲੀਆਂ ਖਰਾਬ ਨਾ ਕਰੀਏ। ਪਿਛਲੇ ਪਾਸਿਓਂ ਵੇਲੇ ਸਿਰ ਸਿੱਕਾ ਪਹੁੰਚੇ, ਨਾ ਪਹੁੰਚੇ।'

'ਤੂੰ ਇਕ-ਅੱਧ ਗੋਲੀ ਦਾ ਕੌੜਾ ਘੁੱਟ ਕਰ ਹੀ ਲੈਣ ਦੇਹ, ਨਹੀਂ ਤਾਂ ਇਹ ਫੇਰ ਵਾਪਸ ਮੁੜ ਆਉਣਗੇ।'

ਆਪਣੇ ਸਾਥੀ ਦਾ ਹੁੰਗਾਰਾ ਉਡੀਕੇ ਬਿਨਾਂ ਉਹ ਨਿਆਣਿਆਂ ਨੂੰ ਮੁਖ਼ਾਤਬ ਹੋਇਆ, 'ਮੈਂ ਵਾੜੇ ਦਾ ਮੂੰਹ ਖੋਲਣ ਲੱਗਾਂ। ਇਹ ਰਾਹ ਤੁਹਾਡੇ ਅਗਲੇ ਪਿੰਡਾਂ ਨੂੰ ਜਾਂਦਾ। ਸਿੱਧੇ ਤੁੱਕ ਤੁਰੇ ਜਾਇਓ।...ਪਿਛਾਂਹ ਭੌਂ ਕੇ ਨਾ ਵੇਖਿਓ।... ਜੇ ਮੇਰੇ ਦਸ ਗਿਣਦਿਆਂ ਤੱਕ ਕੋਈ ਦੀਹਦਾ ਰਹਿ ਗਿਆ ਤਾਂ ਐਸ ਰਫਲ ਨੇ ਉਹਨੂੰ ਨਹੀਂ ਜੇ ਛੱਡਣਾ।'

ਉਹ ਭੇਡਾਂ ਵਾਂਗ ਹੀ ਧੱਕੇ ਦਿੰਦੇ ਹੋਏ ਬਾਹਰ ਨੂੰ ਦੌੜੇ।

ਇਕ!...ਦੋ!...ਤਿੰਨ!...ਗਿਣਤੀ ਉਹਦੇ ਮੂੰਹ ਵਿਚ ਹੀ ਡੁੱਬ ਗਈ। ਗੋਲੀ ਦੀ ਆਵਾਜ਼ ਨੇ ਹਨੇਰੇ ਦੀ ਛਾਤੀ ਚੀਰ ਦਿਤੀ। ਸੱਥ ਵਾਲੇ ਪਿੱਪਲ 'ਤੇ ਬੈਠੇ ਪੰਛੀਆਂ ਨੇ ਪਰ ਫੜਫੜਾਏ। ਕਬਰ ਵਾਲੇ ਬੁੱਢੇ ਬੋਹੜ ਦੇ ਚਮਗਿਦੜ ਬੇਚੈਨ ਹੋ ਗਏ। ਮੁੰਡੇ ਦੇ ਨਾਲ ਭੱਜੇ ਜਾਂਦੇ ਵੈਲੀਆਂ ਦੇ ਘੁੰਨੇ ਦੀ ਚੀਕ ਉਠਦੀ ਹੀ ਸੌਂ ਗਈ। ਉਹ ਜ਼ਮੀਨ 'ਤੇ ਡਿਗਦਾ ਹੀ ਠੰਢਾ ਹੋ ਗਿਆ। ਦੂਰੋਂ ਆਉਂਦੀਆਂ ਗੋਲੀਆਂ ਦੀਆਂ ਆਵਾਜ਼ਾਂ ਇਕ ਪਲ ਲਈ ਚੁੱਪ ਹੋ ਗਈਆਂ ਜਾਪੀਆਂ। ਨਿਆਣੇ ਇਕ ਛਿਣ ਲਈ ਠਠੰਬਰ ਕੇ ਖਲੋ ਗਏ ਤੇ ਫੇਰ ਆਪਣੀ ਪੂਰੀ ਤਾਕਤ ਨਾਲ ਦੌੜੇ। ਵਹਿਸ਼ੀ ਹਾਸਾ ਸੁਰਖਰੂ ਹੋ ਕੇ ਅੱਗ ਸੇਕਣ ਬੈਠ ਗਿਆ।

+++

ਉਸ ਸੁੰਨ ਹੋਏ ਪੈਰਾਂ ਨੂੰ ਆਪਣੇ ਹੱਥਾਂ ਨਾਲ ਮਲਿਆ ਤੇ ਫੇਰ ਹੱਥ ਕੱਛਾਂ ਵਿਚ ਦੇ ਲਏ। ਮੁਰਦੇ ਦੇ ਪੈਰਾਂ 'ਚੋਂ ਲਾਹੀ ਜੁੱਤੀ ਉਹਨੂੰ ਬੜੀ ਯਾਦ ਆਈ।

ਸਰਕੜੇ ਵਿਚ ਦੀ ਗੁਜ਼ਰਦੀ ਹਵਾ ਦਾ ਸ਼ੋਰ ਜੰਗੀ ਹਥਿਆਰਾਂ ਦੇ ਰੌਲੇ ਵਿਚ, ਕਿਸੇ ਜੰਗਲੀ ਕਬੀਲੇ ਦੇ ਬਲੀ ਵੇਲੇ ਵੱਜਦੇ ਸਾਜ਼ਾਂ ਦੇ ਸ਼ੋਰ ਵਰਗਾ ਸੀ। ਉਸ ਘਬਰਾ ਕੇ ਸੱਜੇ-ਖੱਬੇ ਵੇਖਿਆ। ਉਸ ਦੇ ਸਾਥੀ ਪਤਾ ਨਹੀਂ ਕਿਧਰ ਖਿੰਡ-ਪੁੰਡ ਗਏ ਸਨ। ਉਹ ਫਿਰ ਇਕੱਲਾ ਰਹਿ ਗਿਆ ਸੀ।

ਉਹ ਖਲੋ ਗਿਆ। ਉਹ ਕਿਧਰ ਜਾ ਰਿਹਾ ਸੀ ਆਖਰ? ਕੋਈ ਕਿਧਰ ਜਾ ਸਕਦਾ ਹੈ ਭਲਾ? ਇਸ ਵੇਲੇ ਤਾਂ ਹਰ ਕੋਈ ਘਰ ਹੁੰਦਾ ਹੈ। ਹਰ ਸ਼ਾਮ ਪੰਛੀ ਵੀ ਤਾਂ ਰੁੱਖਾਂ ਵੱਲ ਪਰਤ ਆਉਂਦੇ ਹਨ। ਇਕ ਦਿਨ ਉਹ ਆਲ੍ਹਣਿਆਂ 'ਚੋਂ ਆਂਡੇ ਲੱਭਦਾ ਆਪਣੀ ਧੌੜੀ ਦੀ ਜੁੱਤੀ ਗਵਾ ਆਇਆ ਸੀ। ਮਾਂ ਗੁੱਸੇ ਵਿਚ ਚੀਖੀ ਸੀ, '...ਨਿੱਤ ਨਵਾਂ ਜੋੜਾ ਮੈਂ ਤੈਨੂੰ ਕਿਥੋਂ ਲਿਆ ਦਿਆਂ?...ਦਫਾ ਹੋ ਜਾਹ ਇਥੋਂ!...ਜੁੱਤੀ ਲੱਭ ਕੇ ਘਰ ਮੁੜੀਂ।' ਤਪਦੀ ਦੁਪਹਿਰ ਉਹ ਢਾਏ ਕੱਛਦਾ ਰਿਹਾ ਸੀ ਤੇ ਸ਼ਾਮੀਂ ਨੰਗੇ ਪੈਰੀਂ ਪਿੰਡ ਪਰਤਣ ਵੇਲੇ ਉਹਨੂੰ ਪਤਾ ਸੀ,...ਉਹ ਹੋਰ ਕਿਧਰੇ ਨਹੀਂ ਸੀ ਜਾ ਸਕਦਾ ਉਹਨੇ ਘਰ ਹੀ ਪਰਤਣਾ ਸੀ। ਹਰ ਕੋਈ ਘਰ ਹੀ ਪਰਤਦਾ ਹੈ।

ਉਹ ਫੇਰ ਪਿੰਡ ਵੱਲ ਤੁਰ ਪਿਆ।

ਉਹਨੂੰ ਲਹੂ ਦੇ ਛੱਪੜ ਵਿਚ ਡੁੱਬ ਗਈ ਮੱਮਤਾ ਦਾ ਚਿਹਰਾ ਯਾਦ ਆਇਆ। ...ਸ਼ਾਇਦ ਮਾਂ ਜਿਊਂਦੀ ਹੀ ਹੋਵੇ। ਉਹਨੂੰ ਆਉਣ ਲੱਗਿਆਂ ਮਾਂ ਉਤੇ ਕੋਈ ਗਰਮ ਕੱਪੜਾ ਦੇ ਕੇ ਆਉਣਾ ਚਾਹੀਦਾ ਸੀ। ਉਹਨੂੰ ਘਰੋਂ ਭੱਜ ਆਉਣ ਦਾ ਪਛਤਾਵਾ ਹੋ ਰਿਹਾ ਸੀ। ਆਪਣੇ ਘਰੋਂ ਵੀ ਕੋਈ ਭੱਜਦਾ ਹੈ ਭਲਾ!

ਪਿੰਡ ਵਿਚ ਪਹਿਲਾਂ ਵਰਗੀ ਹੀ ਸੁਖ-ਸਾਂਦ ਸੀ।

ਗਲੀਆਂ ਸੁੰਨੀਆਂ ਸਨ ਪਰ ਰਾਤ ਜਾਗਦੀ ਸੀ। ਜਿਹੜਾ ਬੂਹਾ ਉਹ ਆਪਣੇ ਪਿੱਛੇ ਖੁਲ੍ਹਾ ਛੱਡ ਗਿਆ ਸੀ, ਇਸ ਵੇਲੇ ਢੁਕਿਆ ਹੋਇਆ ਸੀ। ਢੁਕੇ ਬੂਹੇ ਸਾਹਮਣੇ ਸਮਾਨ ਦਾ ਖਿਲਾਰਾ ਵੇਖ ਕੇ ਉਹ ਰੁਕ ਗਿਆ। ਉਸ ਇਕ ਵਾਰ ਖਿਲਾਰੇ ਵੱਲ ਵੇਖਿਆ ਤੇ ਫਿਰ ਢੁਕੇ ਬੂਹੇ ਉਹਲੇ ਗੁੰਮ ਹੋ ਰਹੇ ਕਾਲੇ ਧੱਬਿਆਂ ਵੱਲ। ਉਸ ਨਿਉਂ ਕੇ ਇਕ ਧੱਬੇ ਨੂੰ ਹੱਥ ਲਾਇਆ। ਲਹੂ ਦੀ ਚਿਪਚਿਪਾਹਟ ਉਹਦੇ ਹੱਥ ਨਾਲ ਚੰਬੜ ਗਈ। ਉਹਨੂੰ ਕਚਿਆਣ ਜਿਹੀ ਆਈ। ਉਸ ਛੇਤੀ ਨਾਲ ਹੱਥ ਆਪਣੇ ਸਵੈਟਰ ਨਾਲ ਪੂੰਝ ਲਿਆ।

ਦਰਵਾਜ਼ੇ ਨਾਲ ਕੰਨ ਲਾ ਕੇ ਉਸ ਬਿੜਕ ਲਈ। ਅੰਦਰ ਚੁੱਪ-ਚਾਂ ਵਰਤੀ ਹੋਈ ਸੀ। ਉਸ ਹੌਲੀ ਜਿਹੀ ਦਰਵਾਜ਼ਾ ਖੋਲ੍ਹਿਆ। ਮਾਂ ਦਾ ਸਿਰ ਲਹੂ ਦੇ ਸੁੱਕੇ ਤਲਾਬ ਵਿਚ ਉਂਜ ਹੀ ਪਿਆ ਸੀ। ਉਹ ਦੱਬੇ ਪੈਰੀਂ ਅੰਦਰ ਲੰਘ ਗਿਆ।

ਦਰਵਾਜ਼ੇ ਦੀ ਕਰੜ-ਕਰੜ ਸੁਣ ਕੇ ਉਸ ਧੌਣ ਮਰੋੜੀ ਤਾਂ ਸਾਹ ਉਥੇ ਹੀ ਬਰਫ ਹੋ ਗਿਆ। ਦਰਵਾਜ਼ੇ ਲਾਗੇ ਇੱਟਾਂ ਦੇ ਆਸਰੇ ਅੱਧ-ਲੇਟੇ ਫੌਜੀ ਨੇ ਲੰਮੇ ਪਿਆਂ-ਪਿਆਂ ਹੀ ਪੈਰ ਨਾਲ ਦਰਵਾਜ਼ਾ ਢੋਅ ਦਿੱਤਾ।

ਮੁੰਡੇ ਨੇ ਆਪਣੇ ਬਚਾਅ ਲਈ ਇਕ ਵਾਰ ਢੁਕੇ ਬੂਹੇ ਵੱਲ ਵੇਖਿਆ ਤੇ ਫੇਰ ਫੌਜੀ ਵੱਲ।

ਫੌਜੀ ਨੇ ਮੁੰਡੇ ਨੂੰ ਰੋਕਣ ਲਈ ਹੱਥ ਉਪਰ ਕੀਤਾ ਤੇ ਫੇਰ ਕਰਾਹ ਕੇ ਹੇਠਾਂ ਸੁੱਟ ਲਿਆ।

ਫੌਜੀ ਦੇ ਸਖ਼ਤ ਚਿਹਰੇ 'ਤੇ ਪੀੜ ਦਾ ਲੇਪ ਸੀ। ਉਸ ਦੋਹਾਂ ਹੱਥਾਂ ਨਾਲ ਆਪਣਾ ਢਿੱਡ ਘੁਟਿਆ ਹੋਇਆ ਸੀ। ਉਹਦੀ ਵਰਦੀ ਲਹੂ ਨਾਲ ਲਗਭਗ ਗੜੁੱਚ ਸੀ। ਉਹਦੇ ਹੱਥ ਆਪਣੇ ਹੀ ਲਹੂ ਨਾਲ ਲਿਬੜੇ ਹੋਏ ਸਨ। ਹੱਥ ਆਪਣੇ ਲਹੂ ਨਾਲ ਲਿਬੜਨ ਪਿਛੋਂ ਖਤਰੇ ਵਾਲੀ ਕੋਈ ਗੱਲ ਨਹੀਂ ਹੁੰਦੀ। ਸੁਆਲ ਬਣ ਕੇ ਮੁੰਡੇ ਨੇ ਗੋਠੜੀਆਂ ਮੂਧੀਆਂ ਮਾਰ ਲਈਆਂ ਤੇ ਝਿਜਕਦਾ ਝਿਜਕਦਾ ਉਹਦੇ ਵੱਲ ਝੁਕ ਗਿਆ।

'...ਉਨ੍ਹਾਂ ਸਾਰਾ ਕੱਠਾ ਕੀਤਾ ਕਰਾਇਆ ਖੋਹ ਕੇ ਵੀ ਲਿਹਾਜ਼ ਨਹੀਂ ਕੀਤਾ', ਆਪਣੇ ਲਹੂ ਲਿਬੜੇ ਹੱਥਾਂ ਵੱਲ ਵੇਖਦਿਆਂ ਉਸ ਕਸੀਸ ਵੱਟੀ।

'...ਕੌਣ ਸਨ ਉਹ?'

'...ਆਪਣੇ ਹੀ ਸਾਥੀ।' ਪੀੜ ਨੂੰ ਪੀਣ ਦੇ

*(ਬਾਕੀ ਅਗਲੇ ਸਫੇ 'ਤੇ)*

# ਝੋਨੇ ਦੀ ਖੇਤੀ ਤੇ ਚਿੱਟੇ ਨਾਲ ਪੰਜਾਬ ਦਾ ਉਜਾੜਾ





ਪੰਜਾਬ 1947 ਦੇ ਉਜਾੜੇ ਪਿੱਛੋਂ ਵੀ ਹੋਰ ਉਜਾੜੇ ਦੇ ਰਾਹ ਪਿਆ ਹੋਇਐ। ਇਕ ਬੰਨੇ ਇਸ ਨੂੰ ਝੋਨਾ ਲਈ ਬੈਠਾ ਹੈ, ਦੂਜੇ ਬੰਨੇ ਚਿੱਟਾ। ਰਹਿੰਦੀ ਕਸਰ ਪੰਜਾਬ ਤੇ ਕੇਂਦਰ ਦੇ ਰਾਜ ਨੇਤਾ ਕੱਢੀ ਜਾ ਰਹੇ ਹਨ ਜਿਨ੍ਹਾਂ ਨੂੰ ਪੰਜਾਬ ਦੇ ਅਰਥਚਾਰੇ ਤੇ ਭਵਿੱਖ ਦਾ ਕੋਈ ਫਿਕਰ ਹੀ ਨਹੀਂ। ਜਿਵੇਂ ਸਿੰਥੈਟਿਕ ਨਸ਼ਿਆਂ ਦੇ ਕਈ ਨਾਂ ਹਨ ਓਵੇਂ ਝੋਨੇ ਨੂੰ ਕੋਈ ਜੀਰੀ ਕਹਿੰਦੈ, ਕੋਈ ਮੁੰਜੀ, ਕੋਈ ਧਾਨ ਤੇ ਕੋਈ ਚੌਲ। ਪੰਜਾਬ ਦੇ ਧਰਤ ਹੇਠਲੇ ਪਾਣੀ ਦੀ ਬਰਬਾਦੀ ਤੇ ਵਾਤਾਵਰਣ ਦੀ ਖਰਾਬੀ ਦਾ ਮੁੱਖ ਕਾਰਨ ਝੋਨੇ ਦੀ ਬੇਲਗਾਮ ਬੀਜਾਂਦ ਹੈ। ਝੋਨੇ ਦੀ ਬੇਕਾਬੂ ਹੋਈ ਜਾਂਦੀ ਬੀਜਾਂਦ ਨੂੰ ਨਵੇਂ ਨਸ਼ਿਆਂ ਤੇ ਨਵੀਆਂ ਬਿਮਾਰੀਆਂ ਦੀ ਮਾਂ ਕਿਹਾ ਜਾ ਸਕਦੈ। ਚੌਲ ਪੰਜਾਬੀਆਂ ਦਾ



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਖਾਜਾ ਨਹੀਂ। ਝੋਨਾ ਉਹ ਭਾਰਤੀ ਹਾਕਮਾਂ ਦੀਆਂ ਵੋਟਾਂ ਲਈ ਪਾਲ ਰਿਹੈ। ਝੋਨੇ ਨਾਲ ਪੰਜਾਬ ਆਰਜ਼ੀ ਤੌਰ 'ਤੇ ਖ਼ੁਸ਼ਹਾਲ ਹੋਇਆ ਤੇ ਝੋਨੇ ਕਰਕੇ ਹੀ ਕੰਗਾਲ ਹੋ ਰਿਹੈ। ਪੰਜਾਬ ਸਿਰ ਵਧੇਰੇ ਕਰਜ਼ਾ ਝੋਨੇ ਨੇ ਹੀ ਚੜ੍ਹਾਇਆ ਤੇ ਵਾਤਾਵਰਨ ਵੀ ਖਰਾਬ ਕੀਤਾ।

1970 ਦੇ ਆਸ ਪਾਸ ਪੰਜਾਬ ਦੇ ਕਿਸਾਨ ਝੋਨਾ ਲਾਉਣ ਲੱਗੇ ਤਾਂ ਝੋਨੇ ਦੀ ਐੱਮਐੱਸਪੀ ਖਰੀਦ ਨੇ ਨਸ਼ੇ ਵਾਂਗ ਹੁਲਾਰਾ ਦਿੱਤਾ। ਪਰ ਹੁਣ ਖੇਤੀ ਖਰਚਿਆਂ ਦੀ ਵਧੀ ਜਾਂਦੀ ਮਹਿੰਗਾਈ ਦੇ ਦੌਰ 'ਚ ਝੋਨਾ ਲਾਉਣਾ ਪੰਜਾਬ ਲਈ ਆਤਮਘਾਤੀ ਸਿੱਧ ਹੋ ਰਿਹੈ। ਝੋਨੇ ਕਰਕੇ ਹੀ ਪੰਜਾਬ ਮਾਰੂਥਲ ਬਣਨ ਦੇ ਰਾਹ ਪਿਆ ਹੋਇਐ।

ਪੰਜਾਹ ਕੁ ਸਾਲ ਪਹਿਲਾਂ ਗਾਣਾ ਸੁਣਦੇ ਸਾਂ: ਤੇਲੂ ਰਾਮ ਦੀ ਹੱਟੀ ਦਾ ਜ਼ਰਦਾ ਜੋੜਾਂ ਵਿਚ ਬਹਿ ਗਿਆ ਜੱਟ ਦੇ...। ਉਦੋਂ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਝੋਨਾ ਵੀ ਜੱਟਾਂ ਦੇ ਜੋੜਾਂ 'ਚ ਬਹਿ ਜਾਵੇਗਾ ਤੇ ਝੋਨੇ ਦੀ ਫਸਲ ਪੰਜਾਬ ਦੇ ਪਾਣੀ ਤੇ ਬਿਜਲੀ ਦਾ ਬੇੜਾ ਬਹਾ ਦੇਵੇਗੀ ਅਤੇ ਪੰਜਾਬ ਸਿਰ ਲੱਖਾਂ ਕਰੋੜਾਂ ਦਾ ਕਰਜ਼ਾ ਚੜ੍ਹਾਉਣ ਦੇ ਨਾਲ ਵਾਤਾਵਰਨ ਵੀ ਵਿਗਾੜ ਦੇਵੇਗੀ।

ਇਨ੍ਹੀਂ ਦਿਨੀਂ ਝੋਨੇ ਦੀ ਲੁਆਈ ਜ਼ੋਰਾਂ 'ਤੇ ਹੈ। ਪਨੀਰੀਆਂ ਪੁੱਟੀਆਂ ਤੇ ਕੱਦੂ ਕੀਤੇ ਖੇਤਾਂ 'ਚ ਲਾਈਆਂ ਜਾ ਰਹੀਆਂ। ਮੁਫ਼ਤ ਦੀ ਬਿਜਲੀ ਨਾਲ ਚਲਦੀਆਂ ਬੰਬੀਆਂ ਧਰਤੀ ਹੇਠਲਾ ਰਹਿੰਦਾ-ਖੂੰਹਦਾ ਪਾਣੀ ਵੀ ਬਾਹਰ ਕੁਲੰਜੀ ਜਾਂਦੀਆਂ। ਕਿਆਰੇ ਕੋਈ ਕਿੱਲੇ, ਅੱਧੇ ਕਿੱਲੇ ਤੋਂ ਘੱਟ ਨਹੀਂ ਪਾਉਂਦਾ। ਝੋਨੇ ਦੀ ਲੁਆਈ ਵੀ ਮਹਿੰਗੀ ਤੋਂ ਮਹਿੰਗੀ ਹੋਈ ਜਾਂਦੀ ਹੈ। ਮਜ਼ਦੂਰਾਂ ਨੂੰ ਬੰਬੀਆਂ 'ਤੇ ਰੱਖਣ ਲਈ ਨਸ਼ੇ ਪਾਣੀ ਦਾ ਲਾਲਚ ਦੇਣਾ ਪੈ ਰਿਹੈ। ਅੰਦਾਜ਼ਾ ਹੈ ਇਸ ਵਾਰ 75 ਲੱਖ ਏਕੜ ਤੋਂ ਵੀ ਵੱਧ ਝੋਨਾ ਲੱਗੇਗਾ। ਪਿਛਲੇ ਸਾਲ ਦਾ 2 ਲੱਖ 71 ਹਜ਼ਾਰ ਮੀਟ੍ਰਿਕ ਟਨ ਝੋਨੇ ਦਾ ਰਿਕਾਰਡ ਜੁ ਤੋੜਨਾ ਹੋਇਆ। ਉਹਦੇ ਨਾਲ ਫਿਰ ਕੇਂਦਰ ਸਰਕਾਰ ਨੇ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਵੰਡ ਕੇ ਵੋਟਾਂ ਜੁ ਲੈਣੀਆਂ ਹੋਈਆਂ! ਕੀਹਨੂੰ ਪਰਵਾਹ ਹੈ ਪੰਜਾਬ ਦੇ ਜ਼ਿਲ੍ਹਿਆਂ ਦੇ ਜ਼ਿਲ੍ਹੇ ਕਾਲੇ ਜ਼ੋਨ 'ਚ ਚਲੇ ਜਾਣ ਤੇ ਪੰਜਾਬ ਦੇ ਮਾਰੂਥਲ ਬਣ ਜਾਣ ਦੀ?

ਨਸ਼ਾ ਕੋਈ ਵੀ ਹੋਵੇ ਪਹਿਲਾਂ ਹੁਲਾਰਾ ਦਿੰਦੈ, ਪਿੱਛੋਂ ਘਾਤਕ ਬਣ ਜਾਂਦੈ। ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿਚ ਸਿੰਥੈਟਿਕ ਨਸ਼ਿਆਂ ਦੀ ਹਨ੍ਹੇਰੀ ਆਈ ਹੋਈ ਹੈ। ਉਨ੍ਹਾਂ ਨਸ਼ਿਆਂ ਦੇ ਨਾਂ ਸੁਣ ਕੇ ਹੀ ਹੈਰਾਨ ਰਹਿ ਜਾਈਦਾ! ਇਕ ਦਿਨ ਮੈਂ ਨਵੇਂ ਨਸ਼ਿਆਂ ਦੇ ਨਾਂ ਨੋਟ ਕਰਨ ਲੱਗਾ ਤਾਂ ਵੀਹ ਇੱਕੀ ਨਾਵਾਂ ਦੀ ਸੂਚੀ ਬਣ ਗਈ। ਉਨ੍ਹਾਂ ਦੇ ਨਾਂ ਇਸ ਕਰਕੇ ਨਹੀਂ ਲਿਖ ਰਿਹਾ ਪਈ ਜਿਨ੍ਹਾਂ ਨੂੰ ਨਹੀਂ ਪਤਾ ਉਹ ਵੀ ਕਿਤੇ 'ਚਿੱਟੇ' ਵਾਂਗ ਉਨ੍ਹਾਂ ਨਾਵਾਂ ਵਾਲੇ ਨਸ਼ਿਆਂ 'ਤੇ ਨਾ ਲੱਗ ਜਾਣ!

ਕੁਝ ਸਾਲ ਪਹਿਲਾਂ ਮੈਂ ਅਖ਼ਬਾਰੀ ਲੇਖ ਲਿਖਿਆ ਸੀ: ਕਬੱਡੀ ਨੂੰ ਡਰੱਗ ਦਾ ਜੱਫਾ। ਉਸ ਵਿਚ ਉਨ੍ਹਾਂ ਡਰੱਗਾਂ ਦੇ ਨਾਵਾਂ ਦਾ ਵੇਰਵਾ ਦੇ ਬੈਠਾ ਸਾਂ ਜੋ ਕਬੱਡੀ ਦੇ ਕਈ ਖਿਡਾਰੀ ਲੈ ਰਹੇ ਸਨ। ਬਾਅਦ ਵਿਚ ਕਬੱਡੀ ਕੋਚਾਂ ਨੇ ਮੈਨੂੰ ਉਲਾਂਭਾ ਦਿੱਤਾ ਕਿ ਡਰੱਗਾਂ ਦੇ ਨਾਂ ਨਹੀਂ ਸੀ ਲਿਖਣੇ ਚਾਹੀਦੇ। ਮੈਂ ਪੁੱਛਿਆ, "ਕਿਉਂ?" ਜੁਆਬ ਮਿਲਿਆ, "ਜਿਹੜੇ ਖਿਡਾਰੀਆਂ ਨੂੰ ਪਹਿਲਾਂ ਨਹੀਂ ਸੀ ਪਤਾ, ਉਹ ਮੈਡੀਕਲ ਸਟੋਰਾਂ ਤੋਂ ਸਾਥੋਂ ਪੁੱਛੇ ਬਿਨਾਂ ਆਪੇ ਹੀ 'ਸਪਲੀਮੈਂਟ' ਲੈਣ ਲੱਗ ਪਏ ਨੇ!"

ਖੇਤੀ ਅਰਥਚਾਰੇ ਦੇ ਅੰਤਰਰਾਸ਼ਟਰੀ ਮਾਹਿਰ ਡਾ. ਸਰਦਾਰਾ ਸਿੰਘ ਜੌਹਲ ਦੀ ਇਲੈਕਟ੍ਰੀਸਿਟੀ ਰਿਪੋਰਟ ਅਨੁਸਾਰ ਪੰਜਾਬ ਵਿਚ ਟਿਊਬਵੈੱਲਾਂ ਨੂੰ ਦਿੱਤੀ ਜਾਂਦੀ ਮੁਫ਼ਤ ਬਿਜਲੀ ਦੀ ਸਬਸਿਡੀ ਦਾ ਫ਼ਾਇਦਾ ਪੰਜਾਬ ਦੇ ਕਿਸਾਨਾਂ ਨੂੰ ਨਹੀਂ ਸਗੋਂ ਭਾਰਤੀ ਖਪਤਕਾਰਾਂ ਨੂੰ ਹੋ ਰਿਹੈ। ਮੁਫ਼ਤ ਦੀ ਬਿਜਲੀ ਨਾਲ ਪੰਜਾਬ ਦਾ ਪਾਣੀ ਥੱਲੇ ਹੀ ਥੱਲੇ ਉੱਤਰੀ ਜਾ ਰਿਹੈ ਜਿਸ ਕਰਕੇ ਟਿਊਬਵੈੱਲ ਡੂੰਘੇ ਤੋਂ ਡੂੰਘੇ ਕਰਨੇ ਪੈ ਰਹੇ ਨੇ ਤੇ ਪਾਣੀ ਖਿੱਚਣ ਲਈ ਹਾਰਸ ਪਾਵਰ ਵੱਧ ਤੋਂ ਵੱਧ ਵਰਤਣੀ ਪੈ ਰਹੀ ਹੈ। ਪਹਿਲਾਂ ਖੂਹੀਆਂ ਡੂੰਘੀਆਂ ਕਰਦੇ ਰਹੇ ਫਿਰ ਹੋਰ ਪਾਈਪਾਂ ਪਾ ਕੇ ਬੋਰ ਡੂੰਘੇ ਕਰਦੇ ਰਹੇ। ਫਿਰ ਸਬਮਰਸੀਬਲ ਟਿਊਬਵੈੱਲ ਲੱਗਣ ਲੱਗੇ। ਜ਼ਮੀਨਾਂ ਕੱਦੂ ਕਰ ਕੇ ਪਾਣੀ ਜ਼ਮੀਨ 'ਚ ਰਿਸਣੋਂ ਰੋਕ ਦਿੱਤਾ। ਝੋਨਿਆਂ 'ਚ ਖੜ੍ਹਾ ਪਾਣੀ ਧੁੱਪ ਨਾਲ ਉੱਡਣ ਲੱਗਾ। ਜਿਹੜਾ ਪਾਣੀ ਧਰਤੀ 'ਚ ਸਿਮ ਜਾਏ ਉਹ ਤਾਂ ਮੁੜ ਵਰਤਿਆ ਜਾ ਸਕਦੈ ਪਰ ਜਿਹੜਾ ਹਵਾ 'ਚ ਉੱਡ ਜਾਵੇ ਉਹ ਮੁੜ ਕੇ ਹੱਥ ਨਹੀਂ ਆਉਂਦਾ। ਪਾਣੀ ਵਰਗੀ ਬੇਸ਼ਕੀਮਤੀ ਪੂੰਜੀ ਪੰਜਾਬ ਭੰਗ ਦੇ ਭਾੜੇ ਉਡਾ ਰਿਹੈ। ਜਿਥੇ ਇਕ ਲਿਟਰ ਪਾਣੀ ਦੀ ਬੋਤਲ ਵੀਹ ਰੁਪਈਆਂ 'ਚ ਵਿਕਦੀ ਹੋਵੇ ਉਥੇ ਇਕ ਕਿਲੋ ਝੋਨਾ ਪੈਦਾ ਕਰਨ ਲਈ ਚਾਲੀ ਲਿਟਰ ਪਾਣੀ ਧਰਤੀ ਦੀ ਕੁੱਖ 'ਚੋਂ ਖਿੱਚ ਦਿੱਤਾ ਜਾਂਦੈ! ਹਿਸਾਬ ਲਾ ਲਓ 75 ਲੱਖ ਏਕੜਾਂ 'ਚੋਂ ਦੋ ਢਾਈ ਲੱਖ ਟਨ ਤੋਂ ਵੀ ਵੱਧ ਝੋਨਾ ਪੈਦਾ ਕਰਨਾ ਪੰਜਾਬ ਨੂੰ ਕਿੰਨੇ ਕਰੋੜਾਂ ਅਰਬਾਂ 'ਚ ਪਿਆ? ਲਾਇਆ ਕਿਸੇ ਸਰਕਾਰ ਨੇ ਹਿਸਾਬ ਕਿਤਾਬ? ਹੈ ਕੋਈ ਵਾਲੀ ਵਾਰਸ ਪੰਜਾਬ ਦਾ?

1961 ਵਿਚ ਪੰਜਾਬ 'ਚ ਕੇਵਲ 7445 ਟਿਊਬਵੈੱਲ ਸਨ। ਝੋਨੇ ਦੀ ਕਾਸ਼ਤ ਕਰਕੇ ਹੀ ਸਤੰਬਰ 2015 ਤਕ ਪੰਜਾਬ ਦੇ ਖੇਤਾਂ ਵਿਚ 12,36,185 ਟਿਊਬਵੈੱਲ ਲੱਗ ਗਏ। 2021 ਤੋਂ 14 ਲੱਖ ਦਾ ਅੰਕੜਾ ਪਾਰ ਕਰ ਗਏ ਜੋ ਹੁਣ 15 ਲੱਖ ਹੋਣ ਵਾਲੇ ਹਨ। ਖੇਤਾਂ ਦੇ ਬੋਰਾਂ ਤੋਂ ਬਿਨਾਂ 2500 ਵਾਟਰ ਵਰਕਸ ਅਤੇ 20 ਲੱਖ ਤੋਂ ਵੱਧ ਘਰੇਲੂ ਬੋਰ ਹਨ। ਪਿਛਲੇ ਦਸਾਂ ਸਾਲਾਂ ਵਿਚ ਬੋਰਾਂ ਤੇ ਮੋਟਰਾਂ ਉੱਤੇ ਪੰਜਾਬੀ ਕਿਸਾਨਾਂ ਦਾ 20 ਹਜ਼ਾਰ ਕਰੋੜ ਰੁਪਈਏ ਖਰਚਾ ਆ ਚੁੱਕੈ। 27 ਹਜ਼ਾਰ ਕਰੋੜ ਤੋਂ ਵੱਧ ਦੀ ਬਿਜਲੀ ਫੂਕੀ ਜਾ ਚੁੱਕੀ ਹੈ। ਹਰ ਸਾਲ ਧਰਤੀ ਦਾ ਪਾਣੀ 40 ਤੋਂ 80 ਸੈਂਟੀਮੀਟਰ ਤਕ ਥੱਲੇ ਗਰਕ ਰਿਹੈ। ਇੱਕ ਕਿਲੋ ਚੌਲ ਪੈਦਾ ਕਰਨ ਉੱਤੇ 4000 ਲਿਟਰ ਪਾਣੀ ਖਪਦੈ। ਹਰ ਸਾਲ 200 ਲੱਖ ਟਨ ਤੋਂ ਵੱਧ ਅਨਾਜ ਪੰਜਾਬ ਤੋਂ ਦੂਜੇ ਸੂਬਿਆਂ ਨੂੰ ਭੇਜਿਆ ਜਾ ਰਿਹੈ ਜਿਸ ਦਾ ਮਤਲਬ ਹੈ 88000 ਕਰੋੜ ਗੈਲਨ ਪਾਣੀ ਦਾਣਿਆਂ ਦੇ ਰੂਪ ਵਿਚ ਪੰਜਾਬ ਤੋਂ ਬਾਹਰ ਜਾ ਰਿਹੈ। ਇੱਕ ਪਾਸੇ ਆਬਾਦੀ ਵਧ ਰਹੀ ਹੈ ਤੇ ਦੂਜੇ ਪਾਸੇ ਪ੍ਰਤੀ ਵਿਅਕਤੀ ਪਾਣੀ ਦੀ ਖਪਤ 40 ਲਿਟਰ ਤੋਂ ਵਧ ਕੇ 70 ਲਿਟਰ ਹੋ ਗਈ ਹੈ। ਉੱਤੋਂ ਦਰਿਆਈ ਪਾਣੀ ਘਟ ਰਿਹੈ। ਪੰਜਾਬ ਬੰਜਰ ਨਹੀਂ ਬਣੇਗਾ ਤਾਂ ਹੋਰ ਕੀ ਬਣੇਗਾ?

ਡਾ. ਜੌਹਲ ਦੀ ਸਿੱਧੀ ਗੱਲ ਵੀ ਪਤਾ ਨਹੀਂ ਪੰਜਾਬ ਦੀਆਂ ਸਰਕਾਰਾਂ ਤੇ ਕਿਸਾਨਾਂ ਨੂੰ ਕਿਉਂ ਸਮਝ ਨਹੀਂ ਆ ਰਹੀ? ਜਿਹੜੀ ਬਿਜਲੀ ਖੇਤੀਬਾੜੀ ਨੂੰ ਮੁਫ਼ਤ ਦਿੱਤੀ ਜਾਂਦੀ ਹੈ ਉਹ ਖੇਤੀ ਫਸਲਾਂ ਦੇ ਭਾਅ ਬੰਨ੍ਹਣ ਵੇਲੇ, ਖੇਤੀ ਲਾਗਤਾਂ ਤੇ ਕੀਮਤਾਂ ਕਮਿਸ਼ਨ ਵੱਲੋਂ ਖਰਚੇ ਵਿਚ ਨਹੀਂ ਗਿਣੀ ਜਾਂਦੀ। ਖਰਚੇ ਦੇ ਹਿਸਾਬ ਨਾਲ ਫ਼ਸਲਾਂ ਦੇ ਭਾਅ ਵੀ ਫਿਰ ਘੱਟ ਬੰਨ੍ਹੇ ਜਾਂਦੇ ਹਨ। ਇੰਜ ਘਾਟਾ ਪੰਜਾਬ ਦੇ ਕਿਸਾਨਾਂ ਨੂੰ ਵੀ ਪੈਂਦਾ ਹੈ ਤੇ ਸਰਕਾਰ ਦੇ ਬਿਜਲੀ ਵਿਭਾਗ ਨੂੰ ਵੀ। ਫਾਇਦਾ ਹੋਰਨਾਂ ਸੂਬਿਆਂ ਦੇ ਖਪਤਕਾਰਾਂ ਨੂੰ ਹੁੰਦਾ ਹੈ। ਟਿਊਬਵੈੱਲਾਂ ਨੂੰ ਮੁਫ਼ਤ ਬਿਜਲੀ ਪੰਜਾਬ ਦੇ ਪਾਣੀਆਂ, ਜ਼ਮੀਨਾਂ, ਕਿਸਾਨਾਂ ਤੇ ਵਾਤਾਵਰਨ ਦੀ ਵੈਰੀ ਬਣ ਬੈਠੀ ਹੈ। ਮੁਫ਼ਤ ਦੀ ਖੁੱਲ੍ਹੀ ਬਿਜਲੀ ਨਾਲੋਂ ਸਸਤੀ ਅੱਧੀ ਬਿਜਲੀ ਨਾਲ ਸਭ ਦਾ ਸਰ ਸਕਦਾ ਹੈ।

ਇਹ ਮੰਨਿਆ ਹੋਇਆ ਤੱਥ ਹੈ ਕਿ ਮੁਫ਼ਤ ਦੀ ਕੋਈ ਵੀ ਚੀਜ਼ ਵਸਤ ਹੋਵੇ ਉਸ ਦੀ ਫ਼ਜ਼ੂਲ ਵਰਤੋਂ ਹੁੰਦੀ ਹੀ ਹੁੰਦੀ ਹੈ। ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਨਾਜਾਇਜ਼ ਵੀ ਵਰਤੀ ਜਾਂਦੀ ਹੈ। ਬੰਬੀਆਂ 'ਤੇ ਰੱਖੇ ਦੇਸੀ ਹੀਟਰ ਦੋ-ਚਾਰ ਕੱਪ ਚਾਹ ਬਣਾਉਂਦਿਆਂ ਦੋ ਚਾਰ ਸੌ ਦੀ ਬਿਜਲੀ ਫੂਕ ਦਿੰਦੇ ਹਨ। ਜੇਕਰ ਬਿਜਲੀ ਕਿਸਾਨਾਂ ਨੂੰ ਮੀਟਰਾਂ ਉੱਤੇ ਸਸਤੀ ਤੇ ਚੌਵੀ ਘੰਟੇ ਮਿਲੇ ਤਾਂ ਉਹ ਇੱਕ ਯੂਨਿਟ ਵੀ ਵਾਧੂ ਨਹੀਂ ਬਾਲਣਗੇ। ਨਾ ਹੀ ਝੋਨੇ ਨੂੰ ਬੇਲੋੜਾ ਪਾਣੀ ਦੇਣਗੇ। ਮੁੱਲ ਦੀ ਸਸਤੀ ਬਿਜਲੀ ਨਾਲ ਝੋਨੇ ਦੀ ਥਾਂ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਬੀਜੀਆਂ ਜਾਣਗੀਆਂ ਜਿਸ ਨਾਲ ਪਾਣੀ ਦੀ ਬਚਤ ਹੋਵੇਗੀ ਜੋ ਪੰਜਾਬ ਦੀ ਜਿੰਦ ਜਾਨ ਹੈ। ਇਸ ਲਈ ਮੁਫ਼ਤ ਬਿਜਲੀ ਦੇਣ ਦੀ ਸਾਲਾਨਾ 10 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਸਬਸਿਡੀ ਟਿਊਬਵੈੱਲਾਂ ਨੂੰ ਦੇਣ ਦੀ ਥਾਂ ਉਹੀ ਸਬਸਿਡੀ ਕਿਸਾਨਾਂ ਨੂੰ ਖੇਤਾਂ ਪ੍ਰਤੀ ਦੇਣੀ ਚਾਹੀਦੀ ਹੈ ਜਿਸ ਨਾਲ ਕਿਸਾਨ ਆਪਣੇ ਖੇਤ ਪੱਧਰ ਕਰੇ, ਖੇਤਾਂ ਦੀ ਮਿੱਟੀ ਜ਼ਰਖ਼ੇਜ਼ ਬਣਾਵੇ, ਖੇਤੀਬਾੜੀ ਦੇ ਸੰਦ ਲਵੇ, ਪਸ਼ੂਆਂ ਦੇ ਵਾਰੇ ਛੱਤੇ, ਪਾਣੀ ਬਚਾਉਣ ਲਈ ਜ਼ਮੀਨਦੋਜ਼ ਪਾਈਪਾਂ ਪਾਵੇ, ਫੁਹਾਰੇ ਲਾਵੇ, ਉਜਾੜੇ ਤੋਂ ਵਾੜਾਂ ਕਰੇ ਤੇ ਆਪਣੇ ਫਾਰਮ ਸੁਧਾਰੇ। ਇਹ ਪੈਸਾ ਕਿਸਾਨ ਦੀ ਜ਼ਮੀਨ ਨੂੰ ਹੋਰ ਉਪਜਾਊ ਬਣਾਵੇਗਾ ਨਾ ਕਿ ਆਪਣੀ ਹੀ ਜ਼ਮੀਨ ਦਾ ਪਾਣੀ ਖਿੱਚ ਕੇ ਜ਼ਮੀਨ ਨੂੰ ਮਾਰੂਥਲ ਬਣਾਵੇਗਾ।

ਪਰ ਕਣਕ-ਝੋਨੇ ਦੇ ਫਸਲੀ ਚੱਕਰ ਵਿੱਚੋਂ ਵੀ ਤਦ ਹੀ ਨਿਕਲਿਆ ਜਾ ਸਕੇਗਾ ਜਦ ਕਿਸਾਨਾਂ ਨੂੰ ਝੋਨਾ ਨਾ ਲਾਉਣ ਲਈ ਆਰਥਿਕ ਮਦਦ ਮਿਲੇਗੀ। ਡਾ. ਜੌਹਲ ਨੇ 1985 ਦੀ ਰਿਪੋਰਟ ਵਿਚ ਸਰਕਾਰ ਨੂੰ ਸਲਾਹ ਦਿੱਤੀ ਸੀ ਕਿ ਝੋਨਾ ਨਾ ਬੀਜਣ ਵਾਲੇ ਕਿਸਾਨਾਂ ਨੂੰ ਇੱਕ ਹੈਕਟਰ ਪ੍ਰਤੀ 16 ਹਜ਼ਾਰ ਰੁਪਏ ਨਕਦ ਦਿੱਤੇ ਜਾਣ। ਅਜੋਕੀ ਮਹਿੰਗਾਈ 'ਚ ਇਹ ਰਕਮ ਕਿਤੇ ਵੱਧ ਬਣੇਗੀ।

ਸਰਕਾਰ ਇਹ ਸਮਝ ਲਵੇ ਕਿ ਉਹ ਪ੍ਰਤੀ ਏਕੜ 10 ਹਜ਼ਾਰ ਤੋਂ 20 ਹਜ਼ਾਰ ਰੁਪਈਆਂ ਦੀ ਜੋ ਬਿਜਲੀ ਕਿਸਾਨਾਂ ਨੂੰ ਮੁਫ਼ਤ ਦੇ ਰਹੀ ਹੈ ਉਹੀ ਪੈਸੇ ਕਿਸਾਨਾਂ ਨੂੰ ਝੋਨੇ ਦੀ ਥਾਂ ਹੋਰ ਫਸਲਾਂ ਬੀਜਣ ਲਈ ਦੇਵੇ। ਇੰਜ ਝੋਨੇ ਹੇਠੋਂ ਰਕਬਾ ਨਿਕਲੇਗਾ ਤੇ ਹੋਰ ਫਸਲਾਂ ਹੇਠ ਵਧੇਗਾ। ਸਾਉਣੀ ਦੀਆਂ ਫਸਲਾਂ ਮੱਕੀ, ਬਾਜਰਾ, ਜੁਆਰ, ਸਬਜ਼ੀਆਂ ਤੇ ਦਾਲਾਂ ਆਦਿ ਨੂੰ ਲਾਹੇਵੰਦੇ ਸਮਰਥਨ ਮੁੱਲ 'ਤੇ ਖਰੀਦਣਾ ਵੀ ਯਕੀਨੀ ਬਣਾਵੇ। ਇਹ ਨਾ ਹੋਵੇ ਕਿ ਝੋਨੇ ਦੀ ਥਾਂ ਹੋਰ ਫਸਲਾਂ ਬਿਜਵਾ ਕੇ ਸਰਕਾਰ ਖਰੀਦੇ ਹੀ ਨਾ।

ਪੰਜਾਬ ਵਿਚ ਜੇਕਰ ਮੱਕੀ, ਕਣਕ-ਝੋਨੇ ਦੇ ਭਾਅ ਹੀ ਖਰੀਦੀ ਜਾਣੀ ਕਾਨੂੰਨੀ ਬਣਾਈ ਜਾਵੇ ਤਾਂ ਕਿਸਾਨ ਮੱਕੀ ਬੀਜਣ ਵੱਲ ਮੋੜਾ ਪਾ ਸਕਦੇ ਹਨ। ਪਹਿਲਾਂ ਮੱਕੀ ਤੇ ਕਣਕ ਹੀ ਮੁੱਖ ਫਸਲਾਂ ਹੁੰਦੀਆਂ ਸਨ। ਇਹਦੇ ਨਾਲ ਵੀ ਝੋਨੇ ਹੇਠ ਰਕਬਾ ਘਟੇਗਾ ਅਤੇ ਪਾਣੀ ਤੇ ਬਿਜਲੀ ਦੀ ਬੱਚਤ ਹੋਵੇਗੀ। ਬਾਸਮਤੀ ਦੀ ਫਸਲ ਝੋਨੇ ਤੋਂ ਘੱਟ ਪਾਣੀ ਲੈਂਦੀ ਹੈ। ਬਾਸਮਤੀ ਦਾ ਘੱਟੋ-ਘੱਟ ਸਮਰਥਨ ਮੁੱਲ ਵੀ ਕੇਂਦਰ ਸਰਕਾਰ ਤੈਅ ਕਰੇ। ਹੁਣ ਇਹ ਕਦੇ ਬੇਹੱਦ ਮਹਿੰਗੀ ਵਿਕਦੀ ਹੈ, ਕਦੇ ਬੇਹੱਦ ਸਸਤੀ। ਵੋਟਾਂ ਵਟੋਰਨ ਦਾ ਆਰਜ਼ੀ ਫਾਇਦਾ ਛੱਡ ਕੇ, ਸਾਰੀਆਂ ਹੀ ਰਾਜਸੀ ਪਾਰਟੀਆਂ ਨੂੰ ਪੰਜਾਬ ਦੇ ਤੇ ਕਿਸਾਨਾਂ ਦੇ ਭਲੇ ਬਾਰੇ ਸੋਚਣਾ ਚਾਹੀਦੈ। ਉਨ੍ਹਾਂ ਨੂੰ ਸਪੱਸ਼ਟ ਸਟੈਂਡ ਲੈਣਾ ਚਾਹੀਦੈ ਕਿ ਟਿਊਬਵੈੱਲਾਂ ਨੂੰ ਬਿਜਲੀ ਮੁਫ਼ਤ ਨਹੀਂ ਸਗੋਂ ਸਸਤੀ ਦਿੱਤੀ ਜਾਵੇਗੀ ਜੋ ਚੌਵੀ ਘੰਟੇ ਮਿਲੇਗੀ। ਕਿਸਾਨ ਵੀ ਮੁਫ਼ਤ ਵਿੱਚ ਅੱਠ ਘੰਟੇ ਬਿਜਲੀ ਮੰਗਣ ਦੀ ਥਾਂ ਚੌਵੀ ਘੰਟੇ ਸਸਤੀ ਬਿਜਲੀ ਦੀ ਮੰਗ ਕਰਨ। ਹੁਣ ਤਾਂ ਉਹ ਆਪਣੇ ਰੁੱਖ ਦੀਆਂ ਜੜ੍ਹਾਂ ਆਪ ਹੀ ਵੱਢੀ ਜਾ ਰਹੇ ਹਨ!

ਪੰਜਾਬ ਪੈਦਾਵਾਰ ਕਰਨ 'ਚ ਕਿਸੇ ਤੋਂ ਪਿੱਛੇ ਨਹੀਂ ਪਰ ਵਪਾਰ ਕਰਨ ਵਿਚ ਫਾਡੀ ਰੱਖਿਆ ਹੋਇਐ। ਦੇਸ਼ ਦੇ ਖ਼ੁਸ਼ਹਾਲ ਭਵਿੱਖ ਲਈ ਹਿੰਦ-ਪਾਕਿ ਦੇ ਦੋਹਾਂ ਪੰਜਾਬਾਂ ਵਿਚ ਦੀ ਸੜਕੀ ਵਪਾਰ ਕਰਨ ਦੇ ਸਰਹੱਦੀ ਲਾਂਘੇ ਖੁਲ੍ਹਵਾਉਣੇ ਦੋਹਾਂ ਪੰਜਾਬਾਂ ਤੇ ਹਿੰਦ-ਪਾਕਿ ਦੇ ਸਭ ਤੋਂ ਵੱਡੇ ਮੁੱਦੇ ਹਨ। ਭਾਰਤ-ਪਾਕਿ ਵਿਚਕਾਰ ਦੁਸ਼ਮਣੀ ਦੀ ਥਾਂ ਦੋਸਤੀ ਹੀ ਦੋਹਾਂ ਦੇਸ਼ਾਂ ਦੇ ਖ਼ੁਸ਼ਹਾਲ ਹੋਣ ਦੀ 'ਗਰੰਟੀ' ਹੋ ਸਕਦੀ ਹੈ।

---

*(ਪਿਛਲੇ ਸਫੇ ਦੀ ਬਾਕੀ)*

ਜਤਨ ਵਿਚ ਉਸ ਹੇਠਲਾ ਬੁਲ੍ਹ ਟੁੱਕਿਆ ਤੇ ਕਾਹਲੀ ਨਾਲ ਬੋਲਿਆ, '...ਪਾਣੀ!...ਮੈਨੂੰ ਪਾਣੀ ਦੇ ਪਹਿਲੋਂ!...ਛੇਤੀ...ਛੇਤੀ ਜ਼ਰਾ।'

ਪਿਛਲੀ ਕੰਧ ਡਿੱਗਣ ਨਾਲ ਘੜਾ ਟੁੱਟ ਚੁੱਕਿਆ ਸੀ। ਟੁੱਟੇ ਬੱਬਰ ਵਿਚ ਅਜੇ ਵੀ ਦੋ ਕੁ ਚੂਲੀਆਂ ਪਾਣੀ ਬਾਕੀ ਸੀ। ਉਸ ਬੱਬਰ ਚੁੱਕ ਕੇ ਫੌਜੀ ਦੇ ਮੂੰਹ ਨੂੰ ਲਾ ਦਿੱਤਾ।

ਪਾਣੀ ਪੀ ਕੇ ਉਹ ਕੁਝ ਸੰਭਲਿਆ, 'ਬੇਟੇ...ਪਿੱਠੂ 'ਚੋਂ ਕੰਬਲ ਕੱਢ ਕੇ ਮੇਰੇ ਉੱਤੇ ਦੇ ਦੇਹ।'

ਮੁੰਡੇ ਨੇ ਕੰਬਲ ਉਹਦੇ ਉੱਤੇ ਤਾਣਦਿਆਂ ਵੇਖਿਆ...ਫੌਜੀ ਦੀਆਂ ਅੱਖਾਂ ਬੰਦ ਹੋ ਰਹੀਆਂ ਸਨ।

'ਤੂੰ...ਤੂੰ ਕੌਣ ਐਂ?' ਮੁੰਡੇ ਨੇ ਝਕਦਿਆਂ-ਝਕਦਿਆਂ ਪੁੱਛਿਆ।

'ਮੈਂ?' ਫੌਜੀ ਨੇ ਅੱਖਾਂ ਉਘੇੜੀਆਂ ਤੇ ਜੁਆਬ ਦੀ ਤਲਾਸ਼ ਵਿਚ ਸੁਆਲ ਦੁਹਰਾਇਆ। ਉਸਦੀ 'ਮੈਂ' ਇਕ ਪਲ ਲਈ ਹਨੇਰੇ ਵਿਚ ਡੁੱਬ ਗਈ। ਹਨੇਰੇ 'ਚੋਂ ਬਾਹਰ ਆਉਂਦਿਆਂ ਉਹਦੇ ਚਿਹਰੇ ਦੀ ਪੀੜ ਵਿਚ ਮੁਸਕਰਾਹਟ ਵਿਅੰਗ ਬਣ ਕੇ ਸ਼ਾਮਲ ਹੋ ਗਈ, 'ਮੈਂ?...ਮੈਂ ਦੁਸ਼ਮਣ!'

'ਦੁਸ਼ਮਣ!' ਇਹ ਭਲਾ ਕੀ ਨਾਂ ਹੋਇਆ? ਮੁੰਡੇ ਨੂੰ ਯਾਦ ਆਇਆ, ਮਾਂ ਉਸ ਦੇ ਕਿਸੇ ਫੌਜੀ ਚਾਚੇ ਦੀ ਗੱਲ ਕਰਦੀ ਹੁੰਦੀ ਸੀ। ਉਹ ਸ਼ਾਇਦ ਇਹੀ ਹੋਵੇ। ਉਸ ਤਸਦੀਕ ਕਰਨ ਵਾਂਗ ਆਖਿਆ, 'ਦੁਸ਼ਮਣ!...ਦੁਸ਼ਮਣ ਚਾਚਾ?'

'ਹਾਂ!' ਉਹ ਫਿੱਕਾ ਜਿਹਾ ਮੁਸਕਰਾਇਆ। ਉਹਦੀ ਸੋਚ ਨੇ ਇਕ ਛਿਣ ਲਈ ਗੋਤਾ ਖਾਧਾ ਤੇ ਦੂਜੇ ਛਿਣ ਉਸ ਆਪਣੇ ਲਹੂ ਲਿਬੜੇ ਹੱਥ ਨਾਲ ਮੁੰਡੇ ਦਾ ਸਿਰ ਪਲੋਸ ਦਿੱਤਾ।

ਮੁੰਡੇ ਵਿਚ ਜਿਵੇਂ ਜਾਨ ਪੈ ਗਈ। ਉਹ ਕਿੰਨਾ ਇਕੱਲਾ ਰਹਿ ਗਿਆ ਸੀ। ਉਸ ਕੋਲ ਤਾਂ ਕੋਈ ਆਸਰਾ ਹੀ ਨਹੀਂ ਸੀ ਰਿਹਾ। ਉਹ ਦੁਸ਼ਮਣ ਚਾਚੇ ਵੱਲ ਥੋੜਾ ਹੋਰ ਖਿਸਕ ਗਿਆ।

'ਮੈਂ ਰਾਜੀ ਨਹੀਂ...ਮੈਂ ਸੌਣਾਂ ਵਾਂ।...ਤੂੰ ਵੀ ਸੌਂ ਜਾਹ ਹੁਣ।'

'ਚਾਚਾ!...ਮੈਨੂੰ ਡਰ ਲੱਗਦਾ ਵਾ!'

'ਡਰ!...ਮੇਰੇ ਕੋਲੋਂ?'

'ਨਹੀਂ ਚਾਚਾ!...ਅੱਜ ਮੈਨੂੰ...ਮੈਨੂੰ ਅੱਜ ...।' ਤੇ ਮੁੰਡੇ ਦੀਆਂ ਭੁੱਬਾਂ ਨਿਕਲ ਗਈਆਂ।

ਫੌਜੀ ਨੇ ਉਸ ਨੂੰ ਪੁਚਕਾਰਿਆ, 'ਹੁਣ ਡਰ ਵਾਲੀ ਕੋਈ ਗੱਲ ਨਹੀ...ਹੁਣ ਮੈਂ ਜੁ ਤੇਰੇ ਕੋਲ ਆਂ...ਤੂੰ ਮੇਰੇ ਕੋਲ ਹੀ ਸੌਂ ਜਾਹ।'

ਫੌਜੀ ਨੇ ਸਰਹਾਣੇ ਦੀ ਥਾਂ ਆਪਣੀ ਬਾਂਹ ਮੁੰਡੇ ਦੇ ਸਿਰ ਹੇਠ ਦੇ ਦਿੱਤੀ।

ਮੁੰਡਾ ਹਟਕੋਰੇ ਭਰਦਾ, ਭੁੱਖਣ-ਭਾਣਾ ਉਥੇ ਹੀ ਸੌਂ ਗਿਆ।

ਫੌਜੀ ਨੇ ਟੁੱਟੀ ਛੱਤ ਰਾਹੀਂ ਸੌਂ ਰਹੇ ਤਾਰਿਆਂ ਵੱਲ ਵੇਖਿਆ। ਜਗੂੰ-ਬੁਝੂੰ ਕਰਦੇ ਦੀਵੇ ਦੇ ਚਾਨਣ ਵਿਚ ਉਹਦੀਆਂ ਅੱਖੀਆਂ ਵਿਚ ਅੱਥਰੂ ਚਮਕੇ। ਉਹਦੀ ਨਿਗਾਹ ਜਿਵੇਂ ਆਪਣੇ ਹੀ ਧੁਰ ਅੰਦਰ ਲਹਿ ਗਈ। ਉਹ ਮੀਲਾਂ ਪਰ੍ਹੇ ਆਪਣੇ ਘਰ ਤੱਕ ਪਹੁੰਚ ਗਿਆ, ਜਿਥੇ ਤੋਤਲੇ ਬੋਲਾਂ ਨੇ ਹਵਾ ਨੂੰ ਸੁਰ ਦਿੱਤਾ ਸੀ। ਉਸ ਮੁੰਡੇ ਨੂੰ ਆਪਣੇ ਨਾਲ ਘੁਟਿਆ। ਅੱਥਰੂ ਉਸ ਦੀਆਂ ਅੱਖਾਂ 'ਚੋਂ ਵਗੇ ਤੇ ਕੱਚੀ ਮਿੱਟੀ ਨੇ ਪੀ ਲਏ।

ਦੀਵੇ ਦਾ ਤੇਲ ਮੁੱਕ ਚੁੱਕਿਆ ਸੀ। ਤੇਲ ਤੋਂ ਬਿਨਾਂ ਬਲਣ ਦੇ ਜਤਨ ਵਿਚ ਉਹਦੀ ਲਾਟ ਇਕ-ਦੋ ਵਾਰ ਉੱਚੀ ਉੱਠੀ ਤੇ ਸੌਂ ਗਈ। ਸਾਰਾ ਕੁਝ ਹਨੇਰੇ ਵਿਚ ਡੁੱਬ ਗਿਆ।

ਸਰਘੀ ਨੇ ਹਨੇਰੇ ਨੂੰ ਕੁਝ ਪੇਤਲਾ ਕੀਤਾ ਤਾਂ ਮੁੰਡੇ ਨੇ ਉਁ-ਊਁ ਕਰਕੇ ਪਾਸਾ ਵੱਟਿਆ। ਸਾਰਾ ਕੰਬਲ ਫੌਜੀ ਤੋਂ ਲਹਿ ਕੇ ਉਹਦੇ ਦੁਆਲੇ ਵਲ੍ਹੇਟਿਆ ਗਿਆ।

ਤੜਕੇ ਦੀ ਧੁੰਧ ਨੇ ਉਹਦੀ ਮਾਂ ਦੀ ਆਕੜੀ ਹੋਈ ਲਾਸ਼ ਵੀ ਤੱਕੀ ਤੇ ਮੁਰਦੇ ਦੀ ਬਾਂਹ ਨੂੰ ਸਰਹਾਣਾ ਬਣਾ ਕੇ ਸੁੱਤੇ ਬੇ-ਫਿਕਰ ਬਾਲਕ ਨੂੰ ਵੀ।

ਪਿੰਡ ਦੀ ਕਿਸੇ ਨੁੱਕਰੋਂ ਬਚ ਰਹੇ ਕੁੱਕੜ ਨੇ ਬਾਂਗ ਦਿੱਤੀ। ਵੀਹੀ ਵਿਚ ਕੋਈ ਅਵਾਰਾ ਕੁੱਤਾ ਰੱਜ ਕੇ ਰੋਇਆ।

ਬੇਖ਼ਬਰ ਮੁੰਡਾ ਬੇਫ਼ਿਕਰੀ ਦੀ ਨੀਂਦ ਸੁੱਤਾ ਰਿਹਾ।

# ਪੰਜਾਬ ਦੀ ਆਤਮਾ ਨੂੰ ਰੰਗਾਂ 'ਚ ਚਿਤਰਨ ਵਾਲਾ—ਚਿਤਰਕਾਰ ਜਰਨੈਲ ਸਿੰਘ

ਜਰਨੈਲ ਸਿੰਘ ਪੰਜਾਬ ਦੀ ਆਤਮਾ ਨੂੰ ਰੰਗਾਂ 'ਚ ਚਿਤਰਨ ਵਾਲਾ ਚਿਤਰਕਾਰ ਹੈ। ਉਸਦੇ ਚਿਤਰਾਂ ਵਿਚੋਂ ਪੰਜਾਬ ਉਸੇ ਤਰ੍ਹਾਂ ਦਿਖਾਈ ਦਿੰਦਾ ਹੈ, ਜਿਵੇਂ ਸ਼ਿਵ ਕੁਮਾਰ ਦੀ ਸ਼ਾਇਰੀ, ਜਸਵੰਤ ਸਿੰਘ ਕੰਵਲ ਦੇ ਨਾਵਲਾਂ ਅਤੇ ਵਾਰਸ ਦੀ ਹੀਰ ਦੇ ਕਿੱਸੇ ਵਿਚੋਂ। ਜਰਨੈਲ ਸਿੰਘ ਨੇ ਆਪਣੀ ਕੁੱਲ ਉਮਰ ਵਿਚੋਂ ਤਿੰਨ ਚੌਥਾਈ ਹਿੱਸਾ, ਰੰਗਾਂ ਨਾਲ ਖੇਡਦਿਆਂ ਲੰਘਾਈ ਹੈ। ਅਜੇ ਵੀ ਉਸਦੀ ਕਲਾਕਾਰੀ ਜੋਬਨ ਰੁੱਤ ਹੰਢਾ ਰਹੀ ਹੈ। ਕਿਸੇ ਵੇਗਮੱਤੀ ਮੁਟਿਆਰ ਵਰਗੀ। ਖੂਹ ਤੋਂ ਡੋਲ ਭਰਦੀ। ਮਾਰੋ ਮਾਰ ਕਰਦੀ। ਢਾਕ 'ਤੇ ਪਾਣੀ ਦਾ ਭਰਿਆ ਘੜਾ ਚੁੱਕ ਕੇ ਮਟਕ ਮਟਕ ਤੁਰਦੀ। ਗਿੱਧਿਆਂ ਵਿਚ ਨੱਚ ਨੱਚ ਧਮਾਲਾਂ ਪਾਉਂਦੀ। ਤ੍ਰਿੰਝਣਾਂ 'ਚ ਚਰਖਾ ਕੱਤਦੀ। ਸ਼ੀਸ਼ੇ ਮੂਹਰੇ ਖੜ੍ਹ ਕੇ ਹਾਰ-ਸ਼ਿੰਗਾਰ ਕਰਦੀ ਤੇ ਆਪਣਾ ਆਪ ਸੰਵਾਰਦੀ।



**ਗੁਰਮੀਤ ਕੜਿਆਲਵੀ**
**ਫੋਨ: +91-98726-40994**

ਪੰਜਾਬੀ ਸਭਿਆਚਾਰ ਨੂੰ ਜਿੰਨਾ ਵਿਆਪਕ ਰੂਪ 'ਚ ਜਰਨੈਲ ਸਿੰਘ ਨੇ ਚਿਤਰਿਆ ਹੈ, ਸ਼ਾਇਦ ਹੀ ਹੋਰ ਕਿਸੇ ਚਿਤਰਕਾਰ ਨੇ ਚਿਤਰਿਆ ਹੋਵੇ। ਜੇ ਇਕ ਪਾਸੇ ਉਸਦੇ ਚਿਤਰਾਂ 'ਚ ਪੰਜਾਬ ਦੇ ਲੋਕ ਗਵੱਈਏ ਰਿਵਾਇਤੀ ਸਾਜ਼ਾਂ ਨਾਲ ਲੋਕਾਂ ਦੇ ਦਿਲਾਂ ਦੀਆਂ ਤਰਬਾਂ ਛੇੜਦੇ ਹਨ ਤਾਂ ਖੂਹ ਦੁਆਲੇ ਝੁਰਮਟ ਪਾਈ ਖੜ੍ਹੀਆਂ ਮੁਟਿਆਰਾਂ ਦੇ ਹੁਸਨ ਦੀ ਆਭਾ ਲੋਕ ਮਨਾਂ 'ਚ ਸੱਜਰੀ ਸਵੇਰ ਜਿਹਾ ਅਹਿਸਾਸ ਜਗਾਉਂਦੀ ਹੈ। ਰੋਹੀ ਬੀਆਬਾਨ 'ਚ ਖੜ੍ਹੀ ਇਕੱਲੀ-ਦੁਕੱਲੀ ਕਿੱਕਰ ਜੀਵਨ 'ਚ ਪਸਰੀ ਇਕੱਲਤਾ ਦਾ ਪ੍ਰਤੀਕ ਹੈ ਤਾਂ ਇਸ ਵੀਰਾਨੀ 'ਚ ਲੱਗਾ ਖੂਹ ਰੁਮਕਦੀ ਜੀਵਨ ਰੌਅ ਦਾ ਬਿੰਬ ਉਸਾਰ ਦਿੰਦਾ ਹੈ। ਆਪਣੇ ਖੇਤਾਂ ਨੂੰ ਭੱਤਾ ਲੈ ਕੇ ਜਾਂਦੀਆਂ ਔਰਤਾਂ ਦੀ ਤਸਵੀਰ ਕਿਰਤ ਦੀ ਮਹਾਨਤਾ ਨੂੰ ਉਜਾਗਰ ਕਰਦੀ ਹੈ ਤਾਂ ਚਰਖਾ ਕੱਤਦੀ ਮੁਟਿਆਰ ਆਪਣੇ ਚਿੱਤਰ ਰਾਹੀਂ ਮੁਹੱਬਤਾਂ ਦੀ ਬਾਤ ਪਾਉਂਦੀ ਲੱਗਦੀ ਹੈ।

ਜਰਨੈਲ ਸਿੰਘ ਅਜਿਹਾ ਖੁਸ਼ਕਿਸਮਤ ਕਲਾਕਾਰ ਹੈ ਜਿਸਦੀ ਜੀਵਨੀ ਸਕੂਲਾਂ ਦੇ ਸਿਲੇਬਸ ਵਿਚ ਪੜ੍ਹਾਈ ਜਾ ਰਹੀ ਹੈ ਤੇ ਪਾਠ-ਪੁਸਤਕਾਂ ਵਿਚ ਛਪੀ ਆਪਣੀ ਜੀਵਨੀ ਨੂੰ ਉਹ ਆਪਣੇ ਅੱਖੀਂ ਵੇਖ ਰਿਹਾ ਹੈ। ਇਸ ਤੋਂ ਉਸਦੀ ਪ੍ਰਸਿੱਧੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਆਪਣੇ ਚਿੱਤਰਕਾਰੀ ਵਾਲੇ ਹੁਨਰ ਸਿਰ 'ਤੇ ਉਸਨੇ ਆਪਣੇ ਸ਼ਹਿਰ ਜ਼ੀਰੇ ਤੋਂ ਕੈਨੇਡਾ ਦੀ ਰਾਜਧਾਨੀ ਓਟਾਵਾ ਦੀ ਸੰਸਾਰ ਪ੍ਰਸਿੱਧ ਯੂਨੀਵਰਸਿਟੀ ਤੱਕ ਦਾ ਸਫਰ ਤੈਅ ਕੀਤਾ ਹੈ। ਐਸ ਵਕਤ ਉਸਦੀ ਗਿਣਤੀ ਸੰਸਾਰ ਦੇ ਨਾਮੀ-ਗਰਾਮੀ ਚਿਤਰਕਾਰਾਂ ਵਿਚ ਹੁੰਦੀ ਹੈ। ਹੋ ਸਕਦੈ ਬਹੁਤੇ ਪੰਜਾਬੀਆਂ ਨੂੰ ਇਸ ਗੱਲ ਦਾ ਗਿਆਨ ਹੀ ਨਾ ਹੋਵੇ ਤੇ ਜੇ ਪਤਾ ਵੀ ਹੋਇਆ ਤਾਂ ਉਨ੍ਹਾਂ ਇਸ ਗੱਲ ਨੂੰ ਬਹੁਤਾ ਗੌਲਿਆ ਨਹੀਂ ਹੋਵੇਗਾ। ਬਹੁਤ ਥੋੜ੍ਹੇ ਪੰਜਾਬੀਆਂ ਨੂੰ ਪਤੈ ਕਿ ਉਨ੍ਹਾਂ ਦੇ ਜਰਨੈਲ ਸਿੰਘ ਦੀਆਂ ਬਣਾਈਆਂ ਕਲਾਕ੍ਰਿਤਾਂ ਦੀ ਨੁਮਾਇਸ਼ ਦੁਨੀਆਂ ਦੀਆਂ ਕਹਿੰਦੀਆਂ-ਕਹਾਉਂਦੀਆਂ ਆਰਟ ਗੈਲਰੀਆਂ ਵਿਚ ਲੱਗਦੀ ਹੈ। ਅੱਜ-ਕੱਲ੍ਹ ਉਹ ਯੂਰਪ, ਅਮਰੀਕਾ ਅਤੇ ਬਾਕੀ ਸੰਸਾਰ ਦੇ ਕਲਾਸਿਕ ਮੰਨੇ ਜਾਂਦੇ ਚਿੱਤਰਕਾਰਾਂ ਨਾਲ ਵਰ ਮੇਚਦਾ ਹੈ। ਉਸਦੇ ਚਿੱਤਰਾਂ ਨੂੰ ਵੇਖ ਕੇ ਮਾਰੂ ਚਾਹ ਪੀਣ ਵਾਲੇ ਕਿਸੇ ਪੇਂਡੂਆਂ ਤੋਂ ਲੈ ਕੇ ਟਿਮ ਹੌਰਟਿਨ ਦੀ ਝੱਗ ਵਰਗੀ ਸੰਘਣੀ ਕੌਫ਼ੀ ਪੀਣ ਵਾਲੇ ਗੋਰਿਆਂ ਤੱਕ ਦੇ ਮੂੰਹੋਂ 'ਵਾਹ!' ਨਿਕਲ ਸਕਦਾ ਹੈ। ਨਿਰਸੰਦੇਹ, ਜਰਨੈਲ ਸਿੰਘ ਚਿੱਤਰਕਾਰੀ ਦਾ ਜਰਨੈਲ ਹੈ। ਇੱਕ ਚੈਂਪੀਅਨ ਅਥਲੀਟ, ਜੋ ਮਿਲਖਾ ਸਿੰਘ ਵਾਂਗ ਤੇਜ਼ ਵੀ ਦੌੜਿਆ ਹੈ ਤੇ ਫੌਜ ਵਾਲੇ ਪੈਦਲ ਚਾਲ ਦੇ ਧਾਵਕ ਹਾਕਮ ਸਿੰਘ ਵਾਂਗ ਵਾਹੋ-ਦਾਹੀ ਕਾਹਲੇ ਕਦਮੀਂ ਤੁਰਿਆ ਵੀ ਹੈ।

ਪੰਜਾਬੀ ਸਭਿਆਚਾਰ ਨੂੰ ਚਿੱਤਰਨ ਵਾਲੀ ਤਸਵੀਰ ਦੇ ਬਿਲਕੁਲ ਥੱਲੇ ਕਰਕੇ ਇੱਕ ਕੋਨੇ 'ਚ ਲਿਖਿਆ 'ਜਰਨੈਲ ਸਿੰਘ' ਮੈਨੂੰ ਚੰਗਾ ਚੰਗਾ ਲੱਗਦਾ ਹੈ। ਮੈਨੂੰ ਇਸ ਨਾਂ ਨਾਲ ਨਿੱਕੇ ਹੁੰਦਿਆਂ ਹੀ ਮੁਹੱਬਤ ਹੋਣ ਲੱਗੀ ਸੀ। ਫੁੱਟਬਾਲ ਦੇ ਸਟਾਰ ਖਿਡਾਰੀ ਜਰਨੈਲ ਸਿੰਘ ਬਾਰੇ ਪ੍ਰਿੰਸੀਪਲ ਸਰਵਣ ਸਿੰਘ ਦਾ ਲਿਖਿਆ ਆਰਟੀਕਲ ਮੈਂ ਕਈ ਵਾਰ ਪੜ੍ਹਿਆ ਸੀ। ਪਤਾ ਨਹੀਂ ਸਰਵਣ ਸਿੰਘ ਦੀ ਸ਼ੈਲੀ ਵਿਚ ਹੀ ਐਨੀ ਖਿੱਚ ਸੀ ਜਾਂ ਜਰਨੈਲ ਸਿੰਘ ਦੀ ਜੀਵਨੀ 'ਚ। ਦਰਅਸਲ ਖਿੱਚ ਉਸ ਨਾਂ ਵਿਚ ਵੀ ਸੀ। ਮੇਰੀ ਇਹ ਧਾਰਨਾ ਪੱਕੀ ਹੋ ਗਈ ਸੀ ਕਿ ਜਰਨੈਲ ਸਿੰਘ ਨਾਮ ਵਾਲੇ ਹੁੰਦੇ ਹੀ ਮਹਾਨ ਨੇ। ਜਿਵੇਂ ਜੰਮੇ ਹੀ ਆਪਣੇ ਆਪਣੇ ਖੇਤਰ ਦੀ ਕਪਤਾਨੀ ਕਰਨ ਵਾਸਤੇ ਹੋਣ। ਜਰਨੈਲ ਨਾਮ ਨਾਲ ਮੇਰੀ ਮੁਹੱਬਤ ਦਾ ਹੀ ਨਤੀਜਾ ਸੀ ਕਿ ਜਦੋਂ ਪੱਤਰਕਾਰ ਜਰਨੈਲ ਸਿੰਘ ਨੇ ਦੇਸ਼ ਦੇ ਵੱਡੇ ਨੇਤਾ ਵੱਲ ਜੁੱਤੀ ਵਗਾਹ ਮਾਰੀ ਸੀ ਤਾਂ ਉਹ ਜਰਨੈਲ ਸਿੰਘ ਵੀ ਮੈਨੂੰ ਚੰਗਾ ਚੰਗਾ ਲੱਗਾ ਸੀ।

ਮੇਰੇ ਵਾਂਗ ਚਿੱਤਰਕਾਰ ਜਰਨੈਲ ਸਿੰਘ ਨੂੰ ਵੀ ਛੋਟੇ ਹੁੰਦਿਆਂ ਉਨ੍ਹਾਂ ਤਸਵੀਰਾਂ ਨਾਲ ਮੋਹ ਰਿਹਾ ਹੋਵੇਗਾ ਜਿਨ੍ਹਾਂ ਵਿਚੋਂ ਪੁਰਾਣਾ ਪੇਂਡੂ ਸਭਿਆਚਾਰ ਡਲਕਾਂ ਮਾਰਦਾ ਹੋਵੇ। ਉਹ ਦੀਵਾਲੀ ਦੇ ਦਿਨਾਂ 'ਚ ਘਰ ਦੀਆਂ ਕੰਧਾਂ 'ਤੇ 'ਬਾਬਲ ਤੇਰੇ ਮਹਿਲਾਂ ਵਿਚੋਂ ਸੱਤ ਰੰਗੀਆ ਕਬੂਤਰ ਬੋਲੇ' ਵਾਲਾ ਪੋਸਟਰ ਜ਼ਰੂਰ ਟੰਗਦਾ ਹੋਵੇਗਾ। ਇਸ ਤਸਵੀਰ ਵਿਚਲੀ ਖੂਬਸੂਰਤ ਪੰਜਾਬਣ ਕੁੜੀ ਬਨੇਰੇ 'ਤੇ ਬੈਠੇ ਕਬੂਤਰ ਵੱਲ ਬੜੇ ਗਹੁ ਨਾਲ ਵੇਖਦੀ ਸੀ। ਇਕ ਹੋਰ ਤਸਵੀਰ ਕੰਧਾਂ 'ਤੇ ਝਾਕਦੀ ਜਿਸ ਵਿਚ ਪੇਕਿਓਂ ਡੋਲੀ ਜਾਣ ਵਾਲੀ ਨਵੀਂ ਵਿਆਹੀ ਭਾਬੋ ਨੂੰ ਘਰ ਦੀਆਂ ਕੁੰਜੀਆਂ ਫੜਾ ਰਹੀ ਹੁੰਦੀ। ਇਸ ਫੋਟੋ ਦਾ ਸਿਰਲੇਖ ਵੀ ਭਾਵੁਕ ਕਰਦਾ, "ਆਹ ਲੈ ਮਾਏਂ ਸਾਂਭ ਕੁੰਜੀਆਂ, ਧੀਆਂ ਕਰ ਚੱਲੀਆਂ ਸਰਦਾਰੀ।" ਇਸੇ ਤਰ੍ਹਾਂ ਪੀਲੇ ਪੀਲੇ ਫੁੱਲਾਂ ਨਾਲ ਲੱਦੀ ਕਿੱਕਰ ਦੇ ਥੱਲੇ ਮਾਹੀ ਨੂੰ ਉਡੀਕਦੀ ਉਦਾਸ ਬੈਠੀ ਕੁੜੀ ਦੀ ਤਸਵੀਰ, "ਕਿੱਕਰਾਂ ਦੇ ਫੁੱਲਾਂ ਦੀ ਅੜਿਆ, ਕੌਣ ਕਰੇਂਦਾ ਰਾਖੀ ਵੇ" ਵੇਖਣ ਵਾਲੇ ਦੇ ਅੰਦਰ ਉਦਾਸੀ ਦੀ ਤਾਰ ਜਿਹੀ ਲੰਘਾਉਂਦੀ। ਵੇਰਕਾ ਘਿਓ ਵਾਲੇ ਡੱਬੇ 'ਤੇ ਭੰਗੜੇ ਵਾਲੇ ਮੁੰਡੇ ਦੀ ਤਸਵੀਰ ਵੀ ਖੇੜਾ ਪੈਦਾ ਕਰਦੀ। ਦਿਲ ਇਨ੍ਹਾਂ ਤਸਵੀਰਾਂ ਨੂੰ ਉਕਰਨ ਵਾਲਿਆਂ ਦੇ ਪਿੱਛੇ ਪਿੱਛੇ ਤੁਰਨ ਲੱਗਦਾ।

ਫਿਰ ਉਹ ਦਿਨ ਆਏ ਜਦੋਂ ਅਖਬਾਰਾਂ 'ਚ ਛਪਦੀਆਂ ਸਭਿਆਚਾਰਕ ਅਤੇ ਪੇਂਡੂ ਜਨ-ਜੀਵਨ ਨੂੰ ਚਿਤਰਨ ਵਾਲੀਆਂ ਤਸਵੀਰਾਂ ਕੱਟ-ਕੱਟ ਕੇ ਸਾਂਭਣ ਲੱਗਾ ਸਾਂ। ਕਿਤਾਬਾਂ ਦੇ ਨਾਲ ਨਾਲ ਅਜਿਹੀਆਂ ਤਸਵੀਰਾਂ ਵੀ ਘਰ ਵਿਚ ਜਮ੍ਹਾਂ ਹੋਣ ਲੱਗੀਆਂ ਸਨ। ਇਹੀ ਉਹ ਦਿਨ ਸਨ ਜਦੋਂ ਜਰਨੈਲ ਸਿੰਘ ਆਰਟਿਸਟ ਦੇ ਨਾਂ ਨਾਲ ਵਾਕਫ਼ੀ ਹੋਈ ਸੀ। ਉਸਦੇ ਬਣਾਏ ਚਿੱਤਰ ਇਧਰ-ਉਧਰ ਛਪਦੇ ਤਾਂ ਦਿਲ 'ਚ ਫੁੱਲਝੜੀਆਂ ਚੱਲਣ ਲੱਗ ਪੈਂਦੀਆਂ। ਦਿਲ ਆਪ ਮੁਹਾਰੇ 'ਵਾਹ! ਵਾਹ!' ਕਹਿ ਉਠਦਾ। ਜਰਨੈਲ ਸਿੰਘ ਮੈਨੂੰ ਕਿਸੇ ਪਰੀ ਲੋਕ ਦਾ ਵਾਸੀ ਲੱਗਣ ਲੱਗਾ, ਜੋ ਹੱਥਾਂ 'ਚ ਬੁਰਸ਼ ਫੜ 'ਅਕੜਮ ਬਕੜਮ!' ਕਹਿੰਦਿਆਂ ਹੀ ਚਿੱਤਰ ਬਣਾ ਦਿੰਦਾ ਹੋਵੇਗਾ। ਉਮਰ ਦੇ ਇਹ ਦਿਨ ਹੀ ਅਜਿਹੇ ਸਨ ਜਦੋਂ ਕਿਸੇ ਵੀ ਗੱਭਰੂ ਦੇ ਸੁਪਨਿਆਂ ਅੰਦਰ ਜਰਨੈਲ ਸਿੰਘ ਦੇ ਚਿੱਤਰਾਂ ਜਿਹੀਆਂ ਮੁਟਿਆਰਾਂ ਖਲਬਲੀ ਪਾਉਣ ਲੱਗਦੀਆਂ ਹਨ।

ਜਿਵੇਂ ਜਿਵੇਂ ਵੱਡਾ ਹੋਈ ਜਾਂਦਾ ਸਾਂ, ਜਰਨੈਲ ਸਿੰਘ ਦੇ ਚਿੱਤਰਾਂ ਵਾਲੀ ਮੁਟਿਆਰ ਮੇਰੇ ਹੋਰ ਨੇੜੇ ਹੋਈ ਜਾਂਦੀ ਸੀ। ਉਵੇਂ ਉਵੇਂ ਹੀ ਜਰਨੈਲ ਸਿੰਘ ਵੀ ਦਿਲ ਦੇ ਨੇੜੇ ਹੋਈ ਜਾਂਦਾ ਸੀ। ਉਦੋਂ ਭਾਵੇਂ ਚਿਤਰਕਾਰ ਜਰਨੈਲ ਸਿੰਘ ਦੇ ਟਿਕਾਣੇ ਦਾ ਕੋਈ ਥਹੁ ਪਤਾ ਨਹੀਂ ਸੀ, ਪਰ ਇਹ ਉਸਦੀ ਬਹੁਤ ਖੂਬਸੂਰਤ ਫੋਟੋ ਮੈਂ ਦਿਮਾਗ 'ਚ ਘੜ ਲਈ ਸੀ। ਮੈਂ ਅਕਸਰ ਸੋਚਦਾ ਕਿ ਅਜਿਹੇ ਖੂਬਸੂਰਤ ਚਿਹਰੇ ਚਿਤਰਨ ਵਾਲਾ ਮਨੁੱਖ ਰੁੱਖਾਂ ਨਾਲ ਘਿਰੀ ਕਿਸੇ ਪਹਾੜ ਦੀ ਟੀਸੀ 'ਤੇ ਬੈਠਾ ਹੋਵੇਗਾ। ਕੁਦਰਤ ਰਾਣੀ ਉਸਨੂੰ ਆਪਣੀ ਗੋਦੀ 'ਚ ਲੈ ਕੇ ਮਿੱਠੀ-ਮਿੱਠੀ ਲੋਰੀ ਸੁਣਾਉਂਦੀ ਹੋਵੇਗੀ। ਐਨੀਆਂ ਸੋਹਣੀਆਂ ਤਸਵੀਰਾਂ ਬਣਾਉਣ ਵਾਲਾ ਨਿਹਾਇਤ ਹੀ ਖੂਬਸੂਰਤ ਹੋਵੇਗਾ। ਉਦੋਂ ਇਹ ਨਹੀਂ ਸੀ ਪਤਾ ਕਿ ਸੋਹਣੀਆਂ-ਸੋਹਣੀਆਂ ਰਚਨਾਵਾਂ ਲਿਖਣ ਵਾਲੇ ਲੇਖਕ ਜਾਂ ਸੋਹਣੀਆਂ-ਸੋਹਣੀਆਂ ਤਸਵੀਰਾਂ ਬਣਾਉਣ ਵਾਲੇ ਚਿੱਤਰਕਾਰ ਜ਼ਰੂਰੀ ਨਹੀਂ ਆਪਣੀਆਂ ਕਲਾ ਕ੍ਰਿਤਾਂ ਜਿੰਨੇ ਹੀ ਸੋਹਣੇ ਹੋਣ। ਉਦੋਂ ਕਿੱਥੇ ਪਤਾ ਸੀ ਕਿ ਐਨੀ ਸੋਹਣੀ ਤਸਵੀਰ ਤਾਂ ਉਹੀ ਬਣਾ ਸਕਦਾ ਹੈ ਜਿਸਦਾ ਦਿਲ ਅੰਦਰੋਂ ਨਿਹਾਇਤ ਹੀ ਹੁਸੀਨ ਹੋਵੇ।

ਕੋਈ ਨਾ ਕੋਈ ਮੁਟਿਆਰ ਤਾਂ ਹਰ ਇੱਕ ਗੱਭਰੂ ਦੇ ਦਿਲ ਅੰਦਰ ਬੈਠੀ ਹੁੰਦੀ ਹੈ, ਪਰ ਜਰਨੈਲ ਸਿੰਘ ਦੇ ਅੰਦਰ ਤਾਂ ਜਿਵੇਂ ਹਜ਼ਾਰਾਂ ਪੰਜਾਬਣ ਮੁਟਿਆਰਾਂ ਨੇ ਡੇਰਾ ਲਾਇਆ ਹੋਇਆ ਹੈ। ਧਾਰਾਂ ਕੱਢਦੀਆਂ, ਦੁੱਧ ਰਿੜਕਦੀਆਂ, ਚੱਕੀ ਝੋਹਦੀਆਂ, ਫੁਲਕਾਰੀਆਂ ਕੱਢਦੀਆਂ, ਚਰਖੇ ਕੱਤਦੀਆਂ, ਗੋਰੇ ਹੱਥਾਂ ਨਾਲ ਤਾਰਾਮੀਰਾ ਤੋੜਦੀਆਂ, ਡੋਲ ਭਰ ਭਰ ਖੂਹ 'ਚੋਂ ਪਾਣੀ ਕੱਢਦੀਆਂ ਤੇ ਰੋਜ਼ਮਰ੍ਹਾ ਦੇ ਹੋਰ ਕੰਮ ਕਰਦੀਆਂ ਸੁਆਣੀਆਂ 'ਚੋਂ ਕੋਈ ਨਾ ਕੋਈ ਜੋਬਨਮੱਤੀ ਮੁਟਿਆਰ ਥੋੜ੍ਹੇ ਚਿਰ ਬਾਅਦ ਉਸਦੇ ਦਿਲ 'ਚੋਂ ਬਾਹਰ ਆ ਕੇ ਤਸਵੀਰ ਬਣ ਕੈਨਵਸ 'ਤੇ ਮੁਸਕਰਾਉਣ ਲੱਗਦੀ ਹੈ। ਆਪਣੇ ਅੰਦਰ ਬੈਠੀ ਹੁਸੀਨ ਮੁਟਿਆਰ ਦੀ ਬਦੌਲਤ ਹੀ ਜਰਨੈਲ ਸਿੰਘ ਨੂੰ ਪੇਂਡੂ ਪੰਜਾਬਣ ਮੁਟਿਆਰਾਂ ਦੇ ਮੁਹਾਂਦਰੇ ਚਿਤਰਨ ਵਿਚ ਮੁਹਾਰਤ ਹਾਸਲ ਹੋਈ ਹੈ। ਉਸਨੇ ਪੰਜਾਬਣ ਦਾ ਬਿੰਬ ਬੇਹੱਦ ਹੁਸੀਨ ਅਤੇ ਕਿਰਤ ਕਰਨ 'ਚ ਵਿਸ਼ਵਾਸ ਕਰਨ ਵਾਲੀ ਔਰਤ ਦਾ ਸਥਾਪਿਤ ਕਰ ਦਿੱਤਾ ਹੈ। ਜਰਨੈਲ ਸਿੰਘ ਵਲੋਂ ਚਿਤਰੀ ਗਈ ਪੰਜਾਬਣ ਪਿਆਰ ਦੇ ਜਜ਼ਬੇ 'ਚ ਗੜੁੱਚ ਪਰ ਹਰ ਤਰ੍ਹਾਂ ਦੇ ਵਲ-ਛਲ ਤੋਂ ਰਹਿਤ ਹੈ। ਮੁਹੱਬਤ ਲਈ ਕੁਰਬਾਨ ਹੋ ਜਾਣ ਵਾਲੀ। ਕੱਚੇ ਘੜੇ 'ਤੇ ਠਿੱਲ੍ਹ ਕੇ ਨਦੀਆਂ ਚੀਰ ਜਾਣ ਵਾਲੀ ਤੇ ਆਪਣੇ ਹਾਣੀ ਲਈ ਥਲਾਂ 'ਚ ਭਟਕ ਜਾਣ ਵਾਲੀ। ਹੀਰ ਵਰਗੀ ਮੂੰਹ ਜ਼ੋਰ ਵੀ ਤੇ ਸੰਗ ਸ਼ਰਮ ਨਾਲ ਸੂਹੀ ਹੋ ਜਾਣ ਵਾਲੀ ਵੀ।



*ਚਿੱਤਰਕਾਰ ਜਰਨੈਲ ਸਿੰਘ ਆਪਣੀਆਂ ਕਲਾਕ੍ਰਿਤਾਂ ਨਾਲ।*

ਜਰਨੈਲ ਸਿੰਘ ਚਿੱਤਰਕਾਰੀ ਦਾ ਸਚਿਨ ਤੇਂਦੁਲਕਰ ਹੈ। ਉਸਨੇ ਚਿਤਰਕਾਰੀ ਦੀ ਪਿੱਚ 'ਤੇ ਲੰਮੀ ਪਾਰੀ ਖੇਡੀ ਹੈ। ਅਜੇ ਵੀ ਉਹ ਬੜੀ ਤਕੜਾਈ ਨਾਲ ਕਰੀਜ਼ 'ਤੇ ਡਟਿਆ ਖੜਾ ਹੈ। ਜਰਨੈਲ ਸਿੰਘ ਹੀ ਨਹੀਂ, ਉਸਦਾ ਬਾਪ ਵੀ ਚਿਤਰਕਾਰੀ ਦੇ ਖੇਤਰ ਦਾ ਸ਼ਾਹ ਅਸਵਾਰ ਰਿਹਾ। ਸਿੱਖ ਇਤਿਹਾਸ ਦੇ ਖੜਗਧਾਰੀ ਫਲਸਫੇ ਅਤੇ ਸਿੱਖਾਂ ਵਲੋਂ ਦਿੱਤੀਆਂ ਕੁਰਬਾਨੀਆਂ ਨੂੰ ਤਸਵੀਰਾਂ ਰਾਹੀਂ ਮੂਰਤੀਮਾਨ ਕਰ ਦੇਣ ਵਾਲੇ ਮਹਾਨ ਚਿੱਤਰਕਾਰ ਕਿਰਪਾਲ ਸਿੰਘ ਦੇ ਨਾਂ ਤੋਂ ਕਿਹੜਾ ਪੰਜਾਬੀ ਨਾਵਾਕਫ਼ ਹੋਵੇਗਾ। ਦੁਨੀਆਂ ਸ. ਕਿਰਪਾਲ ਸਿੰਘ ਨੂੰ ਸਿੱਖ ਇਤਿਹਾਸ ਦੇ ਚਿਤੇਰੇ ਵਜੋਂ ਜਾਣਦੀ ਹੈ। ਇਸ ਮਹਾਨ ਚਿੱਤਰਕਾਰ ਨੇ ਇਤਿਹਾਸ ਪੜ੍ਹਦਿਆਂ ਮਹਿਸੂਸ ਕਰ ਲਿਆ ਸੀ ਕਿ ਪੰਜਾਬ ਦੀ ਬਹਾਦਰ ਕੌਮ ਇਤਿਹਾਸ ਦੀ ਸਿਰਜਣਾ ਕਰਨੀ ਤਾਂ ਜਾਣਦੀ ਹੈ ਪਰ ਇਤਿਹਾਸ ਨੂੰ ਸੰਭਾਲਣਾ ਨਹੀਂ ਜਾਣਦੀ। ਪੁਸਤਕਾਂ 'ਚ ਦਰਜ ਇਤਿਹਾਸ ਇਨ੍ਹਾਂ ਲਈ ਬਹੁਤਾ ਮਾਇਨੇ ਨਹੀਂ ਰੱਖਦਾ। ਪੰਜਾਬ ਦੇ ਲੋਕ ਪੜ੍ਹਨ ਨਾਲੋਂ ਅੱਖੀਂ ਵੇਖਣ ਵਾਲੀ ਗੱਲ 'ਤੇ ਵਧੇਰੇ ਯਕੀਨ ਕਰਦੇ ਹਨ। ਇਨ੍ਹਾਂ ਜੰਗਜੂ ਲੋਕਾਂ ਨੂੰ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਇਸਨੂੰ ਚਿੱਤਰਾਂ ਦੇ ਰੂਪ ਵਿਚ ਰੂਪਮਾਨ ਕਰਨਾ ਜ਼ਰੂਰੀ ਸੀ। ਵੱਡੀਆਂ ਵੱਡੀਆਂ ਤਸਵੀਰਾਂ ਨੂੰ ਦੇਖਦਿਆਂ ਕੌਮ ਆਪਣੇ ਗੌਰਵਮਈ ਵਿਰਸੇ ਨੂੰ ਆਪਣੇ ਚੇਤਿਆਂ ਵਿਚ ਸਦਾ ਲਈ ਉਤਾਰ ਸਕਣ ਦੇ ਯੋਗ ਹੋ ਸਕਦੀ ਸੀ। ਸ. ਕਿਰਪਾਲ ਸਿੰਘ ਨੇ ਪੰਜਾਬੀਆਂ ਨੂੰ ਉਨ੍ਹਾਂ ਦਾ ਇਤਿਹਾਸ ਤਸਵੀਰਾਂ ਰਾਹੀਂ ਪੜ੍ਹਾਉਣ ਦਾ ਫੈਸਲਾ ਕਰ ਲਿਆ। ਬਤੌਰ ਚਿੱਤਰਕਾਰ ਆਪਣੀ ਜ਼ਿੰਮੇਵਾਰੀ ਨੂੰ ਮਹਿਸੂਸ ਕਰਦਿਆਂ ਉਨ੍ਹਾਂ ਸਿੱਖ ਇਤਿਹਾਸ ਨੂੰ ਰੰਗਾਂ ਰਾਹੀਂ ਚਿਤਰਨਾ ਸ਼ੁਰੂ ਕਰ ਦਿੱਤਾ। ਲੋਕਾਂ ਨੇ ਸੋਭਾ ਸਿੰਘ ਜੀ ਦੁਆਰਾ ਬਣਾਏ ਗਏ ਗੁਰੂ ਨਾਨਕ ਦੇਵ ਜੀ ਦੇ ਦਰਵੇਸ਼ੀ ਬਿੰਬ ਦੇ ਨਾਲ ਨਾਲ ਸਿੱਖ ਗੁਰੂਆਂ ਦੁਆਰਾ ਪੈਦਾ ਕੀਤੀ ਤਿਆਗ, ਕੁਰਬਾਨੀ ਅਤੇ ਜੰਗਜੂ ਯੋਧੇ ਵਾਲੀ ਸਪਿਰਟ ਨੂੰ ਵੀ ਚਿੱਤਰਾਂ ਰਾਹੀਂ ਵੇਖਣਾ ਸ਼ੁਰੂ ਕੀਤਾ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਪੰਜਾਬ ਦੇ ਲੋਕਾਂ ਲਈ ਚਿੱਤਰਕਾਰ ਕੋਈ ਮਹੱਤਵਪੂਰਨ ਵਿਅਕਤੀ ਨਹੀਂ ਸੀ ਹੁੰਦਾ। ਚਿੱਤਰਕਾਰੀ ਪਰਿਵਾਰ ਲਈ ਰੋਜ਼ੀ-ਰੋਟੀ ਦਾ ਆਹਰ ਨਹੀਂ ਸੀ ਬਣਦੀ। ਇਹ ਸ. ਕਿਰਪਾਲ ਸਿੰਘ ਦਾ ਸਮਰਪਣ ਅਤੇ ਜਜ਼ਬਾ ਹੀ ਸੀ ਕਿ ਉਹ ਇੱਕ ਯੋਧੇ ਵਾਂਗ ਆਪਣੇ ਕੰਮ ਵਿਚ ਡਟਿਆ ਰਿਹਾ। ਸ਼੍ਰੋਮਣੀ ਕਮੇਟੀ ਨੇ ਵੀ ਉਨ੍ਹਾਂ ਦੀ ਕਲਾ ਨੂੰ ਮਾਨਤਾ ਦਿੰਦਿਆਂ ਬਤੌਰ ਚਿੱਤਰਕਾਰ ਭਰਤੀ ਕਰ ਲਿਆ। ਉਨ੍ਹਾਂ ਦਿਨਾਂ 'ਚ ਸ਼੍ਰੋਮਣੀ ਕਮੇਟੀ 'ਚ ਅੱਜ ਵਾਲੀ ਆਪਾ-ਧਾਪੀ ਨਹੀਂ ਸੀ ਹੁੰਦੀ। ਕਮੇਟੀ ਲਿਖਾਰੀਆਂ, ਇਤਿਹਾਸਕਾਰਾਂ, ਚਿੰਤਕਾਂ, ਰਾਗੀਆਂ-ਢਾਡੀਆਂ ਤੇ ਚਿਤਰਕਾਰਾਂ ਦੀ ਕਦਰ ਕਰਦੀ ਸੀ।

ਢਾਈ ਸੌ ਤੋਂ ਵੀ ਵੱਧ ਚਿੱਤਰਾਂ ਰਾਹੀਂ ਸਾਰੇ ਮੱਧਕਾਲੀਨ ਸਿੱਖ ਸੰਘਰਸ਼ ਨੂੰ ਪ੍ਰਕਾਸ਼ਮਾਨ ਕਰ ਦੇਣ ਵਾਲੇ ਉਸੇ ਕਰਮਸ਼ੀਲ ਬਾਪ ਕਿਰਪਾਲ ਸਿੰਘ ਦਾ ਪੁੱਤ ਹੈ ਜਰਨੈਲ ਸਿੰਘ। ਉਹ ਮਹਾਨ ਚਿਤੇਰਾ ਜਿਸਨੇ ਬੰਦ-ਬੰਦ ਕਟਵਾਉਂਦੇ, ਚਰਖੜੀਆਂ 'ਤੇ ਚੜ੍ਹਦੇ, ਆਰਿਆਂ ਨਾਲ ਚੀਰੇ ਜਾਂਦੇ, ਨੇਜਿਆਂ 'ਤੇ ਲਟਕਦੇ, ਹੱਸ-ਹੱਸ ਤੋਪਾਂ ਅੱਗੇ ਹਿੱਕਾਂ ਡਾਹੁੰਦੇ, ਉੱਬਲਦੀਆਂ ਦੇਗਾਂ ਵਿਚ ਉਬਾਲੇ ਖਾਂਦੇ ਅਤੇ ਜੰਗਾਂ ਵਿਚ ਬਹਾਦਰੀ ਨਾਲ ਲੜਕੇ ਮਰਦੇ ਸਿੰਘਾਂ ਨੂੰ ਵਿਸ਼ਾਲ ਚਿੱਤਰਾਂ ਰਾਹੀਂ ਸਦਾ ਲਈ ਜਿਉਂਦੇ ਕਰ ਦਿੱਤਾ ਸੀ। ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਘਰ, ਗੁਰਦੁਆਰਾ ਬੰਗਲਾ ਸਾਹਿਬ ਦਿੱਲੀ 'ਚ ਸਥਿਤ ਸ. ਬਘੇਲ ਸਿੰਘ ਮਿਊਜ਼ੀਅਮ, ਐਂਗਲੋ ਸਿੱਖ ਮਿਊਜ਼ੀਅਮ ਅਤੇ ਅਨੇਕਾਂ ਹੋਰ ਅਜਾਇਬਘਰਾਂ ਵਿਚ ਕਿਰਪਾਲ ਸਿੰਘ ਜੀ ਦੇ ਬਣਾਏ ਵੱਡ-ਆਕਾਰੀ ਚਿੱਤਰਾਂ ਨੇ ਪੰਜਾਬੀਆਂ ਨੂੰ ਉਨ੍ਹਾਂ ਦੇ ਸ਼ਾਨਾਮੱਤੇ ਇਤਿਹਾਸ ਨਾਲ ਜੋੜਨ ਦਾ ਸਫ਼ਲ ਯਤਨ ਕੀਤਾ। ਖੰਡੇ ਨਾਲ ਲਕੀਰ ਖਿੱਚਦਾ ਬਾਬਾ ਦੀਪ ਸਿੰਘ, ਹੱਥ ਵਿਚ ਸੋਟਾ ਫੜ ਕੇ ਮੁਗ਼ਲ ਜਰਵਾਣਿਆਂ ਨੂੰ ਲਲਕਾਰਦੇ ਬਾਬਾ ਗਰਜਾ ਸਿੰਘ ਤੇ ਬਾਬਾ ਬੋਤਾ ਸਿੰਘ, ਨੌਵੇਂ ਗੁਰਾਂ ਦਾ ਦਿੱਲੀ ਤੋਂ ਸੀਸ ਲਿਆ ਰਿਹਾ ਭਾਈ ਜੈਤਾ, ਵੱਡੇ ਘੱਲੂਘਾਰੇ ਵਿਚ ਸ਼ਹੀਦੀਆਂ ਪਾਉਂਦੇ ਪ੍ਰਵਾਨੇ, ਐਂਗਲੋ ਸਿੱਖ ਯੁੱਧਾਂ 'ਚ ਜਰਨੈਲਾਂ ਦੀ ਗਦਾਰੀ ਦੇ ਬਾਵਜੂਦ ਬਹਾਦਰੀ ਨਾਲ ਲੜਦੀਆਂ ਸਿੱਖ ਫੌਜਾਂ ਅਤੇ ਪੰਜਾ ਸਾਹਿਬ ਗੁਰੂ ਕੇ ਬਾਗ਼ ਸਮੇਤ ਵੱਖ-ਵੱਖ ਮੋਰਚਿਆਂ 'ਚ ਸ਼ਹੀਦੀਆਂ ਪਾਉਂਦੇ ਸਿੰਘਾਂ ਦੀਆਂ ਤਸਵੀਰਾਂ ਵੇਖਦਿਆਂ ਪੰਜਾਬੀਆਂ ਦੇ ਜੁੱਸਿਆਂ 'ਚ ਗਰਮ ਖ਼ੂਨ ਦੌੜਨ ਲੱਗਦਾ। ਇਹ ਗੱਲ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਪੰਜਾਬੀਆਂ ਨੇ ਆਪਣਾ ਇਤਿਹਾਸ ਕਿਤਾਬਾਂ ਦੀ ਬਜਾਏ ਸ. ਕਿਰਪਾਲ ਸਿੰਘ ਦੇ ਚਿੱਤਰਾਂ ਦੁਆਰਾ ਵਧੇਰੇ ਜਾਣਿਆਂ ਤੇ ਸਮਝਿਆ ਹੈ।

ਜਰਨੈਲ ਸਿਘ ਨੇ ਬਾਪ ਵਾਲੀ ਬੈਟਨ ਘੁੱਟ ਕੇ ਫੜੀ ਹੈ। ਬਾਪ ਨਾਲ ਸਹਾਇਕ ਵਜੋਂ ਕੰਮ ਕਰਦਿਆਂ ਚਿੱਤਰਕਾਰੀ ਵਰਗੀ ਸੂਖ਼ਮ ਕਲਾ ਦੀਆਂ ਬਾਰੀਕੀਆਂ ਨੂੰ ਧੁਰ ਅੰਦਰ ਉਤਾਰ ਲਿਆ। ਚਿੱਤਰਕਾਰੀ ਦੇ ਮੈਦਾਨ ਵਿਚ ਉਹ ਆਪਣੇ ਲੀਜੈਂਡਰੀ ਬਾਪ ਵਾਂਗ ਬੜੀ ਤੇਜ਼ੀ ਨਾਲ ਦੌੜਿਆ ਹੈ। ਆਪਣੀ ਦੌੜ ਨੂੰ ਉਸਨੇ ਕਦੇ ਵੀ ਮੱਧਮ ਨਹੀਂ ਪੈਣ ਦਿੱਤਾ। ਪਿਤਾ ਵੇਲੇ ਇਸ ਕਲਾ ਦੇ ਕਲਾਕਾਰਾਂ ਨੂੰ ਜ਼ਿਆਦਾਤਰ ਸਿਰੋਪੇ ਹੀ ਮਿਲਦੇ ਸਨ। ਗੁਜ਼ਰ-ਬਸਰ ਲਈ ਤਾਂ ਬਹੁਤ ਥੋੜ੍ਹੀ ਪੂੰਜੀ ਮਿਲਦੀ। ਜਰਨੈਲ ਸਿੰਘ ਵੇਲੇ ਹਾਲਾਤ ਬਹੁਤ ਬਦਲ ਗਏ ਨੇ। ਉਸਨੂੰ ਆਪਣੀਆਂ ਕਲਾ ਕ੍ਰਿਤਾਂ ਦਾ ਸਹੀ ਮੁੱਲ ਮਿਲਣ ਲੱਗਿਆ ਹੈ। ਆਪਣੇ ਚਿੱਤਰਾਂ ਦੀਆਂ ਨੁਮਾਇਸ਼ਾਂ ਲਾਉਣ ਲਈ ਉਹ ਜਹਾਜ਼ਾਂ 'ਤੇ ਚੜ੍ਹ ਕੇ ਇੱਕ ਦੇਸ਼ ਤੋਂ ਦੂਜੇ ਦੇਸ਼ ਜਾਂਦਾ ਹੈ। ਪੇਂਟਿੰਗ ਕਲਾ ਬਾਰੇ ਬੋਲਣ ਲਈ ਦੂਰ-ਦੁਰਾਡੇ ਹੁੰਦੇ ਸੈਮੀਨਾਰਾਂ 'ਚ ਬੁਲਾਇਆ ਜਾਂਦਾ ਹੈ। ਉਹ ਕਾਲਜਾਂ ਯੂਨੀਵਰਸਿਟੀਆਂ 'ਚ ਜਾ ਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਾ ਹੈ ਉਸਦੇ ਚਿਤਰਾਂ ਵਿਚਲੀਆਂ ਬੇਹੱਦ ਖੂਬਸੂਰਤ ਕੁੜੀਆਂ ਸੂਖਮ ਤੇ ਸੋਹਜ ਭਰਪੂਰ ਬਿਰਤੀ ਵਾਲੇ ਲੋਕਾਂ ਦੇ ਘਰਾਂ ਦੇ ਡਰਾਇੰਗ ਰੂਮਾਂ 'ਚ ਮੁਸਕਰਾਉਣ ਲੱਗੀਆਂ। ਜਰਨੈਲ ਸਿੰਘ ਨੂੰ ਆਪਣੇ ਸੁਪਨਿਆਂ ਦੀ ਪੂਰਤੀ ਲਈ ਪੰਜਾਬ ਦੀ ਧਰਤੀ ਛੋਟੀ-ਛੋਟੀ ਲੱਗਣ ਲੱਗੀ ਤਾਂ ਉਸ ਨੇ ਕੈਨੇਡਾ ਦੇ ਸ਼ਹਿਰ ਸਰੀ ਆ ਕੇ ਚੰਡੀਗੜ੍ਹ ਵਰਗੀ ਹੀ ਆਪਣੀ ਆਰਟ ਗੈਲਰੀ ਬਣਾ ਲਈ। ਉਸਦੀ ਉੱਠਣੀ-ਬੈਠਣੀ ਇੰਡੀਅਨ ਹੀ ਨਹੀਂ ਵਿਦੇਸ਼ੀ ਪੇਂਟਰਾਂ ਨਾਲ ਵੀ ਹੋਣ ਲੱਗੀ। ਜੇ ਉਸਦਾ ਇੱਕ ਪੈਰ ਕੈਨੇਡਾ ਦੇ ਕਿਸੇ ਸ਼ਹਿਰ 'ਚ ਤਾਂ ਦੂਜਾ ਨਿਊਜ਼ੀਲੈਂਡ ਹੁੰਦਾ ਹੈ ਤੇ ਆਪ ਉਹ ਫਰਾਂਸ ਦੀ ਰਾਜਧਾਨੀ ਪੈਰਿਸ ਕੋਈ ਨੁਮਾਇਸ਼ ਲਾ ਰਿਹਾ ਹੁੰਦਾ ਹੈ।

ਸੱਤਰ ਦੇ ਦਹਾਕੇ ਦਾ ਪੰਜਾਬ ਜਰਨੈਲ ਸਿੰਘ ਦੇ ਅੰਦਰ ਡੂੰਘਾ ਉਕਰਿਆ ਪਿਆ ਹੈ। ਜਿਨ੍ਹਾਂ ਦਿਨਾਂ 'ਚ ਉਸਦਾ ਬਾਪ ਇਤਿਹਾਸ ਨੂੰ ਚਿੱਤਰ ਰਿਹਾ ਸੀ, ਜਰਨੈਲ ਸਿੰਘ ਮਸ਼ੀਨੀਕਰਨ ਦੀ ਦੌੜ 'ਚ ਗੁਆਚਦੇ ਜਾ ਰਹੇ ਪੰਜਾਬ ਨੂੰ ਲੋਕ ਮਨਾਂ 'ਚ ਜਿਉਂਦਾ ਰੱਖਣ ਦੇ ਸੁਪਨੇ ਲੈ ਰਿਹਾ ਸੀ। ਇਹ ਉਹ ਦੌਰ ਸੀ ਜਦੋਂ ਵਿਆਹ-ਸ਼ਾਦੀਆਂ ਵੇਲੇ ਪਿੰਡਾਂ 'ਚ ਤੂੰਬੀ ਮਾਰਕਾ ਗਾਇਕਾਂ ਦੇ ਅਖਾੜੇ ਲੱਗਦੇ ਸਨ। 'ਲੈ ਜਾ ਛੱਲੀਆਂ ਭੁੰਨਾ ਲਈਂ ਦਾਣੇ ਵੇ ਮਿਤਰਾ ਦੂਰ ਦਿਆ' ਜਾਂ 'ਬਾਬਾ ਵੇ ਕਲਾ ਮਰੋੜ' ਵਰਗੇ ਗੀਤ ਗਾਉਂਦੇ ਗਵੱਈਏ, ਜਰਨੈਲ ਸਿੰਘ ਦੇ ਮਨ ਦੀ ਚਿਤਰਪੱਟ 'ਤੇ ਗੂੜ੍ਹੀ ਛਾਪ ਲਾਈ ਬੈਠੇ ਸਨ। ਜਰਨੈਲ ਸਿੰਘ ਨੇ ਆਪਣੇ ਅੰਦਰ ਡੇਰਾ ਲਾਈ ਬੈਠੇ ਤੂੰਬੀ ਵਾਲੇ ਗਾਇਕ ਨੂੰ ਹੀ ਕੈਨਵਸ 'ਤੇ ਉਤਾਰ ਦਿੱਤਾ। ਇਹ ਉਸਦਾ ਪਹਿਲਾ ਚਿੱਤਰ ਸੀ ਫਿਰ ਤਾਂ ਚੱਲ ਸੋ ਚੱਲ ਹੋ ਗਈ। ਹਰੀ ਕ੍ਰਾਂਤੀ ਦੇ ਅੱਥਰੇ ਘੋੜੇ 'ਤੇ ਚੜ੍ਹ ਕੇ ਅੰਗੜਾਈਆਂ ਲੈਂਦਾ ਪੰਜਾਬ ਜਰਨੈਲ ਸਿੰਘ ਦੇ ਚਿੱਤਰਾਂ ਰਾਹੀਂ ਰੰਗਾਂ 'ਚ ਘੁਲ ਕੇ ਪੰਜਾਬੀ ਜਨਮਾਣਸ ਨੂੰ ਟੁੰਬਣ ਲੱਗਾ। ਲੋਕ ਜਰਨੈਲ ਦੇ ਚਿੱਤਰਾਂ ਰਾਹੀਂ ਪੰਜਾਬ ਦੇ ਸਭਿਆਚਾਰ ਨੂੰ ਸਮਝਣ ਦਾ ਯਤਨ ਕਰਨ ਲੱਗੇ।

ਬਾਈ ਜਰਨੈਲ ਸਿੰਘ ਆਰਟਿਸਟ ਬੇਹੱਦ ਜ਼ਹੀਨ ਵਿਅਕਤੀ ਹੈ। ਪੰਜਾਬੀ ਜਨਜੀਵਨ ਅਤੇ ਸਭਿਆਚਾਰ ਨੂੰ ਰੂਪਮਾਨ ਕਰਨ ਵਾਲੀਆਂ ਆਪਣੀਆਂ ਕ੍ਰਿਤਾਂ ਦੀ ਇਤਿਹਾਸਕ ਮਹੱਤਤਾ ਦਾ ਉਸਨੂੰ ਗਿਆਨ ਹੈ। ਉਹ ਜਾਣਦਾ ਹੈ ਕਿ ਜਿਵੇਂ ਸਤਾਰ੍ਹਵੀਂ ਸਦੀ ਦੇ ਪੰਜਾਬ ਦੇ ਸਭਿਆਚਾਰ ਨੂੰ ਜਾਣਨ ਲਈ ਵਾਰਸ ਸ਼ਾਹ ਦੀ ਹੀਰ ਇੱਕ ਪ੍ਰਮਾਣਿਕ ਦਸਤਾਵੇਜ਼ ਹੈ, ਇਸੇ ਤਰ੍ਹਾਂ ਸੱਤਰਵੇਂ ਦਹਾਕੇ ਦੇ ਪੰਜਾਬ ਨੂੰ ਜਾਨਣ ਤੇ ਸਮਝਣ ਲਈ ਉਸਦੇ ਚਿੱਤਰਾਂ ਦੀ ਆਪਣੀ ਵਿਲੱਖਣ ਤੇ ਇਤਿਹਾਸਕ ਮਹੱਤਤਾ ਹੋਵੇਗੀ। ਸਦੀਆਂ ਬਾਅਦ ਵੀ ਲੋਕ ਉਸਦੇ ਚਿੱਤਰਾਂ ਰਾਹੀਂ ਪੰਜਾਬ ਦੇ ਜਨਜੀਵਨ, ਰਸਮਾਂ-ਰਿਵਾਜਾਂ, ਪੇਂਡੂ ਖੇਡਾਂ, ਲੋਕ ਵਿਸ਼ਵਾਸਾਂ, ਲੋਕ ਸਾਜ਼ਾਂ, ਲੋਕ ਖੇਡਾਂ ਤੇ ਲੋਕ ਕਿੱਤਿਆਂ ਸਮੇਤ ਮੁਕੰਮਲ ਸਭਿਆਚਾਰ ਨੂੰ ਜਾਣ ਸਕਣਗੇ। ਉਸਨੂੰ ਆਪਣੀ ਚਿੱਤਰਕਾਰੀ ਦੇ ਕਾਲ ਮੁਕਤ ਹੋਣ ਬਾਰੇ ਪਤਾ ਹੈ। ਉਹ ਜਾਣਦਾ ਹੈ ਕਿ ਸਮਾਰਟ ਫੋਨਾਂ ਤੇ ਵੀਡੀਓ ਗੇਮਾਂ 'ਚ ਖੁੱਭੀ ਅੱਜ ਦੀ ਨੌਜਵਾਨ ਪੀੜ੍ਹੀ ਦੀ ਨਿਗਾਹ ਜਦੋਂ ਕਦੇ ਉਸਦੇ 'ਪੇਂਡੂ ਸੱਥ' ਵਾਲੇ ਚਿੱਤਰ 'ਤੇ ਪਵੇਗੀ ਤਾਂ ਉਸ ਅੰਦਰ ਗੁਆਚਦੇ ਜਾ ਰਹੇ ਪੰਜਾਬ ਨੂੰ ਜਾਣਨ ਦੀ ਰੀਝ ਪੈਦਾ ਹੋਵੇਗੀ। ਰੈਪ ਦੀਆਂ ਧੁਨਾਂ 'ਤੇ ਥਿਰਕਦੀ ਜਵਾਨੀ ਨੂੰ 'ਦੁੱਧ ਰਿੜਕਦੀ ਸਵਾਣੀ' ਦੇ ਚਿਤਰ ਵਿਚੋਂ ਚੂੜਿਆਂ ਦੀ ਛਣਕਾਰ ਸੁਣਾਈ ਦੇ ਸਕਦੀ ਹੈ। 'ਫੁਲਕਾਰੀ ਕੱਢਦੀ ਮੁਟਿਆਰ' ਦੇ ਚਿੱਤਰ ਵੱਲ ਵੇਖਦਿਆਂ ਅੱਜ ਦੇ ਪੰਜਾਬੀ ਗੱਭਰੂਆਂ ਦੇ ਅੰਦਰ ਫੁੱਲਝੜੀਆਂ ਜ਼ਰੂਰ ਚੱਲ ਪੈਣਗੀਆਂ।

ਜਰਨੈਲ ਸਿੰਘ ਮੇਰੇ ਪਿੰਡ ਦਾ ਦੋਹਤਾ ਹੈ ਪਰ ਇਸ ਬਾਰੇ ਸ਼ਾਇਦ ਹੀ ਮੇਰੇ ਕਿਸੇ ਗਰਾਂਈ ਨੂੰ ਪਤਾ ਹੋਵੇ। ਮੈਨੂੰ ਵੀ ਉਸਦੀ ਸਰੀ ਵਾਲੀ ਆਰਟ ਗੈਲਰੀ ਵਿਚ ਜਾਣ 'ਤੇ ਹੀ ਇਸ ਰਿਸ਼ਤੇਦਾਰੀ ਦਾ ਪਤਾ ਲੱਗਿਆ ਸੀ। ਬਾਈ ਜਰਨੈਲ ਸਿੰਘ ਆਪਣੀ ਸਵਰਗੀ ਮਾਤਾ ਕੁਲਦੀਪ ਕੌਰ ਦੇ ਚਿੱਤਰ ਅੱਗੇ ਖੜ੍ਹਾ ਕੜਿਆਲ ਪਿੰਡ ਨਾਲ ਆਪਣੀਆਂ ਤੰਦਾਂ ਜੋੜ ਰਿਹਾ ਸੀ, "ਬੀਬੀ ਦਾ ਨਾਂ ਕੁਲਦੀਪ ਕੌਰ ਸੀ ਪਰ ਸਾਰੇ ਕਹਿੰਦੇ ਉਹਨੂੰ ਬੰਸੋ ਈ ਸਨ। ਸ. ਭਾਗ ਸਿੰਘ ਹੋਰਾਂ ਦੇ ਘਰ ਪੇਕੇ ਸਨ ਬੀਬੀ ਦੇ। ਮਾਮਾ ਭਾਗ ਸਿੰਘ ਬਾਅਦ 'ਚ ਤੇਰੇ ਪਿੰਡ ਦੀ ਕੋਆਪ੍ਰੇਟਿਵ ਸੁਸਾਇਟੀ ਦੇ ਪ੍ਰਧਾਨ ਵੀ ਰਹੇ। ਹੁਣ ਤਾਂ ਬਹੁਤ ਪੁਰਾਣੀਆਂ ਗੱਲਾਂ ਹੋ ਗਈਆਂ। ਮੇਰਾ ਖਿਆਲ ਉਨ੍ਹਾਂ ਦੇ ਪਰਿਵਾਰ

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦੀ ਬਾਕੀ)*

'ਚੋਂ ਤਾਂ ਕੋਈ ਪਿੰਡ ਵੀ ਨਹੀਂ ਰਹਿੰਦਾ ਹੋਣਾ। ਭਾਗ ਸਿਹੁੰ ਦਾ ਮੁੰਡਾ ਮਤਲਬ ਸਾਡੇ ਮਾਮੇ ਦਾ ਪੁੱਤ ਜਾਗੀ ਵੀ ਕਨੇਡਾ ਆ ਗਿਆ ਸੀ। ਨਿੱਕਾ ਹੁੰਦਾ ਜਾਂਦਾ ਰਿਹਾ ਮੈਂ ਕੜਿਆਲ। ਧੁੰਦਲੀਆਂ ਧੁੰਦਲੀਆਂ ਯਾਦਾਂ ਨੇ।"

ਜਰਨੈਲ ਸਿੰਘ ਕਹਿ ਕੇ ਚੁੱਪ ਕਰ ਗਿਆ ਸੀ। ਮੈਂ ਆਪਣੇ ਪਿੰਡ ਦੀ ਧੀ ਬੀਬੀ 'ਬੰਸੋ' ਦੀ ਤਸਵੀਰ ਅੱਗੇ ਖੜ੍ਹ ਕੇ ਹੰਝੂ ਵਹਾਉਣ ਲੱਗਦਾ ਹਾਂ। ਇਹ ਹੰਝੂਆਂ ਦਾ ਹੜ੍ਹ ਆਪ ਮੁਹਾਰੇ ਕਿੱਥੋਂ ਵਹਿ ਤੁਰਿਆ ਹੈ? ਮੈਂ ਆਪਣੇ ਆਪ ਨਾਲ ਗੱਲਾਂ ਕਰਨ ਲੱਗਦਾ ਹਾਂ, "ਮੈਨੂੰ ਤੇ ਮੇਰੇ ਵਰਗੇ ਹੋਰ ਗਰਾਂਈਆਂ ਨੂੰ ਮਾਫ਼ ਕਰੀਂ ਬੰਸੋ ਭੂਆ। ਸਾਨੂੰ ਪਤਾ ਹੀ ਨਹੀਂ ਕਿ ਸਾਡੇ ਪਿੰਡ ਦੀ ਧੀ ਰਾਣੀ ਕੌਮ ਦੇ ਐਨੇ ਵੱਡੇ ਤੇ ਮਹਾਨ ਚਿੱਤਰਕਾਰ ਕਿਰਪਾਲ ਸਿੰਘ ਦੀ ਜੀਵਨ ਸਾਥਣ ਹੈ। ਸਿੱਖ ਇਤਿਹਾਸ ਦੇ ਚਿਤੇਰੇ ਦੀ ਮਹਾਨਤਾ ਪਿੱਛੇ ਸਾਡੇ ਆਪਣੇ ਪਿੰਡ ਦੀ ਧੀ ਦਾ ਕਿੰਨਾ ਵੱਡਾ ਹੱਥ ਹੋਵੇਗਾ। ਸਾਨੂੰ ਪਤਾ ਹੀ ਨਹੀਂ ਕਿ ਦੁਨੀਆਂ ਦਾ ਮਹਾਨ ਚਿੱਤਰਕਾਰ ਜਰਨੈਲ ਸਿੰਘ ਸਾਡਾ ਆਪਣਾ ਹੈ। ਨਾਨਕਿਆਂ ਨੂੰ ਤਾਂ ਆਪਣੇ ਦੋਹਤੇ 'ਤੇ ਰੱਬ ਵਰਗਾ ਮਾਣ ਹੁੰਦਾ ਹੈ, ਪਰ ਅਸੀਂ ਤਾਂ ਆਪਣੇ ਦੋਹਤੇ ਉੱਕਾ ਹੀ ਵਿਸਾਰੀ ਬੈਠੇ ਸਾਂ। ਉਹ ਵੀ ਉਸ ਦੋਹਤੇ ਨੂੰ ਜਿਸਦੀਆਂ ਪ੍ਰਾਪਤੀਆਂ 'ਤੇ ਸਾਰਾ ਪੰਜਾਬੀ ਜਗਤ ਮਾਣ ਕਰ ਸਕਦਾ ਹੈ। ਜਿਸ ਦੀਆਂ ਪ੍ਰਾਪਤੀਆਂ ਨਾਲ ਕਈ ਪੰਨੇ ਭਰੇ ਜਾ ਸਕਦੇ ਨੇ।"

ਖਿਆਲਾਂ 'ਚ ਗੁੰਮ ਹੋਇਆ ਮੈਂ ਉਸ ਘਰ ਦੇ ਵਿਹੜੇ ਜਾ ਪੁੱਜਦਾ ਹਾਂ ਜਿੱਥੇ ਭੂਆ ਬੰਸੋ ਨੇ ਆਪਣੇ ਹਾਣ ਦੀਆਂ ਸਹੇਲੀਆਂ ਨਾਲ ਰਲ ਕੇ ਫੁਲਕਾਰੀਆਂ ਕੱਢੀਆਂ ਹੋਣਗੀਆਂ। ਜਿਸ ਘਰ 'ਚ ਸਦੀ ਦਾ ਮਹਾਨ ਚਿੱਤਰਕਾਰ ਸ੍ਰ: ਕਿਰਪਾਲ ਸਿੰਘ ਆਪਣੇ ਜ਼ੀਰੇ ਨੇੜਲੇ ਪਿੰਡ ਵਾੜਾ ਚੈਨ ਸਿੰਘ ਵਾਲਾ ਤੋਂ ਸਿਹਰੇ ਬੰਨ੍ਹ ਕੇ ਢੁਕਿਆ ਹੋਵੇਗਾ। ਜਿਸ ਘਰ 'ਚ ਜਰਨੈਲ ਸਿੰਘ ਮਾਮਿਆਂ ਨੂੰ ਮਿਲਣ ਆਇਆ ਪੈਰੀਂ ਮੌਜੇ ਪਾਈ ਠੁਮਕ ਠੁਮਕ ਤੁਰਿਆ ਫਿਰਦਾ ਰਿਹਾ ਹੋਵੇਗਾ। ਮੈਂ ਆਪਣੇ ਆਪ ਨੂੰ ਉਸ ਘਰ ਦੀ ਪੱਕੀ ਫਰਸ਼ 'ਤੇ ਪਲੱਥੀ ਮਾਰ ਕੇ ਬੈਠਾ ਮਹਿਸੂਸ ਕਰਦਾ ਹਾਂ। ਸਾਡੇ ਪਿੰਡ 'ਚ ਸਭ ਤੋਂ ਪਹਿਲਾ ਟੈਲੀਵਿਜ਼ਨ ਬਾਬੇ ਭਾਗ ਸਿੰਘ ਕਿਆਂ ਨੇ ਹੀ ਲਿਆਂਦਾ ਸੀ। ਬਾਬੇ ਦੇ ਘਰੋਂ ਸ੍ਰੀਮਤੀ ਮਹਿੰਦਰ ਕੌਰ ਸਾਰੇ ਪਿੰਡ ਦੀ 'ਮਹਿੰਦਰ ਭੈਣਜੀ' ਸੀ। ਮਹਿੰਦਰ ਕੌਰ ਸਾਡੇ ਪਿੰਡ ਦੀ ਪਹਿਲੀ ਅਧਿਆਪਕਾ ਸੀ। ਸੁਭਾਅ ਦੀ ਬਹੁਤ ਹੀ ਨਰਮ ਤੇ ਮਿੱਠ ਬੋਲੜੀ। ਆਥਣ ਹੁੰਦਿਆਂ ਹੀ ਸਾਰਾ ਪਿੰਡ ਭੈਣ ਜੀ ਮਹਿੰਦਰ ਕੌਰ ਕੇ ਘਰੇ ਟੈਲੀਵਿਜ਼ਨ ਵੇਖਣ ਲਈ ਜੁੜ ਜਾਂਦਾ। ਕਈ ਵਾਰ ਸਕਰੀਨ 'ਤੇ ਤਾਰੇ ਜਿਹੇ ਆਉਣ ਲੱਗਦੇ ਤਾਂ ਐਨਟੀਨਾ ਘੁਮਾ ਕੇ ਸਟੇਸ਼ਨ ਸੈੱਟ ਕਰਨਾ ਪੈਂਦਾ। ਉਨ੍ਹਾਂ ਦਿਨਾਂ 'ਚ ਖਰੈਤੀ ਭੈਂਗੇ ਦੇ ਆਪਣੀਆਂ ਚੁੰਨੀਆਂ ਅੱਖਾਂ ਵੱਲ ਨੂੰ ਉਂਗਲਾਂ ਕਰ ਕੇ ਬੋਲੇ ਡਾਇਲਾਗ, "ਤੇਰੀਆਂ ਨੀਲੀਆਂ ਨੀਲੀਆਂ ਅੱਖਾਂ ਦੇ ਤੀਰਾਂ ਨੇ ਮੇਰਾ ਕਾਲਜਾ ਛਾਣਨੀ ਛਾਣਨੀ ਕਰ ਕੇ ਰੱਖ ਦਿੱਤਾ।" ਸੁਣ ਕੇ ਹੱਸਣਾ ਪੈਂਦਾ ਸੀ। ਪਾਣੀ ਨੂੰ 'ਪਾਨੀ' ਅਤੇ 'ਮੈਂ ਤਿੰਨੂੰ ਬੋਤ ਪਿਆਰ ਕਰਨਾ ਵਾਂ।" ਬੋਲਣ ਵਾਲੇ ਅਦਾਕਾਰ ਹੀ ਪੰਜਾਬੀ ਫਿਲਮਾਂ ਦੇ ਸੁਪਰ ਸਟਾਰ ਹੋਇਆ ਕਰਦੇ ਸਨ। ਉਨ੍ਹਾਂ ਦਿਨਾਂ 'ਚ ਭੂਆ ਬੰਸੋ ਵੀ ਆਪਣੇ ਪੇਕਿਆਂ ਨੂੰ ਮਿਲਣ ਆਈ ਟੈਲੀਵਿਜ਼ਨ ਵੇਖਦੀ ਹੋਵੇਗੀ। ਕੀ ਪਤਾ ਸਾਡੇ ਚੈਂਪੀਅਨ ਚਿੱਤਰਕਾਰ ਜਰਨੈਲ ਸਿੰਘ ਨੇ ਵੀ ਮਹੀਨੇ ਦੇ ਹਰੇਕ ਦੂਜੇ ਤੇ ਚੌਥੇ ਵੀਰਵਾਰ ਨੂੰ ਜਲੰਧਰ ਦੂਰਦਰਸ਼ਨ 'ਤੇ ਆਉਂਦੇ ਚਿੱਤਰਹਾਰ ਨੂੰ ਸਾਡੇ ਨਾਲ ਬਹਿ ਕੇ ਵੇਖਿਆ ਹੋਵੇ।

"ਕਿਧਰ ਗੁੰਮ ਹੋ ਗਿਐਂ? ਹੌਂਸਲਾ ਰੱਖੋ—।" ਮੈਨੂੰ ਭਾਵਕ ਹੋਇਆ ਵੇਖ ਜਰਨੈਲ ਸਿੰਘ ਨੇ ਮੇਰਾ ਮੋਢਾ ਥਾਪੜਿਆ ਸੀ। ਮੈਂ ਮੂੰਹ ਦੂਜੇ ਪਾਸੇ ਕਰ ਕੇ ਅੱਖਾਂ ਵਿਚਲੇ ਪਾਣੀ ਨੂੰ ਸਾਫ਼ ਕਰਦਾ ਹਾਂ।

"ਹੁਣ ਤਾਂ ਪਿੰਡ ਵੀ ਨਹੀਂ ਗਏ ਕਦੇ। ਬਹੁਤ ਚਿਰ ਪਹਿਲਾਂ ਪਿੰਡ ਵਾਲਿਆਂ ਨੇ ਬੁਲਾਇਆ ਸੀ। ਹੁਣ ਤਾਂ ਵਕਤ ਹੀ ਨਹੀਂ ਲੱਗਦਾ। ਕੜਿਆਲ ਗਿਆਂ ਤਾਂ ਦਹਾਕੇ ਹੀ ਬੀਤ ਗਏ ਨੇ। ਕੁੱਝ ਸਾਲ ਜ਼ੀਰੇ ਰਹੇ ਫਿਰ ਪਿਤਾ ਜੀ ਨਾਲ ਚੰਡੀਗੜ੍ਹ ਆ ਗਏ। ਇੱਥੇ ਗੁਰੂ ਨਾਨਕ ਖਾਲਸਾ ਸੀਨੀਅਰ ਸਕੂਲ 'ਚ ਪੜ੍ਹਾਈ ਕਰਨ ਲੱਗ ਗਿਆ। ਫਿਰ ਤਾਂ ਚੱਲ ਸੋ ਚੱਲ। ਹੁਣ ਤਾਂ ਪਿੰਡ ਵੀ ਤੇ ਨਾਨਕੇ ਵੀ ਬਹੁਤ ਦੂਰ ਰਹਿ ਗਏ। ਹਜ਼ਾਰਾਂ ਮੀਲ ਦੂਰ।"

ਮੈਂ ਆਖਣਾ ਚਾਹੁੰਦਾ ਹਾਂ, "ਨਾਨਕੇ ਤਾਂ ਤੇਰੇ ਕੋਲ ਹੀ ਆ ਗਏ ਨੇ ਤੇਰੇ ਕਰਾਮਾਤੀ ਹੱਥ ਚੁੰਮਣ ਲਈ।" ਪਰ ਮੇਰੀ ਆਵਾਜ਼ ਨਹੀਂ ਨਿਕਲਦੀ। ਮੈਂ ਉਸਦੀ ਆਰਟ ਗੈਲਰੀ ਵਿਚ ਲੱਗੀਆਂ ਤਸਵੀਰਾਂ 'ਚ ਗੁਆਚ ਜਾਂਦਾ ਹਾਂ। ਮੇਰੀ ਨਿਗਾਹ ਕੰਧ 'ਤੇ ਲਟਕਦੀ ਖ਼ੂਬਸੂਰਤ ਤਸਵੀਰ ਵੱਲ ਜਾਂਦੀ ਹੈ। ਰੁੱਖ ਦੇ ਤਣੇ ਨਾਲ ਢੋਅ ਲਾਈ ਖੜ੍ਹੀ ਮਾਸੂਮ ਕੁੜੀ ਸੋਚਾਂ ਵਿਚ ਗੁੰਮ ਹੈ। ਮੈਂ ਤਸਵੀਰ ਓਹਲੇ ਲੁਕੇ ਅਰਥਾਂ ਦੇ ਵਿਸ਼ਾਲ ਸਮੁੰਦਰ 'ਚ ਤਾਰੀਆਂ ਲਾਉਣ ਲੱਗਦਾ ਹਾਂ। ਇਹ ਮੁਟਿਆਰ ਬੀਤੇ ਦੀਆਂ ਯਾਦਾਂ ਨੂੰ ਚੇਤੇ ਕਰ ਰਹੀ ਹੋਵੇਗੀ। ਤਸਵੀਰ ਦੇ ਇੱਕ ਪਾਸੇ ਇਸਦੇ ਕਲਾਕਾਰ ਦਾ ਨਾਂ 'ਬਲਜੀਤ ਕੌਰ' ਲਿਖਿਆ ਹੋਇਆ ਹੈ। ਮੈਨੂੰ ਅਚੰਭੇ 'ਚ ਪਿਆ ਵੇਖ ਬਾਈ ਮੇਰੀ ਹੈਰਾਨੀ ਨੂੰ ਧਰਾਤਲ 'ਤੇ ਲੈ ਆਉਂਦਾ ਹੈ।

"ਇਹ ਮੇਰੀ ਪਤਨੀ ਬਲਜੀਤ ਨੇ ਬਣਾਈ ਹੈ।"

ਫਿਰ ਉਹ ਇੱਕ ਇੱਕ ਕਰ ਕੇ ਆਪਣੀ ਜੀਵਨ ਸਾਥਣ ਦੀਆਂ ਬਣਾਈਆਂ ਹੋਰ ਬਹੁਤ ਹੀ ਬਾਕਮਾਲ ਤਸਵੀਰਾਂ ਦਿਖਾਉਂਦਾ ਹੈ। ਝਰੋਖੇ 'ਚੋਂ ਬਾਹਰ ਝਾਕਦੀ ਮੁਟਿਆਰ ਦੀ ਦਰਸ਼ਕ ਵੱਲ ਪਿੱਠ ਹੈ। ਉਸਦਾ ਚਿਹਰਾ ਨਜ਼ਰ ਨਹੀਂ ਆ ਰਿਹਾ। ਸੱਜੇ ਪੈਰ ਦੇ ਅਗੂੰਠੇ ਤੋਂ ਇਲਾਵਾ ਸਰੀਰ ਦਾ ਕੋਈ ਵੀ ਹੋਰ ਅੰਗ ਦਿਖਾਈ ਨਹੀਂ ਦਿੰਦਾ ਪਰ ਪਿੱਠ 'ਤੇ ਲਮਕਦੀ ਗੁੱਤ ਥੱਲੇ ਲੱਗਦੀ ਹੈ। ਇਹ ਗੁੱਤ ਉਸਦੇ ਬੇਨਜ਼ੀਰ ਹੁਸਨ ਦੀ ਗਵਾਹੀ ਭਰਦੀ ਹੈ। ਤਸਵੀਰ ਵੇਖਦਿਆਂ ਮੇਰੇ ਮੂੰਹੋਂ ਆਪ ਮੁਹਾਰੇ 'ਬਾਕਮਾਲ!' ਨਿਕਲ ਜਾਂਦਾ ਹੈ। ਜਰਨੈਲ ਸਿੰਘ ਦੇ ਚਿਹਰੇ 'ਤੇ ਮੁਸਕਰਾਹਟ ਫਿਰ ਜਾਂਦੀ ਹੈ।

"ਬੇਟੀ ਨੀਤੀ ਵੀ ਬਹੁਤ ਅੱਛੀ ਆਰਟਿਸਟ ਹੈ। ਬਹੁਤ ਇਨਾਮ ਸਨਮਾਨ ਜਿੱਤੇ ਨੇ ਬੇਟੀ ਨੇ। ਬੇਟਾ –ਫੋਟੋਗ੍ਰਾਫਰ ਹੈ। ਆਹ ਫੋਟੋਗ੍ਰਾਫ ਉਸੇ ਦਾ ਹੈ। ਇੰਟਰਨੈਸ਼ਨਲ ਪੱਧਰ ਦਾ ਫੋਟੋਗ੍ਰਾਫਰ ਹੈ। ਆਪਣੇ ਖੇਤਰ 'ਚ ਨਾਂ ਹੈ ਉਸਦਾ।"

ਹੁਣ ਤਾਂ ਮੇਰੇ ਮੂੰਹੋਂ 'ਵਾਹ' ਵੀ ਨਹੀਂ ਨਿਕਲਦੀ। ਮੈਨੂੰ ਲੱਗਣ ਲੱਗਦਾ ਜਿਵੇਂ ਮੈਂ ਕਲਾ ਦੇ ਕਿਸੇ ਅਦਭੁਤ ਸੰਸਾਰ 'ਚ ਆ ਗਿਆ ਹੋਵਾਂ। ਮੇਰੇ ਚਾਰ ਚੁਫੇਰੇ ਕਰੀਨੇ ਨਾਲ ਸਜਾਈਆਂ ਪੇਂਟਿੰਗਜ਼ ਸਨ। ਵੱਡੇ ਵੱਡੇ ਸਨਮਾਨਾਂ ਦੀਆਂ ਫੋਟੋਆਂ ਸਨ। ਬਣਾਏ ਜਾ ਰਹੇ ਚਿੱਤਰਾਂ ਕੋਲ ਪਏ ਰੰਗਾਂ ਦੀ ਖੁਸ਼ਬੂ ਸੀ। ਮੈਂ ਮੋਬਾਈਲ ਨਾਲ ਧੜਾਧੜ ਫੋਟੋ ਖਿੱਚ ਰਿਹਾ ਸਾਂ।

"ਬਾਈ ਇਸਦੀ ਫੋਟੋ ਖਿੱਚ ਲਵਾਂ?" ਬਹੁਤ ਸਾਰੀਆਂ ਫੋਟੋ ਖਿੱਚ ਲੈਣ ਬਾਅਦ ਮੈਨੂੰ ਯਾਦ ਆਇਆ ਕਿ ਮੈਂ ਗ਼ੈਰ ਇਖਲਾਕੀ ਕੰਮ ਕਰੀ ਜਾ ਰਿਹਾ ਸਾਂ। ਮੈਨੂੰ ਇਸਦੀ ਇਜਾਜ਼ਤ ਲੈਣੀ ਚਾਹੀਦੀ ਸੀ ਪਰ ਮੈਂ ਤਾਂ ਨਾਨਕਿਆਂ ਦਾ ਮੁੰਡਾ ਹੋਣ ਦੇ ਮਾਣ ਨਾਲ ਹੀ ਕਲਿਕ ਕਲਿਕ ਕਰੀ ਜਾਂਦਾ ਸਾਂ।

"ਕਿਉਂ ਨਹੀਂ? ਮੈਂ ਮੇਲ ਹੀ ਕਰ ਦੇਊਂ ਆਪਣਾ ਸਾਰਾ ਕੰਮ।" ਬਾਈ ਜਰਨੈਲ ਸਿੰਘ ਦੀ ਨਿਰਮਲ ਮੁਸਕਾਣ ਮੈਨੂੰ ਕਲਾਵੇ 'ਚ ਲੈ ਲੈਂਦੀ ਹੈ।

"ਬਾਈ ਆਵਦੇ ਹੱਥ ਤਾਂ ਦਿਖਾਇਓ!" ਮੈਂ ਆਖਣਾ ਚਾਹੁੰਦਾ ਹਾਂ ਪਰ ਝਿਜਕ ਜਾਂਦਾ ਹਾਂ। ਦਰਅਸਲ ਮੈਂ ਪੂਰੀ ਦੁਨੀਆਂ ਨੂੰ ਆਪਣੇ ਚਿੱਤਰਾਂ ਨਾਲ ਮੋਹ ਲੈਣ ਵਾਲੇ ਹੱਥ ਫੜ ਕੇ ਵੇਖਣਾ ਚਾਹੁੰਦਾ ਸਾਂ। ਫੇਰ ਵੀ ਮੈਂ ਚੋਰ ਅੱਖਾਂ ਨਾਲ ਉਸਦੇ ਹੱਥਾਂ ਵੱਲ ਵੇਖ ਲੈਂਦਾ ਹਾਂ। ਇਹ ਤਾਂ ਬਿਲਕੁਲ ਮੇਰੇ ਵਰਗੇ ਹੀ ਸਨ। ਬੱਸ ਉਂਗਲਾਂ ਕੁੱਝ ਲੰਮੀਆਂ, ਪਤਲੀਆਂ ਤੇ ਨਰਮ ਜਾਪਦੀਆਂ ਸਨ।

ਮੈਂ ਉਸਦੇ ਦਫ਼ਤਰੀ ਟੇਬਲ ਕੋਲ ਪਈ ਕੁਰਸੀ 'ਤੇ ਬੈਠ ਉਸ ਦੀਆਂ ਪ੍ਰਾਪਤੀਆਂ ਦੀ ਸੂਚੀ ਵੇਖਣ ਲੱਗਦਾ ਹਾਂ। ਮੇਰੀਆਂ ਅੱਖਾਂ ਇਕ ਵਾਰ ਤਾਂ ਚੁੰਧਿਆ ਜਾਂਦੀਆਂ ਨੇ। ਸੂਚੀ ਬਿਆਨ ਕਰਦੀ ਹੈ ਕਿ ਉਸਦੇ ਬਣਾਏ ਚਿੱਤਰ ਰੇਕਸਡੇਲ (ਓਂਟਾਰੀਓ), ਮਿਸੀਸਾਗਾ (ਓਨਟਾਰੀਓ), ਬਰਮਿੰਘਮ (ਯੂ ਕੇ), ਸਰੀ (ਬ੍ਰਿਟਿਸ਼ ਕੋਲੰਬੀਆ), ਨੌਰਥ ਕੈਲੇਫੋਰਨੀਆ (ਯੂ ਐਸ ਏ), ਸ਼ਿਕਾਗੋ (ਅਮਰੀਕਾ) ਆਦਿ ਕਈ ਦੇਸ਼ਾਂ ਦੇ ਗੁਰਦੁਆਰਿਆਂ 'ਚ ਲੱਗੇ ਹੋਏ ਨੇ। ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਸਾਹਿਬ, ਸੈਂਟਰਲ ਸਿੱਖ ਮਿਊਜ਼ੀਅਮ ਸ੍ਰੀ ਅੰਮ੍ਰਿਤਸਰ ਸਾਹਿਬ, ਸ. ਬਘੇਲ ਸਿੰਘ ਮਿਊਜ਼ੀਅਮ ਨਵੀਂ ਦਿੱਲੀ, ਪੰਜਾਬ ਵਾਰ ਮਿਊਜ਼ੀਅਮ ਲੁਧਿਆਣਾ, ਪੰਜਾਬ ਆਰਟਸ ਕੌਂਸਲ ਤੇ ਪੰਜਾਬੀ ਅਕੈਡਮੀ ਨਵੀਂ ਦਿੱਲੀ ਵਰਗੀਆਂ ਅਨੇਕਾਂ ਸੰਸਥਾਵਾਂ 'ਚ ਉਸ ਦੇ ਬਣਾਏ ਚਿਤਰ ਸ਼ੋਭਾ ਵਧਾਉਂਦੇ ਹਨ। ਬੈਂਕ ਆਫ ਇੰਡੀਆ, ਪੰਜਾਬ ਐਂਡ ਸਿੰਧ ਬੈਂਕ, ਬੈਂਕ ਆਫ਼ ਪੰਜਾਬ, ਪੰਜਾਬ ਮਾਰਕਫੈੱਡ, ਇੰਡੀਅਨ ਟੂਰਿਜ਼ਮ ਕਾਰਪੋਰੇਸ਼ਨ, ਪੰਜਾਬ ਮੰਡੀ ਬੋਰਡ, ਲੋਕ ਸੰਪਰਕ ਵਿਭਾਗ, ਸਭਿਆਚਾਰਕ ਮਾਮਲੇ ਵਿਭਾਗ ਪੰਜਾਬ ਸਮੇਤ ਕਈ ਅਦਾਰਿਆਂ ਦੇ ਕੈਲੰਡਰਾਂ ਉਪਰ ਬਣਾਈਆਂ ਉਸ ਦੀਆਂ ਤਸਵੀਰਾਂ ਲੋਕਾਂ ਦੀ ਖਿੱਚ ਦਾ ਕਾਰਨ ਬਣਦੀਆਂ ਆ ਰਹੀਆਂ ਨੇ। ਵਾਸ਼ਿੰਗਟਨ ਦੀ ਭਾਰਤੀ ਅੰਬੈਸੀ ਵਿਚ ਵੀ ਉਸਦੇ ਚਿੱਤਰਾਂ ਨੇ ਆਪਣੀ ਮਹਿਕ ਬਿਖੇਰੀ ਹੈ। ਯੂ ਐਸ ਏ, ਕੈਨੇਡਾ, ਯੂ ਕੇ, ਜਪਾਨ, ਜਰਮਨੀ, ਨਿਊਜ਼ੀਲੈਂਡ, ਆਸਟਰੇਲੀਆ, ਮਲੇਸ਼ੀਆ, ਆਬੂ ਧਾਬੀ, ਸਿੰਗਾਪੁਰ ਤੇ ਅਫਰੀਕਾ ਵਰਗੇ ਕਿੰਨੇ ਹੀ ਮੁਲਕਾਂ ਦੀਆਂ ਪ੍ਰਾਈਵੇਟ ਏਜੰਸੀਆਂ ਬਾਈ ਜਰਨੈਲ ਸਿਹੁੰ ਦੇ ਚਿੱਤਰਾਂ ਨੂੰ ਆਪਣੀਆਂ ਛਾਤੀਆਂ ਨਾਲ ਲਾਈ ਬੈਠੀਆਂ ਨੇ।

ਪ੍ਰਾਪਤੀਆਂ ਵਾਲਾ ਕੈਲੰਡਰ ਪੜ੍ਹਦਾ ਪੜ੍ਹਦਾ ਮੈਂ ਹੱਥਾਂ 'ਚ ਖੂੰਡਾ ਫੜੀ, ਮੂੜ੍ਹੇ 'ਤੇ ਬੈਠੇ ਰੋਅਬ-ਦਾਬ ਵਾਲੇ ਬਜ਼ੁਰਗ ਦੇ ਚਿੱਤਰ ਮੂਹਰੇ ਆ ਖੜ੍ਹਦਾ ਹਾਂ। 'ਮਾਲਵੇ ਦਾ ਬਾਪੂ' ਨਾਂ ਵਾਲੇ ਚਿੱਤਰ ਵੱਲ ਮੇਰੀ ਉਤਸੁਕਤਾ ਭਾਂਪਦਿਆਂ ਜਰਨੈਲ ਸਿੰਘ ਮੇਰੇ ਸਵਾਲ ਦੀ ਉਡੀਕ ਕੀਤੇ ਬਗੈਰ ਇਸ ਚਿੱਤਰ ਦੇ





*ਚਿੱਤਰਕਾਰ ਜਰਨੈਲ ਸਿੰਘ ਦੀਆਂ ਦੋ ਕਲਾਕ੍ਰਿਤਾਂ।*

ਇਤਿਹਾਸ ਬਾਰੇ ਦੱਸਣ ਲੱਗਦਾ ਹੈ,

"ਇਹ ਇੱਥੇ ਬ੍ਰਿਟਿਸ਼ ਕੋਲੰਬੀਆ 'ਚ ਐਮ ਐਲ ਏ ਬਣੇ ਜਗਰੂਪ ਸਿੰਘ ਬਰਾੜ ਅਤੇ ਸਰੀ ਰਹਿੰਦੇ ਜਸਵੰਤ ਸਿੰਘ ਬਰਾੜ ਹੁਣਾਂ ਦਾ ਬਾਪ ਹੈ। ਜਸਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਨਿੱਕੇ ਹੁੰਦਿਆਂ ਹੀ ਬਾਪ ਦਾ ਚਲਾਣਾ ਹੋ ਗਿਆ ਸੀ। ਭਾਵੇਂ ਉਹ ਅਨਪੜ੍ਹ ਸੀ ਪਰ ਸੁਣਿਆ ਗਰੀਬਾਂ ਦੇ ਹੱਕ 'ਚ ਖੜ੍ਹਨ ਕਰਕੇ ਉਨ੍ਹਾਂ ਦੇ ਘਰ ਨੂੰ ਡਿਪਟੀ ਕਮਿਸ਼ਨਰ ਦੇ ਘਰ ਵਜੋਂ ਜਾਣਿਆ ਜਾਂਦਾ ਸੀ। 1947 ਦੀ ਵੰਡ ਸਮੇਂ ਮੁਸਲਮਾਨਾਂ ਨੂੰ ਬਚਾਉਣ ਲਈ ਵੀ ਢਾਲ ਬਣ ਕੇ ਖੜ੍ਹ ਗਿਆ ਸੀ। ਜਸਵੰਤ ਸਿੰਘ ਨੇ ਮੈਨੂੰ ਬਹੁਤ ਛੋਟੀ ਜਿਹੀ ਤੇ ਧੁੰਦਲੀ ਜਿਹੀ ਫੋਟੋ ਦੇ ਕੇ ਆਪਣੇ ਬਾਪ ਦੀ ਫੋਟੋ ਬਣਾਉਣ ਲਈ ਆਖਿਆ। ਮੈਂ ਕਈ ਦਿਨ ਜਸਵੰਤ ਤੋਂ ਉਸਦੇ ਬਾਪ ਕਾਕਾ ਸਿੰਘ ਬਰਾੜ ਦਿਉਣ ਸਿੰਘ ਵਾਲੇ ਦੀਆਂ ਗੱਲਾਂ ਸੁਣਦਾ ਰਿਹਾ। ਮੇਰੇ ਜ਼ਿਹਨ ਵਿਚ ਉਸਦੀ ਸ਼ਖਸੀਅਤ ਉਸਰ ਗਈ ਸੀ। ਮੈਂ ਉਸਦੀ ਰੋਅਬਦਾਰ ਸ਼ਖਸੀਅਤ ਨੂੰ ਚਿਤਰਦਿਆਂ ਹੱਥ 'ਚ ਖੂੰਡਾ ਫੜਾ ਕੇ ਮੂੜ੍ਹੇ 'ਤੇ ਬੈਠਾਉਣ ਦਾ ਫੈਸਲਾ ਕਰ ਲਿਆ।"

"ਉਸ ਨਿੱਕੀ ਫੋਟੋ 'ਚ ਖੂੰਡਾ ਤੇ ਮੂੜ੍ਹਾ ਕਿਧਰੇ ਨਹੀਂ ਸੀ?"

"ਨਹੀਂ! ਪਰ ਜਸਵੰਤ ਸਿੰਘ ਤੋਂ ਸੁਣੀਆਂ ਗੱਲਾਂ ਨੇ ਉਸਦਾ ਬਿੰਬ ਬਣਾ ਦਿੱਤਾ ਸੀ ਮੇਰੇ ਅੰਦਰ। ਜਦੋਂ ਇਹ ਤਸਵੀਰ ਬਣਾਈ ਤਾਂ ਸਾਰੇ ਹੈਰਾਨ ਰਹਿ ਗਏ। ਜਸਵੰਤ ਨੇ ਕਿਹਾ ਮਾਤਾ ਜੀ ਹਸਪਤਾਲ 'ਚੋਂ ਘਰ ਆ ਰਹੇ ਨੇ ਸੋ ਬਾਪੂ ਨੂੰ ਘਰ ਲਿਜਾਣਾ ਹੋਵੇਗਾ। ਮਾਤਾ ਨੇ ਤਸਵੀਰ ਵੇਖੀ ਤਾਂ ਉਸ ਅੱਗੇ ਸਿਰ ਝੁਕਾ ਦਿੱਤਾ। ਪੁੱਛਣ 'ਤੇ ਮਾਤਾ ਨੇ ਦੱਸਿਆ ਕਿ ਉਹ ਇਸੇ ਤਰ੍ਹਾਂ ਮੂੜ੍ਹੇ 'ਤੇ ਬੈਠਦੇ ਸਨ। ਇਹ ਤਾਂ ਸੱਚਮੁੱਚ ਅਜੀਬ ਗੱਲ ਸੀ। ਜਗਰੂਪ ਸਿੰਘ ਆਂਹਦਾ ਕਿ ਤੁਸੀਂ ਬਾਪੂ ਨੂੰ ਜਿੰਦਾ ਕਰ ਦਿੱਤਾ ਹੈ। ਮੇਰੇ ਲਈ ਇਹ ਬੜਾ ਵੱਡਾ ਸਨਮਾਨ ਸੀ। ਜਦੋਂ ਇਹ ਤਸਵੀਰ ਉਨ੍ਹਾਂ ਨੇ ਬਠਿੰਡੇ ਆਪਣੇ ਭਾਈਚਾਰਕ ਸਮਾਗਮ 'ਚ ਰੱਖੀ ਤਾਂ ਇਹ ਖਿੱਚ ਦਾ ਕੇਂਦਰ ਬਣੀ ਰਹੀ।"

"ਵਾਹ!" ਮੇਰੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ ਹੈ।

"ਹੁਣ ਤਾਂ ਜਿਹੜੇ ਵੀ ਲੋਕ ਇਹ ਪੇਂਟਿੰਗ ਵੇਖਦੇ ਨੇ ਆਂਹਦੇ ਇਹ ਮਨੁੱਖ ਤਾਂ ਵੇਖਿਆ ਹੋਇਆ। ਇਹ ਹੁਣ ਜਗਰੂਪ ਹੋਣਾ ਦਾ ਬਾਪ ਹੀ ਨਹੀਂ ਰਿਹਾ, ਮਾਲਵੇ ਦਾ ਬਾਪੂ ਬਣ ਗਿਆ ਹੈ।"

ਮਾਲਵੇ ਦੇ ਇਸ ਖੂੰਡੇ ਵਾਲੇ ਬਾਪੂ ਨੇ ਸੰਨ 2000 ਵਿਚ ਕੈਨੇਡਾ ਆ ਗਏ ਜਰਨੈਲ ਸਿੰਘ ਦੀ ਪਛਾਣ ਨੂੰ ਹੋਰ ਗੂੜ੍ਹਾ ਕੀਤਾ। ਇਸ ਚਿੱਤਰ ਨੂੰ ਕੈਨੇਡੀਅਨ ਇੰਸਟੀਚਿਊਟ ਆਫ ਪੋਰਟਰੇਟ ਆਰਟਿਸਟ ਵਲੋਂ ਸਾਲ ਦੋ ਹਜ਼ਾਰ ਦੋ ਦਾ ਡੇਨੀਅਲ ਪੀ ਇਜ਼ਾਰਡ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਹ ਸਨਮਾਨ ਸਮੁੱਚੇ ਪੰਜਾਬੀ ਸਭਿਆਚਾਰ ਅਤੇ ਕਲਾ ਜਗਤ ਦਾ ਸਨਮਾਨ ਸੀ। ਮੈਂ ਆਪਣੀਆਂ ਨਜ਼ਰਾਂ ਖੂੰਡੇ ਵਾਲੇ ਬਾਪੂ ਤੋਂ ਹਟਾ ਕੇ ਬਾਈ ਜਰਨੈਲ ਸਿੰਘ ਨੂੰ ਮਿਲੇ ਮਾਨਾਂ ਸਨਮਾਨਾਂ 'ਤੇ ਟਿਕਾ ਲੈਂਦਾ ਹਾਂ।

ਜਰਨੈਲ ਸਿੰਘ ਨੇ ਪੰਜਾਬੀ ਸਭਿਆਚਾਰ ਦੇ ਨਾਲ ਨਾਲ ਕੁਦਰਤੀ ਖੂਬਸੂਰਤੀ ਨੂੰ ਵੀ ਚਿਤਰਿਆ ਹੈ। ਉਹ ਦੁਨੀਆ ਭਰ 'ਚ ਘੁੰਮਦਾ ਰਹਿੰਦਾ ਹੈ। ਜਗ੍ਹਾ ਜਗ੍ਹਾ ਦੀਆਂ ਰੰਗੀਨ ਵਾਦੀਆਂ ਦੇ ਅੰਗ-ਸੰਗ ਰਹਿੰਦਾ ਹੈ। ਉਸਨੇ ਖੂਬਸੂਰਤ ਲੈਂਡ ਸਕੇਪ ਬਣਾਏ ਹਨ। ਇਸਦੇ ਨਾਲ ਹੀ ਉਸਨੇ ਆਪਣੇ ਬਾਪ ਤੋਂ ਮਿਲੀ ਅਮੀਰ ਵਿਰਾਸਤ ਨੂੰ ਵੀ ਅੱਗੇ ਤੋਰਿਆ ਹੈ। ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ, ਯੋਧਿਆਂ ਅਤੇ ਸ਼ਖਸੀਅਤਾਂ ਦੇ ਚਿੱਤਰ ਬਣਾਏ ਹਨ, ਜੋ ਦੁਨੀਆਂ ਦੇ ਬਹੁਤ ਸਾਰੇ ਪ੍ਰਸਿੱਧ ਗੁਰਦੁਆਰਿਆਂ ਅਤੇ ਗੈਲਰੀਆਂ ਦੀ ਸੋਭਾ ਵਧਾ ਰਹੇ ਹਨ। ਆਪਣੇ ਬਾਪ ਵਾਂਗ ਹੀ ਉਸਨੇ ਐਂਗਲੋ ਸਿੱਖ ਵਾਰ ਅਤੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੀਆਂ ਪੇਂਟਿੰਗਜ਼ ਬਣਾਈਆਂ ਹਨ। ਸਰੀ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ 'ਚ ਗ਼ਦਰੀ ਬਾਬਿਆਂ ਦੀ ਗੈਲਰੀ ਬਣਾ ਕੇ ਇੱਕ ਵਿਲੱਖਣ ਤੇ ਇਤਿਹਾਸਕ ਕਾਰਜ ਕੀਤਾ ਹੈ। ਗ਼ਦਰੀ ਬਾਬਾ ਮੇਵਾ ਸਿੰਘ ਲੋਪੋਕੇ, ਬਲਵੰਤ ਸਿੰਘ ਖੁਰਦਪੁਰ, ਉੱਤਮ ਸਿੰਘ ਹਾਂਸ, ਭਾਈ ਭਾਗ ਸਿੰਘ, ਗੁਰਦਿੱਤ ਸਿੰਘ, ਬਾਬੂ ਹਰਨਾਮ ਸਿੰਘ ਸਾਹਰੀ, ਬੱਬਰ ਕਰਮ ਸਿੰਘ, ਭਾਈ ਈਸ਼ਰ ਸਿੰਘ, ਭਾਈ ਕਰਤਾਰ ਸਿੰਘ, ਭਾਈ ਜਵੰਦ ਸਿੰਘ, ਭਾਈ ਬੀਰ ਸਿੰਘ, ਭਾਈ ਬਤਨ ਸਿੰਘ ਵਰਗੇ ਅਨੇਕਾਂ ਦੇਸ਼ ਭਗਤਾਂ ਦੀਆਂ ਤਸਵੀਰਾਂ ਵੇਖਦਿਆਂ ਜਰਨੈਲ ਸਿੰਘ ਦੀ ਕਲਾ ਅਤੇ ਲਗਨ ਅੱਗੇ ਆਪ ਮੁਹਾਰੇ ਸਿਰ ਝੁਕ ਜਾਂਦਾ ਹੈ। ਸ਼ਹੀਦ ਮੇਵਾ ਸਿੰਘ ਦੀ ਪੇਂਟਿੰਗ ਤਾਂ ਸਰੀ ਤੋਂ ਐਮ ਐਲ ਏ ਰਚਨਾ ਸਿੰਘ ਨੇ ਆਪਣੇ ਵਿਧਾਨ ਸਭਾ ਵਾਲੇ ਦਫ਼ਤਰ ਵਿਚ ਲਾਈ ਹੈ।

ਕੌਮਾਗਾਟਾਮਾਰੂ ਦੇ ਇਤਿਹਾਸ ਨੂੰ ਚਿਤਰਨ ਲਈ ਤਾਂ ਉਸਨੇ ਪੂਰੇ ਦਸ ਸਾਲ ਲਾਏ ਹਨ। ਕੌਮਾਗਾਟਾਮਾਰੂ ਕਾਂਡ ਦੇ ਸੌਵੇਂ ਵਰ੍ਹੇ ਉਸਨੇ 'ਪਿਕਸ' ਦੀ ਦੀਵਾਰ 'ਤੇ 12 ਗੁਣਾਂ 22 ਫੁੱਟ ਦਾ ਵਿਸ਼ਾਲ ਕੰਧ ਚਿੱਤਰ ਬਣਾਇਆ ਸੀ। ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਜ਼ ਸੁਸਾਇਟੀ (ਪਿਕਸ) ਵਲੋਂ 24 ਨਵੰਬਰ 2014 ਨੂੰ ਇਸ ਚਿੱਤਰ ਦਾ ਉਦਘਾਟਨ ਕੀਤਾ ਗਿਆ। ਇਸ ਚਿੱਤਰ 'ਤੇ ਉਕਰੇ ਸ਼ਬਦ, 'ਅਸੀਂ ਯਾਦ ਰੱਖਾਂਗੇ' (We Remember) ਨੇ ਖਾਸਾ ਵਿਵਾਦ ਵੀ ਪੈਦਾ ਕਰ ਦਿੱਤਾ ਸੀ। ਕਈ ਕੱਟੜ ਕਿਸਮ ਦੇ ਗੋਰਿਆਂ ਨੇ ਰੌਲਾ ਵੀ ਪਾਇਆ, 'ਇਸ ਚਿੱਤਰ ਰਾਹੀਂ ਭੜਕਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਨਸਲੀ ਟਿੱਪਣੀ ਹੈ। ਇਸ ਨੂੰ ਹਟਾਇਆ ਜਾਣਾ ਚਾਹੀਦਾ ਹੈ।'

"ਮੈਂ ਇਸ ਨੂੰ ਇਤਰਾਜ਼ਯੋਗ ਜਾਂ ਭੜਕਾਊ ਨਹੀਂ ਮੰਨਦਾ। ਵਿਸਮਿਕ ਚਿੰਨ੍ਹ ਪਾ ਕੇ ਮੈਂ ਕਿਸੇ ਦੇ ਖਿਲਾਫ਼ ਨਫ਼ਰਤ ਖੜ੍ਹੀ ਨਹੀਂ ਸੀ ਕੀਤੀ। ਇਹ ਕੋਈ ਗੁੱਸਾ ਉਪਜਾਉਣ ਵਾਲਾ ਨਹੀਂ ਹੈ। ਅਸੀਂ ਨਹੀਂ ਚਾਹੁੰਦੇ ਕਿ ਅਜਿਹੀ ਘਟਨਾ ਦੁਬਾਰਾ ਹੋਵੇ। ਕੀ ਅਸੀਂ ਇਸਨੂੰ ਯਾਦ ਵੀ ਨਾ ਰੱਖੀਏ? ਕੀ ਇਹ ਸਭ ਕੁੱਝ ਨਹੀਂ ਵਾਪਰਿਆ? ਇਹ ਦਰਦ ਸਾਰੇ ਦੱਖਣੀ ਏਸ਼ਿਆਈ ਖਿੱਤੇ ਦਾ ਹੈ। ਜਿਨ੍ਹਾਂ ਲੋਕਾਂ ਨੇ ਹੰਢਾਇਆ ਹੈ ਇਨ੍ਹਾਂ ਵਿਸਮਿਕ ਚਿੰਨ੍ਹਾਂ ਓਹਲੇ ਲੁਕੇ ਦਰਦ ਨੂੰ ਉਹੀ ਜਾਣ ਸਕਦੇ ਹਨ।" ਜਰਨੈਲ ਸਿੰਘ ਜਾਣਦਾ ਹੈ ਕਿ ਆਪਣੀ ਗੱਲ ਕਿਵੇਂ ਰੱਖਣੀ ਹੈ। ਪਿਕਸ ਸੰਸਥਾ ਦਾ ਐਗਜ਼ੀਕਿਊਟਿਵ ਡਾਇਰੈਕਟਰ ਜਰਨੈਲ ਸਿੰਘ ਦੀ ਗੱਲ ਨਾਲ ਸਹਿਮਤ ਹੋਇਆ ਸੀ। ਉਸਨੇ ਇਹ ਕਹਿੰਦਿਆਂ ਸਾਰਾ ਵਿਵਾਦ ਨਿਬੇੜ ਦਿੱਤਾ ਸੀ, "ਇਹਦੇ 'ਚ ਕੁੱਝ ਵੀ ਨਸਲੀ ਨਹੀਂ ਹੈ। ਕੁੱਝ ਵੀ ਭੜਕਾਊ ਨਹੀਂ ਹੈ।"

ਜਰਨੈਲ ਸਿੰਘ ਕੁਦਰਤ ਦੀ ਇੱਕ ਅਜ਼ੀਮ ਸਿਰਜਣਾ ਹੈ। ਬੁਰਸ਼ ਦੇ ਨਾਲ ਨਾਲ ਕਲਮ ਰਾਹੀਂ ਸ਼ਬਦੀ ਤਸਵੀਰਾਂ ਬਣਾਉਣ ਦਾ ਹੁਨਰ ਵੀ ਬਾਖ਼ੂਬੀ ਜਾਣਦਾ ਹੈ। 'ਪੰਜਾਬੀ ਚਿਤਰਕਾਰ' ਨਾਂ ਦੀ ਪੁਸਤਕ ਅਤੇ ਅਖ਼ਬਾਰਾਂ ਰਿਸਾਲਿਆਂ 'ਚ ਛਪੇ ਦਰਜਨਾਂ ਲੇਖ ਉਸਦੀ ਖ਼ੂਬਸੂਰਤ ਲੇਖਣੀ ਦੀ ਗਵਾਹੀ ਭਰਦੇ ਹਨ। ਜਰਨੈਲ ਸਿੰਘ ਮਾਂ ਬੋਲੀ ਨਾਲ ਅੰਤਾਂ ਦੀ ਮੁਹੱਬਤ ਕਰਦਾ ਹੈ। ਉਹ ਲੇਖਕਾਂ ਤੇ ਉਨ੍ਹਾਂ ਦੀਆਂ ਲਿਖਤਾਂ ਦਾ ਕਦਰਦਾਨ ਹੈ। ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਅੰਗਰੇਜ਼ ਬਰਾੜ ਵਰਗੇ ਯਾਰਾਂ ਨਾਲ ਰਲ ਕੇ ਆਪਣੀ ਆਰਟ ਗੈਲਰੀ 'ਚ ਕੋਈ ਨਾ ਕੋਈ ਸਾਹਿਤਕ ਸਮਾਗਮ ਵਿੱਢੀ ਰੱਖਦਾ ਹੈ। ਸਰੀ ਉਸਦੀ ਆਰਟ ਗੈਲਰੀ ਕਲਮਕਾਰਾਂ ਤੇ ਕਲਾਕਾਰਾਂ ਦਾ ਮੱਕਾ ਹੈ। ਉਸਦੀ ਆਰਟ ਗੈਲਰੀ 'ਚ 'ਗੁਜਰਾਤ ਫਾਈਲਜ਼' ਦੀ ਬਹੁ-ਚਰਚਿਤ ਲੇਖਕਾ ਰਾਣਾ ਅਯੂਬ ਵੀ ਫੇਰਾ ਪਾਉਂਦੀ ਹੈ ਤੇ ਪੌਣਾਂ 'ਤੇ ਹਲਕੇ ਹਲਕੇ ਪੱਬ ਧਰਨ ਵਾਲਾ ਵੱਡਾ ਸ਼ਾਇਰ ਸੁਰਜੀਤ ਪਾਤਰ ਵੀ। 'ਅਸੀਂ ਬਾਬੇ ਨਾਨਕ ਦੇ ਕੀ ਲੱਗਦੇ ਹਾਂ' ਕਹਿਣ ਵਾਲਾ ਜਸਵੰਤ ਜ਼ਫ਼ਰ ਵੀ ਸਰੀ ਜਾਣ ਸਮੇਂ ਆਰਟ ਗੈਲਰੀ ਜਾਣਾ ਨਹੀਂ ਭੁੱਲਦਾ ਤੇ ਹਰ ਵੱਡੇ ਛੋਟੇ ਲੇਖਕ ਨੂੰ ਕਲਾਵੇ ਭਰ ਲੈਣ ਦਾ ਹੁਨਰੀ ਗੁਰਭਜਨ ਗਿੱਲ ਵੀ। ਨਿੱਕੀਆਂ ਕਵਿਤਾਵਾਂ ਦਾ ਵੱਡਾ ਕਵੀ ਨਵਤੇਜ ਭਾਰਤੀ, ਲੀਲਾ ਵਾਲਾ ਅਜਮੇਰ ਰੋਡੇ, ਵੀ ਸੀ ਜਸਪਾਲ ਸਿੰਘ, ਡਾ ਐਸ ਪੀ ਸਿੰਘ, ਨਾਟਕਕਾਰ ਕੁਲਵਿੰਦਰ ਖਹਿਰਾ, 'ਹੁਣ' ਮੈਗਜ਼ੀਨ ਦਾ ਸੰਪਾਦਕ ਤੇ ਗ਼ਜ਼ਲਗੋ ਸੁਸ਼ੀਲ ਦੋਸਾਂਝ, ਅਗਰਬੱਤੀ ਵਾਲਾ ਸ਼ਾਇਰ ਜਸਵਿੰਦਰ, ਸ਼ੇਅਰਾਂ ਦੀਆਂ ਅਸ਼ਰਫੀਆਂ ਵੰਡਣ ਵਾਲਾ ਕਵਿੰਦਰ ਚਾਂਦ, ਘੁਮੱਕੜੀ ਪੱਤਰਕਾਰ ਤੇ ਕਹਾਣੀਕਾਰ ਸੁਕੀਰਤ ਆਨੰਦ, ਬੁੱਧੀਜੀਵੀ ਨੌਜਵਾਨ ਤਸਕੀਨ, ਤੀਵੀਆਂ ਵਾਲਾ ਨਾਵਲਕਾਰ ਪ੍ਰਗਟ ਸਤੌਜ, ਤਿੱਖੀ ਸੁਰ ਵਾਲਾ ਪੱਤਰਕਾਰ ਜਤਿੰਦਰ ਪੰਨੂੰ, ਜਪਾਨ ਵਾਲਾ ਸ਼ਾਇਰ ਤੇ ਵਾਰਤਕ ਲੇਖਕ ਪਰਮਿੰਦਰ ਸੋਢੀ, 'ਖੱਡੀ' ਦਾ ਕਰਤਾ ਜਸਵੰਤ ਦੀਦ, ਰੰਗਕਰਮੀ ਲੱਖਾ ਲਹਿਰੀ, ਮੰਚ ਸੰਚਾਲਕ ਨਰੇਸ਼ ਰੁਪਾਣਾ ਤੱਕ- ਪਤਾ ਨਹੀਂ ਕਿੰਨੇ ਕੁ ਕਲਮਕਾਰ ਉਸਦੀ ਆਰਟ ਗੈਲਰੀ 'ਚ ਆਪਣੀ ਮਹਿਕ ਖਿਲਾਰ ਆਏ ਹਨ। ਉਹ ਅਕਸਰ ਆਖਦਾ ਹੈ, 'ਕਲਾ ਜੋੜਨ ਦਾ ਕੰਮ ਕਰਦੀ ਹੈ।'

ਮੈਂ ਕਾਹਲੀ ਕਾਹਲੀ ਨਾਲ ਮਾਨਾਂ ਸਨਮਾਨਾਂ ਦੀ ਲੰਮੀ ਚੌੜੀ ਸੂਚੀ 'ਤੇ ਪੰਛੀ ਝਾਤ ਮਾਰਦਾ ਹਾਂ। ਪੰਜਾਬ ਲਲਿਤ ਕਲਾ ਅਕੈਡਮੀ ਵਲੋਂ 1979 ਤੇ ਫੇਰ 1980 'ਚ ਦਿੱਤੇ ਸਨਮਾਨ ਨਾਲ ਸੂਚੀ ਦਾ ਸ੍ਰੀ ਗਣੇਸ਼ ਹੁੰਦਾ ਹੈ। ਮੈਂ ਵੱਡੇ ਵੱਡੇ ਐਵਾਰਡਾਂ 'ਤੇ ਪੈੱਨ ਨਾਲ ਨਿਸ਼ਾਨੀ ਲਾਉਂਦਾ ਹਾਂ। ਸ. ਸੋਭਾ ਸਿੰਘ ਮੈਮੋਰੀਅਲ ਫਾਊਂਡੇਸ਼ਨ, ਪੰਜਾਬੀ ਸੱਥ ਲਾਂਬੜਾ ਦਾ ਡਾ. ਮਹਿੰਦਰ ਸਿੰਘ ਰੰਧਾਵਾ ਐਵਾਰਡ, ਡਾ. ਰਵਿੰਦਰ ਰਵੀ ਮੈਮੋਰੀਅਲ ਐਵਾਰਡ, ਯੂ ਕੇ ਦੇ ਮਹਾਰਾਜਾ ਦਲੀਪ ਸਿੰਘ ਟਰੱਸਟ ਵਲੋਂ ਦਿੱਤੇ ਐਵਾਰਡ ਤੋਂ ਲੈ ਕੇ ਸਰੀ (ਕੈਨੇਡਾ) ਦੀ ਕੌਂਸਲ ਵਲੋਂ ਆਪਣੇ ਦਸਵੇਂ ਸਥਾਪਨਾ ਦਿਵਸ 'ਤੇ ਵਧੀਆ ਬੈਨਰ ਡੀਜ਼ਾਈਨਿੰਗ ਲਈ ਦਿੱਤੇ ਐਵਾਰਡ ਤੱਕ, ਦਰਜਨਾਂ ਨਹੀਂ ਸੈਂਕੜੇ ਮਾਣ-ਸਨਮਾਨ ਸਾਡੇ ਜਰਨੈਲ ਚਿਤਰਕਾਰ ਦੀ ਝੋਲੀ ਆਣ ਪਏ ਨੇ। ਮੈਨੂੰ ਇਸ ਸੂਚੀ 'ਚ ਘਾਟ ਰੜਕਦੀ ਹੈ। ਇਸ ਵਿਚ ਨਾਨਕਿਆਂ ਵਲੋਂ ਦਿੱਤਾ ਜਾਣ ਵਾਲਾ ਐਵਾਰਡ ਵੀ ਤਾਂ ਹੋਣਾ ਚਾਹੀਦਾ ਹੈ। ਮੈਂ ਆਪਣੇ ਆਪ ਨੂੰ ਅਸਹਿਜ ਤਾਂ ਮਹਿਸੂਸ ਕਰਦਾ ਹਾਂ ਪਰ ਬਾਈ ਜਰਨੈਲ ਸਿੰਘ ਨੂੰ ਮਹਿਸੂਸ ਨਹੀਂ ਹੋਣ ਦਿੰਦਾ। ਸੂਚੀ ਜੇਬ 'ਚ ਰੱਖਦਿਆਂ ਮੈਂ ਹੱਸਣ ਲੱਗਦਾ ਹਾਂ, "ਬਾਈ ਮੈਨੂੰ ਅੱਜ ਪਤਾ ਲੱਗਾ ਤੁਸੀਂ ਮਹਾਨ ਚਿਤਰਕਾਰ ਕਿਵੇਂ ਬਣਗੇ?"

ਮੇਰੇ ਇਸ ਕਮਲੇ-ਰਮਲੇ ਸਵਾਲ ਦਾ ਜਰਨੈਲ ਸਿੰਘ ਕੀ ਜਵਾਬ ਦਿੰਦਾ? ਉਹ ਹੌਲੀ ਬੋਲਦਾ ਹੈ ਤੇ ਹੌਲੀ ਹੀ ਮੁਸਕਰਾਉਂਦਾ ਹੈ। ਹੁਣ ਵੀ ਜਵਾਬ 'ਚ ਉਹ ਕੇਵਲ ਹਲਕਾ ਜਿਹਾ ਮੁਸਕਰਾਇਆ ਸੀ।

"ਤੁਸੀਂ ਮੇਰੇ ਪਿੰਡ ਕੜਿਆਲ ਦਾ ਪਾਣੀ ਜੋ ਪੀਤਾ ਹੈ। ਮੇਰੇ ਗਰਾਂ ਦਾ ਨਿਰਮਲ ਨੀਰ ਪੀਣ ਵਾਲਾ ਭਲਾ ਮਹਾਨ ਕਿਉਂ ਨਾ ਬਣਦਾ?"

"ਹਾਂ! ਇਹ ਤਾਂ ਠੀਕ ਹੈ।" ਜਰਨੈਲ ਸਿੰਘ ਹੱਸਦਿਆਂ ਹੱਸਦਿਆਂ ਬਾਂਹ ਮੇਰੇ ਦੁਆਲੇ ਵਲ੍ਹ ਲੈਂਦਾ ਹੈ।

ਸਾਡੇ ਕੋਲ ਫਿਰਦੇ ਨਾਵਲਕਾਰ ਜਰਨੈਲ ਸਿੰਘ ਸੇਖਾ, ਮੋਹਨ ਗਿੱਲ ਤੇ ਅੰਗਰੇਜ਼ ਬਰਾੜ ਵੀ ਹੱਸਣ ਲੱਗਦੇ ਹਨ। ਹੱਸਦਿਆਂ ਹੱਸਦਿਆਂ ਮੈਂ ਅੱਖ ਬਚਾ ਕੇ ਆਪਣੀਆਂ ਅੱਖਾਂ 'ਚ ਉੱਤਰ ਆਇਆ ਪਾਣੀ ਸਾਫ਼ ਕਰ ਲੈਂਦਾ ਹਾਂ।

# ਮਿਹਦੇ ਨਾਲ਼ ਵਾਰਤਾਲਾਪ

ਆਪਣੇ ਢਿੱਡ ਤੋਂ ਦੋ-ਤਿੰਨ ਦਿਨ ਪ੍ਰੇਸ਼ਾਨ ਰਹਿਣ ਪਿਛੋਂ ਮੈਂ ਲੱਭ-ਲਭਾ ਕੇ ਇੱਕ ਦਿਨ ਢਿੱਡ ਦਾ (ਆਪਣੇ ਜਾਣੇ) ਮੁਬਾਈਲ ਮਿਲਾਇਆ। ਕਿਸੇ ਨੇ ਅੱਗਿਓਂ ਸਤਿਕਾਰ ਨਾਲ ਹੈਲੋ ਕਿਹਾ ਪਰ ਮੈਂ ਔਖਾ ਜਾ ਹੋ ਕੇ ਪੁੱਛਿਆ।

"ਸੁਣਾ ਬਈ ਢਿੱਡ ਸਿਆਂ, ਕੀ ਹਾਲ ਐ ਤੇਰਾ? ਕਈ ਦਿਨਾਂ ਤੋਂ ਪ੍ਰੇਸ਼ਾਨ ਕਰੀਂ ਜਾਨਾ ਐਂ।"

ਅੱਗਿਓਂ ਜਵਾਬ ਆਇਆ "ਸਰ ਜੀ ਕੀਹਦੇ ਨਾਲ ਗੱਲ ਕਰਨੀ ਐ? ਢਿੱਡ 'ਚ ਤਾਂ ਅਸੀਂ ਕਈ ਜਣੇ ਆਂ। ਜਿਗਰ ਐ, ਗਾਲ-ਬਲੈਡਰ ਐ, ਪਿੱਤਾ, ਮਿਹਦਾ, ਛੋਟੀ ਆਂਤ, ਗੁਰਦਾ ਤੇ ਹੋਰ ਕਈ ਕੁਛ। ਫੇਫੜਿਆਂ ਤੋਂ ਲੈ ਕੇ ਥੱਲੇ ਤਕ, ਥੋੜਾ ਮੂਹਰਲਾ ਹਿੱਸਾ ਸਭ ਢਿੱਡ ਈ ਐ, ਪੇਟ ਐ, 'ਐਬਡੋਮਨ' ਐ।"

ਥੋੜ੍ਹੀ ਕਿਰਕਿਰੀ ਹੋਈ ਦੇਖ ਕੇ ਮੈਂ ਕਿਹਾ "ਓਹ ਤਾਂ ਠੀਕ ਐ, ਮੇਰਾ ਮਤਲਬ ਉਸ ਭਲੇ-ਮਾਣਸ ਤੋਂ ਐ ਜਿਹੜਾ ਮੇਰੇ ਖਾਣੇ ਨੂੰ ਹਜ਼ਮ ਕਰਦਾ ਐ।"

ਜਵਾਬ ਆਇਆ "ਪਰ ਇਹ ਕੰਮ ਵੀ ਕੋਈ ਇੱਕ ਜਣਾ ਨੀ ਕਰਦਾ। ਏਸ ਕੰਮ ਵਾਸਤੇ ਵੀ ਕਈ ਅੰਗਾਂ ਦੀ ਇੱਕ ਟੀਮ ਐ। ਮੂੰਹ ਤੋਂ ਲੈ ਕੇ ਥੱਲੇ ਤੱਕ ਏਸ ਟੀਮ ਦੇ ਕਈ ਅੰਗ ਨੇ ਜਿਹੜੇ

ਇੰਜ. ਈਸ਼ਰ ਸਿੰਘ
ਫੋਨ: 647 640 2014

ਖਾਣੇ ਨੂੰ ਚਿੱਥਣ ਤੋਂ ਲੈ ਕੇ ਮਲ ਖਾਰਜ ਹੋਣ ਤੱਕ ਆਪੋ-ਆਪਣੀ ਭੂਮਿਕਾ ਨਭਾਉਂਦੇ ਨੇ। ਏਹਨੂੰ 'ਪਾਚਨ-ਪ੍ਰਣਾਲੀ' ਜਾਂ 'ਪਾਚਨ-ਸਿਸਟਮ' ਕਹਿੰਦੇ ਨੇ। ਮੈਨੂੰ ਲਗਦਾ ਐ ਤੁਸੀਂ ਮਿਹਦੇ ਦੀ, 'ਸਟੋਮਕ' ਦੀ ਗੱਲ ਕਰਦੇ ਓਂ ਕਿਉਂਕਿ ਬਹੁਤੇ ਏਸੇ ਨੂੰ ਢਿੱਡ ਸਮਝੀ ਜਾਂਦੇ ਨੇ। ਮੈਂ ਥੋੜੀ ਓਹਦੇ ਨਾਲ ਗੱਲ ਕਰਾਉਨਾਂ।"

ਨਮੋਸ਼ੀ ਦੇ ਮਾਰੇ ਦਾ ਮੇਰਾ ਦਿਮਾਗ ਵੀ ਥੋੜ੍ਹਾ ਠਿਕਾਣੇ ਆ ਚੁੱਕਿਆ ਸੀ ਤੇ ਮਿਹਦਾ ਵੀ ਪੂਰੀ ਨਰਮਾਈ ਨਾਲ ਬੋਲਿਆ "ਸ਼ੁਕਰ ਐ ਸਰ ਜੀ, ਮੈਂ ਵੀ ਤੁਹਾਨੂੰ ਯਾਦ ਆਇਆ। ਤੁਸੀਂ ਸੁਣ ਈ ਲਿਆ ਐ ਕਿ ਮੈਂ ਤਾਂ ਖਾਣੇ ਦੇ 'ਪਾਚਨ-ਸਿਸਟਮ' ਦਾ ਇੱਕ ਹਿੱਸਾਂ। ਸਰੀਰ 'ਚ 'ਪਾਚਨ-ਸਿਸਟਮ' ਵਰਗੇ ਦਸ-ਗਿਆਰਾਂ ਹੋਰ ਸਿਸਟਮ ਕੰਮ ਕਰਦੇ ਨੇ: ਦਿਮਾਗ ਦੇ ਤਾਣੇ-ਬਾਣੇ ਦਾ ਸਿਸਟਮ, ਸਾਹ ਦਾ ਸਿਸਟਮ, ਖ਼ੂਨ ਦੇ ਦੌਰੇ ਦਾ, ਹੱਡੀਆਂ ਦੇ ਢਾਂਚੇ ਦਾ, ਪਿਸ਼ਾਬ ਖਾਰਜ ਕਰਨ ਦਾ ਸਿਸਟਮ ਆਦਿ। ਪਰ ਤੁਸੀਂ ਗੱਲ ਪ੍ਰੇਸ਼ਾਨੀ ਤੋਂ ਸ਼ੁਰੂ ਕਰੀ ਐ। ਪ੍ਰੇਸ਼ਾਨ ਥੋਨੂੰ ਮੈਂ ਨੀ ਕਰਦਾ, ਏਹਦੇ ਜ਼ੁੰਮੇਵਾਰ ਤਾਂ ਤੁਸੀਂ ਆਪ ਓਂ। ਜੀਹਨੂੰ ਤੁਸੀਂ ਪ੍ਰੇਸ਼ਾਨੀ ਸਮਝਦੇ ਓਂ ਏਹ ਤਾਂ ਮੇਰੇ ਸੁਨੇਹੇ ਨੇ ਕਿ ਸੰਭਲ ਜੋ। ਨਾਲ਼ੇ ਸੁਨੇਹਾ ਵੀ ਓਦੋਂ ਈ ਭੇਜੀਦਾ ਐ ਜਦ ਗੱਲ ਵੱਸੋਂ ਬਾਹਰ ਹੋ ਜੇ। ਜਦ ਕਦੇ ਥੋਨੂੰ ਐਂ ਲਗਦਾ ਐ ਕਿ ਮੈਂ ਪ੍ਰੇਸ਼ਾਨ ਕਰ ਰਿਹਾ ਆਂ ਤਾਂ ਸਮਝ ਲੋ ਕਿ ਏਹ ਦਿੱਕਤ ਕਿਤੇ ਹੋਰ ਐ। ਕਈ ਵਾਰ ਤਾਂ ਲੋਕ ਦਿਲ ਦੇ ਦੌਰੇ ਤੱਕ ਨੂੰ ਮੇਰਾ ਦਰਦ ਸਮਝ ਕੇ ਅਣਗੌਲਿਆ ਕਰ ਦਿੰਦੇ ਨੇ। ਏਸੇ ਤਰ੍ਹਾਂ 'ਗਾਲ-ਬਲੈਡਰ' ਦੇ ਦਰਦ ਨੂੰ ਵੀ ਨੀ ਸਮਝ ਸਕਦੇ।" ਮੈਂ ਫਿਰ ਤੜੀ ਦਿਖਾਉਣੀ ਚਾਹੀ "ਕਮਾਲ ਕਰਦੈਂ, ਮੇਰਾ ਈ ਕਸੂਰ ਕਢੀਂ ਜਾਨੈਂ। ਮੇਰਾ ਬਹੁਤਾ ਵਾਹ ਤਾਂ ਤੇਰੇ ਨਾਲ ਈ ਪੈਂਦੈ, ਏਸੇ ਕਰਕੇ ਕਦੇ ਤੈਨੂੰ ਕਿਸੇ ਗੱਲੋਂ ਵਿਰਵਾ ਨੀ ਰੱਖਿਆ। ਦਿਨ ਦੇ ਘੰਟੇ ਚੌਵੀ ਹੁੰਦੇ ਨੇ ਤੇ ਭੋਜਨ ਤੈਨੂੰ ਛੱਤੀ ਪਰਕਾਰ ਦੇ ਖਵਾਈਦੇ ਨੇ।"

ਪਰ ਮਿਹਦਾ ਸਿੱਧਾ ਹੋ ਗਿਆ "ਬਹੁਤ ਭੁਲੇਖੇ 'ਚ ਓਂ ਸਰ ਜੀ। ਜਿਨ੍ਹਾਂ ਨੂੰ ਤੁਸੀਂ ਛੱਤੀ ਪਰਕਾਰ ਦੇ ਭੋਜਨ ਕਹਿਨੇ ਓਂ, ਓਹੀ ਤਾਂ ਮੇਰੀ ਜਾਨ ਦਾ ਖੌਅ ਬਣੇ ਹੋਏ ਨੇ। ਨਾਲ਼ੇ ਏਹ ਕਿਹੜਾ ਮੇਰੇ ਵਾਸਤੇ ਕਰਦੇ ਓਂ? ਲਾਡਲੀ ਜੀਭ ਵਾਸਤੇ ਕਰਦੇ ਓਂ। ਓਹਨੂੰ ਐਨਾ ਸਿਰ ਚੜ੍ਹਾ ਰੱਖਿਆ ਐ ਕਿ ਓਹਦੀ ਹਰ ਛੋਟੀ-ਵੱਡੀ ਰਿਹਾੜ ਪੂਰੀ ਕਰਦੇ ਓਂ। ਓਹਨੇ ਤਾਂ ਕੋਈ ਚੀਜ਼ ਆਪਣੇ ਕੋਲ ਰੱਖਣੀ ਨੀਂ। ਸੁਆਦ ਲਿਆ ਤੇ ਚੀਜ਼ ਅੱਗੇ ਮੇਰੇ ਹਵਾਲੇ ਕਰਤੀ। ਖ਼ੈਰ ਰੱਖਣਾ ਤਾਂ ਕੁਛ ਮੈਂ ਵੀ ਆਪਣੇ ਕੋਲ ਨੀ, ਪਰ ਮੈਂ ਆਪਣੀ ਪੂਰੀ ਵਾਹ ਲਾ ਕੇ ਬਣਦੀ ਕਾਰਵਾਈ ਕਰਕੇ ਈ ਸਭ ਕੁਛ ਅੱਗੇ ਛੋਟੀ ਆਂਤ ਨੂੰ ਭੇਜਦਾਂ।" ਮੈਂ ਢੈਲਾ ਜਾ ਹੋ ਕੇ ਬੋਲਿਆ "ਆਹ ਜੀਭ ਆਲੀ ਗੱਲ ਤਾਂ ਤੇਰੀ ਠੀਕ ਐ। ਰਿਹਾੜਣ ਤਾਂ ਖ਼ੈਰ ਏਹ ਸ਼ੁਰੂ ਤੋਂ ਈ ਐ, ਮੈਂ ਮੰਨਦਾ ਪਰ ਹੁਣ ਤਾਂ ਗੱਲ ਮੇਰੇ ਵੀ ਵੱਸ ਤੋਂ ਬਾਹਰ ਹੋਈ ਜਾਂਦੀ ਐ।" ਮਿਹਦਾ ਹੋਰ ਕਰੜਾ ਹੋ ਗਿਆ "ਛੱਤੀ ਪਰਕਾਰ ਦੇ ਭੋਜਨ ਖਾ-ਖਾ ਕੇ ਕਿਹੜਾ ਓਹ ਰਿਹਾੜ ਕਰਨੋਂ ਹਟਗੀ। ਓਹਨੂੰ ਤਾਂ ਜਿੰਨਾ ਚਭਲਾਈ ਜਾਓਗੇ, ਓਨਾ ਈ ਹੋਰ ਚਾਂਭਲੂ। ਨਾ ਓਹ ਕਿਸੇ ਨੂੰ ਸਿੱਧਾ ਬੋਲਦੀ ਐ, ਅਖੇ ਚੰਗਾ ਖਾਣਾ ਤੇ ਮੰਦਾ ਬੋਲਣਾ। ਪਰ ਇਹ ਕੰਮ ਹੁਣ ਬਹੁਤੀ ਦੇਰ ਚੱਲਣਾ ਨੀ। ਕਰੜੇ ਹੋ ਕੇ ਓਹ ਨੂੰ ਸਮਝਾਉਣਾ ਪੈਣੈਂ। ਪਰ ਉਹਨੂੰ ਸਮਝਾ ਤਾਂ ਸਕੋਗੇ ਜੇ ਪਹਿਲਾਂ ਆਪਣੇ-ਆਪ 'ਤੇ ਕਾਬੂ ਕਰੋਗੇ। ਮੇਰੀਆਂ ਗੱਲਾਂ ਕੌੜੀਆਂ ਨੇ ਪਰ ਸਰੀਰ-ਪਰਿਵਾਰ ਦੇ ਭਲੇ ਲਈ ਸਮਝਣੀਆਂ ਪੈਣੀਆਂ ਨੇ, ਮੰਨਣੀਆਂ ਪੈਣੀਆਂ ਨੇ।"

ਮੈਂ ਗੰਭੀਰ ਹੋ ਗਿਆ "ਜ਼ਰੂਰ ਮੰਨਾਂਗੇ, ਪਰ ਪਹਿਲਾਂ ਸਮਝਾ ਤੇਰਾ ਕੰਮ ਕੀ ਐ?"

ਮਿਹਦਾ ਸਮਝਾਉਣ ਲੱਗਿਆ "ਸਰਲ ਸ਼ਬਦਾਂ 'ਚ ਮੇਰਾ ਕੰਮ ਮਾਂ ਵਰਗਾ ਐ। ਸਰੀਰ ਦੇ ਸਾਰੇ ਅੰਗਾਂ ਵਾਸਤੇ ਖੁਰਾਕ ਤਿਆਰ ਕਰਨੀ। ਇਹ ਊਰਜਾ 'ਚ ਤਬਦੀਲ ਹੁੰਦੀ ਐ ਜਿਸ ਨਾਲ ਸਾਰਿਆਂ ਨੂੰ ਆਪੋ-ਆਪਣਾ ਕੰਮ ਕਰਨ ਦੀ ਸ਼ਕਤੀ ਮਿਲਦੀ ਐ। ਜੋ ਕੁਛ ਵੀ ਤੁਸੀਂ ਮੂੰਹ 'ਚ ਪਾਉਨੇ ਓਂ, ਓਹਦਾ ਕਿਣਕਾ-ਕਿਣਕਾ ਖਾਣੇ ਦੀ ਨਾਲ਼ੀ ਰਾਹੀਂ ਮੇਰੇ 'ਚ ਆਉਂਦੈ ਤੇ ਮੈਂ ਏਹਨੂੰ 'ਸਟੋਰ' ਕਰਦਾਂ। ਏਸ 'ਚ ਲੋੜੀਂਦਾ ਤਜ਼ਾਬ ਤੇ ਕੁਛ ਹੋਰ ਰਸਾਂ ਨੂੰ ਮਿਲਾਉਨਾਂ। ਏਸ ਕੱਠੇ ਹੋਏ ਸਾਰੇ ਖਾਣੇ ਨੂੰ ਸਹਿਜ-ਮਤੇ ਨਾਲ ਹਿਲਾ-ਹਿਲਾ ਕੇ ਇੱਕ-ਰਸ ਕੜ੍ਹੀ ਵਰਗਾ ਕਰ ਲੈਨਾਂ ਤੇ ਏਹਨੂੰ ਹਜ਼ਮ ਹੋਣ ਜੋਗਾ ਕਰਦਾਂ। ਫੇਰ ਥੋੜਾ-ਥੋੜਾ ਕਰਕੇ ਹੇਠਾਂ ਛੋਟੀ ਆਂਤ 'ਚ ਭੇਜਦਾ ਰਹਿਨਾਂ ਤੇ ਆਪ ਪੂਰਾ ਵਿਹਲਾ ਹੋ ਜਾਨਾਂ। ਹਾਜ਼ਮੇ ਦਾ ਬਹੁਤਾ ਕੰਮ ਤਾਂ ਛੋਟੀ ਆਂਤ 'ਚ ਹੁੰਦਾ ਐ। ਭਾਵੇਂ ਮੈਂ ਆਪਣਾ ਸਾਰਾ ਕੰਮ ਬਹੁਤ ਵਧੀਆ ਢੰਗ ਨਾਲ ਕਰਦਾਂ ਪਰ ਖੁਰਾਕ ਤਿਆਰ ਤਾਂ ਓਸੇ ਸਮੱਗਰੀ 'ਚੋਂ ਕਰਨੀ ਐ ਜੇਹੜੀ ਤੁਸੀਂ ਖਾਨੇ ਓਂ। ਮੈਨੂੰ ਦੁੱਖ ਹੁੰਦਾ ਐ ਜਦ ਮੈਂ ਤੁਹਾਡਾ ਖਾਧਾ ਅਵਲਾ-ਸਵਲਾ ਅੱਗੇ ਭੇਜਦਾਂ। ਕਿਉਂਕਿ ਮੈਂ ਮਾਂ ਦੀ ਭੂਮਿਕਾ ਨਿਭਾਉਨਾਂ, ਏਸੇ ਕਰਕੇ ਮੈਨੂੰ ਸਾਰੇ ਅੰਗਾਂ ਬਾਰੇ ਫ਼ਿਕਰ ਐ, ਗਿਆਨ ਐ।"

ਮੈਂ ਹਰਾਨੀ ਨਾਲ ਪੁੱਛਿਆ "ਆਹ ਤਜ਼ਾਬ ਆਲੀ ਗੱਲ ਤਾਂ ਬਹੁਤ ਔਖਾ ਕੰਮ ਐ। ਏਹ ਤੈਨੂੰ ਨੀ ਕੁਛ ਕਹਿੰਦਾ।"

ਮਿਹਦਾ ਹੌਸਲੇ 'ਚ ਬੋਲਿਆ "ਔਖਾ ਕੰਮ ਤਾਂ ਹੈ ਈ ਪਰ ਡਿਊਟੀ ਤਾਂ ਫੇਰ ਡਿਊਟੀ ਈ ਐ, ਤਜ਼ਾਬ ਤੋਂ ਬਗੈਰ ਖਾਣਾ ਹਜ਼ਮ ਈ ਨੀ ਹੋ ਸਕਦਾ। ਮੇਰੇ 'ਚ ਰੱਬ ਨੇ ਬਰਕਤ ਪਾਈ ਐ ਕਿ ਮੈਂ ਏਹਨੂੰ ਸੰਭਾਲ ਸਕਦਾਂ, ਏਹਦੀ ਵਰਤੋਂ ਕਰ ਸਕਦਾਂ। ਜੇ ਏਹ ਤਜ਼ਾਬ ਕਿਤੇ ਵਾਪਸ ਖੁਰਾਕ ਦੀ ਨਾਲ਼ੀ 'ਚ ਜਾਂ ਹੇਠਾਂ ਛੋਟੀ ਆਂਤ 'ਚ ਚਲਿਆ ਜਾਵੇ ਤਾਂ ਬਹੁਤ ਖਰਾਬੀ ਕਰਦੈ। ਏਸੇ ਕਰਕੇ ਜਦ ਮੈਂ ਖਾਣੇ ਨੂੰ ਰਲ-ਗੱਡ ਕਰਦਾ ਆਂ ਤਾਂ ਆਪਣੇ ਦੋਨੋਂ ਪਾਸੇ ਦੇ 'ਵਾਲਵ' ਬੰਦ ਰੱਖਦਾਂ। ਪਰ ਜੇ ਐਂ ਈ ਧੱਕਾ ਹੁੰਦਾ ਰਿਹਾ ਤਾਂ ਏਹ ਪੂਰਾ ਕੰਮ ਕਰਨੋਂ ਹਟ ਜਾਣਗੇ। ਖੱਟੇ ਡਕਾਰ, ਛੋਟੀ ਆਂਤ 'ਚ 'ਅਲਸਰ' ਤੇ ਫੇਰ ਹੋਰ ਵੱਡੀਆਂ ਬਿਮਾਰੀਆਂ।"

ਮੈਂ ਅਧੀਨਗੀ ਜੀ ਨਾਲ ਪੁੱਛਿਆ "ਮੇਰੀ ਖਾਧੀ ਖੁਰਾਕ 'ਚ ਤੈਨੂੰ ਕੀ ਗਲਤ ਲਗਦਾ ਐ?"

ਮਿਹਦਾ ਚੜ੍ਹਤ 'ਚ ਬੋਲਿਆ "ਅੱਜ ਦੀ ਘੜੀ ਤਾਂ ਬਹੁਤਾ ਗਲਤ ਈ ਲਗਦਾ ਐ। ਤੁਸੀਂ ਆਪਣੀ ਪਟਰੋਲ ਦੀ ਕਾਰ 'ਚ ਕਦੇ ਡੀਜ਼ਲ ਨੀ ਪਵਾਉਂਦੇ ਪਰ ਮੇਰੇ ਨਾਲ ਏਸ ਤਰ੍ਹਾਂ ਦਾ ਧੱਕਾ ਰੋਜ਼ ਕਰਦੇ ਓਂ। ਜੇਹੜਾ ਕੁਛ ਮੈਨੂੰ ਦਰਕਾਰ ਐ, ਓਹ ਤੁਸੀਂ ਖਾਂਦੇ ਨੀ, ਐਧਰਲਾ-ਓਧਰਲਾ ਖਾਂਦੇ ਰਹਿਨੇ ਓਂ ਤੇ ਖਾ-ਖਾ ਕੇ ਕੁੱਖਾਂ ਬਾਹਰ ਕੱਢ ਲੈਨੇ ਓਂ। ਏਸ ਤਰ੍ਹਾਂ ਸਭ ਤੋਂ ਵੱਧ ਧੱਕਾ ਤੇ ਬਦਸਲੂਕੀ ਤੁਸੀਂ ਮੇਰੇ ਨਾਲ ਕਰਦੇ ਓਂ। ਇਹ ਤਾਂ ਸਦਕੇ ਉੱਪਰ ਆਲ਼ੇ ਦੇ ਕਿ ਓਹਨੇ ਮੈਨੂੰ ਬਣਾਇਆ ਈ ਐਨਾ ਸਖ਼ਤ-ਜਾਨ ਐ ਕਿ ਮੈਂ ਇਹ ਧੱਕਾ-ਧੋੜਾ ਬਰਦਾਸ਼ਤ ਕਰਨ ਜੋਗਾ ਹਾਂ। ਥੋੜੇ ਕੀਤਿਆਂ ਭਾਵੇਂ ਮੈਨੂੰ ਕੁਛ ਨੀ ਹੁੰਦਾ, ਪਰ ਮੇਰੀ ਵੀ ਕੋਈ ਹੱਦ ਐ।"

ਮੈਂ ਗੱਲ ਅੱਗੇ ਤੋਰੀ "ਫੇਰ ਮੈਂ ਕੀ ਖਾਮਾਂ ਤੇ ਕੀ ਛੱਡਾਂ?"

ਐਨੇ ਥੋੜੇ ਸਮੇਂ 'ਚ ਮੈਂ ਥੋਨੂੰ ਏਹ ਸਭ ਨੀ ਦੱਸ ਸਕਦਾ, ਏਹ ਤਾਂ ਆਪਣੇ-ਆਪ 'ਚ ਇੱਕ ਵੱਡਾ ਵਿਸ਼ਾ ਐ। ਏਸ ਵਾਸਤੇ ਤਾਂ ਬੜੇ ਸਿਆਣੇ ਸਲਾਹਕਾਰ, ਡਾਕਟਰ ਤੇ 'ਡਾਈਟੀਸ਼ੀਅਨ' ਮਿਲ ਜਾਂਦੇ ਨੇ। ਹੋਰ ਐਨੀਆਂ ਕਿਤਾਬਾਂ, ਨਾਵਲ, ਕਿੱਸੇ, ਕਹਾਣੀਆਂ ਪੜ੍ਹਦੇ ਓਂ। ਐਧਰਲੀਆਂ-ਓਧਰਲੀਆਂ ਵੀਡੀਓਆਂ ਦੇਖਦੇ ਓਂ। ਕਦੇ ਮੇਰੇ ਬਾਰੇ ਜਾਂ ਮੇਰੇ ਹੋਰ ਭੈਣਾਂ-ਭਰਾਵਾਂ ਬਾਰੇ ਵੀ ਕੋਈ ਚੰਗੀ ਕਿਤਾਬ ਪੜ੍ਹ ਲਿਆ ਕਰੋ। ਇਹ ਤਾਂ ਥੋੜੀ ਜ਼ੁੰਮੇਵਾਰੀ ਐ, ਕਿਸੇ ਨੇ ਥੋਨੂੰ ਘਰੇ ਬੈਠਿਆਂ ਨੂੰ ਤਾਂ ਦੱਸਣ ਆਉਣਾ ਨੀ। 'ਹੈਲਦੀ' ਖਾਣਾ ਤੇ ਠੀਕ ਮਿਕਦਾਰ 'ਚ ਖਾਣਾ ਤਾਂ ਥੋੜੀ ਜ਼ੁੰਮੇਵਾਰੀ ਐ ਤੇ ਥੋੜੇ ਹੱਥ 'ਚ ਐ। ਅਮਰੀਕਾ ਦੇ ਮਸ਼ਹੂਰ ਡਾਕਟਰ ਐਂਡਰਿਊ ਵ੍ਹੀਲ ਦਾ ਕਹਿਣਾ ਐ ਕਿ ਦਵਾਈ ਤੇ ਜ਼ਹਿਰ 'ਚ ਮਾਤਰਾ ਤੋਂ ਬਗੈਰ ਹੋਰ ਬਹੁਤਾ ਫ਼ਰਕ ਨੀ ਹੁੰਦਾ। ਹਫ਼ਤੇ 'ਚ ਇੱਕ ਵਾਰ ਮੈਨੂੰ ਛੁੱਟੀ ਮਿਲਜੇ ਤਾਂ ਕੰਮ ਬਾਗੋ-ਬਾਗ ਐ।"

ਮੈਂ 'ਕਨਫ਼ਿਊਜ਼' ਹੋ ਗਿਆ ਤੇ ਕਿਹਾ "ਤੂੰ ਬੜਾ ਕੁਛ ਦੱਸੀਂ ਜਾਨੈਂ, ਮੈਂ ਕਦੇ ਏਨ੍ਹਾਂ ਗੱਲਾਂ ਬਾਰੇ ਬਹੁਤਾ ਸੋਚਿਆ ਈ ਨੀ। ਨਾ ਏਹ ਮੇਰੇ ਸਮਝ 'ਚ ਆ ਰਹੀਆਂ ਨੇ।"

ਮਿਹਦੇ ਨੇ ਦਿਲਾਸਾ ਦਿੱਤਾ "ਮੇਰੇ ਅੰਦਰ ਕੀ ਕੁਦਰਤੀ ਵਰਤਾਰੇ ਵਰਤਦੇ ਨੇ ਓਹ ਥੋਨੂੰ ਸਮਝ ਨੀ ਆ ਸਕਦੇ, ਏਹ ਤਾਂ ਡਾਕਟਰਾਂ ਦਾ ਕੰਮ ਐ। ਤੇ ਥੋਨੂੰ ਇਹ ਸਭ ਸਮਝਣ ਦੀ ਲੋੜ ਵੀ ਨੀ। ਉਦਾਹਰਣ ਵਜੋਂ ਕਾਰ ਦੀ ਅੰਦਰਲੀ ਮਸ਼ੀਨਰੀ ਬਾਰੇ ਕਿਹੜਾ ਤੁਸੀਂ ਕੁਛ ਜਾਣਦੇ ਓਂ। ਓਹਦੇ ਸਿਰਫ ਪੰਜ-ਸੱਤ ਜੰਤਰਾਂ ਨੂੰ ਜਾਣਦੇ ਓਂ, ਓਨ੍ਹਾਂ ਦੇ ਸਿਰ 'ਤੇ ਕਾਰ ਭਜਾਈ ਫਿਰਦੇ ਓਂ। ਮੁਬਾਈਲ ਦੀ ਉਦਾਹਰਣ ਵੀ ਢੁਕਦੀ ਐ। ਏਹੀ ਗੱਲ ਸਰੀਰ ਦੀ ਐ, ਥੋਨੂੰ ਏਹਦੇ ਬਾਰੇ ਖੋਜਾਂ ਕਰਨ ਦੀ ਲੋੜ ਨੀ। ਜਾਣਕਾਰਾਂ ਨੇ ਪਹਿਲਾਂ ਈ ਬਥੇਰੀਆਂ ਕਰ ਰੱਖੀਆਂ ਨੇ ਜੇਹੜੇ ਸਰੀਰ ਨੂੰ ਤੰਦਰੁਸਤ ਰੱਖਣ ਦੇ ਗੁਰ ਦਸਦੇ ਆ ਰਹੇ ਨੇ, ਓਨ੍ਹਾਂ ਨੂੰ ਜਾਣੋਂ ਤੇ ਪੂਰਾ ਪਹਿਰਾ ਦਿਓ। ਮੈਂ ਹੋਰ ਜਾਣਨ ਦੀ ਕਾਹਲਾ ਹੋ ਗਿਆ "ਏਹ ਗੱਲ ਤਾਂ ਮੈਂ ਸਮਝ ਗਿਆ, ਅੱਗੇ ਦੱਸ ਕਿ ਮੇਰੇ ਹੱਥ-ਬਸ ਹੋਰ ਕੀ ਐ?"

ਮਿਹਦੇ ਨੇ ਅਗਲੀ ਮੱਤ ਦਿੱਤੀ "ਤੁਸੀਂ ਖਾਣੇ ਨੂੰ ਚੰਗੀ ਤਰ੍ਹਾਂ ਚਿੱਥ ਸਕਦੇ ਓਂ। ਮਾਹਰਾਂ ਦਾ ਕਹਿਣਾ ਕਿ ਇੱਕ ਬੁਰਕੀ ਨੂੰ 40-45 ਵਾਰ ਚਿੱਥੋ ਪਰ ਤੁਸੀਂ ਬੁਰਕੀ ਨੂੰ ਪੰਜ-ਸੱਤ ਬਾਰ ਦਰੜ-ਫਰੜ ਕਰ ਕੇ ਮੇਰੇ ਹਵਾਲੇ ਕਰ ਦਿੰਨੇ ਓਂ। ਪਹਿਲੀ ਬੁਰਕੀ ਮੂੰਹ 'ਚ ਚਿੱਥ ਹੋ ਰਹੀ ਹੁੰਦੀ ਐ, ਦੂਜੀ ਹੱਥ 'ਚ ਫੜ ਕੇ ਮੂੰਹ ਕੋਲ ਪੁਚਾਈ ਹੁੰਦੀ ਐ। ਸਮਝਣ ਦੀ ਲੋੜ ਐ ਕਿ ਮੇਰੇ ਅੰਦਰ ਕੋਈ ਬਿਜਲੀ ਦੀ ਮਧਾਣੀ ਤਾਂ ਲੱਗੀ ਨੀ ਹੋਈ ਕਿ ਵੱਡੇ-ਵੱਡੇ ਟੁਕੜਿਆਂ ਨੂੰ ਪੀਹ ਸਕਾਂ। ਨਾਲ਼ੇ ਇਹ ਕੰਮ ਮੇਰਾ ਹੈ ਈ ਨੀ, ਮੇਰੇ ਕਰਨ ਆਲੇ ਮੇਰੇ ਆਪਣੇ ਕੰਮ ਬਥੇਰੇ ਨੇ। ਮੈਂ ਆਪਣੇ ਕੰਮ ਕਰਾਂ ਕਿ ਦੰਦਾਂ ਦਾ ਕੰਮ ਕਰਾਂ? ਮੈਂ ਤਾਂ ਆਏ ਖਾਣੇ ਨੂੰ ਸਹਿਜ-ਮਤੇ ਨਾਲ ਮਿਲਾਉਨਾ ਆਂ ਜਿਵੇਂ ਕਿ ਹੱਥ ਦੀਆਂ ਚਾਰ ਉਂਗਲਾਂ ਤੇ ਅੰਗੂਠੇ ਵਿਚਾਲੇ ਕਿਸੇ ਗਿੱਲੀ ਚੀਜ਼ ਨੂੰ ਪੋਲੇ-ਪੋਲੇ ਮਸਲੀਂ ਦੇ।"

ਮੈਂ ਆਪਣੀ ਜਾਣਕਾਰੀ ਲਈ ਪੁੱਛਿਆ "ਤੂੰ ਸ਼ੁਰੂ 'ਚ ਸਰੀਰ ਦੇ 11-12 ਸਿਸਟਮਾਂ ਦੀ ਗੱਲ ਕੀਤੀ ਸੀ, ਓਨ੍ਹਾਂ ਬਾਰੇ ਵੀ ਕੁਛ ਸਮਝਾਅ ਦੇ।"

ਮਿਹਦੇ ਨੇ ਗੱਲ ਸਮਝਾਈ "ਹਾਂ ਜੀ ਕੀਤੀ ਸੀ। ਇਹ ਸਭ 'ਸਿਸਟਮ' ਬਣਾਏ ਤਾਂ ਕੁਦਰਤ ਦੇ ਹੋਏ ਨੇ, ਡਾਕਟਰਾਂ ਨੇ ਸਰੀਰ ਦੀ 'ਅਨਾਟਮੀ' ਸਮਝਣ-ਸਮਝਾਉਣ ਲਈ ਏਨ੍ਹਾਂ ਨੂੰ 12 ਸਿਸਟਮਾਂ 'ਚ ਵੰਡ ਲਿਐ। ਹਰ 'ਸਿਸਟਮ' ਦੇ ਅੱਗੇ ਅਨੇਕਾਂ ਅੰਗ ਨੇ ਤੇ ਸਾਰੇ ਅੰਗਾਂ ਦਾ ਆਪਸ 'ਚ ਪੂਰਾ ਤਾਲ-ਮੇਲ ਐ। ਅੱਗੇ ਸਾਰੇ ਸਿਸਟਮਾਂ ਦਾ ਆਪਸ 'ਚ ਪੂਰਾ ਤਾਲ-ਮੇਲ ਐ। ਮਨੁੱਖੀ ਸਰੀਰ ਦਾ ਸਾਰੀ ਸ੍ਰਿਸ਼ਟੀ 'ਚ ਕੋਈ ਜੋੜ ਨੀ। ਏਹ ਤਾਂ ਕੁਦਰਤ ਦੀ ਅਦੁੱਤੀ ਬਣਤ ਐ, ਲੌਕਿਕ ਪੱਖੋਂ ਵੀ ਤੇ ਅਲੌਕਿਕ ਪੱਖੋਂ ਵੀ। ਸਰੀਰ ਦੀ ਤਾਂ ਗੱਲ ਈ ਵੱਡੀ ਐ, ਏਹਦੇ ਕਿਸੇ ਇੱਕ ਅੰਗ ਦਾ ਵੀ ਕੋਈ ਜੋੜ ਨੀ। ਤੁਸੀਂ ਸਤਿੰਦਰ ਸਰਤਾਜ ਦਾ ਗਾਣਾ ਸੁਣਦੇ ਈ ਓਂ ਕਿ 'ਬੰਦੇ ਦੇ ਹੱਥਾਂ ਵਰਗਾ ਕੋਈ ਔਜ਼ਾਰ ਨੀ ਬਣਿਆ …' ਸਰੀਰ ਦੇ ਹਰ ਅੰਗ ਵਾਸਤੇ ਏਸ ਤਰ੍ਹਾਂ ਦਾ ਗਾਣਾ ਲਿਖਿਆ ਜਾ ਸਕਦਾ ਐ।

ਮੈਂ ਪੁੱਛਿਆ "ਐਨੀ ਮਿਹਨਤ ਕਰਕੇ ਕਿੰਨਾ ਕੁ ਫੈਦਾ ਹੋਜੂ?"

ਮਿਹਦਾ ਬੋਲਿਆ "ਮੇਰੀ ਗਰੰਟੀ ਐ ਕਿ ਜੇ ਮੇਰੇ ਆਖੇ ਲੱਗ ਜੋ ਤਾਂ ਥੋਡੀਆਂ ਕਈ ਬਿਮਾਰੀਆਂ ਦਾ ਅਲਾਜ ਹੋ ਸਕਦਾ ਐ।" ਮੈਂ ਹਰਾਨ ਹੋ ਕੇ ਕਿਹਾ "ਐਨਾ ਕੁਛ ਕਰਕੇ ਤਾਂ ਸਰੀਰ ਦੀਆਂ ਸਭ ਬਿਮਾਰੀਆਂ ਦਾ ਅਲਾਜ ਹੋਣਾ ਚਾਹੀਦੈ।"

ਮਿਹਦੇ ਨੇ ਅਸਲੀਅਤ ਸਮਝਾਈ "ਨਹੀਂ-ਨਹੀਂ, ਏਸ ਵਾਸਤੇ ਤਾਂ ਹੋਰ ਵੀ ਬੜਾ ਕੁਛ ਕਰਨਾ ਪੈਂਦੈ। ਏਹ ਗੱਲ ਪੱਲੇ ਬੰਨ੍ਹ ਲੋ ਕਿ ਚੰਗੀ ਖੁਰਾਕ ਪੂਰੀ ਸਿਹਤ ਲਈ 'ਨਸੈਸਰੀ' ਐ ਪਰ 'ਸਫੀਸੈਂਟ' ਨੀ। ਸਰੀਰ ਦੇ ਹਰ ਅੰਗ ਦੀ ਯਥਾ-ਯੋਗ ਕਸਰਤ ਤੇ ਮਨ ਦੀ ਸਾਧਨਾ ਵੀ ਏਨੀਆਂ ਈ ਜ਼ਰੂਰੀ ਗੱਲਾਂ ਨੇ। ਏਹਨਾਂ ਤਿੰਨੇ ਗੱਲਾਂ ਨਾਲ ਤਾਂ ਥੋਡਾ ਕਾਇਆ-ਕਲਪ ਹੋਊ ਤੇ ਤੁਸੀਂ ਸਰੀਰਕ ਪੱਖੋਂ ਵੀ ਤੇ ਮਾਨਸਿਕ ਪੱਖੋਂ ਵੀ ਇੱਕ ਦੇ ਦੋ ਬਣਜੋਂਗੇ।"

ਮੈਂ ਆਪਣੇ ਅੰਦਰ ਦਾ ਪਾਲਾ ਸਾਂਝਾ ਕੀਤਾ "ਤੇਰੀਆਂ ਗੱਲਾਂ ਨੇ ਤਾਂ ਮੇਰੀਆਂ ਅੱਖਾਂ ਖੋਲ੍ਹਤੀਆਂ ਪਰ ਆਦਤਾਂ ਬਦਲਣੀਆਂ ਬਹੁਤ ਔਖੀਆਂ ਲਗਦੀਆਂ ਨੇ।" ਮਿਹਦੇ ਨੇ ਸਿਰੇ ਦੀ ਸਲਾਹ ਦਿੱਤੀ "ਕੋਈ ਔਖੀਆਂ ਨੀ, ਸਿਰੜ ਤੇ ਅਭਿਆਸ ਨਾਲ ਕੋਈ ਕੰਮ ਇੱਕ ਮਹੀਨਾ ਕਰ ਲੋ ਓਹੀ ਨਵੀਂ ਆਦਤ ਬਣ ਜਾਂਦੀ ਐ। ਨਾਲ਼ੇ ਆਪਣੇ ਵਾਸਤੇ ਕਰਨੈ। 'ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ'। ਇੱਕ ਜ਼ਰੂਰੀ ਬੇਨਤੀ ਹੋਰ ਐ ਕਿ ਜਿਵੇਂ ਮੇਰੇ ਨਾਲ ਅੱਜ ਗੰਭੀਰਤਾ ਨਾਲ ਗੱਲ ਕੀਤੀ ਐ, ਓਵੇਂ ਹੋਰ ਅੰਗਾਂ ਨਾਲ ਵੀ ਜ਼ਰੂਰ ਕਰਿਆ ਕਰੋ। ਏਹਨੂੰ ਨੇਮ ਈ ਬਣਾ ਲੋ ਤੇ ਸਿੱਖੇ ਸਬਕਾਂ 'ਤੇ ਅਮਲ ਵੀ ਕਰੋ। ਥੋੜਾ ਲੋਕ ਤਾਂ ਸੰਬਰੂ ਈ ਸੰਬਰੂ, ਰੱਬ ਨੂੰ ਮਿਲਣ ਦਾ ਰਾਹ ਵੀ ਪੱਧਰਾ ਹੋਜੂ।"

ਅਖੀਰ 'ਚ ਮੈਂ ਟਿੱਚਰ ਕੀਤੀ "ਤੂੰ ਤਾਂ ਬਹੁਤ ਵਧੀਆ ਪੰਜਾਬੀ ਬੋਲਦੈਂ ਤੇ ਅੰਗਰੇਜ਼ੀ ਵੀ ਖਾਸੀ ਜਾਣਦੈਂ।"

ਮਿਹਦੇ ਨੇ ਫੜੱਕ ਜਵਾਬ ਦਿੱਤਾ "ਸਰ ਜੀ! ਚੌਵੀ ਘੰਟੇ ਥੋਡੇ ਨਾਲ਼ ਰਹੀਦੈ।"

ਪਰ ਮੈਂ ਪੂਰੀ ਤਰ੍ਹਾਂ ਗੰਭੀਰ ਤੇ ਸਰੀਰ ਦੀ ਰੱਬੀ ਰਹਿਮਤ ਦੀ ਸੁਹਿਰਦਤਾ ਨਾਲ ਸੰਭਾਲ ਕਰਨ ਲਈ ਦ੍ਰਿੜ-ਸੰਕਲਪ ਸੀ।

# ਕਾਂਗਰਸ ਪਾਰਟੀ ਦੀ ਰਾਜਨੀਤਕ ਰਣਨੀਤੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਭਾਜਪਾ ਕੁਝ ਵੀ ਕਹੇ ਕਾਂਗਰਸ ਪਾਰਟੀ ਦੀ ਲੋਕ ਸਭਾ ਚੋਣਾਂ ਵਿਚ ਸਫਲਤਾ ਨੇ ਇਸਦੇ ਪੈਰਾਂ ਥੱਲਿਓਂ ਜ਼ਮੀਨ ਖਿਸਕਾ ਦਿੱਤੀ ਹੈ। ਖਾਸ ਕਰਕੇ ਕੇਰਲ ਤੇ ਉੱਤਰ ਪ੍ਰਦੇਸ਼ ਵਿਚ। ਪ੍ਰਿਅੰਕਾ ਗਾਂਧੀ ਵਾਡਰਾ ਦਾ ਵਾਇਨਾਡ ਦੀ ਜ਼ਿਮਨੀ ਚੋਣ ਲਈ ਨਿਤਰਨਾ ਇਸਦਾ ਆਗਾਮੀ ਪੈਂਤੜਾ ਹੈ। ਨਿਸ਼ਚੇ ਹੀ ਗਾਂਧੀ ਪਰਿਵਾਰ ਦੀ ਵਾਇਨਾਡ ਵਿਚ ਸੰਭਾ ਵੀ ਜਿੱਤ ਸਿੱਧ ਕਰ ਸਕਦੀ ਹੈ ਕਿ ਕਾਂਗਰਸ ਪਾਰਟੀ ਓਨੀ ਗਈ ਗੁਜ਼ਰੀ ਨਹੀਂ ਜਿੰਨੀ ਭਾਜਪਾ ਦਰਸਾ ਰਹੀ ਹੈ। ਓਧਰ ਉੱਤਰ ਪ੍ਰਦੇਸ਼ ਵਿਚ ਅਖਿਲੇਸ਼ ਯਾਦਵ ਦੀ ਸਹਾਇਤਾ ਨੇ ਇਸ ਵਿਚ ਨਵੀਂ ਰੂਹ ਫੂਕ ਦਿੱਤੀ ਹੈ ਜਿਸਦਾ ਬਾਨ੍ਹਣੂ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਬੰਨ੍ਹ ਚੁੱਕੀ ਸੀ।

### ਕੇਂਦਰੀ ਤੇ ਰਾਜ ਸਰਕਾਰਾਂ ਦੇ ਪੁਰਸਕਾਰ

ਭਾਰਤੀ ਸਾਹਿਤ ਅਕਾਡਮੀ ਨੇ ਅਕਾਡਮੀ ਪ੍ਰਵਾਨਤ 24 ਭਾਸ਼ਾਵਾਂ ਦੇ ਉਨ੍ਹਾਂ ਲੇਖਕਾਂ ਦਾ ਐਲਾਨ ਕੀਤਾ ਹੈ ਜਿਨ੍ਹਾਂ ਆਪੋ ਆਪਣੀ ਭਾਸ਼ਾ ਦੇ ਯੁਵਾ ਤੇ ਬਾਲ ਸਾਹਿਤ ਪੁਰਸਕਾਰਾਂ ਲਈ ਚੁਣਿਆ ਗਿਆ ਹੈ। ਯੁਵਾ ਪੁਰਸਕਾਰ ਜੇਤੂਆਂ ਵਿਚ ਹਿੰਦੀ ਲੇਖਕ ਗੌਰਵ ਪਾਂਡੇ, ਪੰਜਾਬੀ ਕਵੀ ਰਣਧੀਰ ਤੇ ਉਰਦੂ ਲੇਖਕ ਜਾਵੇਦ ਅੰਬਰ ਮਿਸਬਾਹੀ ਸਮੇਤ 23 ਰਚਨਾਕਾਰ ਸ਼ਾਮਲ ਹਨ ਜਦ ਕਿ ਬਾਲ ਸਾਹਿਤ ਪੁਰਸਕਾਰ ਜੇਤੂਆਂ ਵਿਚ ਹਿੰਦੀ ਦਾ ਦੇਵੇਂਦਰ ਕੁਮਾਰ, ਪੰਜਾਬੀ ਦਾ ਕੁਲਦੀਪ ਸਿੰਘ ਦੀਪ ਤੇ ਉਰਦੂ ਭਾਸ਼ਾ ਲੇਖਕ ਸ਼ਮਸੁਲ ਇਸਲਾਮ ਫਾਰੂਕੀ। ਸਾਹਿਤ ਅਕਾਡਮੀ ਦੀ ਸਥਾਪਨਾ ਪੰਡਤ ਨਹਿਰੂ ਦੇ ਕਾਰਜ ਕਾਲ ਸਮੇਂ 1955 ਵਿਚ ਹੋਈ ਸੀ। ਉਦੋਂ ਅਕਾਡਮੀ ਵਲੋਂ ਕੇਵਲ 11 ਭਾਸ਼ਾਵਾਂ ਅਸਾਮੀ, ਬੰਗਾਲੀ, ਗੁਜਰਾਤੀ, ਮਰਾਠੀ, ਕੰਨੜ, ਮਲਿਆਲਮ, ਤਾਮਿਲ, ਤੈਲਗੂ, ਉਰਦੂ, ਪੰਜਾਬੀ ਤੇ ਹਿੰਦੀ ਹੀ ਪ੍ਰਵਾਨਤ ਸਨ। ਇਹ ਗਿਣਤੀ ਹੁਣ ਉਦੋਂ ਨਾਲੋਂ ਦੁਗਣੀ ਤੋਂ ਵੱਧ ਭਾਵ 24 ਹੋ ਗਈ ਹੈ। ਯੁਵਾ ਪੁਰਸਕਾਰ ਦੇ ਸੰਸਕ੍ਰਿਤ ਜੇਤੂ ਦਾ ਐਲਾਨ ਠਹਿਰ ਕੇ ਕੀਤਾ ਜਾਵੇਗਾ।

ਪੁਰਸਕਾਰਾਂ ਦੀ ਕੱਚੀ ਸੂਚੀ ਸਬੰਧਤ ਭਾਸ਼ਾ ਦੀ ਤਿੰਨ ਮੈਂਬਰੀ ਕਮੇਟੀ ਪੇਸ਼ ਕਰਦੀ ਹੈ ਜਿਸਨੂੰ ਅਕਾਡਮੀ ਦੀ ਸਮੁੱਚੀ ਬੈਠਕ ਨੇ ਪ੍ਰਵਾਨ ਕਰਨਾ ਹੁੰਦਾ ਹੈ। ਆਰੰਭਕ ਸਾਲਾਂ ਵਿਚ ਕੇਵਲ ਮਹਾਰਥੀਆਂ ਨੂੰ ਚੁਣਿਆ ਜਾਂਦਾ ਸੀ ਭਾਵੇਂ ਚੋਣ ਵਿਧੀ ਇਹੀਓ ਸੀ ਜਿਹੜੀ ਯੁਵਾ ਤੇ ਬਾਲ ਸਾਹਿਤ ਪੁਰਸਕਾਰਾਂ ਲਈ ਅਪਣਾਈ ਗਈ ਹੈ।

ਓਦੋਂ ਚੁਣੇ ਗਏ ਮੁਢਲੇ ਪੰਜਾਬੀ ਲੇਖਕ ਭਾਈ ਵੀਰ ਸਿੰਘ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਨਾਨਕ ਸਿੰਘ ਤੇ ਬਲਵੰਤ ਗਾਰਗੀ ਸਨ। ਲਗਪਗ 70 ਸਾਲ ਦੇ ਲੰਬੇ ਸਮੇਂ ਵਿਚ ਇਕ ਦੋ ਸਾਲਾਂ ਨੂੰ ਛੱਡ ਕੇ ਕਿਸੇ ਨੇ ਇਸ ਵਿਧਾ ਬਾਰੇ ਕਿੰਤੂ ਪ੍ਰੰਤੂ ਨਹੀਂ ਕੀਤਾ ਹੈ। ਜੇ ਹੁੰਦਾ ਸੀ ਤਾਂ ਇਸਦਾ ਨਿਬੇੜਾ ਲੰਬਾ ਸਮਾਂ ਨਹੀਂ ਸੀ ਲੈਂਦਾ। ਸ਼ਿਵ ਕੁਮਾਰ ਦੇ ਬਹੁਤ ਛੋਟੀ ਉਮਰ ਵਿਚ ਸਨਮਾਨੇ ਜਾਣ ਅਤੇ ਪੰਜਾਬੀ ਸਾਹਿਤ ਦੇ ਪਿਤਾਮਾ ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੇ ਅਣਸਨਮਾਨੇ ਤੁਰ ਜਾਣ ਉੱਤੇ ਵੀ ਨਹੀਂ। ਇਸਦਾ ਭਾਵ ਇਹ ਨਹੀਂ ਕਿ ਗੁਰਬਖ਼ਸ਼ ਸਿੰਘ ਕਿਸੇ ਪੱਖੋਂ ਹਲਕਾ ਲੇਖਕ ਸੀ ਤੇ ਨਾ ਹੀ ਇਹ ਕਿ ਚੋਣ ਕਮੇਟੀ ਜਾਂ ਇਸਦੇ ਕਿਸੇ ਮੈਂਬਰ ਨੂੰ ਉਹਦੇ ਨਾਲ ਕਿੜ ਸੀ। ਇਸਦਾ ਉੱਤਰ ਸ਼ਾਇਦ ਇਸ ਗੱਲ ਤੋਂ ਮਿਲ ਜਾਵੇ ਕਿ ਮੈਨੂੰ ਇਹ ਪੁਰਸਕਾਰ 1982 ਵਿਚ ਮਿਲ ਗਿਆ ਸੀ। ਤੇ ਮੇਰੇ ਨਾਲੋਂ ਵਧੀਆ ਕਹਾਣੀ ਲੇਖਕ ਸੰਤੋਖ ਸਿੰਘ ਧੀਰ ਨੂੰ 14 ਸਾਲ ਪਿੱਛੋਂ 1996 ਵਿਚ ਤੇ ਉਹ ਵੀ ਮੇਰੀ ਵੋਟ ਨਾਲ ਜਦੋਂ ਮੈਂ ਤਿੰਨ ਮੈਂਬਰੀ ਚੋਣ ਕਮੇਟੀ ਦਾ ਮੈਂਬਰ ਸਾਂ।

ਮੈਨੂੰ ਭਾਸ਼ਾ ਵਿਭਾਗ ਵੱਲੋਂ ਦਿੱਤੇ ਜਾਂਦੇ ਪੁਰਸਕਾਰਾਂ ਦੀ ਵੀ ਪੂਰੀ ਜਾਣਕਾਰੀ ਹੈ ਜਿਹੜੇ ਕਿਸੇ ਇਕ ਵਿਅਕਤੀ ਦੀ ਅਣਗਹਿਲੀ ਜਾਂ ਜ਼ਿੱਦ ਕਾਰਨ ਪਿਛਲੇ ਅੱਠ-ਦਸ ਸਾਲਾਂ ਤੋਂ ਨਹੀਂ ਦਿੱਤੇ ਗਏ। ਮੈਂ ਇਹ ਵੀ ਜਾਣਦਾ ਹਾਂ ਕਿ ਕਈ ਵਾਰੀ ਸਰਕਾਰ ਦੇ ਮੰਤਰੀ ਦਾ ਮੁੱਖ ਮੰਤਰੀ ਜਲਦੀ ਕਰਵਾ ਕੇ ਕਿਸੇ ਤਰ੍ਹਾਂ ਦੀ ਬੇਨਿਯਮੀ ਕਰਵਾ ਦਿੰਦੇ ਹਨ ਜਿਹੜੀ ਬਿਖੇੜੇ ਦੀ ਜੜ੍ਹ ਬਣ ਜਾਂਦੀ ਹੈ। ਇਸਨੂੰ ਸੋਧਣ ਦਾ ਇੱਕੋ ਇੱਕ ਤਰੀਕਾ ਉਚੇਰੀ ਅਦਾਲਤ ਦੀ ਆਗਿਆ ਨਾਲ ਅਜਿਹੀ ਕਮੇਟੀ ਦਾ ਗਠਨ ਕਰਨਾ ਹੁੰਦਾ ਹੈ ਜਿਹੜੀ ਅਜਿਹੇ ਮਸਲੇ ਦਾ ਹੱਲ ਸੁਝਾਅ ਸਕੇ। ਇਸ ਕਮੇਟੀ ਵਿਚ ਕੋਈ ਸੇਵਾ ਮੁਕਤ ਜੱਜ ਵੀ ਲਿਆ ਜਾ ਸਕਦਾ ਹੈ ਤੇ ਭਾਰਤੀ ਸਾਹਿਤ ਅਕਾਡਮੀ ਦਾ ਨਿਰਪੱਖ ਵਿਅਕਤੀ ਵੀ। ਅੱਜ-ਕੱਲ੍ਹ ਤਾਂ ਸਬੱਬ ਨਾਲ ਭਾਰਤੀ ਸਾਹਿਤ ਅਕਾਡਮੀ ਦਾ ਪ੍ਰਧਾਨ ਹੀ ਮਾਧਵ ਕੌਸ਼ਿਕ ਹੈ ਜਿਹੜਾ ਚੰਡੀਗੜ੍ਹ ਦਾ ਵਸਨੀਕ ਹੈ। ਯੁਵਾ ਤੇ ਬਾਲ ਸਾਹਿਤ ਪੁਰਸਕਾਰਾਂ ਦਾ ਫੈਸਲਾ ਕਰਨ ਵਾਲੀ ਮੀਟਿੰਗ ਗੁਜਰਾਤ ਵਿਚ ਹੋਈ ਸੀ। ਜੇ ਉਹ ਚੰਡੀਗੜ੍ਹ ਤੋਂ ਗੁਜਰਾਤ ਜਾ ਸਕਦਾ ਹੈ ਤਾਂ ਸਥਾਨਕ ਬੈਠਕ ਤਾਂ ਉਹਦੇ ਲਈ ਉੱਕਾ ਹੀ ਕੋਈ ਮਸਲਾ ਨਹੀਂ। ਕਚਹਿਰੀ ਦਾ ਕੁੰਡਾ ਖੜਕਾਉਣ ਵਾਲੇ ਸਾਰੇ ਲੋਕ ਨਿਆਂ ਦੇ ਭੁੱਖੇ ਨਹੀਂ ਹੁੰਦੇ। ਉਨ੍ਹਾਂ ਨੇ ਆਪਣੇ ਪੇਸ਼ੇ ਦੀ ਲਾਜ ਰੱਖਣੀ ਹੁੰਦੀ ਹੈ। ਜਦੋਂ ਉਨ੍ਹਾਂ ਦੀ ਬੱਲੇ-ਬੱਲੇ ਹੋ ਜਾਵੇ ਸ਼ਾਂਤ ਹੋ ਜਾਂਦੇ ਹਨ। ਏਸ ਤਰ੍ਹਾਂ ਕੀਤਿਆਂ ਦੇਰ ਤਾਂ ਹੁੰਦੀ ਹੈ ਹਨੇਰ ਨਹੀਂ ਹੁੰਦਾ।


ਹਰ ਸਾਲ ਛੇ ਦਰਜਨ ਤੋਂ ਵੱਧ ਪੁਰਸਕਾਰ ਦੇਣ ਵਾਲੀ ਭਾਰਤੀ ਸਾਹਿਤ ਅਕਾਡਮੀ ਦੀ ਵਡਿਆਈ ਇਸ ਵਿਚ ਹੈ ਕਿ ਇਹ ਹਰ ਉਮੀਦਵਾਰ ਤੋਂ ਲੰਘੇ ਤਿੰਨ ਸਾਲਾਂ ਵਿਚ ਘੱਟੋ-ਘੱਟ ਇਕ ਮਿਆਰੀ ਪੁਸਤਕ ਦਾ ਰਚੇਤਾ ਹੋਣ ਦੀ ਮੰਗ ਕਰਦੀ ਹੈ। ਏਥੇ ਨੌਜਵਾਨ ਵਡੇਰੀ ਉਮਰ ਵਾਲਿਆਂ ਤੋਂ ਬਾਜ਼ੀ ਮਾਰ ਜਾਂਦੇ ਹਨ ਤੇ ਬਜ਼ੁਰਗ ਵਿਰਵੇ ਰਹਿ ਜਾਂਦੇ ਹਨ। ਇਸ ਸ਼ਰਤ ਦਾ ਮੁੱਖ ਲਾਭ ਇਹ ਹੈ ਕਿ ਇਸ ਨਾਲ ਉਮੀਦਵਾਰ ਲੇਖਕ ਦੀ ਰਚਣ ਪ੍ਰਕਿਰਿਆ ਜਾਰੀ ਹੋਣ ਦਾ ਸਬੂਤ ਮਿਲ ਜਾਂਦਾ ਹੈ।

**ਅੰਤਿਕਾ**

ਸੁਰਿੰਦਰ ਸੀਰਤ॥

ਡੁੱਬ ਗਿਆ ਇਕ ਹੋਰ ਸੂਰਜ, ਟੁੱਟਿਆ ਤਾਰਾ ਜਿਹਾ
ਕਹਿਕਸ਼ਾਂ ਵਿਚ ਦਰਦ ਕੰਬਿਆ ਧਰਤ 'ਤੇ ਪਾਰਾ ਜਿਹਾ
ਪੀੜ ਦੀ ਵਾਦੀ 'ਚ ਗੁੰਮ ਸੁੰਮ ਰਾਤ ਤੜਪੀ ਏ ਬਹੁਤ
ਕਲਪਨਾ ਵਿਚ ਉੱਤਰ ਆਇਆ ਕੋਈ ਨਵਾਂ ਠਾਰਾ ਜਿਹਾ
ਭਿਸ਼ਨਗੀ ਦੀ ਤਾਬ ਅੰਦਰ ਸੁਕ ਗਈ ਚਾਹਤ ਨਦੀ
ਢੇਰ ਚਿਰ ਤੋਂ ਹੈ ਤਲਬ ਵਿਚ ਆਬ ਹੀ ਖਾਰਾ ਜਿਹਾ
ਹੋਰ ਸਭ ਜੰਗਲ 'ਚ ਰੁਖ ਨੇ ਝੂਮਦੇ ਲਹਿਰਾਉਂਦੇ
ਬਿਰਖ ਮੇਰੇ 'ਤੇ ਹੀ "ਸੀਰਤ" ਚਲ ਰਿਹੈ ਆਰਾ ਜਿਹਾ।

# ਰੋਡੇ ਕਾਲਜ: ਵਿਦਿਆਰਥੀ ਸਿਆਸਤ ਦੀ ਕਹਾਣੀ






ਫਿਲਮ 'ਰੋਡੇ ਕਾਲਜ' ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਲੇਖਕ ਤੇ ਨਿਰਦੇਸ਼ਕ ਹੈਪੀ ਰੋਡੇ।

ਜਦੋਂ ਕਿਤੇ ਦੱਖਣ ਦੇ ਸਿਨੇਮੇ ਦੀ ਗੱਲ ਹੁੰਦੀ ਹੈ ਤਾਂ ਮੇਰਾ ਧਿਆਨ ਅਕਸਰ ਇਸ ਗੱਲ ਵੱਲ ਜਾਂਦਾ ਹੈ ਕਿ ਦੱਖਣ ਦੇ ਸਿਨੇਮੇ ਵਿਚ ਇੱਕ ਖਾਸ ਖਿੱਚ ਉਸ ਦੀ ਆਰਗੈਨਿਕ ਦ੍ਰਿਸ਼ ਤੇ ਕਿਰਦਾਰਾਂ ਦੀ ਸਿਰਜਣਾ ਹੈ।

'ਰਾਅ' ਜਿਹੇ ਪਾਤਰ ਅਤੇ 'ਲੈਂਡਸਕੇਪਿੰਗ' ਜਿਹੜੀ ਇਮੋਸ਼ਨ ਤੇ ਐਕਸ਼ਨ ਦੇ ਸੁਮੇਲ ਨਾਲ ਦਰਸ਼ਕ ਲਈ ਮਨੋਰੰਜਕ ਅਤੇ ਦਿਲਚਸਪ ਹੋ ਨਿਬੜਦੀ ਹੈ। ਪਿਛਲੇ ਕੁਝ ਦਹਾਕਿਆ ਤੋਂ ਪੰਜਾਬ ਦਾ ਚਿਹਰਾ-ਮੋਹਰਾ ਬਦਲ ਰਿਹਾ ਹੈ। ਇਹ ਪੰਜਾਬੀ ਫਿਲਮ ਲੇਖਕ ਅਤੇ ਨਿਰਦੇਸ਼ਕ ਫੜ ਨਹੀਂ ਹੋ ਰਿਹਾ। ਉਹੀ ਪਾਤਰਾਂ ਕਹਾਣੀਆਂ ਦੇ ਦੁਹਰਾਓ ਵਾਲੀਆਂ ਤਕਰੀਬਨ 90% ਫਿਲਮਾਂ ਆਉਂਦੀਆਂ ਜਾਂਦੀਆਂ ਦਾ ਪਤਾ ਵੀ ਨਹੀਂ ਲੱਗਦਾ ਹੈ।

ਹੈਪੀ ਰੋਡੇ ਦੇ ਲੇਖਨ ਅਤੇ ਨਿਰਦੇਸ਼ਨ ਹੇਠ ਬਣੀ ਫਿਲਮ 'ਰੋਡੇ ਕਾਲਜ' ਦੇਖੀ, ਕਾਲਜ ਤੇ ਵਿਦਿਆਰਥੀ ਬਾਰੇ ਬਣੀਆਂ ਫਿਲਮਾਂ ਵਿਚ ਅਕਸਰ ਉਹੀ ਗੱਲਾਂ ਹੁੰਦੀਆਂ ਨੇ ਜਿਹੜੀਆਂ ਅਸੀਂ ਅਕਸਰ ਹੋਰਾਂ ਫਿਲਮਾਂ ਵਿਚ ਦੇਖਦੇ ਆਏ ਆਂ। ਇੱਥੇ ਲੇਖਕ ਨਿਰਦੇਸ਼ਕ ਦੇ ਉਨ੍ਹਾਂ ਬਿਰਤਾਤਾਂ ਵਿਚਕਾਰ ਅਕਸਰ ਤਿਲਕ ਜਾਣ ਦਾ ਖਦਸ਼ਾ ਹੁੰਦੀ ਪਰ ਹੈਪੀ ਰੋਡੇ ਨੇ ਬਹੁਤ ਵਧੀਆ ਤਰੀਕੇ ਨਾਲ ਕਹਾਣੀ ਤੇ ਪਟਕਥਾ ਨੂੰ ਬਹੁਤ ਪ੍ਰਚੰਡ ਰੱਖਿਆ ਹੈ। ਸ਼ੁਰੂਆਤੀ ਕੁਝ ਮਿੰਟਾਂ ਵਿਚ ਫਿਲਮ ਜ਼ਰੂਰ ਧੀਮੀ ਅਤੇ ਲਟਕਦੀ ਲੱਗਦੀ ਹੈ ਪਰ ਜਿਵੇਂ ਹੀ ਰਫ਼ਤਾਰ ਫੜਦੀ ਹੈ, ਫਿਰ ਅੱਖ ਝਪਕਣ ਦਾ ਮੌਕਾ ਨਹੀਂ ਦਿੰਦੀ। 90ਵਿਆਂ ਦੇ ਕਾਲੇ ਦੌਰ ਤੋਂ 2011 ਤਕ ਦੇ ਦੋ ਪੀੜ੍ਹੀਆਂ ਦੇ ਦੁਖਾਂਤ ਨੂੰ ਕਲਾਇਮੈਕਸ ਤੱਕ ਜਿਸ ਤਰੀਕੇ ਨਾਲ ਦੀ ਵਿਧਾ ਦਾ ਪੱਲਾ ਨਾ ਛੱਡਦੇ ਹੋਏ ਲਿਜਾਇਆ ਗਿਆ ਹੈ, ਉਸ ਦਾ ਅਸਰ ਮੈਂ ਇਸ ਗੱਲ ਰਾਹੀਂ ਦੱਸਣਾ ਚਾਹੁੰਨਾ ਕਿ ਸ਼ਾਇਦ ਕਿੰਨੇ ਸਾਲਾਂ ਤੋਂ ਬਾਅਦ ਕਿਸੇ ਪੰਜਾਬੀ ਫਿਲਮ ਦੇ ਵਲਵਲੇ ਇੰਨੇ ਜ਼ੋਰਦਾਰ ਸਨ ਕਿ ਅੱਖਾਂ ਵਾਰ-ਵਾਰ ਨਮ ਹੋਈਆਂ। ਫਿਲਮ ਦਾ ਇੱਕ ਦ੍ਰਿਸ਼ ਮੇਰੇ ਲਈ ਬਹੁਤ ਖਾਸ ਹੈ; ਇੱਕ ਪਾਤਰ ਕਿਸੇ ਦੂਜੇ ਪਾਤਰ ਨੂੰ ਭਗਤ ਸਿੰਘ ਦੀਆਂ ਕਿਤਾਬਾਂ ਪੜ੍ਹਨ ਲਈ ਦਿੰਦਾ ਹੈ। ਸਾਡੇ ਸਿਨੇਮੇ ਵਿਚ ਕਿਤਾਬਾਂ ਦੀ ਗੱਲ ਹੋਣੀ ਅਲੋਕਾਰੀ ਗੱਲ ਹੀ ਹੈ, ਹੋ ਸਕਦਾ ਕਿ ਭਗਤ ਸਿੰਘ ਤੇ ਕਿਤਾਬਾਂ ਨਾਲ ਮੇਰੀ ਭਾਵੁਕ ਸਾਂਝ ਹੋਣ ਕਰ ਕੇ ਇਹ ਫਰੇਮ ਦਿਲ ਨੂੰ ਟੁੰਬਿਆ ਹੋਵੇ ਪਰ ਟੁੰਬਿਆ। ਇਸ ਦ੍ਰਿਸ਼ ਲਈ ਹੈਪੀ ਭਾਅ ਨੂੰ ਅਲੱਗ ਤੋਂ ਪਿਆਰ ਤੇ ਸਤਿਕਾਰ।

ਫਿਲਮ ਦੀ ਇਕ ਗੱਲ ਹੋਰ ਖਾਸ ਹੈ ਕਿ ਫਿਲਮ ਵਿਚ 'ਸਟੋਰੀ' ਵੀ ਹੈ।

ਫਿਲਮ ਦੀ ਇੱਕ ਹੋਰ 'ਆਰਗੈਨਿਕ' 'ਰਾਅ' ਤੇ 'ਤਾਜ਼ਗੀ' ਇਸ ਦੇ ਕਿਰਦਾਰ ਨੇ। ਮਾਨਵ ਵਿਜ ਤੇ ਧਨਵੀਰ ਇਸ ਫਿਲਮ ਦੀ ਜਾਨ ਨੇ। ਮਾਨਵ ਵਿਜ ਦੀਆਂ ਇਰਫਾਨ ਵਾਂਗ ਅੱਖਾਂ ਅੱਧਾ ਕੰਮ ਕਰ ਦਿੰਦੀਆਂ ਤੇ ਫਿਰ ਉਸ ਦੀ ਇਮੋਸ਼ਨ ਨੂੰ ਲੈ ਕੇ ਬਹੁਤ ਅਸਾਨ ਪਰ ਤਜਰਬੇ ਵਾਲੀ ਪਹੁੰਚ ਸੀਨ ਨੂੰ ਮੁਕੰਮਲ ਕਰ ਦਿੰਦੀ ਹੈ। ਧਨਵੀਰ ਨਾਟਕ ਦਾ ਮੰਝਿਆ ਹੋਇਆ ਅਦਾਕਾਰ ਹੈ ਤੇ ਮੇਰੀ ਆਪਣੀ ਫੀਲਡ ਨਾਟਕ ਹੋਣ ਕਰ ਕੇ ਮੈਨੂੰ ਪਤਾ ਹੈ ਕਿ ਨਾਟਕ ਵਾਲੇ ਬਹੁਤ ਸਾਰੇ ਅਦਾਕਾਰ ਕੈਮਰੇ ਅਤੇ ਸਟੇਜ ਵਾਲੀ ਮਹੀਨ ਜਿਹੀ ਲਕੀਰ ਦਾ ਫਰਕ ਸਮਝਣ ਤੋਂ ਉੱਕ ਜਾਂਦੇ ਹਨ ਪਰ ਧਨਵੀਰ ਦੀ ਕਿਰਦਾਰ ਉੱਤੇ ਕੀਤੀ ਮਿਹਨਤ ਉਸ ਦੇ ਪਰਦੇ 'ਤੇ ਆਉਣ ਵਾਲੇ ਹਰ ਫਰੇਮ ਵਿਚ ਨਜ਼ਰ ਆਉਂਦੀ ਹੈ। ਉਹਦੀ ਅਤੇ ਨਿਰਦੇਸ਼ਕ ਦੀ ਇਹ ਜੁਗਲਬੰਦੀ ਬਹੁਤ ਲਾਜਵਾਬ ਹੈ। ਉਨ੍ਹਾਂ ਸੰਵਾਦ ਨਾਲੋਂ 'ਸਾਇਲੈਂਸ' ਨੂੰ ਸ਼ਾਨਦਾਰ ਤਰੀਕੇ ਨਾਲ ਵਰਤਿਆ ਹੈ।

ਅਗਲੇ ਮੁੱਖ ਪਾਤਰ ਦੀਪ (ਵਿਸ਼ਾਲ) ਨੇ ਜਿਵੇਂ ਸ਼ੁਰੂਆਤ ਕੀਤੀ, ਉਹ ਬੇਸ਼ੱਕ ਕੁਝ ਨਰਮ ਰਹਿੰਦੀ ਹੈ ਪਰ ਜਿਵੇਂ-ਜਿਵੇਂ ਫਿਲਮ ਅੱਗੇ ਤੁਰਦੀ ਹੈ, ਉਹ ਵੀ ਫਿਲਮ ਨਾਲ ਸੋਹਣਾ ਤੁਰਦਾ ਜਾਂਦਾ ਹੈ। ਯੋਗਰਾਜ ਹਮੇਸ਼ਾ ਵਾਂਗ ਜਚਦੇ ਨੇ ਪਰ ਉਨ੍ਹਾਂ ਦੀ 'ਯੋਗਰਾਜ ਸਿੰਘ' ਤੋਂ ਹੋਰ ਬਿਹਤਰ ਵਰਤੋਂ ਹੋ ਸਕਦੀ ਸੀ। ਅਰਵਿੰਦਰ ਕੌਰ ਅਤੇ ਮਨਪ੍ਰੀਤ ਡੋਲੀ ਵੀ ਛਾ ਗਈਆਂ। ਮਨਪ੍ਰੀਤ ਬੇਸ਼ੱਕ ਇੱਕ ਹੱਦ ਤੱਕ ਇੱਕੋ ਜਿਹਾ ਚਲਦੀ ਰਹੀ ਪਰ ਅੰਤਿਮ ਸੀਨ 'ਤੇ ਕਸਰ ਕੱਢ ਦਿੱਤੀ। ਰਾਹੁਲ ਜੁਗਰਾਲ ਜਾਣੇ ਪਛਾਣੇ ਅੰਦਾਜ਼ ਵਿਚ ਸੀਨ ਨੂੰ ਕੁਰਕੁਰੇ ਵਰਗਾ ਕਰਾਰਾ ਤਾਂ ਬਣਾ ਦਿੰਦਾ ਹੈ। ਰਾਹੁਲ ਜੇਤਲੀ ਥੋੜ੍ਹੇ ਸੀਨ ਵਿਚ ਵੀ ਇੰਨਾ ਕੁ ਕਰ ਗਿਆ ਕਿ ਉਸ ਨੂੰ ਹੁਣ ਵੀ ਯਾਦ ਕਰ ਕੇ ਮੁਸਕਰਾਹਟ ਆ ਜਾਂਦੀ ਹੈ। ਕਵੀ ਸਿੰਘ, ਬੱਚੀ, ਜਸ, ਰਾਜਵੀਰ, ਮਾਸਟਰ ਤੇ ਕੁਝ ਹੋਰ ਪਾਤਰ ਜਿਨ੍ਹਾਂ ਦੇ ਸ਼ਾਇਦ ਨਾਮ ਨਹੀਂ ਪਤਾ, ਉਹ ਵੀ ਕਿਤੇ ਖਟਕੇ ਨਹੀਂ; ਇੱਥੇ 'ਖਟਕੇ ਨਹੀਂ' ਤੋਂ ਮਤਲਬ ਫਿਲਮ ਵਿਚ ਉਹ ਉਸ ਲੂਣ ਮਿਰਚ ਵਰਗੇ ਨੇ ਜਿਹੜੇ ਸਹੀ ਮਾਤਰਾ ਵਿਚ ਨੇ।

ਕੁਝ ਮਿੱਤਰਾਂ ਦੀ ਭਰਵੀਂ ਹਾਜ਼ਰੀ ਲੱਗੀ ਹੈ। ਤੀਰਥ ਚੜਿਕ ਦੇ ਸਿਰਫ਼ ਕੁਝ ਕੁ ਦ੍ਰਿਸ਼ ਅਜਿਹੇ ਨੇ, ਫਿਲਮ ਦੇਖਦਿਆਂ ਉਸ 'ਤੇ ਗੁੱਸਾ ਆਉਂਦਾ ਹੈ ਤੇ ਇਹ ਉਸ ਦਾ ਹਾਸਿਲ ਹੈ। ਰੰਗ ਦੇਵ ਬਾਰੇ ਮੈਂ ਅਕਸਰ ਕਹਿੰਦਾ ਕਿ ਉਹ ਅਦਾਕਾਰੀ ਤੇ ਦਿੱਖ ਪੱਖੋਂ ਧਨੀ ਕਲਾਕਾਰ ਹੈ ਤੇ ਪੰਡਿਤ ਦੇ ਰੋਲ ਤੇ ਦਿੱਖ ਵਿਚ ਉਹ ਜਚਦਾ ਹੈ। ਸੁਖਦੇਵ ਲੱਧੜ, ਰੰਗ ਹਰਜਿੰਦਰ, ਹੈਪੀ ਪ੍ਰਿੰਸ ਵੀ ਸੋਹਣਾ ਕੰਮ ਕਰ ਗਏ। ਬਿੱਲੇ ਨੇ ਸੋਹਣੇ ਸਮੋਸੇ ਬਣਾਏ।

ਫਿਲਮ ਵਾਂਗ ਸ਼ੁਵਿੰਦਰ ਵਿੱਕੀ ਨੇ ਦਾਤੀ ਤੇ ਸਾਈਕਲ ਨਾਲ ਜਿਹੜਾ ਕੰਮ ਕੀਤਾ ਹੈ, ਉਹ ਹਰ ਕਲਾਕਾਰ ਨਹੀਂ ਕਰ ਸਕਦਾ। ਜਿਹੜੇ ਸ਼ਬਦਾਂ ਤੋਂ ਸ਼ੁਰੂ ਕੀਤਾ ਸੀ, ਉਨ੍ਹਾਂ 'ਰਾਅ' ਅਤੇ 'ਆਰਗੈਨਿਕ' ਤੇ ਆਉਂਦੇ ਹਾਂ... ਜਿਹੜਾ ਸਾਈਕਲ ਦੇ ਹੈਂਡਲ ਵਿਚ ਦਾਤੀ ਨੂੰ ਇਵੇਂ ਟੰਗਣਾ ਜਾਣਦਾ ਹੈ, ਉਸ ਨੂੰ ਪਤਾ ਹੈ ਕਿ ਉਹ ਕਿਹੜਾ ਕਿਰਦਾਰ ਕਰ ਰਿਹਾ ਹੈ, ਪੂਰੀ ਨਿਸ਼ਚਾ ਨਾਲ ਕਰ ਰਿਹਾ ਹੈ।

ਕਿਰਦਾਰਾਂ ਬਾਰੇ ਇਸ ਕਰ ਕੇ ਵੀ ਗੱਲ ਕੀਤੀ ਹੈ ਕਿ ਮੇਰੀ ਜਾਚੇ ਪੰਜਾਬੀ ਫਿਲਮ ਇੰਡਸਟਰੀ ਲਈ ਨਵਾਂ ਬੈਚ ਇਸ ਫਿਲਮ ਰਾਹੀਂ ਪਾਸ ਹੁੰਦਾ ਨਜ਼ਰ ਆਉਂਦਾ ਹੈ।

ਫਿਲਮ ਦਾ ਸਾਊਂਡ ਟਰੈਕ ਬਿਹਤਰ ਹੋ ਸਕਦਾ ਸੀ। ਕੁਝ ਦ੍ਰਿਸ਼ਾਂ ਵਿਚ ਬਹੁਤ ਲਾਊਡ ਹੈ; ਓਨਾ ਨਾ ਵੀ ਹੁੰਦਾ ਤਾਂ ਬਿਹਤਰ ਸੀ। ਗਾਣੇ ਸੋਹਣੇ ਨੇ ਤੇ ਹਾਲਾਤ ਮੁਤਾਬਿਕ ਨੇ। ਫਿਲਮ ਨੂੰ ਰੋਡੇ ਕਾਲਜ ਹੀ ਅਤੇ ਨੇੜੇ-ਤੇੜੇ ਫਿਲਮਾਉਣ ਨਾਲ ਫਿਲਮ ਦ੍ਰਿਸ਼ ਸਿਰਜਣਾ ਵਿਚ ਤਾਜ਼ਗੀ ਭਰ ਦਿੰਦੀ ਹੈ।

ਸਾਹਿਤ ਜਾਂ ਹਾਲੀਵੁੱਡ ਫਿਲਮ ਸਕੂਲ ਸੱਤ ਕਿਸਮ ਦੇ ਪਲਾਟ ਗਿਣਦਾ ਹੈ ਕਿ ਫਿਲਮਾਂ ਇਨ੍ਹਾਂ ਵਿਚੋਂ ਬਣਦੀਆਂ ਨੇ; ਇੱਕ ਹੋਰ ਗੱਲ ਕਿ ਸਭ ਕੁਝ ਕਿਹਾ ਜਾ ਚੁੱਕਾ ਹੈ ਤੇ ਗੱਲ ਇਹ ਹੈ ਕਿ ਅਸੀਂ ਇਸ ਨੂੰ ਕਿਵੇਂ ਕਹਿੰਦੇ ਹਾਂ।

ਕਾਲਜ ਦੀ ਵਿਦਿਆਰਥੀ ਸਿਆਸਤ, ਬਦਲੇ, ਪਿਆਰ ਤੇ ਇਮੋਸ਼ਨ ਨੂੰ ਹੈਪੀ ਰੋਡੇ ਅਤੇ ਉਸ ਦੀ ਟੀਮ ਨੇ ਅੱਜ ਦੇ ਸਮਿਆਂ ਵਿਚ ਆਪਣੇ ਤਰੀਕੇ ਨਾਲ ਬਹੁਤ ਸੋਹਣੇ ਤਰੀਕੇ ਨਾਲ ਕਿਹਾ ਹੈ। **-ਸੈਮ ਗੁਰਵਿੰਦਰ**

# ਪੰਕਜ ਤ੍ਰਿਪਾਠੀ ਦੀ ਕਠਪੁਤਲੀ



'ਸਿੰਘਮ ਰਿਟਰਨਜ਼', ਗੈਂਗਸ ਆਫ ਵਾਸੇਪੁਰ, ਮਸਾਨ ਅਤੇ ਅਜਿਹੇ ਹੋਰ ਪ੍ਰੋਜੈਕਟਾਂ ਨਾਲ ਜੁੜੇ ਰਹੇ ਅਦਾਕਾਰ ਪੰਕਜ ਤ੍ਰਿਪਾਠੀ ਦਾ ਕਹਿਣਾ ਹੈ ਕਿ ਅਦਾਕਾਰ ਤਾਂ ਬੱਸ ਕਠਪੁਤਲੀ ਹੁੰਦੇ ਹਨ; ਲੇਖਕ ਜਾਂ ਨਿਰਦੇਸ਼ਕ ਜਿਸ ਤਰ੍ਹਾਂ ਚਾਹੁੰਦਾ ਹੈ, ਇਨ੍ਹਾਂ ਨੂੰ ਨਚਾਈ ਜਾਂਦਾ ਹੈ। ਫਿਰ ਵੀ ਉਹ ਕਲਾਕਾਰ ਧੰਨ ਹਨ ਜੋ ਇਸ ਸਾਰੇ ਕੁਝ ਦੇ ਬਾਵਜੂਦ ਆਪਣੀ ਛਾਪ ਛੱਡ ਜਾਂਦੇ ਹਨ। ਪੰਕਜ ਤ੍ਰਿਪਾਠੀ ਆਪ ਅਜਿਹੇ ਕਲਾਕਾਰਾਂ ਵਿਚੋਂ ਹੈ ਜੋ ਆਪਣੇ ਕਿਰਦਾਰਾਂ ਰਾਹੀਂ ਪਰਦੇ 'ਤੇ ਆਪਣੀ ਛਾਪ ਛੱਡ ਗਏ ਹਨ। ਉਂਝ, ਉਸ ਨੇ ਸਵੀਕਾਰ ਕੀਤਾ ਕਿ ਲੇਖਕ ਤੇ ਨਿਰਦੇਸ਼ਕ ਬਾਝੋਂ ਅਦਾਕਾਰ ਕੌਡੀ ਦਾ ਨਹੀਂ ਪਰ ਚੱਲਦੀ ਆਖਿਰਕਾਰ ਇਨ੍ਹਾਂ ਦੀ ਹੀ ਹੈ।

# ਅਨਿਲ ਕਪੂਰ ਨੇ 'ਸੂਬੇਦਾਰ' ਦੀ ਤਿਆਰੀ ਆਰੰਭੀ



ਰਿਐਲਿਟੀ ਸਟ੍ਰੀਮਿੰਗ ਸ਼ੋਅ 'ਬਿੱਗ ਬੌਸ ਓ.ਟੀ.ਟੀ.' ਲਈ ਆਉਣ ਵਾਲੇ ਸੀਜ਼ਨ ਦੀ ਮੇਜ਼ਬਾਨੀ ਕਰਨ ਲਈ ਤਿਆਰ ਫਿਲਮ ਅਦਾਕਾਰ ਅਨਿਲ ਕਪੂਰ ਨੇ ਆਪਣੀ ਆਉਣ ਵਾਲੀ ਫਿਲਮ 'ਸੂਬੇਦਾਰ' ਦੀ ਤਿਆਰੀ ਵੀ ਸ਼ੁਰੂ ਕਰ ਦਿੱਤੀ ਹੈ। ਉਸ ਨੇ ਇੰਸਟਾਗ੍ਰਾਮ 'ਤੇ ਫਿਲਮ ਦੀ ਤਿਆਰੀ ਦੀ ਤਸਵੀਰ ਸਾਂਝੀ ਕੀਤੀ ਹੈ। ਤਸਵੀਰ ਵਿਚ ਉਹ ਇੱਕ ਬੰਦੇ ਦੀ ਗਰਦਨ ਫੜੀ ਨਜ਼ਰ ਆ ਰਿਹਾ ਹੈ। ਇਹ ਤਸਵੀਰ ਲੜਾਈ ਵਾਲੇ ਸੀਨ ਦੇ ਸਿਖਲਾਈ ਸੈਸ਼ਨ ਤੋਂ ਲਈ ਗਈ ਲੱਗਦੀ ਹੈ। ਇਸ ਬਾਰੇ ਅਨਿਲ ਕਪੂਰ ਨੇ ਲਿਖਿਆ ਹੈ, "ਹਾਲੇ ਤਾਂ ਹੱਥ ਉੱਠਿਆ ਹੀ ਕਿੱਥੇ ਹੈ, ਇਹ ਤਾਂ ਬਸ ਤਿਆਰੀ ਹੈ। ਫਿਲਮ 'ਸੂਬੇਦਾਰ' ਦੀ ਤਿਆਰੀ ਸ਼ੁਰੂ ਹੋ ਗਈ ਹੈ।"

ਅਨਿਲ ਕਪੂਰ ਦੀ ਇਸ ਟਿੱਪਣੀ ਬਾਰੇ ਸੀਨੀਅਰ ਅਦਾਕਾਰ ਅਨੁਪਮ ਖੇਰ ਤੋਂ ਇਲਾਵਾ ਅਨਿਲ ਦੇ ਪ੍ਰਸ਼ੰਸਕਾਂ ਨੇ ਟਿੱਪਣੀਆਂ ਕੀਤੀਆਂ ਹਨ। ਇੱਕ ਨੇ ਲਿਖਿਆ ਹੈ, "ਮਜਨੂ ਭਾਈ ਕੇ ਆਗੇ ਕੋਈ ਬੋਲ ਸਕਦੈ ਹੈ ਕਯਾ?" ਇੱਕ ਹੋਰ ਦੀ ਟਿੱਪਣੀ ਪੜ੍ਹੋ: "ਵਾਹ, ਬਹੁਤ ਸ਼ਾਨਦਾਰ।" ਜ਼ਿਕਰਯੋਗ ਹੈ ਕਿ ਫਿਲਮ ਸੂਬੇਦਾਰ ਦਾ ਨਿਰਦੇਸ਼ਨ ਸੁਰੇਸ਼ ਤ੍ਰਿਵੇਣੀ ਨੇ ਕੀਤਾ ਹੈ ਅਤੇ ਇਹ ਪ੍ਰਾਈਮ ਵੀਡੀਓ 'ਤੇ ਰਿਲੀਜ਼ ਹੋਵੇਗੀ। ਉਧਰ, 21 ਜੂਨ ਸ਼ੁਰੂ ਹੋ ਰਹੇ 'ਬਿੱਗ ਬੌਸ ਓ.ਟੀ.ਟੀ.' ਦੇ ਤੀਜੇ ਸੀਜ਼ਨ ਵਿਚ ਅਨਿਲ ਕਪੂਰ ਪਹਿਲੀ ਵਾਰ ਸ਼ੋਅ ਦੇ ਮੇਜ਼ਬਾਨ ਵਜੋਂ ਨਜ਼ਰ ਆਉਣਗੇ।

ਅਨਿਲ ਕਪੂਰ ਦਾ ਕਰੀਅਰ ਚਾਰ ਦਹਾਕਿਆਂ ਤੱਕ ਫੈਲਿਆ ਹੋਇਆ ਹੈ। ਮੁੱਖ ਰੂਪ ਵਿਚ ਉਸ ਨੇ ਆਪਣੀ ਇਹ ਪਾਰੀ ਅਦਾਕਾਰਾ ਵਜੋਂ ਮੁਕੰਮਲ ਕੀਤੀ ਹੈ ਅਤੇ ਸਾਲ 2005 ਤੋਂ ਉਹ ਬਤੌਰ ਨਿਰਮਾਤਾ ਮੈਦਾਨ ਵਿਚ ਹੈ। ਉਹ ਉਨ੍ਹਾਂ ਗਿਣੇ-ਚੁਣੇ ਅਦਾਕਾਰਾਂ ਵਿਚੋਂ ਹੈ ਜਿਸ ਨੂੰ ਉਮਰ ਦੇ ਹਰ ਪੜਾਅ 'ਤੇ ਕੰਮ ਮਿਲਿਆ ਹੈ ਅਤੇ ਫਿਲਮਾਂ ਦੀ ਕਹਾਣੀ ਉਸ ਦੇ ਕਿਰਦਾਰ ਦੇ ਹਿਸਾਬ ਨਾਲ ਲਿਖੀ ਜਾਂਦੀ ਰਹੀ ਹੈ। ਉਸ ਨੇ ਕੁਝ ਟੈਲੀਵਿਜ਼ਨ ਅਤੇ ਕੌਮਾਂਤਰੀ ਫਿਲਮਾਂ ਵਿਚ ਵੀ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਹੁਣ ਤੱਕ ਉਹ 100 ਤੋਂ ਉਪਰ ਫਿਲਮਾਂ ਵਿਚ ਕੰਮ ਕਰ ਚੁੱਕਾ ਹੈ। ਆਪਣੀ ਵਧੀਆ ਕਾਰਗੁਜ਼ਾਰੀ ਕਰ ਕੇ ਉਸ ਦੀ ਬੱਲੇ-ਬੱਲੇ ਤਾਂ ਹੋਈ ਹੀ ਹੈ, ਉਸ ਨੇ ਦੋ ਵਾਰ ਵੱਕਾਰੀ ਕੌਮੀ ਫਿਲਮ ਇਨਾਮ ਅਤੇ ਸੱਤ ਵਾਰ ਫਿਲਮ ਫੇਅਰ ਇਨਾਮ ਜਿੱਤਿਆ ਹੈ। ਫਿਲਮਾਂ ਵਿਚ ਉਸ ਦਾ ਦਾਖਲਾ 'ਹਮਾਰੇ-ਤੁਮਹਾਰੇ (1979) ਨਾਲ ਹੋਇਆ ਸੀ। ਇਸ ਫਿਲਮ ਵਿਚ ਉਸ ਦਾ ਰੋਲ ਬਹੁਤ ਛੋਟਾ ਸੀ। 1984 ਵਿਚ ਆਈ ਫਿਲਮ 'ਮਸ਼ਾਲ' ਨਾਲ ਉਹ ਉਭਰ ਕੇ ਸਾਹਮਣੇ ਆ ਗਿਆ। **-ਰੇਸ਼ਮ ਸਿੰਘ**

# Golden State Realty

Real Estate and Loans Under One Roof

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 37 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

*Call for Listing Special 2024*

**Ph: 510-304-9292 or 408-666-8279**



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 1783 Egret ct Hayward CA 94545
2. 15740 Via Castana Morgan Hill CA 95037
3. 3104 Salisbury court CA 94555
4. 1672 Northgate Manteca CA 95336
5. 819 Saint Rufina Lane Unit 19 Morgan Hill CA 95037
6. 26676 Campeche St Hayward CA 94545
7. 1777 Osage Ave Hayward CA 94545
8. 2249 moody ave Hayward ca 94545
9. 9714 Fall Valley Way Sacramento CA 95829
10. 3597 Skyline dr Hayward CA 94542
11. 1549 -1561 Landess Ave Milpitas CA 95035
12. 11401 Rampart Dr Dublin CA 94568
13. 7790 Squirrel Creek Cir Dublin CA, 94568
14. 2798 Tostalinda Dr Tracy CA 95377
15. 1216 Cliff Swallow Dr Patterson CA 95363-8732
16. 3626 Platt ct S Pleasanton CA 94588

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

19-20